Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

MOVING To INDIANA?
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Beenu Sikand
Legacy Homes Intl.
Broker Owner,
Realtor, CRS, MBA
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
Successfully Selling Real Estate for 17 Years!



Twenty-Second Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 16, April 17, 2021 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕੋਟਕਪੂਰਾ ਗੋਲੀ ਕਾਂਡ: ਜਾਂਚ ਰਿਪੋਰਟ ਬਾਰੇ ਅਦਾਲਤੀ ਫੈਸਲੇ ਨੇ ਸਿਆਸਤ ਮਘਾਈ

### ਸਾਰੀਆਂ ਧਿਰਾਂ ਸਰਗਰਮ; ਕੈਪਟਨ ਸਰਕਾਰ ਦੀ ਘੇਰਾਬੰਦੀ ਸ਼ੁਰੂ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਰੱਦ ਕਰਨ ਦਾ ਮਾਮਲਾ ਭਖ ਗਿਆ ਹੈ। ਸਿਆਸੀ ਵਿਰੋਧੀਆਂ, ਪੰਥਕ ਜਥੇਬੰਦੀਆਂ ਦੇ ਨਾਲ-ਨਾਲ ਕਾਂਗਰਸੀ ਵਿਧਾਇਕਾਂ ਵੱਲੋਂ ਕੈਪਟਨ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਇਥੋਂ ਤੱਕ ਕਿ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਇਸ ਮਾਮਲੇ ਵਿਚ ਸੁਸਤ ਜਾਂਚ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਐਸ.ਆਈ.ਟੀ. ਦੀ ਜਾਂਚ ਰਿਪੋਰਟ ਨੂੰ ਵੀ ਜਨਤਕ ਕਰਨ ਦੀ ਮੰਗ ਕਰ ਦਿੱਤੀ ਹੈ। ਉਧਰ, ਇਸ ਜਾਂਚ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਕੈਪਟਨ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਹੈ। ਇਹ ਵੀ ਚਰਚਾ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿਆਸੀ ਮੈਦਾਨ ਵਿਚ ਕੁੱਦ ਸਕਦੇ ਹਨ। ਇਸੇ ਦੌਰਾਨ ਕੈਪਟਨ ਨੇ ਹਾਈਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਜਾਣ ਬਾਰੇ ਕਿਹਾ ਹੈ।

ਉਧਰ, ਆਮ ਆਦਮੀ ਪਾਰਟੀ ਨੇ ਕੋਟਕਪੂਰਾ 'ਚ ਰੋਸ ਧਰਨਾ ਸ਼ੁਰੂ ਕਰ ਦਿੱਤਾ ਹੈ। ਪੰਥਕ ਧਿਰਾਂ ਨੇ ਫਰੀਦਕੋਟ ਸੈਸ਼ਨ ਕੋਰਟ ਅੱਗੇ ਵੀ ਰੋਸ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ। ਪੰਥਕ ਧਿਰਾਂ ਬਰਗਾੜੀ ਮੋਰਚੇ ਲਈ ਫਿਰ ਰਣਨੀਤੀ ਬਣਾਉਣ ਲੱਗੀਆਂ ਹਨ। 2022 ਦੀਆਂ ਚੋਣਾਂ ਤੋਂ ਪਹਿਲਾਂ ਇਹ ਮਸਲਾ ਫਿਰ ਭਖਣ ਦੇ ਆਸਾਰ ਹਨ। ਯਾਦ ਰਹੇ ਕਿ ਕੈਪਟਨ ਸਰਕਾਰ ਨੇ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਮਾਮਲੇ ਵਿਚ ਇਨਸਾਫ ਲਈ ਉਠੇ ਰੋਹ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। ਇਸ ਟੀਮ ਦੇ ਮੈਂਬਰ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਜਾਂਚ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਕਈ ਵੱਡੇ ਅਫਸਰਾਂ ਨੂੰ ਜੇਲ੍ਹ ਦੀ ਹਵਾ ਖਾਣੀ ਪਈ। ਇਸ ਅਧਿਕਾਰੀ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਅਤੇ ਅਦਾਕਾਰ ਅਕਸ਼ੈ

(ਬਾਕੀ ਸਫਾ 6 ਉਤੇ)



### ਢੀਂਡਸਾ ਵੱਲੋਂ ਕੈਪਟਨ ਦੀ ਤਿੱਖੀ ਆਲੋਚਨਾ

**ਚੰਡੀਗੜ੍ਹ:** ਅਕਾਲੀ ਦਲ (ਡੈਮੋਕਰੈਟਿਕ) ਨੇ ਕੋਟਕਪੁਰਾ ਗੋਲੀਕਾਂਡ ਸਬੰਧੀ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਜਾਂਚ ਟੀਮ ਦੀ ਪੜਤਾਲ ਰਿਪੋਰਟ ਰੱਦ ਕਰਨ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਬਾਦਲ ਪਰਿਵਾਰ ਨਾਲ ਗੰਢਤੁੱਪ ਹੋਣ ਕਾਰਨ ਹੀ ਸਿੱਖ ਪੰਥ ਨੂੰ ਇਸ ਮਾਮਲੇ ਵਿਚ ਨਿਰਾਸ਼ਾ ਝੱਲਣੀ ਪੈ ਰਹੀ ਹੈ। ਇਸ ਮਾਮਲੇ 'ਤੇ ਸਿੱਖਾਂ ਨੂੰ ਦਿੱਤਾ ਗਿਆ ਧੋਖਾ ਗੱਦਾਰੀ ਤੋਂ ਘੱਟ ਨਹੀਂ। ਢੀਂਡਸਾ ਨੇ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀਕਾਂਡ ਦੇ ਪੀੜਤਾਂ ਨੂੰ ਬੀਤੇ ਲੰਮੇ ਸਮੇਂ ਤੋਂ ਇਨਸਾਫ ਦੀ ਉਡੀਕ ਸੀ ਪਰ ਹਾਈਕੋਰਟ ਦੇ ਫੈਸਲੇ ਕਾਰਨ ਸੰਗਤ ਨਿਰਾਸ਼ ਹੈ। ਪਾਰਟੀ ਦੇ ਮੁੱਖ ਬੁਲਾਰੇ ਅਤੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਇਸ ਸਬੰਧੀ ਕੈਪਟਨ ਦੇ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦੇ ਬਿਆਨ ਨੂੰ ਸਿਆਸੀ ਡਰਾਮਾ ਕਰਾਰ ਦਿੱਤਾ।

## ਪੰਜਾਬ ਵਿਚ ਤੀਜੇ ਸਿਆਸੀ ਫਰੰਟ ਬਾਰੇ ਮੁੜ ਛਿੜੀ ਚਰਚਾ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀਆਂ ਸਿਆਸੀ ਧਿਰਾਂ ਵਿਚ ਹਿਲਜੁਲ ਸ਼ੁਰੂ ਹੋ ਗਈ ਹੈ। ਸੂਬੇ ਦੀਆਂ ਰਵਾਇਤੀ ਧਿਰਾਂ (ਕਾਂਗਰਸ-ਅਕਾਲੀ ਦਲ) ਖਿਲਾਫ ਸਾਂਝੇ ਮੋਰਚੇ ਦੀ ਗੱਲ ਵੀ ਜ਼ੋਰ-ਸ਼ੋਰ ਨਾਲ ਤੁਰ ਪਈ ਹੈ। ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਅਤੇ ਅਕਾਲੀ ਦਲ ਟਕਸਾਲੀ ਦੇ ਰਲੇਵੇਂ ਦਾ ਰਾਹ ਸਾਫ ਹੋ ਗਿਆ ਤੇ ਸਿਰਫ ਰਸਮੀ ਐਲਾਨ ਹੀ ਬਾਕੀ ਹੈ। ਇਸ ਵੇਲੇ ਸਭ ਤੋਂ ਵੱਧ ਚਰਚਾ ਆਮ ਆਦਮੀ ਪਾਰਟੀ, ਬਸਪਾ ਅਤੇ ਅਕਾਲੀ ਦਲ (ਡੀ) ਵਿਚਕਾਰ ਸਮਝੌਤੇ ਬਾਰੇ ਹੈ। ਪਤਾ ਲੱਗਾ ਹੈ ਕਿ ਬਸਪਾ ਦੀ ਇਕ ਪਾਸੇ 'ਆਪ' ਅਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ (ਡੀ) ਨਾਲ ਗੱਲਬਾਤ ਚੱਲ ਰਹੀ ਹੈ ਅਤੇ ਦੂਜੇ ਪਾਸੇ ਅਕਾਲੀ ਦਲ ਬਾਦਲ ਨਾਲ ਵੀ ਗੱਲਬਾਤ ਜਾਰੀ ਹੈ।



ਸ਼੍ਰੋਮਣੀ ਅਕਾਲੀ ਦਲ (ਡੀ) ਦੇ ਆਮ ਆਦਮੀ ਪਾਰਟੀ (ਆਪ) ਨਾਲ ਰਲ ਕੇ ਚੋਣਾਂ ਲੜਨ ਦੇ ਚਰਚੇ ਹਨ। 'ਆਪ' ਪੰਜਾਬ ਦੇ ਸਹਿ ਇੰਚਾਰਜ ਰਾਘਵ ਚੱਢਾ ਤੇ ਸੁਖਦੇਵ ਸਿੰਘ ਢੀਂਡਸਾ ਵਿਚਾਲੇ ਮੀਟਿੰਗ ਵੀ ਹੋ ਚੁੱਕੀ ਹੈ ਪਰ 'ਆਪ' ਰਲ ਕੇ ਚੋਣਾਂ ਲੜਨ ਤੋਂ ਇਨਕਾਰੀ ਹੈ। ਹਾਲਾਂਕਿ ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਤਰਕ ਦੇ ਰਹੇ ਹਨ ਕਿ ਪੰਜਾਬ ਦੇ ਬਿਹਤਰ ਭਵਿੱਖ ਲਈ ਹਮਖਿਆਲ ਲੋਕਾਂ ਜਾਂ ਹਮਖਿਆਲ ਪਾਰਟੀਆਂ ਵਿਚਾਲੇ ਸਮਝੌਤਾ ਹੋਣਾ ਮਾੜਾ ਨਹੀਂ ਹੈ। ਪੰਜਾਬ ਅਤੇ ਪੰਥ ਦੇ ਸੁਨਹਿਰੇ ਭਵਿੱਖ ਲਈ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਜਪਾ ਨੂੰ ਛੱਡ ਕੇ ਕਿਸੇ ਵੀ ਹਮਖਿਆਲੀ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਜਾ ਸਕਦਾ ਹੈ।

ਉਧਰ, ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਦੀਆਂ ਪਿਛਲੇ ਕੁਝ ਦਿਨਾਂ ਤੋਂ ਸਰਗਰਮੀਆਂ ਚਰਚਾ ਵਿਚ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸ਼ਹਿਰ ਪਟਿਆਲਾ ਵਿਚ ਅਚਾਨਕ ਸੱਦੀ ਪ੍ਰੈਸ ਕਾਨਫਰੰਸ ਅਤੇ ਇਸ ਤੋਂ ਬਾਅਦ ਬਰਗਾੜੀ ਵਿਚ ਜਾ ਕੇ ਕੋਟਕਪੂਰਾ ਜਾਂਚ ਰੱਦ ਕਰਨ ਦੇ ਮਾਮਲੇ ਉਤੇ ਆਪਣੀ ਹੀ ਸਰਕਾਰ ਉਤੇ ਤਿੱਖੇ ਸਵਾਲ ਚੁੱਕਣਾ ਸੰਕੇਤ ਦਿੰਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਿੱਧੂ ਕੋਈ ਵੱਡਾ ਫੈਸਲਾ ਕਰ ਸਕਦੇ ਹਨ। ਯਾਦ ਰਹੇ ਕਿ ਪਿਛਲੇ ਤਕਰੀਬਨ ਡੇਢ ਸਾਲ ਤੋਂ ਸਿੱਧੂ ਵੱਲੋਂ ਕੈਪਟਨ ਖਿਲਾਫ ਬਾਗੀ ਰਵੱਈਆ ਅਪਣਾਇਆ ਹੋਇਆ ਹੈ। ਬੜੀਆਂ ਕੋਸ਼ਿਸ਼ਾਂ ਦੇ ਬਾਵਜੂਦ ਦੋਵਾਂ ਆਗੂਆਂ ਵਿਚ ਦੂਰੀਆਂ ਘਟਾਈਆਂ ਨਹੀਂ ਜਾ ਸਕੀਆਂ। ਹੁਣ ਚੋਣਾਂ ਸਿਰ ਉਤੇ ਹਨ ਤੇ ਸਿੱਧੂ ਦਾ ਬਾਗੀ ਰੁਖ ਕਾਂਗਰਸ ਨੂੰ ਵੱਡਾ ਝਟਕਾ ਦੇ ਸਕਦਾ ਹੈ।

ਅਸਲ ਵਿਚ, ਇਸ ਵਾਰ ਸੂਬੇ ਦੀਆਂ

(ਬਾਕੀ ਸਫਾ 6 ਉਤੇ)


Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com

Raja Sweets & Catering Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including
table cloth, napkins, chairs etc.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

## ਸਫਰ ਜਾਰੀ ਹੈ...22ਵੇਂ ਸਾਲ 'ਚ (ਪਹਿਲੀ ਜਨਵਰੀ 2000-2021)

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਅਦਾਰਾ ਪੰਜਾਬ ਟਾਈਮਜ਼ ਅਤੇ ਆਨਰੇਰੀ ਸਲਾਹਕਾਰ ਬੋਰਡ ਵਲੋਂ

# ਸਮੂਹ ਪਾਠਕਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ

# ਲੱਖ ਲੱਖ ਵਧਾਈ ਹੋਵੇ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ; ਅਮੋਲਕ ਸਿੰਘ ਗਾਖਲ; ਡਾ. ਨਵਦੀਪ ਕੌਰ ਸੰਧੂ; ਬਲਵਿੰਦਰ ਕੌਰ (ਨਿੱਕੀ) ਸੇਖੋਂ; ਡਾ. ਗੁਰਦਿਆਲ ਸਿੰਘ ਬਸਰਾਨ; ਹਰਦਿਆਲ ਸਿੰਘ ਦਿਓਲ; ਹਰਜੀਤ ਸਿੰਘ ਸਾਹੀ; ਜਗਦੀਸ਼ਰ ਸਿੰਘ ਕਲੇਰ; ਗੁਰਚਰਨ ਸਿੰਘ ਗਰੇਵਾਲ; ਡਾ. ਹਰਗੁਰਮੁਖਪਾਲ ਸਿੰਘ; ਡਾ. ਤੇਜਿੰਦਰ ਸਿੰਘ ਮੰਡੇਰ; ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ; ਰਾਜਿੰਦਰ ਸਿੰਘ ਬੈਂਸ; ਜੱਸੀ ਗਿੱਲ; ਜੈਦੇਵ ਸਿੰਘ ਭੱਠਲ; ਪਰਮਿੰਦਰ ਸਿੰਘ ਵਾਲੀਆ; ਸਰਵਣ ਸਿੰਘ ਟਿਵਾਣਾ; ਮਨਦੀਪ ਸਿੰਘ ਭੂਰਾ; ਰਘਬੀਰ ਸਿੰਘ ਘੁੰਨ; ਅਵਤਾਰ ਸਿੰਘ ਸਪਰਿੰਗਫੀਲਡ; ਗੁਲਜ਼ਾਰ ਸਿੰਘ ਮੁਲਤਾਨੀ; ਗੁਰਵੀਰ ਸਿੰਘ ਗਿੱਲ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਲਜ਼ਾਰ ਸਿੰਘ ਸੰਧੂ; ਗੁਰਬਚਨ ਸਿੰਘ ਭੁੱਲਰ; ਤਰਲੋਚਨ ਸਿੰਘ ਦੁਪਾਲਪੁਰ; ਡਾ. ਗੁਰਨਾਮ ਕੌਰ; ਬੀਬੀ ਸੁਰਜੀਤ ਕੌਰ; ਡਾ. ਗੁਰਬਖਸ਼ ਸਿੰਘ ਭੰਡਾਲ; ਬਲਜੀਤ ਬਾਸੀ; ਹਰਪਾਲ ਸਿੰਘ ਪੰਨੂ; ਜਤਿੰਦਰ ਪਨੂੰ; ਬੂਟਾ ਸਿੰਘ; ਇਕਬਾਲ ਜੱਬੋਵਾਲ; ਐਸ. ਅਸ਼ੋਕ ਭੌਰਾ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

ਪੰਜਾਬ ਟਾਈਮਜ਼

Ph: 847-359-0746

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

*e-mail: punjabtimes1@sbcglobal.net, website: www.punjabtimesusa.com*

# ਪੰਜਾਬ ਅਤੇ ਹਰਿਆਣਾ ਵਿਚ ਕਿਸਾਨਾਂ ਦਾ ਸੰਘਰਸ਼ ਹੋਰ ਭਖਿਆ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਪੰਜਾਬ ਅਤੇ ਹਰਿਆਣਾ ਵਿਚ ਕਿਸਾਨ ਸੰਘਰਸ਼ ਹੋਰ ਭਖਣ ਲੱਗੇ ਹਨ। ਰੋਜ਼ਾਨਾ ਮੁਜ਼ਾਹਰਿਆਂ ਵਿਚ ਵੱਡੀ ਗਿਣਤੀ ਕਿਸਾਨ, ਮਜ਼ਦੂਰ, ਔਰਤਾਂ, ਨੌਜਵਾਨ ਅਤੇ ਬੱਚੇ ਹਿੱਸਾ ਲੈ ਰਹੇ ਹਨ। ਇਸੇ ਦੌਰਾਨ ਅੰਦੋਲਨ ਨੂੰ ਮਘਦਾ ਰੱਖਣ ਲਈ ਪੰਜਾਬ ਤੋਂ ਵੱਡੀ ਗਿਣਤੀ ਵਿਚ ਮੁਲਾਜ਼ਮਾਂ ਦੇ ਜਥੇ ਟਿਕਰੀ ਅਤੇ ਸਿੰਘੂ ਕਿਸਾਨ ਮੋਰਚਿਆਂ ਲਈ ਰਵਾਨਾ ਹੋ ਗਏ ਹਨ।



ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂ ਇਨ੍ਹਾਂ ਜਥਿਆਂ ਦੀ ਅਗਵਾਈ ਕਰ ਰਹੇ ਹਨ। ਮੁਲਾਜ਼ਮ ਆਗੂਆਂ ਦਾ ਕਹਿਣਾ ਹੈ ਕਿ ਹਾੜੀ ਦੇ ਸੀਜ਼ਨ ਦੌਰਾਨ ਕਿਸਾਨ ਭਰਾਵਾਂ ਦੀ ਗੈਰਹਾਜ਼ਰੀ ਵਿਚ ਮੁਲਾਜ਼ਮ ਜਥੇਬੰਦੀਆਂ ਦੇ ਆਗੂ ਕਿਸਾਨ ਅੰਦੋਲਨ ਸੰਭਾਲਣਗੇ। ਉਨ੍ਹਾਂ ਕਿਹਾ ਕਿ ਹਾੜੀ ਦੇ ਸੀਜ਼ਨ ਵਿਚ ਵੀ ਕਿਸਾਨ ਅੰਦੋਲਨ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ ਜਾਵੇਗਾ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਮੰਨਵਾਏ ਬਿਨਾਂ ਪਿੱਛੇ ਨਹੀਂ ਹਟਣਗੇ।

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਕਰੋਨਾ ਦੀ ਆੜ ਵਿਚ ਕਿਸਾਨੀ ਸੰਘਰਸ਼ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ ਪਰ ਕਿਸਾਨ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਏ ਬਿਨਾ ਪਿੱਛੇ ਹਟਣ ਵਾਲਾ ਨਹੀਂ ਹੈ। ਉਨ੍ਹਾਂ ਨੇ ਆਗੂਆਂ ਨੂੰ ਆਪਣੀ ਫਸਲ ਸਰਕਾਰੀ ਮੰਡੀਆਂ ਵਿਚ ਹੀ ਪਹੁੰਚਾਉਣ ਦੀ ਅਪੀਲ ਕੀਤੀ ਤਾਂ ਜੋ ਫਸਲ ਦਾ ਇਕ-ਇਕ ਦਾਣਾ ਐਮ.ਐਸ.ਪੀ. 'ਤੇ ਖਰੀਦਿਆ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਮੰਡੀਆਂ ਵਿਚ ਫਸਲ ਐਮ.ਐਸ.ਪੀ. 'ਤੇ ਨਹੀਂ ਖਰੀਦੀ ਜਾਂਦੀ ਤਾਂ ਮੰਡੀਆਂ ਵਿਚ ਮੋਰਚੇ ਲਗਾਏ ਜਾਣਗੇ।

ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸੂਬੇ ਵਿਚ ਗਠਜੋੜ ਸਰਕਾਰ ਦੇ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਜਿਨ੍ਹਾਂ ਨੇ ਕੈਥਲ ਵਿਚ ਹਰਿਆਣਾ ਭਾਜਪਾ ਦੇ ਪ੍ਰਧਾਨ ਓਪੀ ਧਨਖੜ ਨੂੰ ਕਾਲੇ ਝੰਡੇ ਵਿਖਾਏ। ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਧਨਖੜ ਮਨਾਹੀ ਦੇ ਬਾਵਜੂਦ ਕੈਥਲ ਵਿਚ ਡਾ. ਭੀਮ ਰਾਓ ਅੰਬੇਡਕਰ ਦੀ 130ਵੀਂ ਜੈਅੰਤੀ ਸਮਾਗਮ ਵਿਚ ਪਹੁੰਚੇ ਸਨ। ਜਿਸ ਬਾਰੇ ਜਾਣਕਾਰੀ ਮਿਲਦੇ ਹੀ ਕਿਸਾਨਾਂ ਨੇ ਧਨਖੜ ਦਾ ਵਿਰੋਧ ਕੀਤਾ ਅਤੇ ਕਾਲੇ ਝੰਡੇ ਵਿਖਾਏ। ਇਸ ਦੌਰਾਨ ਦੋ ਘੰਟੇ ਪੁਲਿਸ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ ਟਕਰਾਅ ਵਾਲੀ ਸਥਿਤੀ ਬਣੀ ਰਹੀ। ਕਿਸਾਨ ਆਗੂਆਂ ਨੇ ਕਿਹਾ ਕਿ ਭਵਿੱਖ ਵਿਚ ਵੀ ਭਾਜਪਾ ਅਤੇ ਜੇ.ਜੇ.ਪੀ. ਆਗੂਆਂ ਦੇ ਸਾਰੇ ਸਮਾਗਮਾਂ ਦਾ ਵਿਰੋਧ ਜਾਰੀ ਰਹੇਗਾ।

## ਭਾਜਪਾ ਆਗੂਆਂ ਨੂੰ ਪਿੰਡਾਂ 'ਚ ਨਾ ਵੜਨ ਦੇਣ ਲੋਕ: ਚੜੂਨੀ

**ਬਟਾਲਾ:** ਕੇਂਦਰ ਸਰਕਾਰ ਵੱਲੋਂ ਬਣਾਏ ਗਏ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕੀਤੀਆਂ ਜਾ ਰਹੀਆਂ ਮਹਾਪੰਚਾਇਤਾਂ ਤਹਿਤ ਬਟਾਲਾ ਦੀ ਦਾਣਾ ਮੰਡੀ ਵਿਚ ਸੰਯੁਕਤ ਕਿਸਾਨ ਮੋਰਚੇ, ਮਜ਼ਦੂਰਾਂ ਅਤੇ ਵਪਾਰੀਆਂ ਵੱਲੋਂ ਮਹਾਪੰਚਾਇਤ ਕੀਤੀ ਗਈ। ਇਸ ਮੌਕੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਦਿੱਲੀ ਮੋਰਚੇ ਦੀ ਮਜ਼ਬੂਤੀ ਲਈ ਮਜ਼ਦੂਰ ਵਰਗ ਨੂੰ ਨਾਲ ਲੈ ਕੇ ਚੱਲਣ ਦੀ ਗੱਲ ਆਖੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅੰਬਾਨੀ, ਅਡਾਨੀ ਅਤੇ ਰਾਮਦੇਵ ਦੀਆਂ ਵਸਤਾਂ ਦਾ ਮੁਕੰਮਲ ਬਾਈਕਾਟ ਕਰਨ ਅਤੇ ਭਾਜਪਾ ਆਗੂਆਂ ਨੂੰ ਪਿੰਡਾਂ ਵਿਚ ਨਾ ਵੜਨ ਦੇਣ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਜਿੱਤ ਨੂੰ ਸਮਾਂ ਲੱਗ ਸਕਦਾ ਹੈ ਪਰ ਜਿੱਤ ਤੈਅ ਹੈ।

# ਸਰਕਾਰ ਵੱਲੋਂ ਹੁਣ ਕਿਸਾਨਾਂ ਨੂੰ ਕਰੋਨਾ ਦੇ ਡਰਾਵੇ

### *ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਖਤਮ ਕਰਨ ਦੀ ਸਲਾਹ*

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਕਰੋਨਾ ਵਾਇਰਸ ਦੇ ਵਧ ਰਹੇ ਕੇਸਾਂ ਦੇ ਮੱਦੇਨਜ਼ਰ ਉਹ ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਖਤਮ ਕਰ ਦੇਣ। ਜਦ ਵੀ ਕਿਸਾਨ ਕੋਈ ਠੋਸ ਤਜਵੀਜ਼ ਲੈ ਕੇ ਆਉਣਗੇ, ਸਰਕਾਰ ਗੱਲਬਾਤ ਕਰੇਗੀ।

ਚੇਤੇ ਰਹੇ ਕਿ ਸਰਕਾਰ ਅਤੇ ਕਿਸਾਨਾਂ ਦਰਮਿਆਨ ਆਖਰੀ ਵਾਰ ਗੱਲਬਾਤ 22 ਜਨਵਰੀ ਨੂੰ ਹੋਈ ਸੀ। ਗਿਆਰ੍ਹਵੇਂ ਗੇੜ ਦੀ ਗੱਲਬਾਤ ਤੋਂ ਬਾਅਦ ਸਰਕਾਰ ਤੇ ਕਿਸਾਨਾਂ ਦਰਮਿਆਨ ਜਮੂਦ ਬਣਿਆ ਹੋਇਆ ਹੈ।

ਕੇਂਦਰੀ ਮੰਤਰੀ ਨੇ ਕਿਸਾਨਾਂ ਦੀ ਸਿਹਤ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਵਿਚ ਲੱਖਾਂ ਨਵੇਂ ਕਰੋਨਾ ਕੇਸ ਸਾਹਮਣੇ ਆਏ ਹਨ। ਵਾਇਰਸ ਦੀ ਦੂਜੀ ਲਹਿਰ ਦੇ ਮੱਦੇਨਜ਼ਰ ਸਾਰਾ ਸੰਸਾਰ ਤੇ ਪੂਰਾ ਮੁਲਕ ਕੋਵਿਡ ਨਾਲ ਜੁੜੇ ਨੇਮਾਂ ਮੁਤਾਬਕ ਚੱਲ ਰਿਹਾ ਹੈ, ਅੰਦੋਲਨਕਾਰੀ ਕਿਸਾਨਾਂ ਨੂੰ ਵੀ ਕਰੋਨਾ ਨਿਯਮਾਂ ਦਾ ਪਾਲਣ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਜ਼ਿੰਦਗੀ ਸਾਡੇ ਸਾਰਿਆਂ ਲਈ ਬਹੁਤ ਅਹਿਮੀਅਤ ਰੱਖਦੀ ਹੈ। ਇਸ ਕਰ ਕੇ ਕਿਸਾਨ ਅੰਦੋਲਨ ਸਮਾਪਤ ਕਰ ਦੇਣ।

ਤੋਮਰ ਨੇ ਦਾਅਵਾ ਕੀਤਾ ਕਿ ਨਵੇਂ ਕਾਨੂੰਨਾਂ 'ਤੇ ਪੂਰੇ ਮੁਲਕ ਵਿਚ ਵੱਖ-ਵੱਖ ਥਾਈਂ ਖੇਤੀ ਕਰਦੇ ਭਾਈਚਾਰੇ ਨੂੰ ਕੋਈ 'ਅਸੰਤੁਸ਼ਟੀ' ਨਹੀਂ ਹੈ। ਕਈ ਖੇਤੀ ਸੰਗਠਨ ਕਾਨੂੰਨਾਂ ਦੇ ਹੱਕ ਵਿਚ ਹਨ ਤੇ ਕਈ ਖਿਲਾਫ ਹਨ। ਭਾਰਤ 'ਚ ਲੋਕਤੰਤਰ ਹੈ, ਜੇ ਕਿਸਾਨਾਂ ਜਾਂ ਨਾਗਰਿਕਾਂ ਨੂੰ ਕੋਈ ਸ਼ੱਕ ਹੈ ਤਾਂ ਸਰਕਾਰ ਇਸ ਦੇ ਹੱਲ ਲਈ ਤਿਆਰ ਹੈ। ਮੰਤਰੀ ਨੇ ਕਿਹਾ ਕਿ ਕਾਨੂੰਨ ਇਕਦਮ ਨਹੀਂ ਬਣਾਏ ਗਏ, ਲੰਮੀ ਵਿਚਾਰ-ਚਰਚਾ ਤੋਂ ਬਾਅਦ ਹੀ ਬਣੇ ਹਨ।

## ਕਿਸਾਨ ਆਗੂ ਬੁਰਜਗਿੱਲ ਦਾ ਤੋਮਰ ਨੂੰ ਸਵਾਲ

**ਨਵੀਂ ਦਿੱਲੀ:** ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਵੱਲੋਂ ਕਿਸਾਨਾਂ ਨੂੰ ਕਰੋਨਾ ਦਾ ਹਵਾਲਾ ਦੇ ਕੇ ਅੰਦੋਲਨ ਖਤਮ ਕਰਨ ਦੀ ਅਪੀਲ ਉਤੇ ਭਾਰਤੀ ਕਿਸਾਨ ਯੂਨੀਅਨ (ਏਕਤਾ)-ਡਕੌਂਦਾ ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਜੇ ਸਰਕਾਰ ਕਰੋਨਾ ਅਤੇ ਲੋਕਾਂ ਦੀ ਸਿਹਤ ਪ੍ਰਤੀ ਐਨੀ ਹੀ ਫਿਕਰਮੰਦ ਹੈ ਤਾਂ ਕਰੋਨਾ ਦੌਰਾਨ ਇਹ ਕਾਨੂੰਨ ਕਿਉਂ ਲਿਆਂਦੇ? ਦੇਸ਼ ਦੇ ਕਿਸਾਨ ਇਨ੍ਹਾਂ ਕਾਨੂੰਨਾਂ ਨੂੰ ਮੌਤ ਦੇ ਵਾਰੰਟ ਮੰਨਦੇ ਹਨ, ਇਸ ਕਾਰਨ ਮੋਰਚਿਆਂ 'ਤੇ ਡਟੇ ਹੋਏ ਹਨ। ਸਰਕਾਰ ਕਾਨੂੰਨ ਰੱਦ ਕਰ ਦੇਵੇ ਅਤੇ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਗਰੰਟੀ ਦਾ ਕਾਨੂੰਨ ਬਣਾ ਦੇਵੇ ਤਾਂ ਸਾਰੇ ਕਿਸਾਨ ਉਦੋਂ ਹੀ ਘਰਾਂ ਨੂੰ ਚਲੇ ਜਾਣਗੇ।

## ਖੱਟਰ ਸਰਕਾਰ 'ਤੇ ਟਕਰਾਅ ਪੈਦਾ ਕਰਨ ਦੇ ਦੋਸ਼

**ਨਵੀਂ ਦਿੱਲੀ:** ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨੇ ਕਿਸਾਨਾਂ ਅਤੇ ਮਜ਼ਦੂਰਾਂ 'ਚ ਟਕਰਾਅ ਪੈਦਾ ਕਰਨ ਦੇ ਮਕਸਦ ਨਾਲ ਸਿੰਘੂ ਬਾਰਡਰ ਨੇੜੇ ਇਕ ਪ੍ਰੋਗਰਾਮ ਰੱਖਿਆ ਹੈ। ਹਰਿਆਣੇ ਦੇ ਕਿਸਾਨ ਲਗਾਤਾਰ ਭਾਜਪਾ-ਜੇ.ਜੇ.ਪੀ. ਸਰਕਾਰ ਦਾ ਸਮਾਜਿਕ ਬਾਈਕਾਟ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਖੱਟਰ ਸਰਕਾਰ ਆਪਣੇ ਪ੍ਰੋਗਰਾਮਾਂ ਨੂੰ ਇਸ ਤਰ੍ਹਾਂ ਪੇਸ਼ ਕਰ ਸਕਦੀ ਹੈ ਕਿ ਕਿਸਾਨ, ਦਲਿਤਾਂ ਨਾਲ ਜੁੜੇ ਪ੍ਰੋਗਰਾਮਾਂ ਦੀ ਆਗਿਆ ਨਹੀਂ ਦੇ ਰਹੇ। ਕਿਸਾਨ ਕਿਸੇ ਵੀ ਤਰ੍ਹਾਂ ਦਲਿਤਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਣ ਦੇਣਗੇ, ਪਰ ਭਾਜਪਾ ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਕਿਸੇ ਤੋਂ ਲੁਕਿਆ ਨਹੀਂ ਹੈ।



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City



Low Interest Rates in History
No Cost Refinancing Available!



Madan Khatri
NMLS # 1980752

Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਕਿਸਾਨਾਂ ਵੱਲੋਂ ਘੋਲ ਦੀ ਮਸ਼ਾਲ ਮਘਦੀ ਰੱਖਣ ਦਾ ਅਹਿਦ



**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅੰਦੋਲਨਕਾਰੀ ਕਿਸਾਨਾਂ ਨੂੰ ਮੰਜ਼ਿਲ ਤੋਂ ਭਟਕਾਉਣ ਲਈ ਨਿੱਤ ਨਵੇਂ ਫਰਮਾਨ ਜਾਰੀ ਕੀਤੇ ਜਾ ਰਹੇ ਹਨ ਪਰ ਮੋਰਚਿਆਂ 'ਚ ਡਟੇ ਕਿਸਾਨ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਸ਼ਾਂਤਮਈ ਤਰੀਕੇ ਨਾਲ ਆਵਾਜ਼ ਬੁਲੰਦ ਕਰਦੇ ਰਹਿਣਗੇ ਤੇ ਮੋਦੀ ਸਰਕਾਰ ਨੂੰ ਕਿਸਾਨਾਂ ਤੇ ਗਰੀਬਾਂ ਦਾ ਭਵਿੱਖ ਅੰਬਾਨੀ ਤੇ ਅਡਾਨੀ ਦੇ ਹੱਥ ਨਹੀਂ ਵੇਚਣ ਦਿੱਤਾ ਜਾਵੇਗਾ।

ਸੂਬੇ ਵਿਚ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਨੇ ਪਹਿਲਾਂ ਤਾਂ ਕਿਸਾਨਾਂ ਨੂੰ ਅਤਿਵਾਦੀ, ਖਾਲਿਸਤਾਨੀ, ਨਕਸਲਵਾਦੀ ਆਖ ਕੇ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਚਾਲਾਂ ਚੱਲੀਆਂ ਪਰ ਜਦੋਂ ਇਹ ਚਾਲਾਂ ਫੇਲ੍ਹ ਹੋ ਗਈਆਂ ਤਾਂ ਹੁਣ ਕਦੇ ਪਰਵਾਸੀ ਮਜ਼ਦੂਰਾਂ ਤੇ ਕਿਸਾਨਾਂ ਦਰਮਿਆਨ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਕਦੇ ਫਸਲਾਂ ਦੀ ਖਰੀਦ ਦੇ ਨਵੇਂ ਫਰਮਾਨ ਜਾਰੀ ਕੀਤੇ ਜਾ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਕੋਈ ਵੀ ਪੈਂਤੜਾ ਕਿਸਾਨਾਂ ਦੇ ਅੰਦੋਲਨ ਨੂੰ ਫਿੱਕਾ ਨਹੀਂ ਪਾ ਸਕਦਾ। ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਆਗੂਆਂ ਨੇ ਪੰਜਾਬ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਕਣਕ ਦੀ ਵਾਢੀ ਦੌਰਾਨ ਜਿਵੇਂ ਫਸਲਾਂ ਦੀ ਸਾਂਭ-ਸੰਭਾਲ ਦੇ ਨਾਲ-ਨਾਲ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਮੋਰਚਿਆਂ ਦੀ ਮਸ਼ਾਲ ਬਲਦੀ ਰੱਖਣ ਲਈ ਡਿਊਟੀਆਂ ਲਾਈਆਂ ਗਈਆਂ ਹਨ, ਉਸੇ ਅਨੁਸਾਰ ਦਿੱਲੀ ਵੱਲ ਕੂਚ ਕੀਤਾ ਜਾਵੇ। ਕਿਸਾਨ ਆਗੂਆਂ ਨੇ ਦੱਸਿਆ ਕਿ ਪਿਛਲੇ ਇੱਕ ਹਫ਼ਤੇ ਤੋਂ ਪੰਜਾਬ ਤੇ ਹਰਿਆਣਾ ਤੋਂ ਕਿਸਾਨਾਂ ਦੇ ਕਾਫਲੇ ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਹਨ, ਦਿੱਲੀ ਵੱਲ ਰੋਜ਼ਾਨਾ ਕੂਚ ਕਰ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨਿੱਜੀਕਰਨ ਦੀਆਂ ਨੀਤੀਆਂ ਜੋਰ-ਸ਼ੋਰ ਨਾਲ ਲਾਗੂ ਕਰ ਰਹੀ ਹੈ, ਜਿਨ੍ਹਾਂ ਨਾਲ ਆਮ ਜਨਤਾ, ਕਿਸਾਨਾਂ-ਮਜ਼ਦੂਰਾਂ ਦੇ ਕਿੱਤੇ ਦੀ ਤਬਾਹੀ ਹੋ ਰਹੀ ਹੈ ਤੇ ਆਰਥਿਕ ਪਾੜਾ ਤੇਜੀ ਨਾਲ ਵਧ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਖੇਤੀ ਕਾਨੂੰਨਾਂ ਤੇ ਸੀ.ਏ.ਏ. ਬਾਰੇ ਗੁਮਰਾਹਕੁਨ ਬਿਆਨਬਾਜ਼ੀ ਕਰ ਕੇ ਦੇਸ਼ ਦੀ ਜਨਤਾ ਵਿਚ ਕਈ ਤਰ੍ਹਾਂ ਦੇ ਭਰਮ-ਭੁਲੇਖੇ ਖੜ੍ਹੇ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਇਸ ਸਥਿਤੀ ਨੂੰ ਦੇਸ਼ ਦੀ ਸਿਆਸੀ ਸਥਿਰਤਾ ਨਾਲ ਜੋੜਿਆ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਤੇ ਕੇਂਦਰ ਸਰਕਾਰ ਨੂੰ ਤਿੰਨੇ ਖੇਤੀ ਕਾਨੂੰਨਾਂ ਤੇ ਸੀ.ਏ.ਏ. ਦੇ ਦੁਰਪ੍ਰਭਾਵਾਂ ਬਾਰੇ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਕਿਸਾਨ ਆਗੂਆਂ ਨੇ ਸੰਘਰਸ਼ ਨੂੰ ਹੋਰ ਤੇਜ ਕਰਨ ਤੇ ਲੋਕਾਂ ਨੂੰ ਲਗਾਤਾਰ ਵੱਡੇ ਕਾਫਲਿਆਂ ਦੇ ਰੂਪ ਵਿਚ ਮੋਰਚਿਆਂ ਵਿਚ ਪੁੱਜਣ ਦੀ ਅਪੀਲ ਕਰਦਿਆਂ ਕੇਂਦਰ ਤੋਂ ਤਿੰਨੇ ਖੇਤੀ ਕਾਨੂੰਨ ਰੱਦ ਕਰਨ, 23 ਫਸਲਾਂ ਦੀ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਬਣਾਉਣ, ਬਿਜਲੀ ਸੋਧ-ਬਿੱਲ 2020 ਤੇ ਹਵਾ-ਪ੍ਰਦੂਸ਼ਣ ਐਕਟ 2020 ਤੁਰੰਤ ਰੱਦ ਕਰਨ ਦੀ ਮੰਗ ਕੀਤੀ।

# ਦੇਸ਼ ਨੂੰ ਲੁੱਟਣ ਵਾਲਿਆਂ ਖਿਲਾਫ ਹਰ ਧਿਰ ਨੂੰ ਲਾਮਬੰਦ ਹੋਣ ਦਾ ਹੋਕਾ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਨੂੰ ਘਰ-ਘਰ ਪਹੁੰਚਾਉਣ ਲਈ ਕਿਸਾਨ ਜਥੇਬੰਦੀਆਂ ਵੱਲੋਂ ਰੋਹਤਕ ਵਿਚ ਦਲਿਤ ਕਿਸਾਨ ਮਹਾਪੰਚਾਇਤ ਰੱਖੀ ਗਈ, ਜਿਸ ਵਿਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਮੌਕੇ ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਵਿਚ ਹਰ ਤਬਕੇ ਦੇ ਲੋਕ ਹਿੱਸਾ ਲੈ ਰਹੇ ਹਨ, ਜੋ ਕਿ ਤਿੰਨੇ ਖੇਤੀ ਕਾਨੂੰਨ ਰੱਦ ਕਰਕੇ ਐਮ.ਐਸ.ਪੀ. 'ਤੇ ਫਸਲਾਂ ਦੀ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਬਣਵਾਉਣ ਤੱਕ ਜਾਰੀ ਰਹੇਗਾ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਦੇਸ਼ ਨੂੰ ਲੁੱਟਣ ਲੱਗੇ ਹੋਏ ਸਨ। ਜਿਨ੍ਹਾਂ ਦੇ ਜ਼ੁਲਮਾਂ ਤੋਂ ਦੁਖੀ ਹੋ ਕੇ ਕਿਸਾਨ ਮਜ਼ਦੂਰਾਂ ਨੇ ਅੰਗਰੇਜ਼ਾਂ ਦਾ ਵਿਰੋਧ ਕੀਤਾ। ਅੱਜ ਅੰਗਰੇਜ਼ਾਂ ਦੀ ਤਰ੍ਹਾਂ ਪੂੰਜੀਪਤੀ ਘਰਾਣੇ ਦੇਸ਼ ਨੂੰ ਲੁੱਟਣ ਲੱਗੇ ਹੋਏ ਹਨ, ਜਿਨ੍ਹਾਂ ਖਿਲਾਫ ਸਭ ਨੂੰ ਇਕੱਠੇ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਅੰਨਦਾਤਾ ਕਰਜ਼ੇ ਹੇਠ ਦਬ ਕੇ ਆਤਮਦਾਹ ਕਰਨ ਲੱਗਾ ਹੋਇਆ ਹੈ ਜਦਕਿ ਪੂੰਜੀਪਤੀ ਬੈਂਕਾਂ ਨੂੰ ਹਜ਼ਾਰਾਂ ਕਰੋੜ ਰੁਪਏ ਦਾ ਚੂਨਾ ਲਗਾ ਰਹੇ ਹਨ। ਕੇਂਦਰ ਸਰਕਾਰ ਵੀ ਅਜਿਹੇ ਲੋਕਾਂ ਨੂੰ ਕਾਬੂ ਕਰਨ ਵਿਚ ਫੇਲ੍ਹ ਸਾਬਤ ਹੋ ਰਹੀ ਹੈ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਨੇ ਕਿਹਾ ਕਿ ਪੂੰਜੀਪਤੀਆਂ ਦੀ ਧੱਕੇਸ਼ਾਹੀ ਦੇ ਚਲਦਿਆਂ ਹੀ ਅੱਜ ਭਾਰਤ ਦੇਸ਼ ਵਿਚ ਭੁੱਖਮਰੀ ਵਧਦੀ ਜਾ ਰਹੀ ਹੈ। ਦੇਸ਼ ਦੇ 45 ਫੀਸਦ ਬੱਚਿਆਂ ਨੂੰ ਭਰ ਪੇਟ ਭੋਜਨ ਨਹੀਂ ਮਿਲ ਪਾ ਰਿਹਾ ਹੈ। ਸ੍ਰੀ ਚੜੂਨੀ ਨੇ ਦਲਿਤ ਵਰਗ ਦੇ ਲੋਕਾਂ ਨੂੰ ਵੀ ਕਿਸਾਨ ਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਸਮਾਜ ਵਿਚ ਫੁੱਟ ਪਵਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਵਿਚ ਹਰ ਵਰਗ ਦੇ ਲੋਕ ਸ਼ਾਮਲ ਹੋ ਰਹੇ ਹਨ ਜੋ ਕਿ ਤਿੰਨੇ ਖੇਤੀ ਕਾਨੂੰਨ ਰੱਦ ਹੋਣ ਤੱਕ ਅਤੇ ਫਸਲਾਂ ਦੀ ਖਰੀਦ ਲਈ ਐਮ.ਐਸ.ਪੀ. ਦੀ ਗਰੰਟੀ ਵਾਲਾ ਕਾਨੂੰਨ ਬਣਵਾਏ ਬਿਨਾਂ ਪਿੱਛੇ ਨਹੀਂ ਹਟਣਗੇ।

# ਕੇਂਦਰ ਸਰਕਾਰ ਨੇ ਯੂਰੀਆ ਫਰਮਾਂ ਨੂੰ ਡੀ. ਏ. ਪੀ. ਦੇ ਭਾਅ ਵਧਾਉਣ ਤੋਂ ਰੋਕਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਫਰਟੀਲਾਈਜਰ ਕੰਪਨੀਆਂ ਨੂੰ ਡੀ.ਏ.ਪੀ. ਖਾਦ ਜਿਹੇ ਬਿਨਾਂ ਯੂਰੀਆ ਵਾਲੇ ਫਰਟੀਲਾਈਜਰਾਂ ਦੇ ਭਾਅ ਵਧਾਉਣ ਤੋਂ ਵਰਜ ਦਿੱਤਾ ਹੈ। ਕੇਂਦਰ ਵੱਲੋਂ ਜਾਰੀ ਸੱਜਰੀਆਂ ਹਦਾਇਤਾਂ 'ਚ ਕੰਪਨੀਆਂ ਨੂੰ ਉਪਰੋਕਤ ਫਰਟੀਲਾਈਜਰ ਪੁਰਾਣੇ ਭਾਅ 'ਤੇ ਵੇਚਣ ਦੀ ਤਾਕੀਦ ਕੀਤੀ ਗਈ ਹੈ।

ਆਲਮੀ ਬਾਜ਼ਾਰ ਵਿਚ ਵਾਧੇ ਮੁਤਾਬਕ ਗੈਰ-ਯੂਰੀਆ ਵਾਲੇ ਫਰਟੀਲਾਈਜਰਾਂ ਦੀ ਘਰੇਲੂ ਪ੍ਰਚੂਨ ਕੀਮਤਾਂ ਵਿਚ ਵਾਧੇ ਦੇ ਮੱਦੇਨਜਰ ਉਚ ਪੱਧਰੀ ਬੈਠਕ ਵਿਚ ਫਰਟੀਲਾਈਜਰ ਕੰਪਨੀਆਂ ਨੂੰ ਉਪਰੋਕਤ ਹੁਕਮ ਜਾਰੀ ਕੀਤਾ ਗਿਆ ਸੀ। ਚੇਤੇ ਰਹੇ ਕਿ ਬਿਨਾਂ ਯੂਰੀਆ ਵਾਲੇ ਫਰਟੀਲਾਈਜਰ ਜਿਵੇਂ ਡਾਇ-ਅਮੋਨੀਅਮ ਫਾਸਫੇਟ (ਡੀ.ਏ.ਪੀ.), ਮਿਊਰੇਟ ਆਫ ਪੋਟਾਸ਼ (ਐਮ.ਓ.ਪੀ.) ਤੇ ਐਨ.ਪੀ.ਕੇ. ਦੀਆਂ ਪ੍ਰਚੂਨ ਕੀਮਤਾਂ ਕੰਟਰੋਲ ਮੁਕਤ ਹਨ ਤੇ ਇਹ ਉਤਪਾਦਕਾਂ ਵੱਲੋਂ ਹੀ ਮਿਥੀਆਂ ਜਾਂਦੀਆਂ ਹਨ ਜਦੋਂਕਿ ਸਰਕਾਰ ਇਨ੍ਹਾਂ ਨੂੰ ਹਰ ਸਾਲ ਨਿਰਧਾਰਿਤ ਸਬਸਿਡੀ ਦਿੰਦੀ ਹੈ।

ਰਸਾਇਣ ਤੇ ਫਰਟੀਲਾਈਜਰ ਬਾਰੇ ਰਾਜ ਮੰਤਰੀ ਮਨਸੁਖ ਮੰਡਾਵੀਆ ਨੇ ਇਸ ਖਬਰ ਏਜੰਸੀ ਨੂੰ ਦੱਸਿਆ, 'ਭਾਰਤ ਸਰਕਾਰ ਨੇ ਇਕ ਉਚ ਪੱਧਰੀ ਮੀਟਿੰਗ ਸੱਦ ਕੇ ਫਰਟੀਲਾਈਜਰ ਕੰਪਨੀਆਂ ਨੂੰ ਡੀ.ਏ.ਪੀ., ਐਮ.ਓ.ਪੀ. ਤੇ ਐਨ.ਪੀ.ਕੇ. ਦੇ ਭਾਅ ਨਾ ਵਧਾਉਣ ਦੀ ਹਦਾਇਤ ਕੀਤੀ ਹੈ ਤੇ ਕੰਪਨੀਆਂ ਨੇ ਇਸ 'ਤੇ ਸਹਿਮਤੀ ਵੀ ਦਿੱਤੀ ਹੈ।' ਉਨ੍ਹਾਂ ਕਿਹਾ ਕਿ ਕੰਪਨੀਆਂ ਨੂੰ ਆਖਿਆ ਗਿਆ ਹੈ ਕਿ ਉਹ ਮਿਸ਼ਰਤ ਫਰਟੀਲਾਈਜਰਾਂ ਨੂੰ ਪੁਰਾਣੇ ਭਾਅ 'ਤੇ ਹੀ ਵੇਚਣ। ਉਨ੍ਹਾਂ ਕਿਹਾ, 'ਕਿਸਾਨਾਂ ਨੂੰ ਡੀ.ਏ.ਪੀ., ਐਮ.ਓ.ਪੀ. ਤੇ ਐਨ.ਪੀ.ਕੇ. ਜਿਹੇ ਪੌਸ਼ਟਿਕ ਤੱਤ ਪੁਰਾਣੇ ਭਾਅ 'ਤੇ ਹੀ ਮਿਲਣਗੇ।

ਮੰਤਰੀ ਨੇ ਇਕ ਵੱਖਰੇ ਟਵੀਟ 'ਚ ਕਿਹਾ, 'ਕਿਸਾਨ ਭਾਈਚਾਰੇ ਦੇ ਹਿੱਤਾਂ ਨੂੰ ਤਰਜੀਹ ਦਿੰਦਿਆਂ ਫਰਟੀਲਾਈਜਰਾਂ ਦੇ ਭਾਅ 'ਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ।' ਚੇਤੇ ਰਹੇ ਕਿ ਆਲਮੀ ਪੱਧਰ 'ਤੇ ਕੱਚੇ ਮਾਲ ਦੀਆਂ ਕੀਮਤਾਂ 'ਚ ਵਾਧੇ ਦੇ ਹਵਾਲੇ ਨਾਲ ਕ੍ਰਿਭਕੋ, ਐਮ.ਸੀ.ਐਫ.ਐਲ, ਜੁਆਰੀ ਐਗਰੋ ਕੈਮੀਕਲਜ, ਪਾਰਾਦੀਪ ਫਾਸਫੇਟਜ ਨੇ ਪਹਿਲੀ ਅਪਰੈਲ ਤੋਂ ਡੀ.ਏ.ਪੀ. ਦੇ ਪ੍ਰਤੀ ਬੋਰੇ ਦੀ ਕੀਮਤ ਵਧਾ ਕੇ 1700 ਰੁਪਏ ਕਰ ਦਿੱਤੀ ਸੀ। ਇਸੇ ਤਰ੍ਹਾਂ ਚੰਬਲ ਫਰਟੀਲਾਈਜਰ ਤੇ ਕੈਮੀਕਲਜ ਲਿਮਟਿਡ (ਸੀ.ਐਫ.ਸੀ.ਐਲ.) ਨੇ ਡੀ.ਏ.ਪੀ. ਦਾ ਭਾਅ 1600 ਰੁਪਏ ਪ੍ਰਤੀ ਬੋਰਾ ਜਦੋਂਕਿ ਇੰਡੋਰਾਮ ਇੰਡੀਆ ਪ੍ਰਾਈਵੇਟ ਲਿਮਟਿਡ ਨੇ 1495 ਰੁਪਏ ਪ੍ਰਤੀ ਬੋਰਾ ਕਰ ਦਿੱਤੀ ਸੀ।

ਉਧਰ, ਇਫਕੋ, ਜਿਸ ਨੇ ਡੀ.ਏ.ਪੀ. ਦੇ ਸੱਜਰੇ ਸਟਾਕ 'ਤੇ ਪ੍ਰਤੀ ਬੋਰਾ 1700 ਰੁਪਏ ਦੀ ਕੀਮਤ ਪ੍ਰਿੰਟ ਕੀਤੀ ਹੈ, ਨੇ ਸਪਸ਼ਟ ਕੀਤਾ ਕਿ ਇਹ ਅਸਥਾਈ ਕੀਮਤ ਹੈ ਤੇ ਇਹ ਕਿਸਾਨਾਂ ਨੂੰ ਵੇਚਣ ਲਈ ਨਹੀਂ ਹੈ। ਇਫਕੋ ਦੇ ਤਰਜਮਾਨ ਨੇ ਕਿਹਾ ਕਿ ਉਹ ਮਿਸ਼ਰਤ ਫਰਟੀਲਾਈਜਰ ਦੇ 11.26 ਲੱਖ ਟਨ ਦੇ ਪੁਰਾਣੇ ਸਟਾਕ ਨੂੰ 1200 ਰੁਪਏ ਪ੍ਰਤੀ ਬੋਰਾ ਦੇ ਪੁਰਾਣੇ ਭਾਅ 'ਤੇ ਹੀ ਵੇਚਣਗੇ।


ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924

13-16+



Homeopathicvibes

Harminder Singh Gill

Homeopathic Consultant and Practitioner



D.H.M.S; B.C.I.H

(Ex Homeopathic Medical officer Punjab Govt.)

Now we have two locations:

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

Ph: (408) 737-7100

Fax: (408)737-7102 www.homeopathicvibes.com

We sell and ship homeopathic remedies through out North America.



LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵਰਸ

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English

**Tel.: 317-426-5410**

**Ext. 2001 & 2403**

# XPressCargo

100% ਓਨਰ ਆਪਰੇਟਰ ਕੰਪਨੀ

**Pay Every Week**

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA

IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

**ਵੀਕਲੀ ਹੋਮ**

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## 400ਵੇਂ ਪ੍ਰਕਾਸ਼ ਪੁਰਬ ਸਬੰਧੀ ਯਾਦਗਾਰੀ ਸਿੱਕਾ ਜਾਰੀ

**ਲੁਧਿਆਣਾ:** ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਸਬੰਧੀ ਦੋ ਸਿੱਖ ਉੱਦਮੀਆਂ ਹਰਜਿੰਦਰ ਸਿੰਘ ਕੁਕਰੇਜਾ ਅਤੇ ਜਸਮੀਤ ਸਿੰਘ ਸਾਈਬ ਨੇ ਯਾਦਗਾਰੀ ਸਿੱਕਾ ਤਿਆਰ ਕੀਤਾ ਹੈ, ਜੋ ਸੰਗਤ ਨੂੰ ਆਨਲਾਈਨ ਦਿੱਤਾ ਜਾਵੇਗਾ। ਇਹ ਸਿੱਕਾ ਜਾਰੀ ਸ. ਕੁਕਰੇਜਾ ਨੇ ਦੱਸਿਆ ਕਿ ਯਾਦਗਾਰੀ ਸਿੱਕੇ ਦਾ ਆਕਾਰ 1.7 ਇੰਚ ਹੈ ਅਤੇ ਸਿੱਕੇ ਦੀ ਧਾਤ ਦੀ ਬਣਤਰ ਵਿਚ 30 ਫੀਸਦੀ ਚਾਂਦੀ ਅਤੇ 70 ਫੀਸਦੀ ਤਾਂਬਾ ਸ਼ਾਮਲ ਹੈ। ਦਿੱਲੀ ਵਾਸੀ ਜਸਮੀਤ ਸਿੰਘ ਸਾਈਬ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਪ੍ਰਕਾਸ਼ ਪੁਰਬ ਅਤੇ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਜਾਰੀ ਕੀਤੇ ਗਏ ਸਿੱਕਿਆਂ ਦੇ ਡਿਜ਼ਾਈਨ ਤਿਆਰ ਕਰ ਚੁੱਕੇ ਹਨ।

# ਕਿਸਾਨਾਂ ਮਜ਼ਦੂਰਾਂ ਖਿਲਾਫ ਦਰਜ ਕੇਸ ਵਾਪਸ ਲੈਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲੰਘੇ ਚਾਰ ਸਾਲਾਂ ਵਿਚ ਕਿਸਾਨ ਘੋਲਾਂ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਖਿਲਾਫ ਦਰਜ ਹੋਏ ਪੁਲਿਸ ਕੇਸ ਵਾਪਸ ਲੈਣ ਦੀ ਕਾਰਵਾਈ ਵਿੱਢ ਦਿੱਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਸਬੰਧੀ ਲੋੜੀਂਦੀ ਰਸਮੀ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ 9 ਅਪਰੈਲ ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਨੂੰ ਪੱਤਰ ਲਿਖ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਇਸ ਬਾਰੇ ਪਹਿਲਾਂ ਜ਼ਬਾਨੀ ਕਲਾਮੀ ਐਲਾਨ ਕੀਤਾ ਸੀ, ਪਰ ਹੁਣ ਲਿਖਤੀ ਹੁਕਮ ਜਾਰੀ ਕਰ ਦਿੱਤੇ ਹਨ। ਸਰਕਾਰੀ ਪੱਤਰ ਅਨੁਸਾਰ ਪੁਲਿਸ ਨੂੰ ਇਹ ਕੇਸ ਵਾਪਸ ਲੈਣ ਲਈ ਆਖਿਆ ਗਿਆ ਹੈ।

ਪੁਲਿਸ ਵੱਲੋਂ ਕਿਸਾਨ ਘੋਲ ਦੌਰਾਨ ਕਿਸਾਨ ਤੇ ਮਜ਼ਦੂਰ ਆਗੂਆਂ 'ਤੇ ਕੋਵਿਡ ਮਹਾਮਾਰੀ ਦੇ ਮੱਦੇਨਜਰ ਕਾਫੀ ਕੇਸ ਦਰਜ ਕੀਤੇ ਗਏ ਸਨ। ਪੰਜਾਬ ਸਰਕਾਰ ਨੇ ਸਾਲ 2017 ਤੋਂ ਹੁਣ ਤੱਕ ਕਿਸਾਨ ਤੇ ਮਜ਼ਦੂਰ ਆਗੂਆਂ ਖਿਲਾਫ ਦਰਜ ਹੋਏ ਪੁਲਿਸ ਕੇਸਾਂ ਦੀ ਸੂਚੀ ਤਿਆਰ ਕੀਤੀ ਹੈ, ਜਿਸ ਅਨੁਸਾਰ 146 ਪੁਲਿਸ ਕੇਸ ਵਾਪਸ ਲਏ ਜਾਣੇ ਹਨ। ਇਨ੍ਹਾਂ ਵਿਚ ਉਹ ਕੇਸ ਵੀ ਸ਼ਾਮਲ ਹਨ, ਜੋ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਏ ਜਾਣ ਵਜੋਂ ਦਰਜ ਹੋਏ ਸਨ।

ਚੇਤੇ ਰਹੇ ਕਿ ਕੈਪਟਨ ਹਕੂਮਤ ਨੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਅੰਦੋਲਨ ਨੂੰ ਦੇਖਦੇ ਹੋਏ ਕੇਸ ਵਾਪਸ ਲੈਣ ਦਾ ਫੈਸਲਾ ਕੀਤਾ ਸੀ। ਸੂਤਰ ਆਖਦੇ ਹਨ ਕਿ ਕੈਪਟਨ ਸਰਕਾਰ ਕੇਸ ਵਾਪਸ ਲੈ ਕੇ ਕਿਸਾਨਾਂ ਦੀ ਹਮਦਰਦੀ ਵੀ ਖੱਟਣਾ ਚਾਹੁੰਦੀ ਹੈ ਕਿਉਂਕਿ ਅਗਲੇ ਸਾਲ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹਨ। ਮੰਤਵ ਕੋਈ ਵੀ ਹੋਵੇ, ਇਸ ਨਾਲ ਕਿਸਾਨ ਧਿਰਾਂ ਨੂੰ ਕਾਫੀ ਰਾਹਤ ਪੁੱਜੇਗੀ।

ਹਾਕਮ ਧਿਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਰਾਹਤ ਦੇਣ ਲਈ ਪੁਲਿਸ ਕੇਸ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਦੂਸਰੀ ਤਰਫ ਕਿਸਾਨ ਆਗੂ ਆਖਦੇ ਹਨ ਕਿ ਇਹ ਪੁਲਿਸ ਕੇਸ ਹੀ ਗਲਤ ਦਰਜ ਕੀਤੇ ਗਏ ਸਨ ਕਿਉਂਕਿ ਲੋਕ ਰਾਜ ਤਾਂ ਸ਼ਾਂਤਮਈ ਸੰਘਰਸ਼ ਕਰਨਾ ਦੀ ਆਗਿਆ ਦਿੰਦਾ ਹੈ। ਚੇਤੇ ਰਹੇ ਕਿ ਖੇਤੀ ਕਾਨੂੰਨਾਂ ਖਿਲਾਫ ਦੋ ਮਹੀਨੇ ਅੰਦੋਲਨ ਪੰਜਾਬ ਵਿਚ ਵੀ ਚੱਲਿਆ ਸੀ ਅਤੇ ਕਿਸਾਨਾਂ ਨੇ ਸੜਕਾਂ ਤੋਂ ਇਲਾਵਾ ਰੇਲ ਮਾਰਗ ਵੀ ਰੋਕੇ ਸਨ। ਰੇਲਵੇ ਪੁਲਿਸ ਤੋਂ ਇਲਾਵਾ ਪੰਜਾਬ ਪੁਲਿਸ ਨੇ ਕਿਸਾਨਾਂ 'ਤੇ ਕਾਰਵਾਈ ਕਰਨ ਤੋਂ ਗੁਰੇਜ਼ ਕੀਤਾ ਸੀ।

## ਕਰੋਨਾ: ਪੰਜਾਬ 'ਚ ਹਾਲਾਤ ਵਿਗੜੇ, ਆਈ. ਸੀ. ਯੂ. ਬੈੱਡਾਂ ਦੀ ਘਾਟ

**ਨਵੀਂ ਦਿੱਲੀ:** ਪੰਜਾਬ ਦੇ ਅੱਠ ਸਭ ਤੋਂ ਵੱਧ ਕਰੋਨਾ ਪ੍ਰਭਾਵਿਤ ਜਿਲ੍ਹਿਆਂ ਵਿਚ ਆਈ.ਸੀ.ਯੂ. ਬੈੱਡਾਂ ਦੀ ਘਾਟ ਪੈਦਾ ਹੋ ਗਈ ਹੈ। ਇਹ ਖੁਲਾਸਾ ਪੰਜਾਬ ਦਾ ਦੌਰਾ ਕਰ ਕੇ ਪਰਤੀ ਕੇਂਦਰੀ ਟੀਮ ਵਲੋਂ ਕੇਂਦਰੀ ਸਿਹਤ ਮੰਤਰਾਲੇ ਨੂੰ ਸੌਂਪੀ ਰਿਪੋਰਟ ਤੋਂ ਹੋਇਆ ਹੈ। ਰਿਪੋਰਟ ਵਿਚ ਸਾਹਮਣੇ ਆਇਆ ਕਿ ਹੁਸ਼ਿਆਰਪੁਰ ਵਿਚ ਆਈ.ਸੀ.ਯੂ. ਬੈਡ ਲੈਣ ਵਾਲਿਆਂ ਦੀ ਦਰ 20 ਫੀਸਦੀ, ਅੰਮ੍ਰਿਤਸਰ ਵਿਚ 40, ਲੁਧਿਆਣਾ ਵਿਚ 89, ਐਸ.ਏ.ਐਸ. ਨਗਰ 'ਚ 80, ਸ਼ਹੀਦ ਭਗਤ ਸਿੰਘ ਨਗਰ ਵਿਚ 70.6, ਜਲੰਧਰ 'ਚ 63.2 ਤੇ ਪਟਿਆਲਾ 'ਚ 44.4 ਫੀਸਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਖੇਤਰਾਂ ਵਿਚ ਆਕਸੀਜਨ ਵਾਲੇ ਆਈਸੋਲੇਸ਼ਨ ਬੈਡ ਵੀ ਨਹੀਂ ਮਿਲ ਰਹੇ। ਇਨ੍ਹਾਂ ਜਿਲ੍ਹਿਆਂ 'ਚ ਕਰੋਨਾ ਪ੍ਰਭਾਵਿਤ 75 ਫੀਸਦੀ ਘਰ ਵਿਚ ਹੀ ਇਕਾਂਤਵਾਸ ਕੀਤੇ ਗਏ ਹਨ ਜਿਨ੍ਹਾਂ ਦਾ ਸਿਹਤ ਵਿਭਾਗ ਵਲੋਂ ਨਿਰੀਖਣ ਕੀਤਾ ਜਾ ਰਿਹਾ ਹੈ। ਘਰ 'ਚ ਇਕਾਂਤਵਾਸ ਕੀਤਿਆਂ ਦੀ ਦਰ ਹੁਸ਼ਿਆਰਪੁਰ ਵਿਚ 77.82 ਫੀਸਦੀ, ਅੰਮ੍ਰਿਤਸਰ 'ਚ 78.6, ਲੁਧਿਆਣਾ 'ਚ 100, ਐਸ.ਏ.ਐਸ. ਨਗਰ ਵਿਚ 95, ਸ਼ਹੀਦ ਭਗਤ ਸਿੰਘ ਨਗਰ ਵਿਚ 88.5, ਜਲੰਧਰ 'ਚ 82.3 ਤੇ ਪਟਿਆਲਾ ਵਿਚ 78 ਫੀਸਦੀ ਹੈ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਨ ਨੇ ਇਸ ਖੱਪੇ ਬਾਰੇ ਪੰਜਾਬ ਦੇ ਪ੍ਰਿੰਸੀਪਲ ਸਿਹਤ ਸਕੱਤਰ ਹੁਸਨ ਲਾਲ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਲੁਧਿਆਣਾ ਤੇ ਪਟਿਆਲਾ 'ਚ ਕਰੋਨਾ ਦੀ ਮਾਰ ਹੇਠ ਆਏ ਲੋਕਾਂ ਦੀ ਪਛਾਣ ਦਰ ਵਧਾਈ ਜਾਵੇ।

## ਪਾਕਿਸਤਾਨ 'ਚ ਟੀ. ਐਲ. ਪੀ. ਮੁਖੀ ਰਿਜ਼ਵੀ ਦੀ ਗ੍ਰਿਫਤਾਰੀ ਪਿੱਛੋਂ ਦੰਗੇ ਭੜਕੇ

**ਲਾਹੌਰ:** ਕੱਟੜਪੰਥੀ ਤਹਿਰੀਕ-ਏ-ਲਬੈਕ ਪਾਕਿਸਤਾਨ (ਟੀ.ਐਲ.ਪੀ.) ਦੇ ਮੁਖੀ ਸਾਦ ਹੁਸੈਨ ਰਿਜ਼ਵੀ ਨੂੰ ਉਸ ਸਮੇਂ ਲਾਹੌਰ ਪੁਲਿਸ ਨੇ ਹਿਰਾਸਤ 'ਚ ਲੈ ਲਿਆ, ਜਦੋਂ ਉਹ ਮੁਲਤਾਨ ਰੋਡ ਸਥਿਤ ਜਾਮੀਆ ਮਸਜਿਦ ਰਹਿਮਤ ਉਲ ਅਲਾਮਿਨ 'ਚ ਨਮਾਜ਼ ਅਦਾ ਕਰ ਕੇ ਆਪਣੇ ਸਾਥੀਆਂ ਨਾਲ ਕਿਸੇ ਨਿੱਜੀ ਕੰਮ ਲਈ ਜਾ ਰਿਹਾ ਸੀ। ਭਾਵੇਂ ਕਿ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਪਰ ਮੰਨਿਆ ਜਾ ਰਿਹਾ ਹੈ ਕਿ ਟੀ.ਐਲ.ਪੀ. ਆਗੂ ਨੇ 20 ਅਪਰੈਲ ਨੂੰ ਇਮਰਾਨ ਖਾਨ ਸਰਕਾਰ ਖਿਲਾਫ ਇਕ ਰੋਸ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਸੀ।

ਰਿਜ਼ਵੀ ਦੀ ਗ੍ਰਿਫਤਾਰੀ ਤੋਂ ਬਾਅਦ ਪਾਕਿਸਤਾਨ 'ਚ ਹਾਲਾਤ ਤਣਾਅਪੂਰਨ ਹੋ ਗਏ ਹਨ ਅਤੇ ਕਈ ਜਗ੍ਹਾ ਦੰਗੇ ਭੜਕ ਗਏ ਹਨ। ਦੰਗਿਆਂ ਦੇ ਚਲਦਿਆਂ ਵਿਸਾਖੀ ਮੌਕੇ ਪਾਕਿ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਵਾਹਗਾ ਪਹੁੰਚਿਆਂ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਦੇਰ ਰਾਤ ਤਕ ਉਥੇ ਹੀ ਫਸਿਆ ਰਿਹਾ। ਉਧਰ ਟੀ.ਐਲ.ਪੀ. ਦੇ ਨਾਇਬ ਅਮੀਰ ਸੱਯਦ ਜ਼ਹੀਰੂਲ ਹਸਨ ਸ਼ਾਹ ਨੇ ਕਿਹਾ ਕਿ ਸਰਕਾਰ ਨਮੂਸ-ਏ-ਰਿਸਾਲਤ ਬਾਰੇ ਸੰਗਠਨ ਨਾਲ ਕੀਤੇ ਸਮਝੌਤੇ ਤੋਂ ਪੂਰੀ ਤਰ੍ਹਾਂ ਭਟਕ ਗਈ ਹੈ ਅਤੇ ਰਿਜ਼ਵੀ ਦੀ ਗ੍ਰਿਫਤਾਰੀ ਲਈ ਸਰਕਾਰ ਨੇ ਗੁੰਡਾਗਰਦੀ ਦਾ ਸਹਾਰਾ ਲਿਆ ਹੈ, ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ।

# ਕੋਟਕਪੂਰਾ ਗੋਲੀ ਕਾਂਡ: ਜਾਂਚ ਰਿਪੋਰਟ ਬਾਰੇ ਅਦਾਲਤੀ ਫੈਸਲੇ ਨੇ...

*(ਸਫਾ ਇਕ ਦੀ ਬਾਕੀ)*

kumfr ਸਮੇਤ ਹੋਰ ਸ਼ਖਸੀਅਤਾਂ ਨੂੰ ਜਾਂਚ ਵਿਚ ਸ਼ਾਮਲ ਕਰ ਕੇ ਸਪਸ਼ਟ ਸੰਕੇਤ ਦਿੱਤੇ ਸਨ ਕਿ ਅਸਲ ਦੋਸ਼ੀ ਬਖ਼ਸ਼ੇ ਨਹੀਂ ਜਾਣਗੇ।

ਚਰਚਾ ਸੀ ਕਿ ਇਸ ਜਾਂਚ ਦੇ ਸਿਰੇ ਚੜ੍ਹਨ ਪਿੱਛੋਂ ਬਾਦਲ ਪਰਿਵਾਰ ਦੀਆਂ ਮੁਸ਼ਕਿਲਾਂ ਵਧਣ ਵਾਲੀਆਂ ਹਨ ਪਰ ਹਾਈਕੋਰਟ ਦੇ ਹੁਕਮਾਂ ਪਿੱਛੋਂ ਇਕਦਮ ਸਭ ਕੁਝ ਖਤਮ ਹੋ ਗਿਆ। ਆਈ.ਜੀ. ਦਾਅਵਾ ਕਰ ਰਹੇ ਸਨ ਕਿ ਉਸ ਦੀ ਪੜਤਾਲ ਵਿਸ਼ਵ ਪੱਧਰ ਦੀ ਏਜੰਸੀਆਂ ਦੇ ਬਰਾਬਰ ਦੀ ਹੈ ਪਰ ਸਵਾਲ ਇਹ ਹੈ ਕਿ ਕਾਨੂੰਨੀ ਪਹਿਲੂਆਂ ਸਾਹਮਣੇ ਜਾਂਚ ਟੀਮ ਦੀ ਇਹ ਰਿਪੋਰਟ ਕਿਵੇਂ ਬੌਣੀ ਸਾਬਤ ਹੋਈ। ਸਵਾਲ ਇਹ ਵੀ ਹੈ ਕਿ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਤੁਲ ਨੰਦਾ 150 ਵਕੀਲਾਂ ਦੀ ਟੀਮ ਨਾਲ ਵੀ ਕੋਟਕਪੂਰਾ ਗੋਲੀ ਕਾਂਡ ਦਾ ਕੇਸ ਅਦਾਲਤ ਅੱਗੇ ਸਹੀ ਢੰਗ ਨਾਲ ਕਿਉਂ ਨਹੀਂ ਰੱਖ ਸਕੇ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਕੈਪਟਨ ਨੇ ਬਾਦਲਾਂ ਨੂੰ ਬਚਾਉਣ ਲਈ ਇਹ ਸਭ ਜਾਣਬੁਝ ਕੇ ਕਰਵਾਇਆ ਹੈ।

ਐਡਵੋਕੇਟ ਜਨਰਲ ਅਤੁਲ ਨੰਦਾ ਉਤੇ ਜਾਣਬੁਝ ਕੇ ਪੰਜਾਬ ਦੇ ਅਹਿਮ ਮਸਲਿਆਂ ਨਾਲ ਜੁੜੇ ਕੇਸ ਹਾਰਨ ਦੇ ਦੋਸ਼ ਲੱਗਦੇ ਆਏ ਹਨ। ਇਥੋਂ ਤੱਕ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਸ ਮੁੱਦੇ ਉਤੇ ਆਪਣੀ ਹੀ ਸਰਕਾਰ ਉਤੇ ਸਵਾਲ ਚੁੱਕੇ ਸਨ। ਪੰਜਾਬ ਦੇ ਪਾਣੀਆਂ ਦੇ ਮਸਲੇ ਉਤੇ ਸਰਕਾਰੀ ਧਿਰ ਵੱਲੋਂ ਵਿਖਾਈ ਨਾਲਾਇਕੀ ਵੀ ਚਰਚਾ ਦਾ ਵਿਸ਼ਾ ਬਣੀ ਰਹੀ ਸੀ ਪਰ ਹੁਣ ਬੇਅਦਬੀ ਵਰਗੇ ਪੰਜਾਬ ਦੇ ਅਹਿਮ ਮਸਲੇ ਉਤੇ ਸਰਕਾਰੀ ਵਕੀਲਾਂ ਦੀ ਮਾੜੀ ਕਾਰਗੁਜ਼ਾਰੀ ਬਾਰੇ ਕੈਪਟਨ ਸਰਕਾਰ ਅਤੇ ਇਸ ਦੇ ਮੰਤਰੀ ਚੁੱਪ ਧਾਰੀ ਬੈਠੇ ਹਨ।

ਕੈਪਟਨ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦੇ ਦਾਅਵੇ ਕਰ ਰਹੇ ਹਨ ਪਰ ਸਵਾਲ ਇਹ ਹੈ ਕਿ ਪੀੜਤਾਂ ਲਈ ਇਨਸਾਫ ਦੀ ਉਡੀਕ ਲੰਮੀ ਹੋ ਗਈ। ਕੈਪਟਨ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਬੇਅਦਬੀ ਤੇ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਰਕਾਰ ਬਣਦਿਆਂ ਹੀ ਜੇਲ੍ਹ ਵਿਚ ਸੁੱਟਣ ਦਾ ਵਾਅਦਾ ਕੀਤਾ ਸੀ ਪਰ ਤਕਰੀਬਨ ਸਾਢੇ ਚਾਰ ਸਾਲ ਵਿਚ ਇਸ ਮਸਲੇ ਦੀ ਜਾਂਚ ਉਥੇ ਹੀ ਆ ਖੜ੍ਹੀ ਹੈ। ਹੁਣ ਤੈਅ ਹੈ ਕਿ 5 ਸਾਲ ਬਾਅਦ 2022 ਦੀਆਂ ਚੋਣਾਂ ਵਿਚ ਇਹ ਮਸਲਾ ਮੁੜ ਚੋਣ ਮੁੱਦਾ ਬਣੇਗਾ।

ਪੰਜਾਬ ਸਰਕਾਰ ਦੀ ਬਣਾਈ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਉਪਰ ਤੁਰਤ ਕਾਰਵਾਈ ਲਈ ਪੰਥਕ ਧਿਰਾਂ ਅਤੇ ਪੀੜਤ ਪਰਿਵਾਰ ਲਗਾਤਾਰ ਦਬਾਅ ਬਣਾ ਰਹੀਆਂ ਸਨ ਪਰ ਹਾਈਕੋਰਟ ਵੱਲੋਂ ਰਿਪੋਰਟ ਰੱਦ ਕਰਨ ਨਾਲ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਇਕ ਵਾਰ ਮੁਕੰਮਲ ਤੌਰ 'ਤੇ ਬੰਦ ਹੋ ਜਾਵੇਗੀ।

ਹਾਈਕੋਰਟ ਨੇ ਕੈਪਟਨ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਕਮੇਟੀ ਦੀ ਰਿਪੋਰਟ ਨੂੰ ਰੱਦ ਕਰਦਿਆਂ ਨਵੇਂ ਸਿਰੇ ਤੋਂ ਜਾਂਚ ਕਮੇਟੀ ਬਣਾਉਣ ਤੇ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਇਸ ਤੋਂ ਲਾਂਭੇ ਦੇ ਨਿਰਦੇਸ਼ ਦਿੱਤੇ ਹਨ। ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਜਾਂਚ ਟੀਮ ਵਿਚ ਸਭ ਤੋਂ ਮੋਹਰੀ ਭੂਮਿਕਾ ਨਿਭਾਈ ਹੈ। ਇਹੀ ਕਾਰਨ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਵੇਲੇ ਅਕਾਲੀ ਦਲ ਬਾਦਲ ਨੂੰ ਇਸ ਅਧਿਕਾਰੀ ਨੂੰ ਚੋਣਾਂ ਦੇ ਅਮਲ ਤੱਕ ਜਾਂਚ ਟੀਮ ਤੋਂ ਵੱਖ ਕਰਨ ਲਈ ਚੋਣ ਕਮਿਸ਼ਨ ਕੋਲ ਪਹੁੰਚ ਕਰਨੀ ਪਈ ਸੀ। ਚੋਣਾਂ ਪਿੱਛੋਂ ਲੋਕਾਂ ਦੇ ਰੋਹ ਕਾਰਨ ਕੈਪਟਨ ਸਰਕਾਰ ਨੂੰ ਕੁੰਵਰ ਵਿਜੈ ਪ੍ਰਤਾਪ ਨੂੰ ਮੁੜ ਜਾਂਚ ਟੀਮ ਦਾ ਹਿੱਸਾ ਬਣਾਉਣ ਲਈ ਮਜਬੂਰ ਹੋਣਾ ਪਿਆ ਜਿਸ ਪਿੱਛੋਂ ਇਹ ਜਾਂਚ ਤੇਜ਼ੀ ਨਾਲ ਅੱਗੇ ਵਧੀ।

ਚਰਚਾ ਸ਼ੁਰੂ ਗਈ ਕਿ ਜਾਂਚ ਰਿਪੋਰਟ ਵਿਚ ਬਾਦਲਾਂ ਦਾ ਨਾਮ ਵੀ ਆ ਗਿਆ ਹੈ ਜਿਸ ਪਿੱਛੋਂ ਸਿਆਸੀ ਹਲਚਲ ਤੇਜ਼ ਹੋ ਗਈ। ਹੁਣ ਸਰਕਾਰ ਵੱਲੋਂ ਅਦਾਲਤ ਵਿਚ ਕੇਸ ਹਾਰਨ ਤੋਂ ਬਾਅਦ ਕੈਪਟਨ ਉਤੇ ਦੋਸ਼ ਲੱਗ ਰਹੇ ਹਨ ਕਿ ਬਾਦਲਾਂ ਨੂੰ ਬਚਾਉਣ ਲਈ ਜਾਣਬੁਝ ਕੇ ਢਿੱਲ ਦਿਖਾਈ ਗਈ। ਇਸ ਵੇਲੇ ਹਾਲਾਤ ਇਹ ਬਣ ਗਏ ਹਨ ਕਿ ਜਿਥੇ ਬਾਦਲ ਪਰਿਵਾਰ ਜਾਂਚ ਰਿਪੋਰਟ ਰੱਦ ਕਰਨ ਉਤੇ ਜਸ਼ਨ ਮਨਾ ਰਿਹਾ ਹੈ, ਉਥੇ ਆਮ ਆਦਮੀ ਪਾਰਟੀ ਸਣੇ ਪੰਥਕ ਧਿਰਾਂ ਕੈਪਟਨ ਸਰਕਾਰ ਦੀ ਘੇਰਾਬੰਦੀ ਲਈ ਨਿੱਤਰ ਆਈਆਂ ਹਨ। ਪੰਜਾਬ ਦੀਆਂ ਸਿਆਸੀ ਧਿਰਾਂ ਭਾਵੇਂ ਇਸ ਮਸਲੇ ਉਤੇ ਨਵੇਂ ਜੋਸ਼ ਨਾਲ ਸਿਆਸੀ ਮਾਹੌਲ ਭਖਾਉਣ ਵਿਚ ਜੁਟ ਗਈਆਂ ਹਨ ਪਰ ਹਾਈਕੋਰਟ ਦੇ ਇਸ ਫੈਸਲੇ ਨਾਲ ਕੋਟਕਪੂਰਾ ਗੋਲੀ ਕਾਂਡ ਦੇ ਪੀੜਤਾਂ ਲਈ ਇਨਸਾਫ ਦੀ ਉਡੀਕ ਹੋਰ ਲੰਮੀ ਹੋ ਗਈ ਹੈ।

## ਪੰਜਾਬ ਵਿਚ ਤੀਜੇ ਸਿਆਸੀ ਫਰੰਟ ਬਾਰੇ ਮੁੜ ਛਿੜੀ ਚਰਚਾ

*(ਸਫਾ ਇਕ ਦੀ ਬਾਕੀ)*

ਰਵਾਇਤੀ ਧਿਰਾਂ ਲਈ ਹਾਲਾਤ ਕੁਝ ਵੱਖਰੇ ਹਨ। ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਸੰਘਰਸ਼ ਸਥਾਪਤ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਬਣ ਗਏ ਹਨ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਭਾਜਪਾ ਨੂੰ ਇਸ ਦਾ ਸਭ ਤੋਂ ਵੱਧ ਸੇਕ ਲੱਗਣ ਦੇ ਆਸਾਰ ਹਨ। ਕਿਸਾਨ ਜਥੇਬੰਦੀਆਂ ਨੇ ਸਪਸ਼ਟ ਆਖ ਦਿੱਤਾ ਹੈ ਕਿ ਔਖੇ ਵੇਲੇ ਪੰਜਾਬ ਨਾਲ ਖੜ੍ਹਨ ਤੋਂ ਭੱਜਣ ਵਾਲੀਆਂ ਸਿਆਸੀ ਧਿਰਾਂ ਖਿਲਾਫ ਵੀ ਮੋਰਚਾ ਲਾਇਆ ਜਾਵੇਗਾ ਤੇ 2022 ਦੀਆਂ ਚੋਣਾਂ ਵਿਚ ਅਜਿਹੀਆਂ ਧਿਰਾਂ ਨੂੰ ਵੱਡੀ ਚੁਣੌਤੀ ਦਿੱਤੀ ਜਾਵੇਗੀ। ਹੁਣ ਤੱਕ ਬਣੇ ਹਾਲਾਤ ਮੁਤਾਬਕ ਕਿਸਾਨ ਜਥੇਬੰਦੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਭਾਜਪਾ ਨੂੰ ਕੌੜੀਆਂ ਅੱਖਾਂ ਨਾਲ ਦੇਖ ਰਹੀਆਂ ਹਨ ਤੇ ਚੋਣਾਂ ਤੋਂ ਪਹਿਲਾਂ ਕਿਸੇ ਤੀਜੀ ਧਿਰ ਦੇ ਖੜ੍ਹੇ ਹੋਣ ਦੀ ਉਡੀਕ ਵਿਚ ਹਨ।

## ਸੋਨੂ ਸੂਦ ਨੂੰ ਕੋਵਿਡ ਟੀਕਾਕਰਨ ਮੁਹਿੰਮ ਦਾ ਬਰਾਂਡ ਅੰਬੈਸਡਰ ਬਣਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਕੋਵਿਡ ਟੀਕਾਕਰਨ ਮੁਹਿੰਮ ਲਈ ਅਦਾਕਾਰ ਸੋਨੂ ਸੂਦ ਨੂੰ ਬਰਾਂਡ ਅੰਬੈਸਡਰ ਬਣਾਇਆ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਨੂ ਸੂਦ ਨਾਲ ਮੀਟਿੰਗ ਤੋਂ ਬਾਅਦ ਇਹ ਐਲਾਨ ਕੀਤਾ ਹੈ। ਸੋਨੂ ਸੂਦ ਨੇ ਮੁੱਖ ਮੰਤਰੀ ਨਾਲ ਉਨ੍ਹਾਂ ਦੀ ਰਿਹਾਇਸ਼ ਉਤੇ ਮੁਲਾਕਾਤ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਵੈਕਸੀਨ ਪ੍ਰਤੀ ਲੋਕਾਂ 'ਚ ਕਾਫੀ ਹਿਚਕਚਾਹਟ ਹੈ ਤੇ ਸੋਨੂ ਸੂਦ ਦੀ ਲੋਕਾਂ 'ਚ ਮਕਬੂਲੀਅਤ ਤੇ ਬੀਤੇ ਸਾਲ ਮਹਾਮਾਰੀ ਫੈਲਣ ਦੇ ਵੇਲੇ ਤੋਂ ਲੈ ਕੇ ਹਜ਼ਾਰਾਂ ਪਰਵਾਸੀ ਕਾਮਿਆਂ ਨੂੰ ਸੁਰੱਖਿਅਤ ਘਰ ਪਹੁੰਚਾਉਣ ਵਿਚ ਮਦਦ ਕਰਕੇ ਪਾਏ ਗਏ ਮਿਸਾਲੀ ਯੋਗਦਾਨ ਸਦਕਾ ਉਹ ਲੋਕਾਂ ਦੇ ਵੈਕਸੀਨ ਪ੍ਰਤੀ ਸ਼ੰਕੇ ਦੂਰ ਕਰ ਸਕਣਗੇ। ਉਨ੍ਹਾਂ ਕਿਹਾ ਕਿ ਜਦੋਂ ਲੋਕ ਵੈਕਸੀਨ ਦੇ ਫਾਇਦੇ ਬਾਰੇ ਪੰਜਾਬ ਦੇ ਪੁੱਤਰ ਤੋਂ ਸੁਣਨਗੇ ਤਾਂ ਉਹ ਵਿਸ਼ਵਾਸ ਕਰਨਗੇ ਕਿਉਂਕਿ ਲੋਕ ਉਨ੍ਹਾਂ 'ਤੇ ਭਰੋਸਾ ਕਰਦੇ ਹਨ। ਇਸ ਮੌਕੇ ਸੋਨੂ ਸੂਦ ਨੇ ਮੁੱਖ ਮੰਤਰੀ ਨੂੰ ਆਪਣੀ ਕਿਤਾਬ 'ਆਈ ਐਮ ਨੋ ਮਸੀਹਾ' ਵੀ ਭੇਟ ਕੀਤੀ, ਜਿਸ ਬਾਰੇ ਉਨ੍ਹਾਂ ਦੱਸਿਆ ਕਿ ਇਸ ਵਿਚ ਮੋਗਾ ਤੋਂ ਮੁੰਬਈ ਤੱਕ ਦੇ ਤਜਰਬੇ ਸਾਂਝੇ ਕੀਤੇ ਗਏ ਹਨ।

## ਕਰੋਨਾ ਮਹਾਮਾਰੀ ਦਾ ਅੰਤ ਕਾਫੀ ਦੂਰ: ਡਬਲਿਊ. ਐਚ. ਓ.

**ਸੰਯੁਕਤ ਰਾਸ਼ਟਰ:** ਵਿਸ਼ਵ ਸਿਹਤ ਸੰਗਠਨ ਦੇ ਮੁਖੀ ਟੇਡਰੋਸ ਅਦਾਨੋਮ ਨੇ ਕਿਹਾ ਕਿ ਭਾਵੇਂ ਦੁਨੀਆਂ ਭਰ ਵਿਚ ਕਰੋਨਾ ਰੋਕੂ ਟੀਕਿਆਂ ਦੀ 78 ਕਰੋੜ ਤੋਂ ਵੱਧ ਡੋਜ਼ ਦਿੱਤੀ ਜਾ ਚੁੱਕੀ ਹੈ ਪਰ ਇਸ ਮਹਾਮਾਰੀ ਦਾ ਅੰਤ ਹਾਲੇ ਕਾਫੀ ਦੂਰ ਹੈ। ਇਸ ਕਰਕੇ ਸਿਹਤ ਸਬੰਧੀ ਤੇ ਕਰੋਨਾ ਨਿਯਮਾਂ ਦਾ ਪਾਲਣ ਕਰਕੇ ਇਸ ਮਹਾਮਾਰੀ 'ਤੇ ਕਾਬੂ ਪਾਇਆ ਜਾ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਆਰ.ਐਸ.ਐਸ. ਖਿਲਾਫ ਮਤੇ ਪਿੱਛੇ ਸਿਆਸੀ ਮੰਤਵ ਦੇ ਦੋਸ਼

**ਜਲੰਧਰ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਮਨਜੀਤ ਸਿੰਘ ਰਾਏ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਰ.ਐਸ.ਐਸ. ਵਿਰੁੱਧ ਪਾਸ ਕੀਤੇ ਗਏ ਮਤੇ ਪਿੱਛੇ ਉਨ੍ਹਾਂ ਦਾ ਸਿਆਸੀ ਮੰਤਵ ਹੈ।

ਉਨ੍ਹਾਂ ਕਿਹਾ ਕਿ ਇਸ ਮਤੇ ਨੂੰ ਪਾਸ ਕਰਾਉਣ ਪਿੱਛੇ ਪੂਰੀ ਤਰ੍ਹਾਂ ਨਾਲ ਰਾਜਨੀਤੀ ਦੀ ਝਲਕ ਪੈਂਦੀ ਹੈ। ਸ੍ਰੀ ਰਾਏ ਨੇ ਕਿਹਾ ਕਿ ਇਹ ਗੱਲ ਸਾਰੇ ਜਾਣਦੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਕੌਣ ਕਰਦਾ ਹੈ ਤੇ ਕਿਵੇਂ ਉਨ੍ਹਾਂ ਦਾ ਨਾਂ ਲਿਫਾਫੇ ਵਿਚੋਂ ਨਿਕਲਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਰ.ਐਸ.ਐਸ. ਦੇ ਅਕਸ ਨੂੰ ਖਰਾਬ ਕਰਨ ਪਿੱਛੇ ਉਨ੍ਹਾਂ ਦੀ ਰਾਜਨੀਤਕ ਮਨਸ਼ਾ ਸੀ। ਇਸ ਦੀ ਸਚਾਈ ਜਾਨਣੀ ਕੋਈ ਔਖੀ ਨਹੀਂ ਕਿ ਆਰ.ਐਸ.ਐਸ. ਵਿਰੁੱਧ ਮਤਾ ਪਾਸ ਕਰਾਉਣ ਪਿੱਛੇ ਕੌਣ ਹੈ?

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਮਨਜੀਤ ਸਿੰਘ ਰਾਏ ਨੇ ਹਾਲਾਂਕਿ ਸਾਰੀ ਗੱਲਬਾਤ ਦੌਰਾਨ ਇਕ ਵਾਰ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਨਾਂ ਨਹੀਂ ਲਿਆ। ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਨੇ ਹਮੇਸ਼ਾ ਹੀ ਹਿੰਦੂ-ਸਿੱਖ ਏਕਤਾ ਲਈ ਕੰਮ ਕੀਤਾ ਹੈ। ਉਨ੍ਹਾਂ ਦੋ ਪੁਸਤਕਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਕਿਵੇਂ 6 ਤੇ 9 ਮਾਰਚ 1947 ਨੂੰ ਆਰ. ਐਸ. ਐਸ. ਦੇ ਵਾਲੰਟੀਅਰਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਕੀਤੀ ਸੀ ਜਦੋਂ ਮੁਸਲਮਾਨਾਂ ਦੀ ਭੀੜ ਹੱਲਾ ਬੋਲਣ ਆਈ ਸੀ। ਇਸੇ ਤਰ੍ਹਾਂ ਨਵੰਬਰ 1984 ਵਿਚ ਦਿੱਲੀ 'ਚ ਹੋਈ ਸਿੱਖ ਨਸਲਕੁਸ਼ੀ ਦੌਰਾਨ ਵੀ ਆਰ.ਐਸ.ਐਸ. ਨੇ ਸਿੱਖਾਂ ਨੂੰ ਬਚਾਉਣ ਲਈ ਅੱਗੇ ਹੋ ਕੇ ਲੜਾਈ ਲੜੀ ਸੀ।

ਰਾਸ਼ਟਰੀ ਸਿੱਖ ਸੰਗਤ ਦੇ ਜ਼ਿਲ੍ਹਾ ਜਲੰਧਰ ਦੇ ਸਕੱਤਰ ਐਮ.ਪੀ. ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਰੋਹਤਕ ਦੇ ਇਕ ਸ਼ਹਿਰ ਕਲਾਨੌਰ ਵਿਚ ਨਵੰਬਰ 1984 ਵਿਚ ਆਰ.ਐਸ.ਐਸ. ਦੇ ਵਾਲੰਟੀਅਰ ਤਿੰਨ ਦਿਨਾਂ ਤੱਕ ਸਿੱਖਾਂ ਦੇ ਘਰਾਂ ਅੱਗੇ ਕੰਧ ਬਣ ਕੇ ਖੜ੍ਹ ਗਿਆ ਸੀ, ਜਦੋਂ ਹਿੰਸਾ ਕਰਨ ਵਾਲੀ ਭੀੜ ਸਿੱਖਾਂ 'ਤੇ ਹਮਲਾ ਕਰਨਾ ਚਾਹੁੰਦੀ ਸੀ। ਮਨਜੀਤ ਸਿੰਘ ਰਾਏ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜ ਪ੍ਰਣਾਲੀ 'ਤੇ ਉਂਗਲ ਚੁੱਕਦਿਆਂ ਕਿਹਾ ਕਿ ਉਹ ਸਿੱਖ ਧਰਮ ਦੇ ਪ੍ਰਚਾਰ ਦੇ ਮੁਢਲੇ ਮਕਸਦ 'ਚੋਂ ਫੇਲ੍ਹ ਹੋਈ ਹੈ।

# ਕਿਸਾਨਾਂ ਨੇ ਕੇ.ਐਮ.ਪੀ. ਅਤੇ ਕੇ.ਜੀ.ਪੀ. ਮਾਰਗ ਜਾਮ ਕਰਕੇ ਦਿੱਤਾ ਸਖਤ ਸੁਨੇਹਾ



**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੁੰਡਲੀ-ਮਾਨੇਸਰ-ਪਲਵਲ (ਕੇ.ਐਮ.ਪੀ.) ਤੇ ਕੁੰਡਲੀ-ਗਾਜ਼ੀਆਬਾਦ-ਪਲਵਲ (ਕੇ.ਜੀ.ਪੀ.) ਹਾਈਵੇਅ ਨੂੰ 24 ਘੰਟਿਆਂ ਲਈ ਜਾਮ ਕਰ ਦਿੱਤਾ ਗਿਆ। ਇਹ ਮਾਰਗ ਦਿੱਲੀ ਦੀਆਂ ਹੱਦਾਂ ਨੂੰ ਜੋੜਦਾ ਹੈ। ਹਾਲਾਂਕਿ ਲੋਕਾਂ ਦੇ ਪੂਰਨ ਸਹਿਯੋਗ ਸਦਕਾ ਕਿਸਾਨਾਂ ਦਾ ਇਹ ਪ੍ਰੋਗਰਾਮ ਸਫਲ ਸਾਬਤ ਹੋਇਆ ਹੈ ਤੇ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ। ਇਸ ਸੜਕ ਨੂੰ ਰੋਕਣ ਲਈ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਸਮੇਤ ਵੱਡੀ ਗਿਣਤੀ ਵਿਚ ਨੌਜਵਾਨ ਤੇ ਔਰਤਾਂ ਪੰਜਾਬ ਤੇ ਹਰਿਆਣਾ ਤੋਂ ਪਹੁੰਚੀਆਂ। ਕਿਸਾਨ ਆਗੂਆਂ ਨੇ ਜਾਮ ਨੂੰ ਚਿਤਾਵਨੀ ਵਜੋਂ ਪੇਸ਼ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਨਹੀਂ ਮੰਨਦੀ ਤਾਂ ਸਰਕਾਰ 'ਤੇ ਦਬਾਅ ਬਣਾਉਣ ਲਈ ਇਸ ਤਰ੍ਹਾਂ ਦੇ ਹੋਰ ਢੰਗ-ਤਰੀਕੇ ਵਰਤੇ ਜਾਣਗੇ। ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਕੇ.ਐਮ.ਪੀ. (ਕੁੰਡਲੀ-ਮਾਨੇਸਰ-ਪਲਵਲ) ਰੋਡ 'ਤੇ ਜ਼ੋਰਦਾਰ ਨਾਅਰੇਬਾਜ਼ੀ ਕਰ ਕੇ ਜਾਮ ਸ਼ੁਰੂ ਕਰ ਦਿੱਤਾ ਗਿਆ। ਕਿਸਾਨਾਂ ਨੇ ਗਾਜ਼ੀਪੁਰ ਸਰਹੱਦ 'ਤੇ ਡਾਸਨਾ ਪਲਾਜਾ ਨੂੰ ਜਾਮ ਕਰ ਦਿੱਤਾ। ਸਿੰਘੂ ਬਾਰਡਰ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਅਗਵਾਈ ਵਿਚ ਤਿੰਨ ਥਾਵਾਂ 'ਤੇ ਕੇ.ਐਮ.ਪੀ. ਜਾਮ ਹੋਇਆ।

ਪੰਜਾਬ ਟਾਈਮਜ਼

# Matrimonials

## ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

ਜੱਟ ਸਿੱਖ ਕੱਦ 5'-3" ਉਮਰ 23 ਸਾਲ, ਇੰਡੀਆ (ਜਿਲਾ ਲੁਧਿਆਣਾ) ਰਹਿੰਦੀ ਪੜ੍ਹੀ-ਲਿਖੀ ਲੜਕੀ ਲਈ ਅਮਰੀਕਾ ਵਿਚ ਸੈਟਲ ਲੜਕੇ ਦੀ ਲੋੜ ਹੈ। ਲੜਕੀ ਨੇ ਬੁਟੀਕ ਦਾ ਕੋਰਸ ਵੀ ਕੀਤਾ ਹੋਇਆ ਹੈ। ਲੜਕੀ ਦੇ ਮਾਤਾ-ਪਿਤਾ ਦੋ ਸਾਲ ਦੇ ਅੰਦਰ ਪੱਕੇ ਤੌਰ 'ਤੇ ਅਮਰੀਕਾ ਆ ਜਾਣਗੇ। ਲੜਕੀ ਦੇ ਚਾਚਾ ਜੀ ਮਿਸ਼ੀਗਨ ਅਤੇ ਭਰਾ ਕੈਨੇਡਾ ਰਹਿੰਦੇ ਹਨ। ਸੰਪਰਕ ਕਰੋ, ਫੋਨ: 586-864-3453

13-16

## ਲੜਕੇ ਦੀ ਲੋੜ ਹੈ

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437

14-17

## ਲੜਕੀ ਦੀ ਲੋੜ ਹੈ

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com

14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Kamaljeet Kaur (Realtor/Broker)

Ph: 317-809-1818 Ph: 317-909-9295

midlandrealtygroup@yahoo.com kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*

ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ

ਸੰਪਰਕ ਕਰੋ, ਮਿਸਟਰ ਸਿੰਘ

ਫੋਨ: 608-886-2500

12+

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਕੋਟਕਪੂਰਾ ਕਾਂਡ: ਹਾਈ ਕੋਰਟ ਵੱਲੋਂ ਕੁੰਵਰ ਵਿਜੈ ਪ੍ਰਤਾਪ ਦੀ ਪੜਤਾਲ ਰਿਪੋਰਟ ਰੱਦ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਤੇ ਇਸ ਵੱਲੋਂ ਕੋਟਕਪੂਰਾ ਗੋਲੀਕਾਂਡ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੂੰ ਵੱਡਾ ਝਟਕਾ ਦਿੱਤਾ ਹੈ। ਥਾਣਾ ਸਿਟੀ ਕੋਟਕਪੂਰਾ ਦੇ ਐਸ.ਐਚ.ਓ. ਗੁਰਦੀਪ ਪੰਧੇਰ ਵੱਲੋਂ ਦਾਇਰ ਕੀਤੀ ਰਿੱਟ 'ਤੇ ਸੁਣਵਾਈ ਕਰਦਿਆਂ ਹਾਈ ਕੋਰਟ ਦੇ ਜੱਜ ਰਾਜਵੀਰ ਸ਼ਰਾਵਤ ਨੇ ਕਿਹਾ ਕਿ ਜਾਂਚ ਟੀਮ ਦੇ ਮੁੱਖ ਮੈਂਬਰ ਆਈ.ਜੀ. ਕੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਇਸ ਮਾਮਲੇ ਵਿਚ ਕੀਤੀ ਗਈ ਪੜਤਾਲ ਪੱਖਪਾਤੀ ਜਾਪਦੀ ਹੈ।

ਜਾਂਚ ਟੀਮ ਦੀ ਪੜਤਾਲ ਰਿਪੋਰਟ ਨੂੰ ਰੱਦ ਕਰਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਕੋਟਕਪੂਰਾ ਗੋਲੀਕਾਂਡ ਲਈ ਇਕ ਹੋਰ ਜਾਂਚ ਟੀਮ ਬਣਾਈ ਜਾਵੇ ਅਤੇ ਨਵੀਂ ਬਣੀ ਜਾਂਚ ਟੀਮ ਵਿਚ ਕੰਵਰ ਵਿਜੈ ਪ੍ਰਤਾਪ ਸਿੰਘ ਸ਼ਾਮਲ ਨਹੀਂ ਹੋਣਗੇ। ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਜੇਕਰ ਅਜਿਹੀ ਕਮੇਟੀ ਨਹੀਂ ਬਣਦੀ ਤਾਂ ਕੋਟਕਪੂਰਾ ਗੋਲੀਕਾਂਡ ਦੀ ਜਾਂਚ ਹਰਿਆਣਾ ਸਰਕਾਰ ਨੂੰ ਸੌਂਪੀ ਜਾ ਸਕਦੀ ਹੈ ਜਾਂ ਫਿਰ ਇਹ ਜਾਂਚ ਸੀ.ਬੀ.ਆਈ. ਦੇ ਹਵਾਲੇ ਕਰ ਦਿੱਤੀ ਜਾਵੇਗੀ। ਸਾਬਕਾ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਅਤੇ ਇਕ ਹੋਰ ਪੁਲਿਸ ਅਧਿਕਾਰੀ ਰਛਪਾਲ ਸਿੰਘ ਨੇ ਹਾਈ ਕੋਰਟ ਵਿਚ ਰਿੱਟ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਜਾਂਚ ਟੀਮ ਨੇ ਪੜਤਾਲ ਦੌਰਾਨ ਪੱਖਪਾਤੀ ਰਵੱਈਆ ਅਪਣਾਇਆ ਹੈ।

ਕੋਟਕਪੂਰਾ 'ਚ ਹੋਈ ਘਟਨਾ ਵਿਚ ਜਖਮੀ ਹੋਏ ਕਰੀਬ ਦੋ ਦਰਜਨ ਪੁਲਿਸ ਅਧਿਕਾਰੀਆਂ ਦੀ ਸ਼ਿਕਾਇਤ ਉਪਰ ਜਾਂਚ ਟੀਮ ਨੇ ਕੋਈ ਕਾਰਵਾਈ ਨਹੀਂ ਕੀਤੀ। ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਪੰਜਾਬ ਪੁਲਿਸ ਦੀ ਐਸ.ਆਈ.ਟੀ. ਦੀ ਜਾਂਚ ਨੂੰ ਰੱਦ ਕਰਨ ਜਾਂ ਇਸ ਦੇ ਮੁਖੀ ਨੂੰ ਹਟਾਉਣ ਦੇ ਕਿਸੇ ਵੀ ਹੁਕਮ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਮੰਤਰੀ ਨੇ ਇੱਕ ਬਿਆਨ ਰਾਹੀਂ ਕਿਹਾ ਕਿ ਲੀਗਲ ਟੀਮ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਮਿਲਣ ਉਤੇ ਤੁਰਤ ਇਸ ਕੇਸ ਦੀ ਘੋਖ ਕਰਨ ਦੇ ਹੁਕਮ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕੇਸ ਨੂੰ ਕਾਨੂੰਨੀ ਸਿੱਟੇ ਉਤੇ ਪਹੁੰਚਾਇਆ ਜਾਵੇਗਾ ਅਤੇ ਕੋਈ ਵੀ ਦੋਸ਼ੀ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਸਿਆਸੀ ਤੌਰ ਉਤੇ ਕਿੰਨਾ ਵੀ ਤਾਕਤਵਰ ਜਾਂ ਅਸਰ-ਰਸੂਖ ਵਾਲਾ ਹੋਵੇ। ਐਸ.ਆਈ.ਟੀ. ਦੇ ਮੁਖੀ ਕੁੰਵਰ ਵਿਜੈ ਪ੍ਰਤਾਪ ਸਿੰਘ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਵਿਚ ਹੁਣ ਤੱਕ ਕੀਤੀ ਗਈ ਜਾਂਚ ਵਿਚ ਪੂਰਾ ਵਿਸ਼ਵਾਸ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਬਹੁਤ ਹੀ ਯੋਗ ਅਤੇ ਤਜਰਬੇਕਾਰ ਅਧਿਕਾਰੀ ਹਨ। ਉਨ੍ਹਾਂ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਐਸ.ਆਈ.ਟੀ. ਵੱਲੋਂ ਪੂਰੀ ਤਰ੍ਹਾਂ ਨਿਰਪੱਖ ਜਾਂਚ ਕੀਤੀ ਜਾ ਰਹੀ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਦਾ ਮੰਤਵ ਬਾਦਲ ਪਰਿਵਾਰ ਨੂੰ ਕੇਸ ਵਿਚ ਫਸਾਉਣਾ ਸੀ। ਕੈਪਟਨ ਨੇ ਜਾਂਚ ਦੇ ਨਾਂ 'ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਅਤੇ ਇਸ ਕੰਮ ਵਿਚ ਚਾਰ ਸਾਲ ਬਰਬਾਦ ਕਰ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਵਾਰ-ਵਾਰ ਕੇਂਦਰ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਿਸਾਨ ਵਿਰੋਧੀ ਕਦਮਾਂ ਨਾਲ ਸਹਿਮਤੀ ਪ੍ਰਗਟ ਕੀਤੀ ਹੈ। ਉਨ੍ਹਾਂ ਸੂਬੇ ਦੇ ਹਿੱਤ ਭਾਜਪਾ ਨੂੰ ਵੇਚ ਦਿੱਤੇ ਹਨ। ਯਾਦ ਰਹੇ ਕਿ ਇਸ ਕੇਸ ਕਾਰਨ ਅਕਾਲੀ ਦਲ ਦੇ ਪੰਜਾਬ ਦੇ ਸਿਆਸੀ ਖੇਤਰ ਅੰਦਰ ਪੈਰ ਬੁਰੀ ਤਰ੍ਹਾਂ ਉਖੜ ਗਏ ਸਨ ਅਤੇ ਅਜੇ ਤੱਕ ਲੋਕ ਅਕਾਲੀ ਦਲ ਤੇ ਇਸ ਦੇ ਆਗੂਆਂ ਨੂੰ ਮੂੰਹ ਨਹੀਂ ਲਾ ਰਹੇ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਾੜੀ ਕਾਰਗੁਜ਼ਾਰੀ ਦਾ ਇਹੀ ਵੱਡਾ ਕਾਰਨ ਸੀ।

## ਸੁਖਬੀਰ ਬਾਦਲ ਜਸ਼ਨ ਮਨਾਉਣੇ ਬੰਦ ਕਰੇ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਟਕਪੂਰਾ ਗੋਲੀ ਕਾਂਡ ਮਾਮਲੇ 'ਚ ਕਿਹਾ ਹੈ ਕਿ ਇਹ ਮਾਮਲਾ ਹਾਲੇ ਖਤਮ ਨਹੀਂ ਹੋਇਆ ਹੈ ਜਦੋਂ ਕਿ ਸੁਖਬੀਰ ਬਾਦਲ ਅਦਾਲਤ ਦਾ ਅਧਿਕਾਰਤ ਫੈਸਲਾ ਉਡੀਕੇ ਬਿਨਾਂ ਜਸ਼ਨ ਮਨਾ ਰਹੇ ਹਨ।

ਸੁਖਬੀਰ ਬਾਦਲ ਵੱਲੋਂ ਹਾਈ ਕੋਰਟ ਦੇ ਫੈਸਲੇ ਬਾਰੇ ਦਿੱਤੇ ਪ੍ਰਤੀਕਰਮ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਅਸਲ ਵਿਚ ਅਜੇ ਤੱਕ ਅਦਾਲਤ ਦੇ ਫੈਸਲੇ ਦਾ ਅਧਿਕਾਰਤ ਤੌਰ ਉਤੇ ਕੋਈ ਐਲਾਨ ਨਹੀਂ ਹੋਇਆ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿਚ ਫੈਸਲਾ ਜੋ ਵੀ ਹੋਵੇ, ਉਹ ਐਸ.ਆਈ.ਟੀ. ਦੀ ਜਾਂਚ ਦੇ ਨਾਲ ਖੜ੍ਹੇ ਹਨ, ਜਿਸ ਵਿਚ ਕਿਸੇ ਵੀ ਪੱਖ ਤੋਂ ਬਾਦਲ ਪਰਿਵਾਰ ਨੂੰ ਇਸ ਘਟਨਾ ਵਿਚ ਸ਼ਮੂਲੀਅਤ ਤੋਂ ਮੁਕਤ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਕੇਸ ਦੇ ਦੋਸ਼ੀਆਂ ਨੂੰ ਸਜ਼ਾ ਹਰ ਹਾਲ ਦਿਵਾਈ ਜਾਵੇਗੀ।

## ਸਰਕਾਰ ਸਹੀ ਢੰਗ ਨਾਲ ਕੇਸ ਪੇਸ਼ ਨਹੀਂ ਕਰ ਸਕੀ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕੋਟਕਪੂਰਾ ਗੋਲੀ ਕਾਂਡ 'ਚ ਸਿੱਖਾਂ ਨੂੰ ਇਨਸਾਫ ਦਿਵਾਉਣ 'ਚ ਨਾਕਾਮ ਸਾਬਤ ਹੋਈ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੈਪਟਨ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਕਮੇਟੀ ਦੀ ਰਿਪੋਰਟ ਨੂੰ ਰੱਦ ਕਰਦਿਆਂ ਨਵੇਂ ਸਿਰੇ ਤੋਂ ਜਾਂਚ ਕਮੇਟੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉੱਚ ਅਦਾਲਤ ਦੇ ਫੈਸਲੇ ਤੋਂ ਸਿੱਧ ਹੁੰਦਾ ਹੈ ਕਿ ਐਡਵੋਕੇਟ ਜਨਰਲ ਅਤੁਲ ਨੰਦਾ ਪੰਜਾਬ ਦੇ ਲੋਕਾਂ ਨੂੰ ਇਨਸਾਫ ਦਿਵਾਉਣ 'ਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ।

# ਔਰਤਾਂ ਨੂੰ ਮੁਫਤ ਬੱਸ ਸਹੂਲਤ ਸਰਕਾਰ ਲਈ ਮੁਸੀਬਤ ਬਣੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਔਰਤਾਂ ਨੂੰ ਮੁਫਤ ਬੱਸ ਸਹੂਲਤ ਨਿੱਤ ਨਵੀਆਂ ਮੁਸ਼ਕਲਾਂ ਖੜ੍ਹੀਆਂ ਰਹੀ ਹੈ। ਇਕ ਪਾਸੇ ਜਿਥੇ ਸਰਕਾਰੀ ਬੱਸਾਂ ਮਹਿਲਾ ਸਵਾਰੀਆਂ ਤੋਂ ਚੜ੍ਹਾਉਣ ਤੋਂ ਟਲ ਰਹੀਆਂ ਹਨ, ਉਥੇ ਕਰੋਨਾ ਦੇ ਦੌਰ ਵਿਚ ਸਮਾਜਿਕ ਦੂਰੀਆਂ ਦੀਆਂ ਬੰਦਿਸ਼ਾਂ ਦੇ ਬਾਵਜੂਦ ਬੱਸਾਂ ਨੱਕੋ ਨੱਕ ਭਰ ਕੇ ਚੱਲ ਰਹੀਆਂ ਹਨ। ਮੁਫਤ ਦੇ ਸਫਰ ਦਾ ਫਾਇਦਾ ਚੁੱਕਣ ਲਈ ਮਹਿਲਾਵਾਂ ਨੇ ਬੱਸ ਅੱਡਿਆਂ ਨੂੰ ਚਾਲੇ ਪਾ ਦਿੱਤੇ ਹਨ।

ਉਧਰ, ਇਸ ਸਹੂਲਤ ਨੇ ਪ੍ਰਾਈਵੇਟ ਬੱਸਾਂ ਨੂੰ ਭੁੰਜੇ ਲਾਹ ਦਿੱਤਾ ਹੈ। ਜਿਨ੍ਹਾਂ ਬੱਸ ਮਾਲਕਾਂ ਨੇ ਪ੍ਰਾਈਵੇਟ ਬੱਸਾਂ ਨੂੰ ਅੱਗੇ ਠੇਕੇ 'ਤੇ ਦਿੱਤਾ ਹੋਇਆ ਸੀ, ਉਨ੍ਹਾਂ ਨੂੰ ਠੇਕੇ ਘਟਾਉਣੇ ਪੈ ਰਹੇ ਹਨ। ਇਥੋਂ ਤੱਕ ਕਿ ਮਾਲਵਾ ਖਿੱਤੇ 'ਚ ਪ੍ਰਾਈਵੇਟ ਬੱਸ ਮਾਲਕਾਂ ਨੂੰ ਛੋਟਾਂ ਦੇ ਐਲਾਨ ਕਰਨੇ ਪੈ ਰਹੇ ਹਨ। ਦੂਸਰੀ ਤਰਫ ਸਰਕਾਰੀ ਬੱਸਾਂ 'ਚ ਹੁਣ ਪੈਰ ਧਰਨ ਨੂੰ ਥਾਂ ਨਹੀਂ ਬਚੀ ਹੈ, ਜਿਨ੍ਹਾਂ 'ਚ ਰੋਜ਼ਾਨਾ ਮਹਿਲਾ ਮੁਸਾਫ਼ਰਾਂ ਦੀ ਗਿਣਤੀ ਵਧ ਰਹੀ ਹੈ।

ਵੇਰਵਿਆਂ ਅਨੁਸਾਰ ਪੰਜਾਬ ਰੋਡਵੇਜ਼ ਦੀਆਂ ਬੱਸਾਂ 'ਚ ਮਹਿਲਾ ਮੁਸਾਫ਼ਰਾਂ ਦਾ ਅੰਕੜਾ ਪੰਜ ਗੁਣਾ ਵਧ ਗਿਆ ਹੈ। ਰੋਡਵੇਜ਼ ਦੇ ਪੱਟੀ ਅਤੇ ਤਰਨ ਤਾਰਨ ਡਿੱਪੂ 'ਚ ਤਾਂ ਮਹਿਲਾ ਮੁਸਾਫ਼ਰਾਂ ਦੀ ਗਿਣਤੀ 70% ਤੱਕ ਪੁੱਜ ਗਈ ਹੈ। ਰੋਡਵੇਜ਼ ਦੇ ਡੇਢ ਦਰਜਨ ਡਿੱਪੂ ਦੀਆਂ 919 ਬੱਸਾਂ ਵਿਚ ਪਹਿਲੀ ਅਪਰੈਲ ਨੂੰ 15,076 ਔਰਤਾਂ ਨੇ ਸਫਰ ਕੀਤਾ ਸੀ ਜਦੋਂਕਿ ਚਾਰ ਦਿਨਾਂ ਮਗਰੋਂ ਇਕੋ ਦਿਨ 'ਚ ਇਨ੍ਹਾਂ ਬੱਸਾਂ 'ਚ 53,000 ਔਰਤਾਂ ਨੇ ਸਫਰ ਕੀਤਾ। ਪੰਜਾਬ ਰੋਡਵੇਜ਼ ਦੀ ਰੋਜ਼ਾਨਾ ਆਮਦਨੀ ਨੂੰ 25 ਤੋਂ 30 ਫੀਸਦੀ ਸੱਟ ਵੱਜੀ ਹੈ। ਇਸੇ ਤਰ੍ਹਾਂ ਪੀ.ਆਰ.ਟੀ.ਸੀ. ਰੋਜ਼ਾਨਾ 55 ਲੱਖ ਔਰਤਾਂ ਸਫਰ ਕਰਨ ਲੱਗੀਆਂ ਹਨ ਜਦੋਂ ਕਿ ਪਹਿਲਾਂ ਸਿਰਫ 40% ਔਰਤਾਂ ਹੁੰਦੀਆਂ ਸਨ। ਮੁਸਾਫ਼ਰ ਔਰਤਾਂ ਦੀ ਗਿਣਤੀ 'ਚ 15 ਤੋਂ 20% ਵਾਧਾ ਹੋਇਆ ਹੈ। ਪੀ.ਆਰ.ਟੀ.ਸੀ. ਨੂੰ ਪ੍ਰਤੀ ਮਹੀਨਾ 18 ਕਰੋੜ ਦਾ ਵਿੱਤੀ ਨੁਕਸਾਨ ਵੀ ਹੋਣ ਲੱਗਾ ਹੈ।

ਚੇਤੇ ਰਹੇ ਕਿ ਪੰਜਾਬ ਸਰਕਾਰ ਵੱਲੋਂ ਪਹਿਲੀ ਅਪਰੈਲ ਤੋਂ ਪੰਜਾਬ 'ਚ ਔਰਤਾਂ ਨੂੰ ਮੁਫਤ ਸਫਰ ਸਹੂਲਤ ਦਿੱਤੀ ਗਈ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਤਾਂ ਪ੍ਰਾਈਵੇਟ ਬੱਸ ਮਾਲਕਾਂ ਨੂੰ ਵੀ ਔਰਤਾਂ ਨੂੰ ਬੱਸਾਂ ਵਿਚ ਛੋਟ ਦੇਣ ਦੀ ਅਪੀਲ ਕੀਤੀ ਸੀ। ਬਠਿੰਡਾ ਅੰਮ੍ਰਿਤਸਰ ਰੂਟ 'ਤੇ ਇਕ ਪ੍ਰਾਈਵੇਟ ਟਰਾਂਸਪੋਰਟਰ ਨੇ ਕਿਰਾਏ ਵਿਚ 15 ਤੋਂ 20 ਫੀਸਦੀ ਛੋਟ ਦੇਣੀ ਸ਼ੁਰੂ ਕਰ ਦਿੱਤੀ ਹੈ।

ਬਠਿੰਡਾ ਤੋਂ ਚੱਲਦੀ ਇਕ ਪ੍ਰਾਈਵੇਟ ਟਰਾਂਸਪੋਰਟ ਵੱਲੋਂ ਦੋ ਸਵਾਰੀਆਂ ਨਾਲ ਇਕ ਸਵਾਰੀ ਦਾ ਸਫਰ ਮੁਫਤ ਲਿਜਾਣ ਦਾ ਐਲਾਨ ਕੀਤਾ ਹੈ। ਪ੍ਰਾਈਵੇਟ ਬੱਸ ਅਪਰੇਟਰਾਂ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਡੀਜ਼ਲ ਦੇ ਭਾਅ ਅਤੇ ਹੁਣ ਸਰਕਾਰ ਦੀ ਮੁਫਤ ਸਹੂਲਤ ਨੇ ਪ੍ਰਾਈਵੇਟ ਟਰਾਂਸਪੋਰਟ ਲਈ ਹਾਲਾਤ ਇੰਦਾਂ ਦੇ ਬਣਾ ਦਿੱਤੇ ਹਨ ਕਿ ਹੁਣ ਪ੍ਰਾਈਵੇਟ ਬੱਸਾਂ ਖਾਲੀ ਖੜਕਣ ਲੱਗੀਆਂ ਹਨ। ਸੰਪਰਕ ਸੜਕਾਂ ਦੀ ਮਹਿਲਾ ਸਵਾਰੀ ਵੀ ਹੁਣ ਮੁੱਖ ਸੜਕ ਮਾਰਗ 'ਤੇ ਹੀ ਉਤਰ ਜਾਂਦੀ ਹੈ ਜਿਥੇ ਉਹ ਅੱਗਿਓਂ ਸਰਕਾਰੀ ਬੱਸ ਉਡੀਕਦੀ ਹੈ। ਜਿਨ੍ਹਾਂ ਰੂਟਾਂ 'ਤੇ ਸਰਕਾਰੀ ਬੱਸ ਸਰਵਿਸ ਜਿਆਦਾ ਹੈ, ਉਨ੍ਹਾਂ ਰੂਟਾਂ 'ਤੇ ਪ੍ਰਾਈਵੇਟ ਬੱਸ ਸਰਵਿਸ ਨੂੰ ਵੱਡਾ ਧੱਕਾ ਲੱਗਾ ਹੈ। ਲੁਧਿਆਣਾ-ਪਠਾਨਕੋਟ ਰੂਟ 'ਤੇ ਜੋ ਬੱਸਾਂ ਠੇਕੇਦਾਰ ਚਲਾ ਰਹੇ ਸਨ, ਉਨ੍ਹਾਂ ਦੇ ਠੇਕੇ 'ਚ ਬੱਸ ਮਾਲਕਾਂ ਨੂੰ ਕਰੀਬ ਤਿੰਨ ਹਜ਼ਾਰ ਰੁਪਏ ਦੀ ਪ੍ਰਤੀ ਦਿਨ ਕਟੌਤੀ ਕਰਨੀ ਪਈ ਹੈ। ਮੁਕਤਸਰ ਤੋਂ ਮੁਹਾਲੀ ਰੂਟ 'ਤੇ ਠੇਕੇ 'ਚ ਦੋ ਹਜ਼ਾਰ ਦੀ ਕਟੌਤੀ ਹੋਈ ਹੈ।

ਪੰਜਾਬ ਵਿਚ ਅੰਦਾਜ਼ਨ 6700 ਮਿਨੀ ਬੱਸਾਂ ਦੇ ਰੂਟ ਪਰਮਿਟ ਹਨ ਜਦੋਂਕਿ ਛੇ ਹਜ਼ਾਰ ਵੱਡੀਆਂ ਬੱਸਾਂ ਚੱਲਦੀਆਂ ਹਨ। ਦੂਜੇ ਪਾਸੇ ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਦੀਆਂ 2689 ਬੱਸਾਂ ਹਨ ਜੋ ਰੋਜ਼ਾਨਾ 7.16 ਲੱਖ ਕਿਲੋਮੀਟਰ ਦਾ ਪੈਂਡਾ ਤੈਅ ਕਰਦੀਆਂ ਹਨ। ਔਰਤਾਂ ਨੂੰ ਮੁਫਤ ਬੱਸ ਸਫਰ ਦੀ ਸਹੂਲਤ ਤੋਂ ਪਹਿਲਾਂ ਇਨ੍ਹਾਂ ਬੱਸਾਂ 'ਚ ਰੋਜ਼ਾਨਾ 4.90 ਲੱਖ ਮੁਸਾਫ਼ਰ ਸਫਰ ਕਰਦੇ ਸਨ।

# ਕੈਪਟਨ ਦਾ ਮਹਿਲ ਘੇਰਨ ਤੁਰੇ ਬੇਰੁਜ਼ਗਾਰਾਂ ਅਧਿਆਪਕਾਂ ਉਤੇ ਲਾਠੀਚਾਰਜ

**ਪਟਿਆਲਾ:** ਪੰਜ ਜਥੇਬੰਦੀਆਂ ਆਧਾਰਿਤ ਗਠਿਤ 'ਬੇਰੁਜ਼ਗਾਰ ਸਾਂਝਾ ਮੋਰਚਾ' ਦੇ ਸੱਦੇ ਉਤੇ 'ਨਿਊ ਮੋਤੀ ਬਾਗ ਪੈਲੇਸ' ਦੇ ਘਿਰਾਓ ਲਈ ਪੋਲੋ ਗਰਾਊਂਡ ਕੋਲ ਅੱਪੜੇ ਵੱਡੀ ਗਿਣਤੀ ਬੇਰੁਜ਼ਗਾਰ ਅਧਿਆਪਕ 'ਤੇ ਪੁਲਿਸ ਨੇ ਉਨ੍ਹਾਂ 'ਤੇ ਲਾਠੀਚਾਰਜ ਕੀਤਾ। ਪੁਲਿਸ ਨੇ ਮੋਰਚੇ ਦੀ ਲੀਡਰਸ਼ਿਪ, ਜਿਸ ਵਿਚ ਅੱਠ ਮਹਿਲਾਵਾਂ ਵੀ ਸ਼ਾਮਲ ਹਨ, ਨੂੰ ਵੀ ਜਬਰੀ ਹਿਰਾਸਤ 'ਚ ਲੈ ਲਿਆ। ਇਸ ਦੌਰਾਨ ਕਈ ਮਹਿਲਾਵਾਂ ਨੂੰ ਵੀ ਸੱਟਾਂ ਲੱਗੀਆਂ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜ਼ਿਲ੍ਹੇ ਦੀ ਪੁਲਿਸ ਦੇ ਡਰੋਂ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਦੋ ਈ.ਟੀ.ਟੀ. ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਨੇ ਭਾਖੜਾ ਨਹਿਰ 'ਚ ਛਾਲ ਮਾਰ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸ਼ਹਿਰ 'ਚ ਵੱਖ-ਵੱਖ ਦੋ ਬੇਰੁਜ਼ਗਾਰ ਅਧਿਆਪਕ ਗੁੱਟਾਂ ਵੱਲੋਂ ਰੁਜ਼ਗਾਰ ਪ੍ਰਾਪਤੀ ਤੇ ਸਬੰਧਤ ਮਸਲਿਆਂ ਨੂੰ ਲੈ ਕੇ ਮੁੱਖ ਮੰਤਰੀ ਦੀ ਸਥਾਨਕ ਰਿਹਾਇਸ਼ ਨਿਊ ਮੋਤੀ ਬਾਗ ਪੈਲੇਸ ਦੇ ਘਿਰਾਓ ਦਾ ਐਲਾਨ ਕੀਤਾ ਹੋਇਆ ਸੀ, ਜਿਸ ਨੂੰ ਲੈ ਕੇ ਸ਼ਹਿਰ 'ਚ ਚੱਪੇ ਚੱਪੇ 'ਤੇ ਪੁਲਿਸ ਕਰਮੀ ਤੇ ਖੁਫੀਆ ਤੰਤਰ ਮੁਸਤੈਦ ਸੀ। ਅਜਿਹੇ ਦੌਰਾਨ ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਯੂਨੀਅਨ ਦੇ ਸੱਦੇ 'ਤੇ ਪ੍ਰਦਰਸ਼ਨਕਾਰੀ ਜਿਉਂ ਹੀ ਬਾਰਾਂਦਰੀ 'ਚ ਇਕੱਤਰ ਹੋਏ ਤਾਂ ਪੁਲਿਸ ਬਲਾਂ ਨੇ ਇਕੱਠ ਨੂੰ ਜਬਰੀ ਖਦੇੜਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ ਸਮੇਤ ਵੱਡੀ ਗਿਣਤੀ ਹੋਰ ਕਾਰਕੁਨਾਂ ਨੂੰ ਹਿਰਾਸਤ 'ਚ ਲੈ ਲਿਆ। ਇਸ ਦੇ ਰੋਸ ਵਜੋਂ ਜਿੱਥੇ ਮਗਰਲੇ ਕਾਰਕੁਨਾਂ ਨੇ ਪਟਿਆਲਾ-ਸੰਗਰੂਰ ਰੋਡ 'ਤੇ ਪੈਂਦੇ ਭਾਖੜਾ ਪੁਲ 'ਤੇ ਜਾਮ ਲਗਾ ਦਿੱਤਾ, ਉਥੇ ਹੀ ਪੁਲਿਸ ਦੀ ਮੁੜ ਸਖਤੀ ਨੂੰ ਭਾਂਪਦਿਆਂ ਦੋ ਕਾਰਕੁਨਾਂ, ਅਮਨ ਤੇ ਭਾਰਤ ਦੋਵੇਂ ਵਾਸੀ ਫਾਜ਼ਿਲਕਾ, ਨੇ ਵਗਦੀ ਨਹਿਰ 'ਚ ਛਾਲ ਮਾਰ



ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਦੋਵੇਂ ਕਾਰਕੁਨ ਭਾਵੇਂ ਤੇਜ ਪਾਣੀ 'ਚ ਰੁੜ੍ਹਦੇ ਰਹੇ ਪਰ ਪੁਲਿਸ ਵੱਲੋਂ ਹੀ ਪਹਿਲਾਂ ਤੋਂ ਮੁਸਤੈਦ ਕੀਤੀ ਗੋਤਾਖੋਰਾਂ ਦੀ ਟੀਮ ਨੇ ਉਨ੍ਹਾਂ ਨੂੰ ਬਚਾਅ ਲਿਆ, ਜਿਨ੍ਹਾਂ 'ਚੋਂ ਇਕ ਕਾਰਕੁਨ ਦੀ ਤਬੀਅਤ ਖਰਾਬ ਦੱਸੀ ਜਾ ਰਹੀ ਹੈ। ਉਂਜ ਦੋਵੇਂ ਕਾਰਕੁਨਾਂ ਨੇ ਸਰਕਾਰੀ ਸਿਹਤ ਸੇਵਾਵਾਂ ਲੈਣ ਤੋਂ ਇਨਕਾਰ ਕਰ ਦਿੱਤਾ।

ਆਗੂਆਂ ਗਿਲਾ ਕੀਤਾ ਕਿ ਰੁਜ਼ਗਾਰ ਪ੍ਰਾਪਤੀ ਨੂੰ ਲੈ ਕੇ ਜਥੇਬੰਦੀ ਦੇ ਦੋ ਸਾਥੀ ਪਿਛਲੇ 22 ਦਿਨਾਂ ਤੋਂ ਟਾਵਰ 'ਤੇ ਚੜ੍ਹ ਕੇ ਰੋਸ ਪ੍ਰਗਟਾ ਰਹੇ ਹਨ, ਪਰ ਸਰਕਾਰ ਜਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕ ਰਹੀ। ਉਲਟਾ ਮੁੱਖ ਮੰਤਰੀ ਦੇ ਸ਼ਹਿਰ ਦੀ ਪੁਲਿਸ ਉਨ੍ਹਾਂ ਨੂੰ ਜਮਹੂਰੀ ਹੱਕ ਹੇਠ ਪ੍ਰਦਰਸ਼ਨ ਕਰਨ ਤੋਂ ਵੀ ਜਬਰੀ ਰੋਕ ਰਹੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਬਾਰਾਂਦਰੀ ਦੀ ਇਕੱਤਰਤਾ ਦੌਰਾਨ ਮਹਿਲਾਵਾਂ ਸਮੇਤ ਦਰਜਨਾਂ ਕਾਰਕੁਨਾਂ ਨੂੰ ਹਿਰਾਸਤ 'ਚ ਲਿਆ ਗਿਆ। ਉਨ੍ਹਾਂ ਆਖਿਆ ਕਿ ਸਰਕਾਰ ਦੇ ਕੰਨ ਖੁੱਲ੍ਹਣ ਤੱਕ ਉਹ ਸੜਕ 'ਤੇ ਜਾਮ ਲਗਾਈ ਰੱਖਣਗੇ।

ਉਧਰ, ਪੰਜ ਬੇਰੁਜ਼ਗਾਰ ਜਥੇਬੰਦੀਆਂ, ਜਿਨ੍ਹਾਂ ਵਿਚ ਟੈੱਟ ਪਾਸ ਬੇਰੁਜ਼ਗਾਰ ਬੀ.ਐੱਡ ਅਧਿਆਪਕ ਯੂਨੀਅਨ, ਬੇਰੁਜ਼ਗਾਰ ਡੀ.ਪੀ.ਈ.ਯੂਨੀਅਨ, ਬੇਰੁਜ਼ਗਾਰ ਪੀ.ਟੀ.ਆਈ. ਯੂਨੀਅਨ, ਬੇਰੁਜ਼ਗਾਰ ਆਰਟ ਐਂਡ ਕਰਾਫਟ ਯੂਨੀਅਨ ਅਤੇ ਮਲਟੀਪਰਪਜ਼ ਹੈਲਥ ਵਰਕਰਜ਼ ਯੂਨੀਅਨ ਸ਼ਾਮਲ ਸਨ, ਦੇ ਕਾਰਕੁਨ ਦੇ ਉਲੀਕੇ ਪ੍ਰੋਗਰਾਮ ਮੁਤਾਬਕ ਵਾਇਆ ਠੀਕਰੀ ਵਾਲਾ ਚੌਕ ਜਿਉਂ ਹੀ ਮੋਤੀ ਬਾਗ ਪੈਲੇਸ ਵੱਲ ਜਾਣ ਲੱਗੇ ਤਾਂ ਪੋਲੋ ਗਰਾਊਂਡ ਦੇ ਤਿਕੋਣੇ ਚੌਕ ਕੋਲ ਤਾਇਨਾਤ ਵੱਡੀ ਗਿਣਤੀ ਪੁਲਿਸ ਨੇ ਬੈਰੀਕੇਡਿੰਗ ਜਰੀਏ ਕਾਰਕੁਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਜਦੋਂ ਕਾਰਕੁਨ ਜਬਰੀ ਅੱਗੇ ਵਧਣ ਲੱਗੇ ਤਾਂ ਪੁਲਿਸ ਨੇ ਲਾਠੀਚਾਰਜ ਸ਼ੁਰੂ ਕਰ ਦਿੱਤਾ ਜਿਸ ਕਾਰਨ ਬੇਰੁਜ਼ਗਾਰ ਅਧਿਆਪਕਾਂ ਨੂੰ ਉਥੋਂ ਦੌੜਨਾ ਪਿਆ ਅਤੇ ਕਈ ਮਹਿਲਾਵਾਂ ਨੂੰ ਵੀ ਲਾਠੀਆਂ ਦੀ ਮਾਰ ਸਹਿਣੀ ਪਈ।

# ਐੱਸ. ਅਸ਼ੋਕ ਭੌਰਾ ਦਾ ਲਿਖਿਆ ਗੀਤ 'ਨਹੀਂ ਮੇਰੇ ਪਿੰਡ ਜਿਹਾ' ਰਿਲੀਜ਼

**ਜਲੰਧਰ (ਬਿਊਰੋ):** ਪੰਜਾਬੀ ਦੇ ਨਾਮਵਰ ਲੇਖਕ, ਪੱਤਰਕਾਰ ਤੇ ਸੰਗੀਤਕ ਚਿੰਤਕ ਐੱਸ. ਅਸ਼ੋਕ ਭੌਰਾ ਦਾ ਲਿਖਿਆ ਤੇ ਬੇਹੱਦ ਸੁਰੀਲੀ ਗਾਇਕਾ ਰਾਜ ਦੀਪ ਦਾ ਗਾਇਆ ਗੀਤ 'ਨਹੀਂ ਮੇਰੇ ਪਿੰਡ ਜਿਹਾ' ਭੌਰਾ ਇੰਟਰਨੈਸ਼ਨਲ ਐਂਟਰਟੇਨਮੈਂਟ ਦੇ ਬੈਨਰ ਹੇਠ ਵਿਸ਼ਵ ਭਰ ਵਿਚ ਯੂਟਿਊਬ ਤੇ ਹੋਰ ਸੋਸ਼ਲ ਸਾਈਟਾਂ 'ਤੇ ਰਿਲੀਜ਼ ਕਰ ਦਿੱਤਾ ਗਿਆ। ਰਿਲੀਜ਼ ਹੁੰਦਿਆਂ ਸਾਰ ਹੀ ਪੰਜਾਬੀਆਂ ਵਲੋਂ ਵੱਡਾ ਹੁੰਗਾਰਾ ਇਸ ਗੀਤ ਪ੍ਰਤੀ ਵੇਖਣ ਨੂੰ ਮਿਲ ਰਿਹਾ ਹੈ। ਪਿੰਡਾਂ ਦੇ ਸਮਾਜਿਕ ਵਰਤਾਰੇ ਦੀ ਟੁੱਟ ਭੱਜ, ਨਸ਼ੇ ਅਤੇ ਰਾਜਨੀਤੀ 'ਤੇ ਤਿੱਖਾ ਕਟਾਖਸ਼ ਕਰਦੇ ਇਸ ਗੀਤ ਨੂੰ ਸੰਗੀਤਬੱਧ ਕੀਤਾ ਹੈ ਸੰਗੀਤਕਾਰ ਜੋਤੀ ਕਰਨ ਪ੍ਰਿੰਸ ਨੇ, ਜਦੋਂ ਕਿ ਫਿਲਮਾਂਕਣ ਉੱਘੇ ਵੀਡੀਓ ਨਿਰਦੇਸ਼ਕ ਸੋਨੂੰ ਢਿੱਲੋਂ ਨੇ ਕੀਤਾ ਹੈ।

ਸ. ਅਮੋਲਕ ਸਿੰਘ ਗਾਖਲ ਦੇ ਇਸ ਪ੍ਰਾਜੈਕਟ ਵਿਚ ਨਛੱਤਰ ਸਿੰਘ ਗੋਸਲ, ਸੁਲੱਖਣ ਸਿੰਘ ਗੋਸਲ (ਸਰਪੰਚ) ਤੇ ਅਜਮੇਰ ਚਾਨਾ ਨੇ ਅਦਾਕਾਰੀ ਕਰਕੇ ਵੱਖ-ਵੱਖ ਕਿਰਦਾਰਾਂ ਨੂੰ ਨਿਭਾਇਆ ਹੈ।



ਐੱਸ. ਅਸ਼ੋਕ ਭੌਰਾ



ਗਾਇਕਾ ਰਾਜ ਦੀਪ

ਐੱਸ. ਅਸ਼ੋਕ ਭੌਰਾ ਨੇ ਕਿਹਾ ਕਿ ਗੀਤ ਲਿਖਣਾ ਭਾਵੇਂ ਉਸ ਦਾ ਬਹੁਤਾ ਖੇਤਰ ਨਹੀਂ ਰਿਹਾ, ਪਰ ਫਿਰ ਵੀ ਉਸ ਦੇ ਲਿਖੇ ਗੀਤ ਕੁਲਦੀਪ ਮਾਣਕ, ਸਰਦੂਲ ਸਿਕੰਦਰ, ਪਰਮਿੰਦਰ ਸੰਧੂ, ਦੁਰਗਾ ਰੰਗੀਲਾ, ਸੁਖਵਿੰਦਰ ਪੰਛੀ, ਅੰਮ੍ਰਿਤਾ ਵਿਰਕ, ਪੰਮਾ ਡੂੰਮੇਵਾਲ, ਪ੍ਰਵੀਨ ਭਾਰਟਾ, ਆਤਮਾ ਸਿੰਘ ਤੇ ਅਮਨ ਰੋਜ਼ੀ ਆਦਿ ਚੋਟੀ ਦੇ ਗਾਇਕਾਂ ਨੇ ਬਹੁਤ ਹੀ ਸ਼ਿੱਦਤ ਨਾਲ ਗਾਏ ਹਨ ਤੇ ਪੰਜਾਬੀਆਂ ਨੇ ਆਪਣਾ ਮਣਮੂੰਹੀਂ ਪਿਆਰ ਬਖਸ਼ਿਆ ਹੈ। ਉਨ੍ਹਾਂ ਇਸ ਗੀਤ ਪ੍ਰਤੀ ਵੀ ਬੇਹੱਦ ਆਸ ਪ੍ਰਗਟਾਈ ਹੈ ਕਿ ਇਹ ਪੰਜਾਬੀਆਂ ਦੀ ਸੰਗੀਤਕ ਸੋਚ 'ਤੇ ਖਰਾ ਉਤਰੇਗਾ।

ੴ ਸਤਿਗੁਰ ਪ੍ਰਸਾਦਿ॥

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

# ਸਮੂਹ ਸੰਗਤਾਂ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਅਤੇ ਚੜ੍ਹਦੀ ਕਲਾ ਦੇ ਤਿਓਹਾਰ ਵਿਸਾਖੀ ਦੀ

# ਲੱਖ ਲੱਖ ਵਧਾਈ ਹੋਵੇ



ਵਲੋਂ:

**ਸੁਖਦੇਵ ਸਿੰਘ ਬੈਣੀਵਾਲ**
(ਫੋਨ: 408-421-9463)

**ਹਿੰਮਤ ਸਿੰਘ ਬੈਣੀਵਾਲ**
ਸੈਨ ਹੋਜੇ, ਕੈਲੀਫੋਰਨੀਆ

## Bainiwal Law

Himat Singh Bainiwal (Attorney-at-Law)

ਕਾਨੂੰਨੀ ਸੇਵਾਵਾਂ ਲੈਣ ਲਈ ਸੰਪਰਕ ਕਰੋ

Estate Planning, Trust Administration, Probate

himat@bainiwallaw.com www.bainiwallaw.com

Ph: 408-646-1661

2797 Park Avenue, Suite 201
Santa Clara, CA 95050

# ਦਿੱਲੀ ਪੁਲਿਸ ਦੀ ਪੰਜਾਬ 'ਚ ਕਾਰਵਾਈ ਦਾ ਮੁੱਦਾ ਭਖਿਆ, ਕੈਪਟਨ ਦੀ ਨੀਅਤ 'ਤੇ ਵੀ ਸਵਾਲ



**ਚੰਡੀਗੜ੍ਹ:** ਦਿੱਲੀ ਪੁਲਿਸ ਵੱਲੋਂ ਪੰਜਾਬ ਵਿਚ ਆ ਕੇ ਨੌਜਵਾਨਾਂ ਦੀ ਕੁੱਟਮਾਰ ਦਾ ਮਾਮਲਾ ਭਖਣ ਲੱਗਾ ਹੈ। ਗੁਰਦੀਪ ਸਿੰਘ ਸਿਧਾਣਾ ਦੇ ਮਾਮਲੇ 'ਚ ਦਿੱਲੀ ਪੁਲਿਸ ਵੱਲੋਂ ਪੰਜਾਬ ਪੁਲਿਸ ਨੂੰ ਹਨੇਰੇ 'ਚ ਰੱਖੇ ਜਾਣ ਤੋਂ ਕੈਪਟਨ ਸਰਕਾਰ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਨੌਜਵਾਨ ਆਗੂ ਲੱਖਾ ਸਿਧਾਣਾ, ਜੋ ਦਿੱਲੀ ਪੁਲਿਸ ਨੂੰ 26 ਜਨਵਰੀ ਦੀ ਘਟਨਾ ਦੇ ਮਾਮਲੇ 'ਚ ਲੋੜੀਂਦਾ ਹੈ, ਦੇ ਭਰਾ ਗੁਰਦੀਪ ਸਿੰਘ ਉਰਫ ਮੁੰਡੀ ਸਿਧਾਣਾ ਨੂੰ ਦਿੱਲੀ ਪੁਲਿਸ ਵੱਲੋਂ 8 ਅਪਰੈਲ ਨੂੰ ਪਟਿਆਲਾ ਤੋਂ ਚੁੱਕਣ ਤੇ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਮੁੰਡੀ ਸਿਧਾਣਾ ਨੂੰ ਬਠਿੰਡਾ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਾਇਆ ਗਿਆ, ਜਿਥੋਂ ਉਸ ਨੂੰ ਲੁਧਿਆਣਾ ਲਈ ਰੈਫਰ ਕਰ ਦਿੱਤਾ ਹੈ। ਕਾਂਗਰਸੀ ਵਿਧਾਇਕ ਅਤੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਕੇ ਪੰਜਾਬ ਸਰਕਾਰ ਨੂੰ ਤਾਹਨਾ ਮਾਰਿਆ ਹੈ। ਨਵਜੋਤ ਸਿੱਧੂ ਨੇ ਗੁਰਦੀਪ ਸਿਧਾਣਾ ਦੇ ਹਵਾਲੇ ਨਾਲ ਕਿਹਾ, ''ਸ਼ਰਮਨਾਕ ਹੈ ਕਿ ਦਿੱਲੀ ਪੁਲਿਸ ਪੰਜਾਬ ਦੇ ਅਧਿਕਾਰ ਖੇਤਰ ਵਿਚ ਆ ਕੇ ਪੰਜਾਬੀਆਂ 'ਤੇ ਤਸ਼ੱਦਦ ਕਰ ਰਹੀ ਹੈ।'' ਉਨ੍ਹਾਂ ਸਵਾਲ ਉਠਾਇਆ ਕਿ ਇਹ ਪੰਜਾਬ ਸਰਕਾਰ ਦੇ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਆਖਰ ਇਹ ਕਿਸ ਦੀ ਸ਼ਹਿ 'ਤੇ ਹੋ ਰਿਹਾ ਹੈ। ਸਿੱਧੂ ਨੇ ਕਿਹਾ, ''ਸਾਨੂੰ ਮਮਤਾ ਬੈਨਰਜੀ ਤੋਂ ਸਬਕ ਸਿੱਖਣਾ ਚਾਹੀਦਾ ਹੈ, ਜਿਸ ਨੇ ਪੱਛਮੀ ਬੰਗਾਲ ਦੇ ਅਧਿਕਾਰ ਖੇਤਰ ਵਿਚ ਘੁਸਪੈਠ ਕਰਨ 'ਤੇ ਸੀ.ਬੀ.ਆਈ. ਅਧਿਕਾਰੀਆਂ ਨੂੰ ਵੀ ਜੇਲ੍ਹ ਭੇਜ ਦਿੱਤਾ ਸੀ।''

ਇਸੇ ਦੌਰਾਨ ਪੀੜਤ ਗੁਰਦੀਪ ਸਿਧਾਣਾ ਦਾ ਕਹਿਣਾ ਹੈ ਕਿ ਦਿੱਲੀ ਪੁਲਿਸ ਉਸ ਨੂੰ ਅੱਠ ਅਪਰੈਲ ਨੂੰ ਪਟਿਆਲਾ ਦੀ ਯੂਨੀਵਰਸਿਟੀ ਸੜਕ ਤੋਂ ਚੁੱਕ ਕੇ ਦਿੱਲੀ ਦੇ ਜਨਕਪੁਰੀ ਪੁਲਿਸ ਸਟੇਸ਼ਨ ਲੈ ਗਈ, ਜਿਥੇ ਉਸ 'ਤੇ ਤਸ਼ੱਦਦ ਕੀਤਾ ਗਿਆ। ਇਸ ਦੌਰਾਨ ਉਸ ਤੋਂ ਲੱਖਾ ਸਿਧਾਣਾ ਬਾਰੇ ਪੁੱਛਿਆ ਗਿਆ ਅਤੇ ਦੂਸਰੇ ਦਿਨ ਦਿੱਲੀ ਪੁਲਿਸ ਉਸ ਨੂੰ ਅੰਬਾਲਾ ਛੱਡ ਕੇ ਚਲੀ ਗਈ। ਮਗਰੋਂ ਪੰਚਾਇਤ ਨੇ ਉਸ ਨੂੰ ਬਠਿੰਡਾ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਾਇਆ। ਉਸ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਹਨ।

### ਦਿੱਲੀ ਪੁਲਿਸ 'ਤੇ ਕੇਸ ਦਰਜ ਹੋਵੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਪੁਲਿਸ ਵੱਲੋਂ ਮੁੰਡੀ ਸਿਧਾਣਾ 'ਤੇ ਤਸ਼ੱਦਦ ਢਾਹੁਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਸੂਬੇ ਦੇ ਨੌਜਵਾਨਾਂ 'ਤੇ ਢਾਹੇ ਜਾ ਰਹੇ ਤਸ਼ੱਦਦ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਸਵਾਲ ਚੁੱਕਿਆ ਕਿ ਮੁੱਖ ਮੰਤਰੀ ਆਪਣੇ ਅਧਿਕਾਰ ਖੇਤਰ ਵਿਚ ਦਿੱਲੀ ਪੁਲਿਸ ਨੂੰ ਆਗਿਆ ਕਿਉਂ ਦੇ ਰਹੇ ਹਨ। ਇਹ ਤੁਰਤ ਬੰਦ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੰਡੀ ਸਿਧਾਣਾ 'ਤੇ ਤਸ਼ੱਦਦ ਢਾਹੁਣ ਵਾਲੀ ਦਿੱਲੀ ਪੁਲਿਸ ਦੀ ਟੀਮ ਖਿਲਾਫ ਕੇਸ ਦਰਜ ਕੀਤਾ ਜਾਵੇ।

# 'ਕਿਸਾਨਾਂ ਨੇ ਮੋਦੀ ਸਰਕਾਰ ਦੇ ਸਾਰੇ ਭਰਮ ਤੋੜੇ'



**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਮੋਦੀ ਸਰਕਾਰ ਇਕ ਭਰਮ ਪਾਲੀ ਬੈਠੀ ਸੀ ਜਿਸ ਨੂੰ ਕਿਰਤੀ ਲੋਕਾਂ ਨੇ ਗਲਤ ਸਾਬਤ ਕਰ ਦਿੱਤਾ ਹੈ। ਹਾੜ੍ਹੀ ਦੀ ਮੁੱਖ ਫਸਲ ਕਣਕ ਦੀ ਕਟਾਈ ਤੇ ਸਾਂਭ-ਸੰਭਾਲ ਜ਼ੋਰਾਂ 'ਤੇ ਹੈ ਪਰ ਕਿਸਾਨ ਉਸੇ ਜੋਸ਼ ਨਾਲ ਦਿੱਲੀ ਦੇ ਬਾਰਡਰਾਂ 'ਤੇ ਡਟੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਦਾ ਸਬੂਤ ਕੇ.ਐਮ.ਪੀ. ਰੋਡ 'ਤੇ ਲੱਗੇ ਜਾਮ ਤੋਂ ਮਿਲਦਾ ਹੈ।

ਕਿਰਤੀ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਸਾਬਤ ਕਰਦਾ ਹੈ ਕਿ ਕਿਸਾਨਾਂ ਨੇ ਇਸ ਹਾੜ੍ਹੀ ਦੀ ਫਸਲ ਦਾ ਬਹੁਤਾ ਫਿਕਰ ਨਾ ਕਰਦੇ ਹੋਏ ਸੰਘਰਸ਼ੀ ਅਖਾੜੇ ਨੂੰ ਪਹਿਲ ਦਿੱਤੀ ਹੈ ਤਾਂ ਜੋ ਆਉਣ ਵਾਲੀਆਂ ਫਸਲਾਂ ਅਤੇ ਨਸਲਾਂ ਦੇ ਵਜੂਦ ਨੂੰ ਬਚਾਇਆ ਜਾ ਸਕੇ। ਉਨ੍ਹਾਂ ਨਾਲ ਹੀ ਕਿਹਾ ਕਿ ਜਿੰਨਾ ਅੰਦੋਲਨ ਲੰਮਾ ਹੋਵੇਗਾ ਉਨ੍ਹਾਂ ਹੀ ਕਿਰਤੀ ਲੋਕ ਵੱਧ ਲਾਮਬੰਦ ਹੋਣਗੇ। ਸੰਯੁਕਤ ਕਿਸਾਨ ਮੋਰਚੇ ਦੇ ਹੀ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਇਹ ਭਰਮ ਸੀ ਕਿ ਨਵੇਂ ਕਾਨੂੰਨਾਂ ਖਿਲਾਫ ਕੋਈ ਨਹੀਂ ਬੋਲੇਗਾ। ਪਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿਚ ਖੇਤੀ ਕਾਨੂੰਨਾਂ ਦੇ ਵਿਰੁੱਧ ਸ਼ੁਰੂ ਹੋਏ ਅੰਦੋਲਨ ਤੋਂ ਬਾਅਦ ਪੂਰੇ ਦੇਸ਼ ਵਿਚ ਮੋਦੀ ਸਰਕਾਰ ਦਾ ਵਿਰੋਧ ਹੋਇਆ ਹੈ। ਇਸ ਸੰਘਰਸ਼ ਦੇ ਜ਼ੋਰ 'ਤੇ ਹੀ ਮੋਦੀ ਹਕੂਮਤ ਨੂੰ ਗੱਲਬਾਤ ਦਾ ਦੌਰ ਸ਼ੁਰੂ ਕਰਨਾ ਪਿਆ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਾਨੂੰਨ ਬਣਨ ਸਾਰ ਹੀ ਲਾਗੂ ਹੋਣ ਤੋਂ ਪਹਿਲਾਂ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਹੋਵੇ। ਉਨ੍ਹਾਂ ਕਿਹਾ ਕਿ ਇਸ ਅੰਦੋਲਨ ਨਾਲ ਹਰਿਆਣਾ ਅਤੇ ਪੰਜਾਬ ਦੇ ਲੋਕਾਂ ਦੀ ਭਾਈਚਾਰਕ ਏਕਤਾ ਬਹੁਤ ਗੂੜ੍ਹੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੇ ਇਸ ਦੀਆਂ ਭਾਈਵਾਲ ਧਿਰਾਂ ਦਾ ਥਾਂ-ਥਾਂ ਵਿਰੋਧ ਹੋ ਰਿਹਾ। ਇਸੇ ਕਾਰਨ ਉਹ ਸੰਘਰਸ਼ ਨੂੰ ਨਾਕਾਮ ਕਰਨ ਦੀ ਸਾਜ਼ਿਸ਼ ਘੜ ਰਹੇ ਹਨ।

# ਪਾਵਰਕੌਮ ਵੱਲੋਂ ਡਿਜੀਟਲ ਭੁਗਤਾਨ 'ਚ ਨਵਾਂ ਰਿਕਾਰਡ ਕਾਇਮ

**ਪਟਿਆਲਾ:** ਪਾਵਰਕੌਮ ਦੇ ਡਿਜੀਟਲ ਵਿਧੀ ਹੇਠ ਬਿਜਲੀ ਬਿੱਲ ਗ੍ਰਹਿਣ ਕਰਨ ਦੇ ਉਪਰਾਲੇ ਨੂੰ ਵੱਡਾ ਬਲ ਮਿਲਣ ਲੱਗਾ ਹੈ। ਸਾਲ 2020-21 ਦੌਰਾਨ ਪਾਵਰਕੌਮ ਨੂੰ ਡਿਜੀਟਲ ਲੈਣ ਦੇਣ ਜਰੀਏ 19,630 ਕਰੋੜ ਰੁਪਏ ਇਕੱਤਰ ਹੋਏ ਹਨ, ਜੋ ਡਿਜੀਟਲ ਭੁਗਤਾਨ ਪੱਖੋਂ ਨਵਾਂ ਰਿਕਾਰਡ ਹੈ। ਪਾਵਰਕੌਮ ਦੇ ਸੀ.ਐਮ.ਡੀ. ਏ. ਵੇਣੂ ਪ੍ਰਸਾਦ ਨੇ ਦੱਸਿਆ ਕਿ ਅਦਾਰੇ ਵੱਲੋਂ ਆਪਣੇ ਖਪਤਕਾਰਾਂ ਤੇ ਹੋਰ ਲੈਣ-ਦੇਣ ਵਾਲਿਆਂ ਨੂੰ ਵੱਧ ਤੋਂ ਵੱਧ ਡਿਜੀਟਲ ਪ੍ਰਣਾਲੀ ਅਪਣਾਉਣ 'ਤੇ ਜੋਰ ਦਿੱਤਾ ਜਾ ਰਿਹਾ ਹੈ ਤੇ ਦਿਨ ਪ੍ਰਤੀ ਦਿਨ ਇਸ ਵਿਧੀ ਦੇ ਸਾਰਥਕ ਨਤੀਜੇ ਵੀ ਸਾਹਮਣੇ ਆ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੀ.ਐਸ.ਪੀ.ਸੀ.ਐਲ. ਵੱਲੋਂ ਉਪਲਬਧ ਕੀਤੇ ਗਏ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਕਰਕੇ ਹੁਣ 75 ਫੀਸਦੀ ਤੋਂ ਵੱਧ ਰਕਮ ਡਿਜੀਟਲ ਤੌਰ 'ਤੇ ਪ੍ਰਾਪਤ ਹੋ ਰਹੀ ਹੈ। ਦੱਸਣਯੋਗ ਹੈ ਕਿ ਪਾਵਰਕੌਮ ਨੇ 2008 ਤੋਂ ਡਿਜੀਟਲ ਭੁਗਤਾਨ ਜਰੀਏ ਬਿਜਲੀ ਬਿੱਲਾਂ ਨੂੰ ਇਕੱਤਰ ਕਰਨਾ ਆਰੰਭਿਆ ਸੀ ਤੇ ਮਗਰਲੇ ਦੋ ਤਿੰਨ ਸਾਲਾਂ 'ਚ ਖਪਤਕਾਰਾਂ ਨੇ ਡਿਜੀਟਲ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਅਪਣਾਇਆ ਹੈ।

ਦੱਸਣਯੋਗ ਹੈ ਕਿ ਪਾਵਰਕੌਮ ਨੇ ਲੰਘੇ ਦਿਨੀਂ ਕੀਤੇ ਇਕ ਅਹਿਮ ਫੈਸਲੇ 'ਚ 20 ਹਜ਼ਾਰ ਰੁਪਏ ਤੋਂ ਉਪਰਲੇ ਬਿਜਲੀ ਬਿੱਲਾਂ ਦੀ ਰਕਮ ਡਿਜੀਟਲ ਮੋਡ ਜਰੀਏ ਭਰਨੀ ਜਰੂਰੀ ਕਰ ਦਿੱਤੀ ਹੈ। ਡਿਜੀਟਲ ਵਿਧੀ ਨੂੰ ਉਤਸ਼ਾਹਿਤ ਕਰਨ ਲਈ 0.25 ਫੀਸਦੀ ਰਿਆਇਤ ਦੇਣ ਦੀ ਵੀ ਨੀਤੀ ਬਣਾਈ ਜਾ ਰਹੀ ਹੈ। ਡਿਜੀਟਲ ਨੂੰ ਵੱਡੇ ਪੱਧਰ 'ਤੇ ਪ੍ਰਫੁੱਲਤ ਕਰਨ ਲਈ ਨਵੀਂ ਰਿਆਇਤ ਵਿਧੀ ਪਹਿਲੀ ਜੁਲਾਈ 2021 ਤੋਂ ਲਾਗੂ ਹੋ ਰਹੀ ਹੈ। ਪਾਵਰਕੌਮ ਨੇ ਡਿਜੀਟਲ ਭੁਗਤਾਨ ਲਈ ਇਸ ਸਾਲ ਹੀ ਸੌ ਫੀਸਦੀ ਟੀਚਾ ਰੱਖਿਆ ਹੋਇਆ ਹੈ ਤੇ ਇਸ ਟੀਚੇ ਨੂੰ ਸਰ ਕਰਨ ਲਈ ਵੱਡੀਆਂ ਕੋਸ਼ਿਸ਼ਾਂ ਵੀ ਆਰੰਭੀਆਂ ਹੋਈਆਂ ਹਨ।

# ਦਿੱਲੀ-ਯੂ.ਪੀ. ਸਰਹੱਦ 'ਤੇ ਲੰਮੇ ਡੇਰੇ ਲਾਉਣ ਦਾ ਪ੍ਰਬੰਧ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਖੇਤੀ ਕਾਨੂੰਨਾਂ ਖਿਲਾਫ ਵਿੱਢੇ ਹੋਏ ਕੌਮੀ ਅੰਦੋਲਨ ਦੌਰਾਨ ਦਿੱਲੀ-ਉਤਰ ਪ੍ਰਦੇਸ਼ ਹੱਦ ਉਪਰ ਚੱਲ ਰਹੇ ਲਗਾਤਾਰ ਧਰਨੇ ਦੌਰਾਨ ਕਿਸਾਨਾਂ ਨੇ ਲੰਬੇ ਸਮੇਂ ਤੱਕ ਡੇਰੇ ਲਾਉਣ ਲਈ ਪ੍ਰਬੰਧ ਕਰ ਲਏ ਹਨ। ਭਾਰਤੀ ਸਿੱਖ ਸੰਗਠਨ ਵੱਲੋਂ ਇਥੇ ਕੌਮੀ ਸ਼ਾਹ ਰਾਹ-9 ਉਪਰ ਆਪਣਾ ਵੱਡਾ ਟੈਂਟ ਲਾਇਆ ਗਿਆ ਹੈ, ਜਿਸ ਵਿਚ ਕੂਲਰ, ਫਰਿਜ ਤੇ ਮੱਛਰਾਂ ਤੋਂ ਬਚਾਅ ਦੇ ਪ੍ਰਬੰਧ ਕੀਤੇ ਗਏ ਹਨ।



ਲਖਨਊ ਦੇ ਜਸਵੀਰ ਸਿੰਘ ਵਿਰਕ ਦੀ ਅਗਵਾਈ ਹੇਠ ਇਹ ਸੰਗਠਨ ਉੱਤਰਾਖੰਡ, ਪੱਛਮੀ ਉਤਰ ਪ੍ਰਦੇਸ਼, ਝਾਰਖੰਡ, ਰੁਦਰਪੁਰ ਤੇ ਉਤਰੀ ਭਾਰਤ ਦੇ ਹੋਰ ਇਲਾਕਿਆਂ ਵਿਚ ਸਰਗਰਮ ਹੈ। ਤਰਾਈ ਕਿਸਾਨ ਸੰਗਠਨ ਨੇ ਵੀ ਭਾਰਤੀ ਸਿੱਖ ਸੰਗਠਨ ਨਾਲ ਮਿਲ ਕੇ ਇਥੇ ਮੋਰਚੇ ਗੱਡੇ ਹੋਏ ਹਨ। ਅੰਮ੍ਰਿਤਸਰ ਦੇ ਮੂਲ ਵਾਸੀ ਤੇ ਹੁਣ ਕਿੱਛਾ (ਉਤਰਾਖੰਡ) ਵਿਚੋਂ ਆਏ ਗਾਜ਼ੀਪੁਰ ਮੋਰਚੇ ਉਪਰ ਪਿਛਲੇ ਸਾਲ 27-28 ਨਵੰਬਰ ਤੋਂ ਹੀ ਡਟੇ ਹੋਏ ਸੰਤੋਖ ਸਿੰਘ ਰੰਧਾਵਾ ਨੇ ਦੱਸਿਆ ਕਿ ਭਾਰਤੀ ਸਿੱਖ ਸੰਗਠਨ 5 ਸਾਲਾਂ ਤੋਂ ਉੱਤਰਾਖੰਡ ਤੇ ਪੱਛਮੀ ਉੱਤਰ ਪ੍ਰਦੇਸ਼ ਤੋਂ ਸਮਾਜਿਕ ਕਾਰਜਾਂ ਵਿਚ ਲੱਗਾ ਹੋਇਆ ਹੈ। ਸ੍ਰੀ ਰੰਧਾਵਾ ਨੇ ਕਿਹਾ ਕਿ ਕਿਸਾਨਾਂ ਦੇ ਹੌਸਲੇ ਬੁਲੰਦ ਹਨ ਤੇ ਉਹ ਕੜਾਕੇ ਦੀ ਠੰਢ ਵਾਂਗ ਹੀ ਤੇਜ਼ ਗਰਮੀ ਦਾ ਵੀ ਟਾਕਰਾ ਕਰ ਲੈਣਗੇ।

# ਮੁਲਾਜ਼ਮ ਜਥੇਬੰਦੀਆਂ ਵੀ ਕਿਸਾਨਾਂ ਦੇ ਸੰਘਰਸ਼ 'ਚ ਕੁੱਦੀਆਂ, ਸਰਕਾਰ ਲਈ ਵੱਡੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਸਵਾ ਸੌ ਤੋਂ ਵਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਕਿਸਾਨਾਂ ਨੇ ਸੰਘਰਸ਼ੀ ਮੋਰਚਿਆਂ 'ਤੇ ਡਟੇ ਰਹਿਣ ਦਾ ਅਹਿਦ ਲਿਆ। ਟੋਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਰੇਲਵੇ ਪਾਰਕਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ 'ਚ ਗਿਣਤੀ ਬਰਕਰਾਰ ਰੱਖਦਿਆਂ ਕਿਸਾਨਾਂ ਨੇ ਕੇਂਦਰ ਸਰਕਾਰ ਤੋਂ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ। ਇਸੇ ਦੌਰਾਨ ਕਿਸਾਨੀ ਅੰਦੋਲਨ ਨੂੰ ਮਘਦਾ ਰੱਖਣ ਲਈ ਮੁਲਾਜ਼ਮਾਂ ਦੇ ਜਥੇ ਦਿੱਲੀ ਧਰਨਿਆਂ 'ਚ ਸ਼ਮੂਲੀਅਤ ਕਰ ਰਹੇ ਹਨ।

ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਹਾੜ੍ਹੀ ਦੀ ਵਾਢੀ ਦੌਰਾਨ ਮੋਰਚਿਆਂ 'ਚ ਮੁਲਾਜ਼ਮ ਹਾਜ਼ਰੀ ਭਰਨਗੇ।

ਸੰਯੁਕਤ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕਿਸਾਨੀ ਸੰਘਰਸ਼ ਸ਼ੁਰੂ ਹੋਣ ਵੇਲੇ ਤੋਂ ਹੀ ਸਰਕਾਰ ਦੀਆਂ ਸਾਜ਼ਿਸ਼ਾਂ ਦਾ ਦੌਰ ਸ਼ੁਰੂ ਹੋ ਗਿਆ ਸੀ ਪਰ ਇਨ੍ਹਾਂ ਸਾਜ਼ਿਸ਼ਾਂ ਦਾ ਜਵਾਬ ਕਿਸਾਨਾਂ ਵੱਲੋਂ ਲੋਕ ਪੱਖੀ ਪੈਂਤੜਿਆਂ ਨਾਲ ਦਿੱਤਾ ਗਿਆ। ਉਨ੍ਹਾਂ ਕਿਹਾ ਪਿਛਲੇ ਸਾਲਾਂ ਦੌਰਾਨ ਕਣਕ ਦੀ ਖਰੀਦ ਪਹਿਲੀ ਅਪਰੈਲ ਤੋਂ ਸ਼ੁਰੂ ਹੋ ਜਾਂਦੀ ਸੀ ਪਰ ਇਸ ਵਾਰ 10 ਦਿਨ ਲੇਟ ਹੋਣ ਕਾਰਨ ਕਿਸਾਨ ਕਣਕ ਦੀ ਵਾਢੀ ਨਹੀਂ ਕਰ ਰਹੇ।

ਭਾਵੇਂ ਥੋੜ੍ਹੀ-ਬਹੁਤੀ ਕਣਕ ਦੀ ਵਾਢੀ ਦਾ ਕੰਮ ਸ਼ੁਰੂ ਹੋਣ 'ਤੇ ਫਸਲ ਮੰਡੀਆਂ ਵਿਚ ਪੁੱਜਣੀ ਸ਼ੁਰੂ ਹੋ ਗਈ ਹੈ ਪਰ ਖਰੀਦ ਵਿਚ ਹੋ ਰਹੀ ਦੇਰੀ ਕਾਰਨ ਕਿਸਾਨ ਪਰੇਸ਼ਾਨ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਫਸਲ ਪੱਕ ਕੇ ਬਿਲਕੁਲ ਤਿਆਰ ਹੋ ਚੁੱਕੀ ਹੈ ਪਰ ਖਰੀਦ ਲੇਟ ਹੋਣ ਕਾਰਨ ਵਾਢੀ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਜੇ ਉਹ ਪੱਕੀ ਫਸਲ ਦੀ ਵਾਢੀ ਨਹੀਂ ਕਰਦੇ ਤਾਂ ਮੌਸਮ ਦੇ ਬਦਲਦੇ ਮਿਜ਼ਾਜ ਅਤੇ ਅੱਗ ਵਰਗੀਆਂ ਘਟਨਾਵਾਂ ਨਾਲ ਵੱਡਾ ਨੁਕਸਾਨ ਹੋ ਸਕਦਾ ਹੈ। ਜੇ ਉਹ ਕਣਕ ਵੱਢ ਕੇ ਆਪਣੇ ਘਰਾਂ ਵਿਚ ਸੁੱਟਦੇ ਹਨ



ਤਾਂ ਢੋਆ-ਢੁਆਈ ਦਾ ਵਾਧੂ ਖਰਚਾ ਸਹਿਣਾ ਪਵੇਗਾ। ਕਿਸਾਨਾਂ ਦਾ ਕਹਿਣਾ ਹੈ ਕਿ ਇਸ ਵਾਰ ਤਾਪਮਾਨ ਦੇ ਵਾਧੇ ਕਾਰਨ ਕਣਕ ਦੀ ਫਸਲ ਵੀ ਪਿਛਲੇ ਸਾਲਾਂ ਨਾਲੋਂ ਤਕਰੀਬਨ 10 ਦਿਨ ਪਹਿਲਾਂ ਹੀ ਪੱਕ ਕੇ ਤਿਆਰ ਹੋ ਗਈ ਹੈ, ਜਿਸ ਕਰ ਕੇ ਖਰੀਦ ਪਹਿਲੀ ਅਪਰੈਲ ਤੋਂ ਹੀ ਸ਼ੁਰੂ ਹੋਣੀ ਚਾਹੀਦੀ ਸੀ।

ਕਿਸਾਨ ਆਗੂਆਂ ਨੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਸਿੱਧੀ ਅਦਾਇਗੀ ਦੇ ਨਾਂ 'ਤੇ ਕਿਸਾਨ ਘੋਲ ਨੂੰ ਢਾਹ ਲਾਉਣਾ ਚਾਹੁੰਦੀ ਹੈ। ਖਰੀਦ ਸੀਜ਼ਨ ਮੌਕੇ ਅਜਿਹੀਆਂ ਚਾਲਾਂ ਰਾਹੀਂ ਸਰਕਾਰ ਕਿਸਾਨਾਂ ਤੇ ਆੜ੍ਹਤੀਆਂ ਵਿਚਾਲੇ ਪਾੜਾ ਪਾਉਣਾ ਚਾਹੁੰਦੀ ਹੈ ਪਰ ਸਰਕਾਰ ਨੂੰ ਅਜਿਹੀਆਂ ਚਾਲਾਂ ਵਿਚ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਘੋਲ ਅੱਗੇ ਵਧਾਉਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਲਗਾਤਾਰ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਅਤੇ ਇਨ੍ਹਾਂ ਸਭ ਪ੍ਰੋਗਰਾਮਾਂ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ।

### ਦਿੱਲੀ ਦੀਆਂ ਹੱਦਾਂ 'ਤੇ ਡਟੇਗੀ ਲੋਕ ਇਨਸਾਫ ਪਾਰਟੀ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਸਰਪ੍ਰਸਤ ਜਥੇਦਾਰ ਬਲਵਿੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਇਥੇ ਸਰਕਟ ਹਾਊਸ ਵਿਚ ਹੋਈ। ਇਸ ਮੀਟਿੰਗ ਵਿਚ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਬਾਰੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਵਾਢੀ ਦੇ ਸੀਜ਼ਨ ਦੌਰਾਨ ਕਈ ਕਿਸਾਨ ਆਪਣੇ ਪਿੰਡਾਂ ਨੂੰ ਮੁੜ ਆਏ ਹਨ। ਇਸ ਕਾਰਨ ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਪਹਿਲਾਂ ਨਾਲੋਂ ਥੋੜ੍ਹਾ ਮੱਠਾ ਪੈ ਗਿਆ ਹੈ, ਜਿਸ ਨੂੰ ਮਜ਼ਬੂਤ ਕਰਨ ਲਈ ਰੂਪ-ਰੇਖਾ ਤਿਆਰ ਕੀਤੀ ਗਈ ਹੈ। ਵਿਧਾਇਕ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਲੋਕ ਇਨਸਾਫ ਪਾਰਟੀ ਦੇ ਅਹੁਦੇਦਾਰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਕਿਸਾਨੀ ਝੰਡੇ ਹੇਠ ਜ਼ਿਲ੍ਹਾ ਪੱਧਰ 'ਤੇ ਆਪਣੇ ਨਾਲ ਵੱਡੇ ਜਥੇ ਲੈ ਕੇ ਦਿੱਲੀ ਦੀਆਂ ਹੱਦਾਂ 'ਤੇ ਜਾਣਗੇ ਅਤੇ ਇਹ ਸਿਲਸਿਲਾ ਕਿਸਾਨਾਂ ਦੇ ਵਾਢੀ ਤੋਂ ਵਿਹਲੇ ਹੋਣ ਤੱਕ ਨਿਰੰਤਰ ਜਾਰੀ ਰਹੇਗਾ।

ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ
ਅਤੇ ਸਨੇਹੀਆਂ ਨੂੰ
ਖਾਲਸਾ ਸਿਰਜਣਾ ਦਿਹਾੜੇ
ਅਤੇ ਖੁਸ਼ੀਆਂ ਦੇ ਤਿਓਹਾਰ ਵਿਸਾਖੀ ਦੀ
ਲੱਖ ਲੱਖ ਵਧਾਈ



ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਗਰੇਵਾਲ

ਪ੍ਰੀਤਮ ਸਿੰਘ ਗਰੇਵਾਲ, ਦੇਵ ਗਰੇਵਾਲ ਤੇ ਸਮੂਹ ਪਰਿਵਾਰ

Grewal Enterprises
San Jose, CA (Ph:408-406-0703)

# 400ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਲਈ ਮੋਦੀ ਸਰਕਾਰ ਹੋਈ ਸਰਗਰਮ

**ਨਵੀਂ ਦਿੱਲੀ:** ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਦਾ 400ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਮੋਦੀ ਸਰਕਾਰ ਇਸ ਵਾਰ ਸਰਗਰਮ ਭੂਮਿਕਾ ਨਿਭਾਏਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਦਾ 400ਵਾਂ ਪ੍ਰਕਾਸ਼ ਪੁਰਬ ਮਨਾਉਣਾ ਨਾ ਸਿਰਫ ਅਧਿਆਤਮਕ ਸੁਭਾਗ ਹੈ ਬਲਕਿ ਇਹ ਕੌਮੀ ਫਰਜ਼ ਵੀ ਬਣਦਾ ਹੈ। ਨੌਵੇਂ ਸਿੱਖ ਗੁਰੂ ਦੇ 400ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਲਈ ਸਥਾਪਤ ਉਚ ਪੱਧਰੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਪੂਰਾ ਇਕ ਸਾਲ ਚੱਲਣਗੇ।

ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ/ਸਰਗਰਮੀਆਂ ਨਾ ਸਿਰਫ ਗੁਰੂ ਤੇਗ ਬਹਾਦਰ ਦੀ ਜ਼ਿੰਦਗੀ ਤੇ ਸਿੱਖਿਆਵਾਂ ਬਲਕਿ ਗੁਰੂ ਵੱਲੋਂ ਪਾਈਆਂ ਪਿਰਤਾਂ ਦਾ ਕੁੱਲ ਆਲਮ 'ਚ ਸੰਚਾਰ ਕਰਨਗੀਆਂ। ਸਿੱਖ ਭਾਈਚਾਰੇ ਤੇ ਗੁਰਦੁਆਰਿਆਂ ਵੱਲੋਂ ਪੂਰੇ ਵਿਸ਼ਵ ਵਿੱਚ ਕੀਤੀ ਜਾਂਦੀ ਸਮਾਜਿਕ ਸੇਵਾ ਦੀ ਸ਼ਲਾਘਾ ਕਰਦਿਆਂ ਸ੍ਰੀ ਮੋਦੀ ਨੇ ਸਿੱਖ ਰਵਾਇਤਾਂ ਤੇ ਇਸ ਦੇ ਵੱਖ-ਵੱਖ ਪਹਿਲੂਆਂ ਦੀ ਖੋਜ ਕਰਕੇ ਇਨ੍ਹਾਂ ਨੂੰ ਦਸਤਾਵੇਜ਼ੀ ਰੂਪ ਦਿੱਤਾ ਜਾਣਾ ਚਾਹੀਦਾ ਹੈ।



ਵੀਡੀਓ ਕਾਨਫਰੰਸ ਰਾਹੀਂ ਹੋਈ ਇਸ ਬੈਠਕ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ, ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਕਮੇਟੀ ਦੇ ਹੋਰ ਮੈਂਬਰਾਂ ਨੇ ਹਿੱਸਾ ਲਿਆ। ਸ੍ਰੀ ਮੋਦੀ ਨੇ ਕਿਹਾ ਕਿ ਨੌਵੇਂ ਸਿੱਖ ਗੁਰੂ ਨੇ ਰਾਸ਼ਟਰ ਸੇਵਾ ਦੇ ਨਾਲ-ਨਾਲ ਜੀਵ ਸੇਵਾ ਦਾ ਰਸਤਾ ਵਿਖਾਇਆ ਅਤੇ ਬਰਾਬਰੀ, ਸਦਭਾਵਨਾ ਅਤੇ ਤਿਆਗ ਦਾ ਮੰਤਰ ਦਿੱਤਾ ਹੈ, ਜਿਸ ਨੂੰ ਦੇਸ਼ ਦੇ ਹਰ ਨਾਗਰਿਕ ਤੱਕ ਪੁੱਜਦਾ ਕਰਨਾ ਕੌਮੀ ਫਰਜ਼ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਦੀ ਰਵਾਇਤ ਆਪਣੇ ਆਪ ਵਿਚ ਜ਼ਿੰਦਗੀ ਦਾ ਮੁਕੰਮਲ ਫਲਸਫਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਚੰਗੇ ਭਾਗਾਂ ਨੂੰ ਉਨ੍ਹਾਂ ਦੀ ਸਰਕਾਰ ਨੂੰ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ, ਗੁਰੂ ਤੇਗ ਬਹਾਦਰ ਦਾ 400 ਪ੍ਰਕਾਸ਼ ਪੁਰਬ ਤੇ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਗੁਰੂ ਦੀਆਂ ਸਿੱਖਿਆਵਾਂ ਨੂੰ ਸਾਂਝਿਆਂ ਕਰਨ ਦਾ ਅਧਿਆਤਮਕ ਸੁਭਾਗ ਪ੍ਰਾਪਤ ਹੋਇਆ ਹੈ, ਜੋ ਕੌਮੀ ਫਰਜ਼ ਵੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਸਿੱਖਿਆਵਾਂ ਬਾਰੇ ਦੱਸਣਾ ਅਹਿਮ ਹੈ ਤੇ ਡਿਜੀਟਲ ਮਾਧਿਅਮ ਰਾਹੀਂ ਨਵੀਂ ਪੀੜ੍ਹੀ ਤੱਕ ਪੁੱਜਣਾ ਕਾਫੀ ਸੌਖਾ ਹੈ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਉਲੀਕਣ, ਨੀਤੀਆਂ ਤੇ ਵੱਖ ਵੱਖ ਯੋਜਨਾਵਾਂ ਨੂੰ ਪ੍ਰਵਾਨਗੀ ਦੇਣ ਲਈ ਪਿਛਲੇ ਸਾਲ 24 ਅਕਤੂਬਰ ਨੂੰ ਇਕ ਕਮੇਟੀ ਦਾ ਗਠਨ ਕੀਤਾ ਸੀ। ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਇਸ ਕਮੇਟੀ ਵਿਚ 70 ਮੈਂਬਰ ਹਨ।

### ਕੈਪਟਨ ਵੱਲੋਂ 937 ਕਰੋੜ ਦੇ ਪ੍ਰੋਜੈਕਟ ਪੇਸ਼

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਜੈਕਟਾਂ ਦੇ ਹਵਾਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੇ 937 ਕਰੋੜ ਦੇ ਵੱਖੋ-ਵੱਖਰੇ ਪ੍ਰੋਜੈਕਟਾਂ ਸਬੰਧੀ ਤਜਵੀਜ਼ਾਂ ਨੂੰ ਪ੍ਰਵਾਨਗੀ ਦਿੱਤੀ ਜਾਵੇ। ਪ੍ਰਧਾਨ ਮੰਤਰੀ ਵੱਲੋਂ 400 ਸਾਲਾ ਪ੍ਰਕਾਸ਼ ਪੁਰਬ ਦੇ ਜਸ਼ਨਾਂ ਸਬੰਧੀ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ ਲਈ ਸੱਦੀ ਗਈ ਉਚ ਪੱਧਰੀ ਕੌਮੀ ਕਮੇਟੀ ਦੀ ਮੀਟਿੰਗ ਵਿਚ ਮੁੱਖ ਮੰਤਰੀ ਪੰਜਾਬ ਨੇ ਵਰਚੁਅਲ ਤੌਰ 'ਤੇ ਸ਼ਿਰਕਤ ਕੀਤੀ। ਮੁੱਖ ਮੰਤਰੀ ਨੇ ਤਜਵੀਜ਼ਤ ਪ੍ਰੋਜੈਕਟਾਂ ਦੇ ਵੇਰਵੇ ਵੀ ਸਾਂਝੇ ਕੀਤੇ, ਜਿਨ੍ਹਾਂ 'ਚ ਸ੍ਰੀ ਆਨੰਦਪੁਰ ਸਾਹਿਬ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰਨਾ, ਗੁਰੂ ਸਾਹਿਬ ਦੇ ਜੀਵਨ ਨਾਲ ਜੁੜੇ ਅੰਮ੍ਰਿਤਸਰ, ਸ੍ਰੀ ਆਨੰਦਪੁਰ ਸਾਹਿਬ, ਬਾਬਾ ਬਕਾਲਾ ਤੋਂ ਇਲਾਵਾ 78 ਪਿੰਡਾਂ ਦੇ ਢਾਂਚੇ ਵਿਚ ਸੁਧਾਰ ਕਰਨ ਦੀ ਯੋਜਨਾ ਸ਼ਾਮਲ ਹੈ।

## ਸ਼ਤਾਬਦੀ ਸਮਾਗਮਾਂ 'ਤੇ ਕਰੋਨਾ ਦਾ ਪਰਛਾਵਾਂ



**ਅੰਮ੍ਰਿਤਸਰ:** ਕਰੋਨਾ ਦੇ ਵਧ ਰਹੇ ਪ੍ਰਭਾਵ ਦਾ ਪਰਛਾਵਾਂ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਸਮਾਗਮਾਂ 'ਤੇ ਵੀ ਪੈ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਸੱਤ ਦਿਨ ਚੱਲਣ ਵਾਲੇ ਸਮਾਗਮਾਂ ਦੀ ਰੂਪ ਰੇਖਾ ਬਦਲਦਿਆਂ ਇਸ ਨੂੰ ਹੁਣ ਤਿੰਨ ਦਿਨ ਕਰਨ ਦਾ ਫੈਸਲਾ ਕੀਤਾ ਹੈ। ਇਹ ਸਮਾਗਮ ਖੁੱਲ੍ਹੇ ਪੰਡਾਲ ਵਿਚ ਕੀਤੇ ਜਾਣ ਦੀ ਥਾਂ ਹੁਣ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਹਾਲ ਵਿਖੇ ਹੀ ਕੀਤੇ ਜਾਣਗੇ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਗਠਿਤ ਕੀਤੀ ਗਈ ਕਮੇਟੀ ਦੀ ਮੀਟਿੰਗ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਹੇਠ ਹੋਈ। ਪ੍ਰੋ.ਬਡੂੰਗਰ ਨੇ ਦੱਸਿਆ ਕਿ 400 ਸਾਲਾ ਪ੍ਰਕਾਸ਼ ਪੁਰਬ ਮੌਕੇ 29, 30 ਅਪਰੈਲ ਅਤੇ ਪਹਿਲੀ ਮਈ ਨੂੰ ਗੁਰਮਤਿ ਸਮਾਗਮ ਹੋਣਗੇ। ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ 29 ਅਪਰੈਲ ਨੂੰ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਜਿਸ ਦੇ ਭੋਗ ਪਹਿਲੀ ਮਈ ਨੂੰ ਪੈਣਗੇ। ਇਸ ਦੌਰਾਨ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਹੋਣਗੇ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਗੁਰੂ ਕੇ ਮਹਿਲ ਤੋਂ ਆਰੰਭ ਹੋਏ ਨਗਰ ਕੀਰਤਨ ਦੇ ਆਨੰਦਪੁਰ ਸਾਹਿਬ ਪੁੱਜਣ 'ਤੇ ਭਾਈ ਜੈਤਾ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸੇ ਤਰ੍ਹਾਂ ਕਸ਼ਮੀਰੀ ਪੰਡਤਾਂ ਦੀ ਫਰਿਆਦ ਲੈ ਕੇ ਆਏ ਭਾਈ ਕਿਰਪਾ ਰਾਮ ਨੂੰ ਯਾਦ ਕਰਦਿਆਂ ਇਕ ਸਮਾਗਮ ਕਸ਼ਮੀਰ ਵਿਚ ਵੀ ਕਰਵਾਇਆ ਜਾਵੇਗਾ। ਸ਼ਤਾਬਦੀ ਨੂੰ ਸਮਰਪਿਤ ਪੂਰਾ ਸਾਲ ਸਕੂਲਾਂ, ਕਾਲਜਾਂ 'ਚ ਸੈਮੀਨਾਰ, ਵਿਦਿਆਰਥੀਆਂ ਦੇ ਲੇਖਣੀ ਮੁਕਾਬਲੇ ਹੋਣਗੇ। ਇਸੇ ਦੌਰਾਨ ਵੱਖ-ਵੱਖ ਥਾਵਾਂ 'ਤੇ ਸਹਿਣਸ਼ੀਲਤਾ ਅਤੇ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਮੈਰਾਥਨ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਵੀ ਸਿੱਖ ਕਾਨਫਰੰਸ ਕਰਵਾਉਣ ਦੇ ਯਤਨ ਕੀਤੇ ਜਾਣਗੇ। ਗੁਰੂ ਸਾਹਿਬ ਦੇ ਜੀਵਨ, ਇਤਿਹਾਸ ਤੋਂ ਜਾਣੂ ਕਰਵਾਉਣ ਲਈ ਕਿਤਾਬਾਂ ਛਾਪੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸਾਲ ਭਰ ਚੱਲਣ ਵਾਲੇ ਸਮਾਗਮ ਭਾਈ ਜੈਤਾ ਜੀ, ਭਾਈ ਮੱਖਣ ਸ਼ਾਹ ਲੁਬਾਣਾ, ਭਾਈ ਲਖੀ ਸ਼ਾਹ ਵਣਜਾਰਾ ਅਤੇ ਹੋਰ ਸਿੱਖਾਂ ਨੂੰ ਸਮਰਪਿਤ ਕਰਵਾਏ ਜਾਣਗੇ।

## ਫੌਜੀ ਭਰਤੀ: ਕੱਕਾਰ ਉਤਰਵਾਉਣ 'ਤੇ ਇਤਰਾਜ਼



**ਅੰਮ੍ਰਿਤਸਰ:** ਫਿਰੋਜ਼ਪੁਰ ਵਿਚ ਫੌਜ ਦੀ ਭਰਤੀ ਦੌਰਾਨ ਸਰੀਰਕ ਜਾਂਚ ਸਮੇਂ ਫੌਜੀ ਅਧਿਕਾਰੀਆਂ ਵੱਲੋਂ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਨੂੰ ਕਕਾਰ ਉਤਾਰਨ ਲਈ ਮਜਬੂਰ ਕਰਨ ਦੀ ਘਟਨਾ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਸਿੱਖ ਲਈ ਕਕਾਰ ਰਹਿਤ ਮਰਿਆਦਾ ਦਾ ਅਹਿਮ ਹਿੱਸਾ ਹਨ, ਜਿਨ੍ਹਾਂ ਨੂੰ ਸਰੀਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਭਾਰਤ ਬਹੁ-ਧਰਮੀ ਦੇਸ਼ ਹੈ, ਜਿਸ ਦਾ ਸੰਵਿਧਾਨ ਹਰੇਕ ਨੂੰ ਆਪਣੇ ਧਰਮ ਅਨੁਸਾਰ ਰਹਿਣ ਦੀ ਇਜਾਜ਼ਤ ਦਿੰਦਾ ਹੈ, ਅਜਿਹੇ ਵਿਚ ਫੌਜ ਭਰਤੀ ਸਮੇਂ ਨੌਜਵਾਨਾਂ ਨੂੰ ਕਕਾਰ ਉਤਾਰਨ ਲਈ ਮਜਬੂਰ ਕਰਨ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਅਸੀਂ ਗੁਰੂ ਤੇਗ ਬਹਾਦਰ ਸਾਹਿਬ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾ ਰਹੇ ਹਾਂ, ਜਿਨ੍ਹਾਂ ਨੇ ਧਰਮ ਦੀ ਆਜ਼ਾਦੀ ਲਈ ਸ਼ਹਾਦਤ ਦਿੱਤੀ, ਉਸ ਸਮੇਂ ਭਰਤੀ ਦੌਰਾਨ ਫੌਜੀ ਅਫਸਰਾਂ ਵੱਲੋਂ ਸਿੱਖ ਨੌਜਵਾਨਾਂ ਦੇ ਕਕਾਰ ਉਤਾਰਨ ਤੇ ਜਿਨ੍ਹਾਂ ਨੌਜਵਾਨਾਂ ਨੇ ਕਕਾਰ ਉਤਾਰਨ ਤੋਂ ਮਨ੍ਹਾਂ ਕੀਤਾ, ਉਨ੍ਹਾਂ ਨੂੰ ਭਰਤੀ ਤੋਂ ਬਾਹਰ ਕਰਨ ਨਾਲ ਪੂਰੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨ੍ਹਾਂ ਪ੍ਰਧਾਨ ਮੰਤਰੀ, ਰੱਖਿਆ ਮੰਤਰੀ ਤੇ ਪੰਜਾਬ ਦੇ ਮੁੱਖ ਮੰਤਰੀ ਤੋਂ ਇਨ੍ਹਾਂ ਫੌਜੀ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

### ਪਾਕਿਸਤਾਨ 'ਚ ਘੱਟ ਗਿਣਤੀ ਕੌਮਾਂ ਲਈ ਸੁਰੱਖਿਆ ਮੰਗੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਘੱਟ ਗਿਣਤੀ ਕੌਮਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਬੰਦ ਕਰਵਾਏ ਤੇ ਸਿੱਖ ਕੌਮ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ ਦਾ ਪੰਜਾਬ ਸਰਕਾਰ ਵੱਲ ਲਗਭਗ 43 ਕਰੋੜ ਰੁਪਿਆ ਬਕਾਇਆ ਹੈ ਤੇ ਸ਼੍ਰੋਮਣੀ ਕਮੇਟੀ ਨੇ ਵਾਰ ਵਾਰ ਪੰਜਾਬ ਸਰਕਾਰ ਨੂੰ ਅਪੀਲ ਵੀ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ ਦੀ ਬਕਾਇਆ ਰਕਮ ਨੂੰ ਤੁਰਤ ਰਿਲੀਜ਼ ਕੀਤਾ ਜਾਵੇ ਕਿਉਂਕਿ ਸ਼੍ਰੋਮਣੀ ਕਮੇਟੀ ਸਟਾਫ ਨੂੰ ਤਨਖਾਹਾਂ ਦੇਣੀਆਂ ਵੀ ਔਖੀਆਂ ਹੋਈਆਂ ਪਈਆਂ ਹਨ।

### ਸਿੱਖਾਂ ਖਿਲਾਫ ਪ੍ਰਚਾਰ ਬੰਦ ਕਰਨ ਲਈ ਟਵਿੱਟਰ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਟਵਿੱਟਰ ਦੇ ਸੀ.ਈ.ਓ. ਜੈਕ ਡੋਰਸੇ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਸਿੱਖਾਂ ਖਿਲਾਫ ਨਫਰਤ ਵਾਲੇ ਟਵੀਟ ਕਰਨ ਵਾਲੇ ਟਵਿੱਟਰ ਖਾਤਿਆਂ ਨੂੰ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਇਸ ਮੰਚ ਰਾਹੀਂ ਸਿੱਖਾਂ ਖਿਲਾਫ ਨਫਰਤ ਵਾਲਾ ਪ੍ਰਚਾਰ ਕੀਤਾ ਜਾ ਰਿਹਾ ਹੈ, ਜੋ ਜਾਇਜ਼ ਨਹੀਂ ਹੈ। ਹਾਲ ਹੀ ਵਿਚ ਆਰ.ਐਸ.ਐਸ. ਖਿਲਾਫ ਮਤਾ ਪਾਸ ਕਰਨ ਮਗਰੋਂ ਅਜਿਹੇ ਨਫਰਤ ਵਾਲੇ ਸੁਨੇਹਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਭਾਜਪਾ ਦੇ ਅਬੋਹਰ ਤੋਂ ਵਿਧਾਇਕ 'ਤੇ ਕੀਤੇ ਗਏ ਹਮਲੇ ਦੇ ਮਾਮਲੇ ਵਿਚ ਵੀ ਇਸ ਮੰਚ ਤੋਂ ਸਿੱਖਾਂ ਖਿਲਾਫ ਪ੍ਰਚਾਰ ਕੀਤਾ ਗਿਆ। ਅਜਿਹੇ ਟਵੀਟ ਕਰਨ ਵਾਲਿਆਂ ਨੇ ਨਵੰਬਰ 1984 ਸਿੱਖ ਕਤਲੇਆਮ ਨੂੰ ਦੁਹਰਾਉਣ ਦੀਆਂ ਧਮਕੀਆਂ ਵੀ ਦਿੱਤੀਆਂ ਹਨ।

### ਨਾਵਲਕਾਰ ਪ੍ਰੋ. ਗੁਰਮੁਖ ਸਿੰਘ ਸਹਿਗਲ ਦਾ ਦੇਹਾਂਤ

**ਪਟਿਆਲਾ:** ਉਘੇ ਪੰਜਾਬੀ ਨਾਵਲਕਾਰ ਪ੍ਰੋ. ਗੁਰਮੁਖ ਸਿੰਘ ਸਹਿਗਲ ਦਾ ਇਥੋਂ ਦੇ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ ਕੁਝ ਸਮੇਂ ਤੋਂ ਬਿਮਾਰ ਸਨ। ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਨੇ ਕਿਹਾ ਹੈ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚਾਲੇ ਪੰਜਾਬੀ ਮਾਂ ਬੋਲੀ ਅਤੇ ਅਦਬ ਦਾ ਪੁਲ ਉਸਾਰਨ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਪ੍ਰੋ. ਸਹਿਗਲ ਦੀ ਮੌਤ ਨਾਲ ਪੰਜਾਬੀ ਸਾਹਿਤ ਜਗਤ ਨੂੰ ਵੱਡਾ ਘਾਟਾ ਪਿਆ ਹੈ। ਉਨ੍ਹਾਂ ਨਾਵਲ 'ਨਦੀਓਂ ਵਿੱਛੜੇ ਨੀਰ', 'ਲੁਆੜਗੀ', 'ਸਰਗਮ' ਅਤੇ 'ਹਿਜਰਤ' ਤੋਂ ਇਲਾਵਾ 'ਪਖ਼ਤੂਨ' ਅਤੇ 'ਸਫ਼ਰਨਾਮਾ ਪਾਕਿਸਤਾਨ' ਆਦਿ ਪੁਸਤਕਾਂ ਵੀ ਲਿਖੀਆਂ। ਉਨ੍ਹਾਂ ਦੇ ਨਾਵਲ 'ਨਦੀਓਂ ਵਿੱਛੜੇ ਨੀਰ' ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਅਤੇ 'ਸਰਗਮ' ਨਾਵਲ ਲਈ ਭਾਸ਼ਾ ਵਿਭਾਗ ਵੱਲੋਂ ਨਾਨਕ ਸਿੰਘ ਪੁਰਸਕਾਰ ਪ੍ਰਾਪਤ ਹੋਏ ਸਨ। ਸਭਾ ਦੇ ਜਨਰਲ ਸਕੱਤਰ ਬਾਬੂ ਸਿੰਘ ਰੈਹਲ ਅਤੇ ਪ੍ਰਚਾਰ ਸਕੱਤਰ ਦਵਿੰਦਰ ਪਟਿਆਲਵੀ ਤੋਂ ਇਲਾਵਾ ਸਮੁੱਚੀ ਕਾਰਜਕਾਰਨੀ ਨੇ ਪ੍ਰੋ. ਸਹਿਗਲ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ।

## ਚਰਨਜੀਤ ਸਿੰਘ ਚੱਢਾ ਤੋਂ ਰੋਕ ਹਟਾਉਣ ਉਤੇ ਉਠੇ ਸਵਾਲ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ 'ਤੇ ਅਕਾਲ ਤਖਤ ਵੱਲੋਂ ਲਾਈ ਗਈ ਰੋਕ ਹਟਾਉਣ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਇਸ ਸਬੰਧੀ ਸ਼ਿਕਾਇਤਕਰਤਾ ਰਵਿੰਦਰ ਕੌਰ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।

ਰਵਿੰਦਰ ਨੇ ਪੱਤਰ ਵਿਚ ਆਖਿਆ ਕਿ ਰੋਕ ਹਟਾਉਣ ਦੇ ਇਸ ਫੈਸਲੇ ਦਾ ਪਤਾ ਲੱਗਣ 'ਤੇ ਉਸ ਨੂੰ ਬਹੁਤ ਦੁਖ ਹੋਇਆ ਹੈ। ਇਸ ਮਾਮਲੇ ਵਿਚ ਕਈ ਵਾਰ ਅਪੀਲ ਕਰਨ ਦੇ ਬਾਵਜੂਦ ਪੰਜ ਸਿੰਘ ਸਾਹਿਬਾਨ ਵੱਲੋਂ ਉਸ ਦਾ ਪੱਖ ਨਹੀਂ ਸੁਣਿਆ ਗਿਆ। ਉਸ ਨੇ ਦੱਸਿਆ ਕਿ ਉਸ ਨਾਲ ਵਾਪਰੀ ਘਟਨਾ ਦਾ ਮਾਮਲਾ ਇਸ ਵੇਲੇ ਸਥਾਨਕ ਅਦਾਲਤ ਦੇ ਵਿਚਾਰ ਅਧੀਨ ਹੈ ਅਤੇ ਅਦਾਲਤ ਵਲੋਂ ਅਗਲੀ ਤਰੀਕ 13 ਮਈ ਨਿਰਧਾਰਤ ਕੀਤੀ ਗਈ ਹੈ। ਇਸ ਦੌਰਾਨ ਕੇਸ ਨਾਲ ਸਬੰਧਤ ਗਵਾਹਾਂ ਦੀ ਸੁਣਵਾਈ ਹੋਵੇਗੀ। ਉਸ ਨੇ ਲਿਖਿਆ ਕਿ



ਇਸ ਘਟਨਾ ਕਾਰਨ ਉਹ ਤਿੰਨ ਸਾਲਾਂ ਤੋਂ ਸਮਾਜਿਕ ਅਤੇ ਮਾਨਸਿਕ ਤੌਰ 'ਤੇ ਵੱਡਾ ਦਬਾਅ ਝੱਲ ਰਹੀ ਹੈ, ਸਮਾਜ ਵਿਚ ਵਿਚਰਨ ਲਈ ਸੰਘਰਸ਼ ਕਰ ਰਹੀ ਹੈ ਅਤੇ ਖੋਹੀ ਹੋਈ ਮਾਣ ਮਰਿਆਦਾ ਦੀ ਪ੍ਰਾਪਤੀ ਲਈ ਕਾਨੂੰਨੀ ਲੜਾਈ ਲੜ ਰਹੀ ਹੈ। ਅਕਾਲ ਤਖਤ ਦੇ ਰੋਕ ਹਟਾਉਣ ਦੇ ਫੈਸਲੇ ਨਾਲ ਉਸ ਦੇ ਅਦਾਲਤੀ ਕੇਸ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ।

ਇਸ ਦੌਰਾਨ ਉਸ ਨੇ ਅਸ਼ਲੀਲ ਹਰਕਤਾਂ ਵਾਲੀ ਵੀਡਿਓ ਕਾਰਨ ਉਸ ਨੂੰ ਬਲੈਕਮੇਲ ਕਰਨ ਦਾ ਵੀ ਦੋਸ਼ ਲਾਇਆ। ਉਸ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਚਰਨਜੀਤ ਸਿੰਘ ਚੱਢਾ 'ਤੇ ਲੱਗੀ ਰੋਕ ਹਟਾਉਣ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਅਤੇ ਉਸ ਦਾ ਪੱਖ ਸੁਣਨ।

ਅਕਾਲ ਤਖਤ ਦੇ ਜਥੇਦਾਰ ਨੇ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ 'ਤੇ ਲੱਗੀ ਰੋਕ ਹਟਾ ਦਿੱਤੀ ਹੈ। ਉਨ੍ਹਾਂ 'ਤੇ ਗੰਭੀਰ ਦੋਸ਼ ਲੱਗਣ ਮਗਰੋਂ ਅਕਾਲ ਤਖਤ ਵੱਲੋਂ ਦੋ ਸਾਲ ਵਾਸਤੇ ਕਿਸੇ ਵੀ ਸਮਾਜਿਕ, ਧਾਰਮਿਕ ਅਤੇ ਸਿਆਸੀ ਗਤੀਵਿਧੀਆਂ ਵਿਚ ਸ਼ਮੂਲੀਅਤ ਕਰਨ 'ਤੇ ਰੋਕ ਲਾ ਦਿੱਤੀ ਗਈ ਸੀ। ਇਸ ਸਬੰਧੀ ਅਕਾਲ ਤਖਤ ਸਕੱਤਰੇਤ ਤੋਂ ਸ੍ਰੀ ਚੱਢਾ ਨੂੰ ਪੱਤਰ ਜਾਰੀ ਕੀਤਾ ਗਿਆ ਜਿਸ ਵਿਚ ਉਨ੍ਹਾਂ ਨੂੰ ਕਲੀਨ ਚਿੱਟ ਦਿੱਤੀ ਗਈ ਹੈ। ਪੱਤਰ ਵਿਚ ਲਿਖਿਆ ਹੈ ਕਿ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਉਨ੍ਹਾਂ ਵਲੋਂ ਭੇਜੇ ਗਏ ਪੱਤਰ 'ਤੇ ਵਿਚਾਰ ਕੀਤਾ ਗਿਆ ਜਿਸ ਤੋਂ ਬਾਅਦ ਅਕਾਲ ਤਖਤ ਵਲੋਂ ਲਾਈ ਰੋਕ ਹਟਾ ਦਿੱਤੀ ਗਈ ਹੈ। ਦੱਸਣਾ ਬਣਦਾ ਹੈ ਕਿ ਦਸੰਬਰ 2017 ਵਿਚ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ, ਜਿਸ ਵਿਚ ਬਜ਼ੁਰਗ ਸਿੱਖ ਆਗੂ ਨੂੰ ਇਕ ਔਰਤ ਨਾਲ ਦਿਖਾਇਆ ਗਿਆ ਸੀ। ਇਹ ਔਰਤ ਚੀਫ ਖਾਲਸਾ ਦੀਵਾਨ ਹੇਠ ਚੱਲਦੇ ਇਕ ਸਕੂਲ ਦੀ ਪ੍ਰਿੰਸੀਪਲ ਸੀ। ਇਸ ਵੀਡੀਓ ਤੋਂ ਬਾਅਦ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। 23 ਜਨਵਰੀ 2018 ਨੂੰ ਉਸ ਵੇਲੇ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ 'ਤੇ ਦੋ ਸਾਲ ਲਈ ਸਮਾਜਿਕ, ਧਾਰਮਿਕ ਤੇ ਸਿਆਸੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਅਤੇ ਮੰਚ ਤੋਂ ਬੋਲਣ 'ਤੇ ਰੋਕ ਲਾ ਦਿੱਤੀ ਸੀ।

ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ
ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ਅਤੇ
ਚੜ੍ਹਦੀ ਕਲਾ ਦੇ ਤਿਓਹਾਰ ਵਿਸਾਖੀ ਦੀ

# ਲੱਖ ਲੱਖ ਵਧਾਈ



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਕੇਂਦਰੀ ਅੜਿੱਕੇ: ਕੈਪਟਨ ਸਰਕਾਰ ਲਈ ਚੁਣੌਤੀ ਬਣੀ ਕਣਕ ਦੀ ਖਰੀਦ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਭਰੋਸਾ ਦੇਣ ਮਗਰੋਂ ਭਾਵੇਂ ਆੜ੍ਹਤੀਆਂ ਵੱਲੋਂ ਆਪਣੀ ਪ੍ਰਸਤਾਵਿਤ ਹੜਤਾਲ ਖਤਮ ਕਰ ਦੇਣ ਨਾਲ ਪੰਜਾਬ ਵਿਚ ਕਣਕ ਦੀ ਖਰੀਦ ਸ਼ੁਰੂ ਹੋ ਗਈ ਹੈ, ਪਰ ਕੇਂਦਰੀ ਅੜਿੱਕਿਆਂ ਕਾਰਨ ਇਸ ਵਾਰ ਖਰੀਦ ਦਾ ਪ੍ਰਬੰਧ ਇੰਨਾ ਸੌਖਾ ਨਹੀਂ ਹੈ। ਮੁੱਖ ਮੰਤਰੀ ਨੇ ਖਰੀਦ ਪ੍ਰਕਿਰਿਆ ਵਿਚ ਆੜ੍ਹਤੀਆਂ ਦੀ ਨਿਰੰਤਰ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਅਤੇ 131 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਦੀ ਐਫ.ਸੀ.ਆਈ. ਤੋਂ ਅਦਾਇਗੀ ਹੋਣ ਦੀ ਉਡੀਕ ਕੀਤੇ ਬਿਨਾਂ ਤੁਰਤ ਜਾਰੀ ਕਰਨ ਸਮੇਤ ਕਈ ਹੋਰ ਕਦਮ ਚੁੱਕਣ ਦੇ ਹੁਕਮ ਦਿੱਤੇ ਹਨ। ਪਹਿਲਾ ਸਵਾਲ ਇਹ ਹੈ ਕਿ ਪੰਜਾਬ ਸਰਕਾਰ 131 ਕਰੋੜ ਰੁਪਏ ਦੀ ਦਾ ਪ੍ਰਬੰਧ ਕਿਵੇਂ ਕਰੇਗਾ, ਇਸ ਦਾ ਕੋਈ ਜਵਾਬ ਨਹੀਂ ਹੈ। ਉਧਰ, ਆੜ੍ਹਤੀ ਜਥੇਬੰਦੀਆਂ ਵੀ ਇਸ ਮੁੱਦੇ ਉਤੇ ਧੜੇਬੰਦੀ ਦਾ ਸ਼ਿਕਾਰ ਹੋ ਗਈਆਂ ਹਨ। ਮੰਡੀਆਂ ਵਿਚ ਬਾਰਦਾਨੇ ਦੀ ਸਮੱਸਿਆ ਤੇ ਕੇਂਦਰ ਸਰਕਾਰ ਦੇ ਨਮੀ ਬਾਰੇ ਸਖਤ ਨਿਯਮ ਖਰੀਦ ਵਿਚ ਵੱਡਾ ਅੜਿੱਕਾ ਖੜ੍ਹਾ ਕਰ ਸਕਦੇ ਹਨ।

ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਸਿੱਧੀ ਅਦਾਇਗੀ ਦੇ ਮਾਮਲੇ 'ਚ ਮੁੱਖ ਮੰਤਰੀ 'ਤੇ ਕੇਂਦਰ ਨਾਲ ਮਿਲ ਕੇ ਦੋਸਤਾਨਾ ਮੈਚ ਖੇਡਣ ਦੇ ਦੋਸ਼ ਲਾਏ ਹਨ। ਉਨ੍ਹਾਂ ਮੁੱਖ ਮੰਤਰੀ ਤੋਂ ਸਵਾਲ ਪੁੱਛਿਆ ਕਿ ਸਿੱਧੀ ਅਦਾਇਗੀ ਦੇ ਮਾਮਲੇ 'ਚ ਕਿਸਾਨਾਂ ਤੇ ਆੜ੍ਹਤੀਆਂ ਨੂੰ ਹਨੇਰੇ ਵਿਚ ਕਿਉਂ ਰੱਖਿਆ ਗਿਆ। ਪਾਰਟੀ ਦੇ ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪ੍ਰੈਸ ਕਾਨਫਰੰਸ 'ਚ ਕਿਹਾ ਕਿ ਮੁੱਖ ਮੰਤਰੀ ਨੇ ਡੀ.ਬੀ.ਟੀ. ਸਕੀਮ ਦਾ ਵਿਰੋਧ ਕਰਨ ਦਾ ਮਹਿਜ ਡਰਾਮਾ ਕੀਤਾ ਹੈ ਜਦੋਂਕਿ ਮੁੱਖ



ਮੰਤਰੀ ਨੇ ਸਿੱਧੀ ਅਦਾਇਗੀ ਦੇ ਮਾਮਲੇ ਵਿਚ ਆੜ੍ਹਤੀਆਂ ਨਾਲ ਖੜ੍ਹਨ ਦੀ ਗੱਲ ਆਖੀ ਸੀ। ਆਗੂਆਂ ਨੇ ਕਿਹਾ ਕਿ ਦੂਜੇ ਪਾਸੇ ਪੰਜਾਬ ਦੇ ਮੰਤਰੀਆਂ ਦੀ ਟੀਮ ਨੇ ਕੇਂਦਰੀ ਮੰਤਰੀ ਪਿਊਸ਼ ਗੋਇਲ ਨਾਲ ਮੀਟਿੰਗ ਵਿਚ ਕੇਂਦਰ ਅੱਗੇ ਸਿੱਧੇ ਹੀ ਹਥਿਆਰ ਸੁੱਟ ਦਿੱਤੇ ਹਨ।

ਦੱਸ ਦਈਏ ਕਿ ਮੋਦੀ ਸਰਕਾਰ ਦੀ ਕੋਰੀ ਨਾਂਹ ਨਾਲ ਪੰਜਾਬ 'ਚ ਹੁਣ ਜਿਣਸ ਦੀ ਸਿੱਧੀ ਅਦਾਇਗੀ ਵਾਲਾ ਕੇਂਦਰੀ ਫਾਰਮੂਲਾ ਹੀ ਲਾਗੂ ਕਰਨਾ ਪਿਆ ਹੈ। ਕੇਂਦਰ ਸਰਕਾਰ ਦੀ ਦੋ-ਹਰਫੀ ਨਾਂਹ ਨੇ ਪੰਜਾਬ ਦੇ ਆੜ੍ਹਤੀਆਂ ਨੂੰ ਹਲੂਣ ਦਿੱਤਾ ਹੈ ਜਦੋਂ ਕਿ ਪੰਜਾਬ ਸਰਕਾਰ ਆੜ੍ਹਤੀਆਂ ਦੇ ਪੱਖ 'ਚ ਕੇਂਦਰ ਸਰਕਾਰ ਅੱਗੇ ਕੋਈ ਠੋਸ ਸਟੈਂਡ ਨਹੀਂ ਲੈ ਸਕੀ। ਉਂਜ, ਕੇਂਦਰ ਨੇ ਸਿੱਧੀ ਅਦਾਇਗੀ ਲਈ ਜ਼ਮੀਨੀ ਰਿਕਾਰਡ ਆਨਲਾਈਨ ਕਰਨ ਦੇ ਅਮਲ ਨੂੰ ਛੇ ਮਹੀਨੇ ਲਈ ਮੁਲਤਵੀ ਕਰ ਦਿੱਤਾ ਹੈ।

ਇਸ ਵਾਰ 130 ਲੱਖ ਟਨ ਦੇ ਲਗਭਗ ਕਣਕ ਮੰਡੀਆਂ ਵਿਚ ਪੁੱਜਣ ਦੀ ਸੰਭਾਵਨਾ ਹੈ। ਇਸ ਲਈ 3700 ਦੇ ਲਗਭਗ ਮੰਡੀਆਂ ਵਿਚ ਇਸ ਦੇ ਮੰਡੀਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਦੂਜੇ ਪਾਸੇ ਕਰੀਬ ਛੇ ਮਹੀਨੇ ਤੋਂ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਪੰਜਾਬ ਦੇ ਕਿਸਾਨ ਅੰਦੋਲਨ ਵੀ ਕਰ ਰਹੇ ਹਨ ਅਤੇ ਇਨ੍ਹਾਂ ਕਾਨੂੰਨਾਂ ਦੀ ਵਾਪਸੀ ਤੋਂ ਬਗੈਰ ਕਿਸੇ ਵੀ ਤਰ੍ਹਾਂ ਪਿੱਛੇ ਹਟਣ ਲਈ ਤਿਆਰ ਨਹੀਂ ਹਨ। ਇਸ ਲਈ ਪਿਛਲੇ ਸਾਢੇ 4 ਮਹੀਨੇ ਤੋਂ ਉਹ ਦਿੱਲੀ ਦੀਆਂ ਸਰਹੱਦਾਂ 'ਤੇ ਵੀ ਡੇਰੇ ਲਾਈ ਬੈਠੇ ਹਨ। ਇਸੇ ਦੌਰਾਨ ਕੇਂਦਰ ਤੇ ਪੰਜਾਬ ਸਰਕਾਰ ਤੇ ਰਾਜ ਦੇ ਆੜ੍ਹਤੀਆਂ ਦਰਮਿਆਨ ਕਿਸਾਨਾਂ ਨੂੰ ਫਸਲ ਦੀ ਸਿੱਧੀ ਅਦਾਇਗੀ ਨੂੰ ਲੈ ਕੇ ਪੈਦਾ ਹੋਈ ਕਸ਼ਮਕਸ਼ ਨੇ ਹਾਲਾਤ ਨੂੰ ਹੋਰ ਵੀ ਗੰਭੀਰ ਰੂਪ ਦੇ ਦਿੱਤਾ ਹੈ, ਜਿਸ ਦਾ ਫਸਲ ਦੀ ਚੁਕਾਈ ਉਤੇ ਅਸਰ ਪੈਣ ਦੀ ਸੰਭਾਵਨਾ ਨਜ਼ਰ ਆਉਂਦੀ ਹੈ।

ਹੁਣ ਤੱਕ ਬਹੁਤੇ ਰਾਜਾਂ ਨੇ ਕਿਸਾਨਾਂ ਨੂੰ ਸਿੱਧੀ ਅਦਾਇਗੀ ਦੀ ਸਕੀਮ ਅਪਣਾ ਵੀ ਲਈ ਹੈ। ਹਰਿਆਣਾ ਸਰਕਾਰ ਨੇ ਵੀ ਇਸ ਨੂੰ ਅਪਣਾਉਣ ਦਾ ਐਲਾਨ ਕਰ ਦਿੱਤਾ ਹੈ। ਪਿਛਲੇ ਕਈ ਸਾਲਾਂ ਤੋਂ ਇਸ ਪ੍ਰਕਿਰਿਆ ਸਬੰਧੀ ਚੱਲ ਰਹੀ ਚਰਚਾ ਬਾਰੇ ਪੰਜਾਬ ਸਰਕਾਰ ਕਿਸੇ ਸੰਤੁਸ਼ਟੀਜਨਕ ਸਿੱਟੇ 'ਤੇ ਨਹੀਂ ਪੁੱਜ ਸਕੀ ਅਤੇ ਨਾ ਹੀ ਉਸ ਵਲੋਂ ਇਸ ਸਬੰਧੀ ਕੋਈ ਲੋੜੀਂਦੀ ਤਿਆਰੀ ਹੀ ਕੀਤੀ ਗਈ। ਹੁਣ ਕੇਂਦਰ ਦੇ ਖੁਰਾਕ ਮੰਤਰਾਲੇ ਵਲੋਂ ਇਸ ਸਬੰਧੀ ਅਪਣਾਏ ਸਖਤ ਵਤੀਰੇ ਤੋਂ ਬਾਅਦ ਸੂਬਾ ਸਰਕਾਰ ਦੀਆਂ ਚਿੰਤਾਵਾਂ ਵਿਚ ਵਾਧਾ ਹੋ ਗਿਆ ਹੈ।

ਦੂਜੇ ਪਾਸੇ ਸੂਬੇ ਵਿਚ 30,000 ਤੋਂ ਵੀ ਵਧੇਰੇ ਆੜ੍ਹਤੀਏ ਇਸ ਮਸਲੇ 'ਤੇ ਵੱਡੀ ਚਿੰਤਾ ਅਤੇ ਗੁੱਸੇ ਵਿਚ ਦਿਖਾਈ ਦੇ ਰਹੇ ਹਨ। ਉਹ ਫਸਲ ਦੀ ਅਦਾਇਗੀ ਲਈ ਦਹਾਕਿਆਂ ਤੋਂ ਤੁਰੇ ਆਉਂਦੇ ਪ੍ਰਬੰਧ ਨੂੰ ਹੀ ਕਾਇਮ ਰੱਖਣ 'ਤੇ ਜ਼ੋਰ ਦੇ ਰਹੇ ਹਨ। ਆੜ੍ਹਤੀਆਂ ਦੇ ਸੰਗਠਨਾਂ ਨੇ ਇਹ ਵੀ ਐਲਾਨ ਕਰ ਦਿੱਤਾ ਹੈ ਕਿ ਜੇਕਰ ਕੇਂਦਰ ਸਰਕਾਰ ਕਿਸਾਨਾਂ ਨੂੰ ਸਿੱਧੀ ਅਦਾਇਗੀ ਦੇਣ ਦੀ ਆਪਣੀ ਅੜੀ 'ਤੇ ਕਾਇਮ ਰਹੇਗੀ ਤਾਂ ਉਹ ਸੂਬੇ ਦੀਆਂ ਸਾਰੀਆਂ ਮੰਡੀਆਂ ਵਿਚ ਹੜਤਾਲ ਕਰ ਦੇਣਗੇ, ਜਿਸ ਨਾਲ ਇਕਦਮ ਫਸਲ ਚੁੱਕੇ ਜਾਣ ਉਤੇ ਵੱਡਾ ਅਸਰ ਪਏਗਾ ਅਤੇ ਇਸ ਨਾਲ ਫਸਲ ਸੰਭਾਲਣ ਦਾ ਸਮੁੱਚਾ ਪ੍ਰਬੰਧ ਹੀ ਲੜਖੜਾ ਜਾਏਗਾ। ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਦੱਸਿਆ ਕਿ ਰਾਜ ਦੀਆਂ ਮੰਡੀਆਂ ਵਿਚ 130 ਲੱਖ ਟਨ ਕਣਕ ਆਉਣ ਦੀ ਸੰਭਾਵਨਾ ਹੈ, ਜਿਸ ਵਿਚੋਂ 8.50 ਲੱਖ ਟਨ ਕਣਕ ਦੀ ਖਰੀਦ ਪਨਗਰੇਨ ਵੱਲੋਂ ਬਤੌਰ ਨੋਡਲ ਏਜੰਸੀ, ਰਾਜ ਵਿਚ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਯੋਗ ਲਾਭਪਾਤਰੀਆਂ ਨੂੰ ਵੰਡਣ ਲਈ ਅਤੇ 121.5 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਸੈਂਟਰਲ ਪੂਲ ਅਧੀਨ ਸਮੂਹ ਏਜੰਸੀਆਂ ਭਾਵ ਪਨਗਰੇਨ, ਮਾਰਕਫੈੱਡ, ਪਨਸਪ, ਵੇਅਰਹਾਊਸ ਅਤੇ ਐਫ.ਸੀ.ਆਈ. ਵੱਲੋਂ ਕੀਤੀ ਜਾਵੇਗੀ।

## ਫਸਲ ਵੇਚਣ ਆਏ ਕਿਸਾਨਾਂ ਨੂੰ ਲੱਗਣਗੇ ਕਰੋਨਾ ਟੀਕੇ

**ਚੰਡੀਗੜ੍ਹ:** ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਸਾਰੀਆਂ 154 ਮਾਰਕੀਟ ਕਮੇਟੀਆਂ ਵਿਚ ਕੋਵਿਡ ਟੀਕਾਕਰਨ ਕੈਂਪ ਸਥਾਪਤ ਕੀਤੇ ਗਏ ਹਨ ਤਾਂ ਕਿ ਅਨਾਜ ਮੰਡੀਆਂ ਵਿਚ ਆਉਣ ਵਾਲੇ 45 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਵਿਅਕਤੀਆਂ ਨੂੰ ਕੋਵਿਡ ਤੋਂ ਬਚਾਅ ਦਾ ਟੀਕਾ ਲਾਇਆ ਜਾ ਸਕੇ। ਕੋਵਿਡ ਸਬੰਧੀ ਸੁਰੱਖਿਆ ਉਪਾਵਾਂ ਲਈ 5600 ਅਧਿਕਾਰੀਆਂ/ਕਰਮਚਾਰੀਆਂ ਨੂੰ 10,000 ਮਾਸਕ (ਐਨ-95) ਅਤੇ ਸੈਨੇਟਾਈਜਰਾਂ ਦੀਆਂ 10,000 ਬੋਤਲਾਂ ਮੁਹੱਈਆ ਕਰਵਾਈਆਂ ਗਈਆਂ ਹਨ ਜਦੋਂ ਕਿ ਕਿਸਾਨਾਂ ਲਈ ਇਕ ਲੱਖ ਮਾਸਕ ਅਤੇ 35,000 ਲਿਟਰ ਸੈਨੇਟਾਈਜਰ ਦਾ ਇੰਤਜ਼ਾਮ ਕੀਤਾ ਗਿਆ ਹੈ।

## ਪੁਲਿਸ ਸੁਰੱਖਿਆ ਹੇਠ ਹੋਏਗੀ ਕਣਕ ਦੀ ਖਰੀਦ

**ਚੰਡੀਗੜ੍ਹ:** ਪੰਜਾਬ 'ਚ ਕਣਕ ਦੇ ਸੀਜ਼ਨ ਦੌਰਾਨ ਖਰੀਦ ਕੇਂਦਰਾਂ ਵਿਚ ਪੁਲਿਸ ਸੁਰੱਖਿਆ ਦਾ ਪਹਿਰਾ ਰਹੇਗਾ, ਜਿਸ ਵਾਸਤੇ ਪਹਿਲਾਂ ਹੀ ਖੁਰਾਕ ਤੇ ਸਪਲਾਈ ਵਿਭਾਗ ਨੇ ਡੀ.ਜੀ.ਪੀ. ਪੰਜਾਬ ਨੂੰ ਲਿਖ ਦਿੱਤਾ ਹੈ। ਐਤਕੀਂ ਕੋਵਿਡ ਮਹਾਮਾਰੀ ਕਰਕੇ ਅਤੇ ਖਰੀਦ ਵਿਚ ਸੰਭਾਵੀ ਅੜਚਨਾਂ ਨੂੰ ਦੇਖਦੇ ਹੋਏ ਪੁਲਿਸ ਸੁਰੱਖਿਆ ਲਈ ਲਿਖਿਆ ਗਿਆ ਹੈ। ਕੋਵਿਡ-19 ਦੀ ਮਹਾਮਾਰੀ ਦੇ ਮੱਦੇਨਜਰ ਰਾਜ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਖਰੀਦ ਕੇਂਦਰ ਦੀ ਗਿਣਤੀ 1872 ਤੋਂ ਵਧਾ ਕੇ 4000 ਕੀਤੀ ਜਾ ਰਹੀ ਹੈ ਅਤੇ ਲਿਕਿੰਗ ਪਲਾਨ ਅਨੁਸਾਰ ਖਰੀਦ ਏਜੰਸੀਆਂ ਵਿਚਕਾਰ ਅਲਾਟਮੈਂਟ ਕੀਤੀ ਗਈ ਹੈ।

# ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਵੇਚਣ ਦਾ ਮੁੱਦਾ ਭਖਿਆ

**ਅੰਮ੍ਰਿਤਸਰ:** ਅਕਾਲ ਯੂਥ ਜਥੇਬੰਦੀ ਨੇ ਇਥੇ ਵਿਰਾਸਤੀ ਮਾਰਗ 'ਤੇ ਧਰਨਾ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਦੀ ਬਹੁਕਰੋੜੀ ਜ਼ਮੀਨ ਵੇਚਣ ਦਾ ਦੋਸ਼ ਲਾਇਆ। ਜਥੇਬੰਦੀ ਦੇ ਆਗੂ ਜਸਵਿੰਦਰ ਸਿੰਘ ਰਾਜਪੁਰਾ ਨੇ ਦੱਸਿਆ ਕਿ ਇਹ ਰੋਸ ਵਿਖਾਵਾ ਬਾਪੂ ਗੁਰਚਰਨ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਿੱਜੀ ਮੁਫਾਦਾਂ ਲਈ ਗੁਰਦੁਆਰਾ ਅੰਬ ਸਾਹਿਬ ਦੀ ਹਵਾਈ ਅੱਡੇ ਨੇੜਲੀ ਜਮੀਨ ਕਰੋੜਾਂ ਰੁਪਏ ਵਿਚ ਵੇਚੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 2012-13 ਵਿਚ ਗੁਰਦੁਆਰੇ ਦੀ ਲਗਭਗ 24 ਏਕੜ ਜ਼ਮੀਨ 'ਚੋਂ 12 ਏਕੜ ਜ਼ਮੀਨ 19 ਕਰੋੜ ਰੁਪਏ ਵਿਚ ਵੇਚ ਕੇ ਮਾਲੇਰਕੋਟਲਾ ਨੇੜੇ 14 ਕਰੋੜ ਰੁਪਏ ਦੀ ਜਮੀਨ ਖਰੀਦੀ ਗਈ ਸੀ। ਮੁਹਾਲੀ ਵਾਲੀ ਜਮੀਨ ਦੀ ਕੀਮਤ ਹੁਣ 66 ਕਰੋੜ ਰੁਪਏ ਹੈ ਅਤੇ ਮਾਲੇਰਕੋਟਲਾ ਨੇੜਲੀ ਜਮੀਨ ਦਾ ਮੁੱਲ ਘਟ ਚੁੱਕਾ ਹੈ। ਇਹ ਕਾਰਵਾਈ ਗੁਰੂ ਘਰ ਦੀ ਗੋਲਕ ਨੂੰ ਨੁਕਸਾਨ ਪਹੁੰਚਾਉਣ ਵਾਲੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਵੱਲੋਂ ਗਲਤ ਫੈਸਲਾ ਲਿਆ ਗਿਆ ਸੀ ਅਤੇ ਹੁਣ ਮੁੜ ਜ਼ਮੀਨ ਵੇਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਧਰ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਬਾਰੇ ਗਲਤ ਬਿਆਨਬਾਜ਼ੀ ਕਰਕੇ ਕੁਝ ਲੋਕਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ 2012-13 ਵਿਚ ਗਮਾਡਾ ਵੱਲੋਂ ਐਕੁਆਇਰ ਕੀਤੀ ਗਈ 24 ਏਕੜ ਗੁਰਦੁਆਰੇ ਦੀ ਜ਼ਮੀਨ ਦਾ ਲਗਭਗ 1.69 ਕਰੋੜ ਪ੍ਰਤੀ ਏਕੜ ਦੇ ਹਿਸਾਬ ਨਾਲ 19.40 ਕਰੋੜ ਰੁਪਏ ਮੁਆਵਜ਼ਾ ਬਣਿਆ ਸੀ। ਉਨ੍ਹਾਂ ਦੱਸਿਆ ਕਿ ਜ਼ਮੀਨ ਦੀ ਕੀਮਤ ਪੰਜ ਕਰੋੜ ਰੁਪਏ ਪ੍ਰਤੀ ਏਕੜ ਲੈਣ ਵਾਸਤੇ ਉਨ੍ਹਾਂ ਨੇ ਗਮਾਡਾ ਖਿਲਾਫ ਅਦਾਲਤ ਵਿਚ ਕੇਸ ਕੀਤਾ ਹੋਇਆ ਹੈ। ਇਸ ਦੀ ਅਗਲੀ ਪੇਸ਼ੀ ਛੇ ਮਈ ਨੂੰ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦੀ ਕੋਈ ਜ਼ਮੀਨ ਸ਼੍ਰੋਮਣੀ ਕਮੇਟੀ ਵੱਲੋਂ ਵੇਚੀ ਨਹੀਂ ਗਈ, ਸਗੋਂ ਇਹ ਗਮਾਡਾ ਵੱਲੋਂ ਐਕੁਆਇਰ ਕੀਤੀ ਗਈ ਹੈ।

# ਦੂਜੇ ਰਾਜਾਂ ਤੋਂ ਖਰੀਦੀ ਸਸਤੀ ਕਣਕ ਵੇਚਣ ਦਾ ਮੁੱਦਾ ਭਖਿਆ

**ਬਠਿੰਡਾ:** ਕਾਲਾ ਬਾਜ਼ਾਰੀ ਲਈ ਬਾਹਰੀ ਰਾਜਾਂ ਤੋਂ ਤਸਕਰੀ ਕਰ ਕੇ ਬਠਿੰਡਾ ਲਿਆਂਦੀ ਕਣਕ ਦਾ ਵੱਡਾ ਜ਼ਖੀਰਾ ਫੜਿਆ ਗਿਆ ਹੈ। ਮਾਮਲਾ ਬੇਪਰਦ ਹੋਣ 'ਤੇ ਵਿਜੀਲੈਂਸ ਸਮੇਤ ਮੰਡੀ ਬੋਰਡ ਵੱਲੋਂ ਹਰਕਤ ਵਿਚ ਆਉਣ 'ਤੇ ਪੁਲਿਸ ਨੇ ਸ਼ਹਿਰ ਦੀਆਂ ਦੋ ਵੱਡੀਆਂ ਫਰਮਾਂ ਮੈਸਰਜ ਅਸ਼ੋਕ ਰਾਮ ਬਾਬੂ ਰਾਮ ਅਤੇ ਮੈਸਰਜ ਲਕਸ਼ਮੀ ਆਇਲ ਮਿਲਜ਼ ਖਿਲਾਫ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਇਹ ਕਣਕ ਬਿਹਾਰ ਦੇ ਦਰਭੰਗਾ ਤੋਂ ਇਲਾਵਾ ਯੂਪੀ, ਰਾਜਸਥਾਨ ਆਦਿ ਰਾਜਾਂ ਵਿਚੋਂ ਆਈ। ਸੂਤਰਾਂ ਮੁਤਾਬਕ ਕਰੀਬ 25 ਟਰਾਲਿਆਂ 'ਚ ਲੱਦ ਕੇ ਆਈ ਕਣਕ 'ਚੋਂ 3 ਗੱਡੀਆਂ ਦਾਣਾ ਮੰਡੀ ਵਿਚੋਂ ਫੜੀਆਂ ਗਈਆਂ। ਮਾਮਲਾ ਸ਼ੱਕੀ ਇਸ ਲਈ ਸੀ ਕਿ ਪੰਜਾਬ ਸਰਕਾਰ



ਨੇ ਕਣਕ ਦੀ ਖਰੀਦ 10 ਅਪਰੈਲ ਤੋਂ ਸ਼ੁਰੂ ਕਰਨੀ ਸੀ, ਪਰ ਨਵੀਂ ਕਣਕ 8 ਅਪਰੈਲ ਦੀ ਰਾਤ ਨੂੰ ਹੀ ਪਹੁੰਚ ਗਈ। ਹਰ ਟਰੱਕ 'ਚ 400 ਕੁਇੰਟਲ ਕਣਕ ਸੀ, ਜੋ ਉਥੋਂ 1100 ਰੁਪਏ ਫੀ ਕੁਇੰਟਲ ਦੇ ਭਾਅ ਖਰੀਦੀ ਗਈ ਸੀ। ਪੰਜਾਬ 'ਚ ਆ ਕੇ ਇਸ ਦੀ ਕੀਮਤ 1975 ਰੁਪਏ ਮਿਲਣੀ ਸੀ। ਇੰਜ 2 ਲੱਖ ਰੁਪਏ ਪ੍ਰਤੀ ਟਰੱਕ ਕਮਾਈ ਹੋਣੀ ਸੀ। ਕਿਸਾਨ ਆਗੂ ਨਾਇਬ ਸਿੰਘ ਅਤੇ ਸੁਖਜੀਤ ਸਿੰਘ ਨੇ ਕਿਹਾ ਕਿ ਬਾਹਰੋਂ ਆ ਰਿਹਾ ਅਨਾਜ ਪੰਜਾਬ ਦੇ ਕਿਸਾਨਾਂ ਲਈ ਮੁਸੀਬਤ ਬਣੇਗਾ। ਉਨ੍ਹਾਂ ਕਿਹਾ ਕਿ 5-7 ਟਰੱਕ ਲਹਿ ਚੁੱਕੇ ਹਨ ਅਤੇ 20-22 ਟਰਾਲੇ ਕਿਤੇ ਲੁਕਾ ਲਏ ਗਏ ਹਨ। ਉਨ੍ਹਾਂ ਮੁਨਾਫੇਖੋਰਾਂ ਦੇ ਇਸ ਧੰਦੇ ਨੂੰ ਸਿਆਸੀ ਸ਼ਹਿ ਹੋਣ ਦੇ ਦੋਸ਼ ਲਾਏ। ਰੱਫੜ ਵਧਣ 'ਤੇ ਉਚ ਅਧਿਕਾਰੀਆਂ ਦੀ ਹਾਜ਼ਰੀ ਵਿਚ ਦਾਣਾ ਮੰਡੀ ਵਿਚਲੇ ਦੋ ਗੁਦਾਮਾਂ ਦੇ ਤਾਲੇ ਤੋੜ ਕੇ ਉਨ੍ਹਾਂ ਅੰਦਰੋਂ ਹਜ਼ਾਰਾਂ ਦੀ ਗਿਣਤੀ ਵਿਚ ਵਿਵਾਦਿਤ ਕਣਕ ਬਰਾਮਦ ਕੀਤੀ ਗਈ।

# ਸਿੱਧੀ ਅਦਾਇਗੀ: ਪੰਜਾਬ ਸਰਕਾਰ ਨੇ ਕੇਂਦਰ ਦੀ ਅੜੀ ਅੱਗੇ ਹਥਿਆਰ ਸੁੱਟੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਣਕ ਦੀ ਅਦਾਇਗੀ ਸਿੱਧੀ ਕਿਸਾਨਾਂ ਦੇ ਖਾਤਿਆਂ ਵਿਚ ਪਾਉਣ ਬਾਰੇ ਕੇਂਦਰ ਸਰਕਾਰ ਦੇ ਹੁਕਮਾਂ ਅੱਗੇ ਹਥਿਆਰ ਸੁੱਟ ਦਿੱਤੇ ਹਨ। ਆੜ੍ਹਤੀਆਂ ਤੇ ਕਿਸਾਨਾਂ ਦੇ ਰੋਹ ਤੋਂ ਬਾਅਦ ਪੰਜਾਬ ਸਰਕਾਰ ਨੇ ਭਾਵੇਂ ਕੇਂਦਰ ਕੋਲ ਰਾਹਤ ਦੇਣ ਲਈ ਤਰਲਾ ਮਾਰਿਆ ਸੀ ਪਰ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਕੋਰਾ ਜਵਾਬ ਦੇ ਦਿੱਤਾ। ਜ਼ਮੀਨ ਦੀਆਂ ਫਰਦਾਂ ਬਾਰੇ ਜਾਣਕਾਰੀ ਦੇਣ ਵਿਚ ਵੀ ਸਿਰਫ ਛੇ ਮਹੀਨੇ ਦੀ ਮੋਹਲਤ ਦਿੱਤੀ ਗਈ ਹੈ। ਇਸ ਫੈਸਲੇ ਨਾਲ ਪੰਜਾਬ ਅੰਦਰ ਸਿਆਸੀ ਜੰਗ ਤੇਜ ਹੋ ਗਈ ਹੈ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਕੈਪਟਨ ਸਰਕਾਰ ਨੂੰ ਇਸ ਮੁੱਦੇ ਉਤੇ ਘੇਰ ਲਿਆ ਹੈ। ਆੜ੍ਹਤੀ ਪੁਰਾਣਾ ਸਿਸਟਮ ਜਾਰੀ ਰਖਵਾਉਣਾ ਚਾਹੁੰਦੇ ਹਨ ਕਿਉਂਕਿ ਉਹ ਕਿਸਾਨਾਂ ਨੂੰ ਵਿਆਜ 'ਤੇ ਪੈਸਾ ਦਿੰਦੇ ਹਨ ਅਤੇ ਫਸਲ ਦੀ ਅਦਾਇਗੀ ਉਨ੍ਹਾਂ ਰਾਹੀਂ ਹੋਣ ਨਾਲ ਅਜਿਹੇ ਪੈਸੇ ਦੀ ਵਾਪਸੀ ਦੀ ਗਰੰਟੀ ਮਿਲੀ ਹੋਈ ਹੈ। ਜੇਕਰ ਸਿੱਧੀ ਅਦਾਇਗੀ ਹੁੰਦੀ ਹੈ ਤਾਂ ਪੈਸੇ ਦੀ ਵਾਪਸੀ ਉਤੇ



ਅਸਰ ਪੈਣ ਦੀ ਸੰਭਾਵਨਾ ਹੈ।

ਅਜਿਹੀ ਸਥਿਤੀ ਵਿਚ ਪੰਜਾਬ ਸਰਕਾਰ ਆੜ੍ਹਤੀਆਂ ਦੇ ਕਰਜ਼ੇ ਦੀ ਵਾਪਸੀ ਦਾ ਕੋਈ ਰਾਹ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਤਿੰਨ ਖੇਤੀ ਕਾਨੂੰਨਾਂ ਅਤੇ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਗਰੰਟੀ ਦੀਆਂ ਮੰਗਾਂ ਨੂੰ ਲੈ ਕੇ ਚੱਲ ਰਹੇ ਅੰਦੋਲਨ ਵਿਚ ਕਿਸਾਨ, ਆੜ੍ਹਤੀ, ਮਜ਼ਦੂਰ ਅਤੇ ਹਰ ਵਰਗ ਦੇ ਲੋਕ ਸ਼ਮੂਲੀਅਤ ਕਰ ਰਹੇ ਹਨ। ਇਸੇ ਲਈ ਫਸਲਾਂ ਦੀ ਸਿੱਧੀ ਅਦਾਇਗੀ ਦੀ ਹਮਾਇਤ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਦੀ ਇਸ ਪਹਿਲਕਦਮੀ ਨੂੰ ਕਿਸਾਨ ਅੰਦੋਲਨ ਵਿਚ ਵਾਦ-ਵਿਵਾਦ ਪੈਦਾ ਕਰਨ ਵਾਲੀ ਚਾਲ ਵਜੋਂ ਦੇਖ ਰਹੀਆਂ ਹਨ। ਹੋਰ ਸੂਬਿਆਂ ਵਿਚ ਕਣਕ ਦੀ ਖਰੀਦ ਪਹਿਲੀ ਅਪਰੈਲ ਤੋਂ ਹੋ ਰਹੀ ਹੈ ਪਰ ਪੰਜਾਬ ਸਰਕਾਰ ਨੇ ਖਰੀਦ 10 ਅਪਰੈਲ ਤੋਂ ਕਰਨ ਦਾ ਫੈਸਲਾ ਕੀਤਾ ਸੀ ਪਰ ਇਹ ਮਾਮਲਾ ਹੱਲ ਨਹੀਂ ਹੋ ਸਕਿਆ।

ਸਿੱਧੀ ਅਦਾਇਗੀ ਦਾ ਮੁੱਦਾ 2012 ਤੋਂ ਚੱਲ ਰਿਹਾ ਹੈ। ਕੇਂਦਰ ਸਰਕਾਰ ਸੂਬਾ ਸਰਕਾਰਾਂ ਨੂੰ ਆਪੋ-ਆਪਣੇ ਖੇਤੀ ਉਪਜ ਮੰਡੀ ਕਮੇਟੀ ਕਾਨੂੰਨਾਂ (ਏ.ਪੀ.ਐਮ.ਸੀ.) 'ਚ ਸੋਧ ਕਰਨ ਲਈ ਕਹਿੰਦੀ ਆਈ ਹੈ। ਰਾਜ ਸਰਕਾਰ ਨੇ ਕੁਝ ਤਬਦੀਲੀਆਂ ਵੀ ਕੀਤੀਆਂ ਹਨ ਪਰ ਰਾਜ ਦੀਆਂ ਸਿਆਸੀ ਧਿਰਾਂ ਕੇਂਦਰ-ਰਾਜ ਸਬੰਧਾਂ, ਭਾਵ ਫੈਡਰਲਿਜ਼ਮ ਦੇ ਸਵਾਲ 'ਤੇ ਸ਼ੁਰੂ ਤੋਂ ਹੀ ਕਮਜ਼ੋਰੀ ਦਿਖਾ ਰਹੀਆਂ ਹਨ। ਕੇਂਦਰ ਸਰਕਾਰ ਹਰ ਖੇਤਰ 'ਤੇ ਕਾਬਜ਼ ਹੋ ਰਹੀ ਹੈ। ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੇਂਦਰ 'ਚ ਸਭ ਕੁਝ ਸਾਫ ਸੁਥਰੇ ਤੇ ਪਾਰਦਰਸ਼ੀ ਤਰੀਕੇ ਨਾਲ ਚੱਲ ਰਿਹਾ ਹੈ ਪਰ ਰਾਜਾਂ 'ਚ ਹੇਰਾ-ਫੇਰੀ ਹੁੰਦੀ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੀਟਿੰਗ ਮਗਰੋਂ ਦੱਸਿਆ ਕਿ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ ਆੜ੍ਹਤੀਆਂ ਰਾਹੀਂ ਅਦਾਇਗੀ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ ਅਤੇ ਹੁਣ ਪੰਜਾਬ ਕੋਲ ਕੋਈ ਬਦਲ ਨਹੀਂ ਬਚਿਆ ਹੈ। ਉਨ੍ਹਾਂ ਦੱਸਿਆ ਕਿ ਕੇਂਦਰੀ ਖੁਰਾਕ ਮੰਤਰੀ ਪਿਊਸ਼ ਗੋਇਲ ਨੇ ਸਪਸ਼ਟ ਆਖ ਦਿੱਤਾ ਕਿ ਕੇਂਦਰ ਸਰਕਾਰ ਕਣਕ ਦੀ ਖਰੀਦ ਅਤੇ ਅਦਾਇਗੀ ਤਾਂ ਹੀ ਕਰੇਗੀ, ਜੇ ਪੰਜਾਬ 'ਚ ਕਿਸਾਨਾਂ ਨੂੰ ਜਿਣਸ ਦੀ ਸਿੱਧੀ ਅਦਾਇਗੀ ਕੀਤੀ ਜਾਵੇਗੀ। ਕੇਂਦਰੀ ਮੰਤਰੀ ਨੇ ਮੀਟਿੰਗ 'ਚ ਆਖਿਆ ਕਿ ਜੇ ਪੰਜਾਬ ਸਰਕਾਰ ਨੇ ਆੜ੍ਹਤੀਆਂ ਜਰੀਏ ਅਦਾਇਗੀ ਕਰਨੀ ਹੈ ਤਾਂ ਰਾਜ ਸਰਕਾਰ ਖੁਦ ਆਪਣੇ ਪੱਧਰ 'ਤੇ ਜਿਣਸ ਖਰੀਦ ਦੇ ਪ੍ਰਬੰਧ ਕਰ ਲਵੇ। ਮਨਪ੍ਰੀਤ ਬਾਦਲ ਨੇ ਕਿਹਾ ਕਿ ਹੁਣ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਬਚਿਆ ਹੈ।

# ਬੰਗਾਲ ਚੋਣਾਂ ਦੇ ਮਾਮਲੇ ਵਿਚ ਚੋਣ ਆਯੋਗ ਦੀ ਭੂਮਿਕਾ ਸਵਾਲਾਂ ਦੇ ਘੇਰੇ 'ਚ

ਭਾਰਤੀ ਚੋਣ ਕਮਿਸ਼ਨ ਸਮੇਤ ਦੇਸ ਦੀਆਂ ਸੰਵਿਧਾਨਕ ਸੰਸਥਾਵਾਂ ਉੱਤੇ ਭਾਵੇਂ ਸਵਾਲ ਪਹਿਲਾਂ ਵੀ ਉਠਦੇ ਰਹੇ ਹਨ, ਪਰ ਜਿਸ ਤਰ੍ਹਾਂ ਭਾਜਪਾ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਇਨ੍ਹਾਂ ਸੰਸਥਾਵਾਂ ਦੀ ਕਾਰਗੁਜਾਰੀ ਉੱਤੇ ਪ੍ਰਸ਼ਨ ਚਿੰਨ੍ਹ ਲੱਗਣੇ ਸ਼ੁਰੂ ਹੋਏ ਹਨ, ਪਹਿਲਾਂ ਕਦੇ ਨਹੀਂ ਲੱਗੇ ਸਨ। ਪੰਜ ਵਿਧਾਨ ਸਭਾਵਾਂ ਵਿਚੋਂ ਚਾਰ ਵਿਧਾਨ ਸਭਾਵਾਂ ਦਾ ਚੋਣ ਅਮਲ ਪੂਰਾ ਹੋ ਗਿਆ ਹੈ। ਬੰਗਾਲ ਵਿਧਾਨ ਸਭਾ ਦੀਆਂ ਚੋਣਾਂ ਅੱਠ ਪੜਾਵਾਂ ਵਿਚ ਪੂਰੀਆਂ ਹੋਣੀਆਂ ਹਨ। ਇਨ੍ਹਾਂ ਵਿਚੋਂ ਚਾਰ

**ਹਰਜਿੰਦਰ ਸਿੰਘ ਗੁਲਪੁਰ**
**ਮੈਲਬੌਰਨ (ਆਸਟ੍ਰੇਲੀਆ)**
**ਫੋਨ: +0061411218801**

ਵਿਧਾਨ ਸਭਾਵਾਂ ਦੀ ਚੋਣ ਹੋ ਗਈ ਹੈ ਅਤੇ ਚਾਰ ਵਿਧਾਨ ਸਭਾਵਾਂ ਦੀ ਚੋਣ ਹੋਣੀ ਬਾਕੀ ਹੈ। ਹੁਣ ਤੱਕ ਦੇ ਚੋਣ ਅਮਲ ਨੇ ਸਾਬਤ ਕਰ ਦਿੱਤਾ ਹੈ ਕਿ ਚੋਣ ਕਮਿਸ਼ਨ ਸ਼ੱਰੇਆਮ ਕੇਂਦਰ ਸਰਕਾਰ ਦੇ ਇਸ਼ਾਰਿਆਂ ਅਨੁਸਾਰ ਕੰਮ ਕਰ ਰਿਹਾ ਹੈ। ਬੰਗਾਲ ਅੰਦਰ ਇਹ ਆਯੋਗ ਪੂਰੀ ਤਰ੍ਹਾਂ ਇੱਕਤਰਫਾ ਰੋਲ ਅਦਾ ਕਰ ਰਿਹਾ ਹੈ। ਪੂਰੇ ਦੇਸ਼ ਦੀ ਵਿਰੋਧੀ ਧਿਰ ਵੱਖ ਵੱਖ ਖੇਮਿਆਂ ਵਿਚ ਵੰਡੀ ਹੋਣ ਕਰਕੇ ਕੇਂਦਰ ਸਰਕਾਰ ਨੂੰ ਕਿਸੇ ਪਾਸਿਓਂ ਵੀ ਬੱਝਵੀਂ ਟੱਕਰ ਨਹੀਂ ਮਿਲ ਰਹੀ। ਆਸਾਮ ਵਿਚ ਪਿਛਲੇ ਪੰਜ ਸਾਲ ਤੋਂ ਚੱਲ ਰਹੀ ਭਾਜਪਾ ਸਰਕਾਰ ਨੂੰ ਇਸ ਵਾਰ ਕਾਂਗਰਸ ਦੀ ਅਗਵਾਈ ਹੇਠ ਬਣੇ ਮਹਾਂ ਗਠਜੋੜ ਨੇ ਸਖਤ ਚਣੌਤੀ ਦਿੱਤੀ ਹੈ, ਪਰ ਬੰਗਾਲ ਵਿਚ ਅਜਿਹਾ ਨਹੀਂ ਹੋ ਸਕਿਆ। ਫੇਰ ਵੀ ਉਥੇ ਕਿਤੇ ਨਾ ਕਿਤੇ ਤਿਕੋਣੀ ਟੱਕਰ ਵਾਲਾ ਮਾਹੌਲ ਬਣਿਆ ਹੋਇਆ ਹੈ।

ਬੰਗਾਲ ਦੀ ਮੁੱਖ ਮੰਤਰੀ ਇੱਕ ਲੋਕਤੰਤਰੀ ਫਾਈਟਰ ਵਜੋਂ ਸਾਹਮਣੇ ਆਈ ਹੈ। ਸੱਟ ਲੱਗਣ ਦੇ ਬਾਵਜੂਦ ਉਹ ਥਰੀ ਵ੍ਹੀਲਰ ਦੇ ਸਹਾਰੇ ਇਹ ਚੋਣ ਲੜ ਰਹੀ ਹੈ। ਇਸ ਸਮੇਂ ਉਹ ਪੂਰੀ ਤਾਕਤ ਨਾਲ ਵਿਸ਼ਵ ਦੀ ਸਭ ਤੋਂ ਅਮੀਰ ਪਾਰਟੀ, ਭਾਰਤੀ ਜਨਤਾ ਪਾਰਟੀ ਨਾਲ ਟੱਕਰ ਲੈ ਰਹੀ ਹੈ। ਬੰਗਾਲ ਦੀ ਇਸ ਮੁੱਖ ਮੰਤਰੀ ਨੂੰ ਹਰਾਉਣ ਲਈ ਕੇਂਦਰ ਸਰਕਾਰ ਨੇ ਪੂਰਾ ਲਾਮ ਲਸ਼ਕਰ ਝੋਕ ਦਿੱਤਾ ਹੈ। ਆਸਾਮ ਅਤੇ ਬੰਗਾਲ ਚੋਣਾਂ ਦੀ ਵਿਸ਼ੇਸ਼ ਕਵਰੇਜ ਕਰ ਕੇ ਪਰਤੇ ਪ੍ਰਸਿੱਧ ਪੱਤਰਕਾਰ ਪ੍ਰੋ. ਮੁਕੇਸ਼ ਕੁਮਾਰ ਅਤੇ ਸ਼ੀਤਲ ਪੀ. ਸਿੰਘ ਅਨੁਸਾਰ ਭਾਜਪਾ ਵਲੋਂ ਹਰ ਵਿਧਾਨ ਸਭਾ ਅੰਦਰ 20 ਕਰੋੜ ਰੁਪਏ ਖਰਚ ਕੀਤੇ ਜਾਣ ਦਾ ਅਨੁਮਾਨ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਉਸ ਨੇ ਬੰਗਾਲ ਚੋਣਾਂ ਜਿੱਤਣ ਦੀ ਥਾਂ ਇਨ੍ਹਾਂ ਨੂੰ ਲੁੱਟਣ ਦਾ ਸੰਕਲਪ ਕਰ ਲਿਆ ਹੈ। ਨਫਰਤੀ ਰਾਜਨੀਤੀ ਹੱਦਾਂ ਬੰਨੇ ਟੱਪ ਗਈ ਹੈ। ਮੁੱਖ ਧਾਰਾ ਨਾਲ ਸਬੰਧਿਤ ਮੀਡੀਏ ਦਾ ਵੱਡਾ ਹਿੱਸਾ ਇੱਕ ਧਿਰ ਬਣ ਕੇ ਚੋਣ ਪ੍ਰਚਾਰ ਕਰ ਰਿਹਾ ਹੈ। ਚੋਣ ਆਯੋਗ ਕੇਂਦਰ ਸਰਕਾਰ ਦੇ ਦਬਾਅ ਅਧੀਨ ਕੰਮ ਕਰ ਰਿਹਾ ਹੈ। ਇਸ ਦੀਆਂ ਦੋ ਮਿਸਾਲਾਂ ਸਭ ਦੇ ਸਾਹਮਣੇ ਹਨ: ਪਹਿਲੀ, ਭਾਜਪਾ ਉਮੀਦਵਾਰਾਂ ਵਲੋਂ ਗਰੀਬ ਲੋਕਾਂ ਨੂੰ ਪ੍ਰਤੀ ਵੋਟਰ ਦੇ ਹਿਸਾਬ ਨਾਲ 1000 ਰੁਪਏ ਦੇ ਕੂਪਨ ਖੁਲ੍ਹੇਆਮ ਵੰਡੇ ਜਾ ਰਹੇ ਹਨ। ਦੂਜੀ, ਚੋਣ ਆਯੋਗ 'ਤੇ ਦਬਾਅ ਪਾ ਕੇ ਫੈਸਲਾ ਕਰਵਾਇਆ ਗਿਆ ਹੈ ਕਿ ਚੋਣ ਏਜੰਟ ਹਲਕੇ ਦੇ ਕਿਸੇ ਵੀ ਬੂਥ ਤੋਂ ਲਿਆ ਜਾ ਸਕਦਾ ਹੈ। ਪਹਿਲਾਂ ਚੋਣ ਏਜੰਟ ਬੂਥ ਨਾਲ ਸਬੰਧਿਤ ਹੁੰਦਾ ਸੀ। ਇਹ ਇਸ ਲਈ ਕੀਤਾ ਗਿਆ ਹੈ, ਕਿਉਂਕਿ ਬਹੁਤੇ ਬੂਥਾਂ 'ਤੇ ਭਾਜਪਾ ਕੋਲ ਵਰਕਰਾਂ ਦੀ ਕਮੀ ਸੀ। ਇਹ ਫੈਸਲਾ ਹੋਣ ਤੋਂ ਪਹਿਲਾਂ ਭਾਜਪਾ ਆਗੂਆਂ-ਮੁਕਲ ਰਾਏ ਅਤੇ ਵਿਧੂਰੀਆ ਦਰਮਿਆਨ ਗੱਲਬਾਤ ਦੀ ਵੀਡੀਓ ਵਾਇਰਲ ਹੋ ਚੁਕੀ ਹੈ। ਇਸ ਗੱਲਬਾਤ ਵਿਚ ਇਹ ਇੱਕ ਦੂਜੇ ਨੂੰ ਕਹਿ ਰਹੇ ਹਨ ਕਿ ਜੇ ਇਹ ਫੈਸਲਾ ਨਾ ਕਰਵਾਇਆ ਗਿਆ ਤਾਂ ਮੁਸ਼ਕਿਲ ਹੋਵੇਗੀ।

ਹੱਦ ਤਾਂ ਉਦੋਂ ਹੋ ਗਈ, ਜਦੋਂ ਚੋਣ ਆਯੋਗ ਨੇ ਕੂਚ ਬਿਹਾਰ ਇਲਾਕੇ ਵਿਚ ਸਿਆਸੀ ਆਗੂਆਂ ਦੇ ਜਾਣ ਉੱਤੇ 72 ਘੰਟੇ ਦੀ ਪਾਬੰਦੀ ਲਾ ਦਿੱਤੀ। ਇਹ ਪਾਬੰਦੀ ਇਸ ਲਈ ਲਾਈ ਗਈ ਤਾਂ ਕਿ ਇਸ ਦੀ ਆੜ ਹੇਠ ਮਮਤਾ ਬੈਨਰਜੀ ਨੂੰ ਸੀ. ਆਈ. ਐਫ. ਹੱਥੋਂ ਮਾਰੇ ਗਏ ਆਪਣੇ ਵਰਕਰਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਜਾਣ ਤੋਂ ਰੋਕਿਆ ਜਾ ਸਕੇ। ਸਵਾਲ ਪੈਦਾ ਹੁੰਦਾ ਹੈ ਕਿ ਸੀ. ਆਰ. ਪੀ. ਦੀ ਜਗ੍ਹਾ ਸੀ. ਆਈ. ਐਸ. ਐਫ. ਨੂੰ ਚੋਣ ਡਿਊਟੀ ਉੱਤੇ ਤਾਇਨਾਤ ਹੀ ਕਿਉਂ ਕੀਤਾ ਗਿਆ ਹੈ? ਇਸ ਫੋਰਸ ਦਾ ਕੰਮ ਉਦਯੋਗਿਕ ਖੇਤਰਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ। ਮਨੁੱਖੀ ਭੀੜਾਂ ਨੂੰ ਕਾਬੂ ਕਰਨ ਦੀ ਇਸ ਫੋਰਸ ਕੋਲ ਨਾ ਤਾਂ ਕੋਈ ਸਿਖਲਾਈ ਹੈ ਅਤੇ ਨਾ ਕੋਈ ਤਜਰਬਾ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਚੋਣ ਆਯੋਗ ਬੰਗਾਲ ਚੋਣਾਂ ਦੇ ਸੰਵੇਦਨਸ਼ੀਲ ਮਾਮਲੇ ਨੂੰ ਲੈ ਕੇ ਕਿੰਨਾ ਗੈਰ-ਗੰਭੀਰ ਹੈ।

ਰਿਪੋਰਟਾਂ ਅਨੁਸਾਰ ਭਾਜਪਾ ਨੇ ਚੋਣ ਕਮਿਸ਼ਨ ਅਤੇ ਤਮਾਮ ਕੇਂਦਰੀ ਏਜੰਸੀਆਂ ਰਾਹੀਂ ਬੰਗਾਲ ਚੋਣਾਂ ਨੂੰ ਲੁੱਟ ਲੈਣ ਦਾ ਸੰਕਲਪ ਕੀਤਾ ਹੋਇਆ ਹੈ। ਭਾਜਪਾ ਵਲੋਂ ਵੱਡੇ ਪੱਧਰ 'ਤੇ ਚੋਣ ਪ੍ਰਚਾਰ ਸਾਹਿੰਤਾ ਦਾ ਉਲੰਘਣ ਕਰਨ ਦੇ ਬਾਵਜੂਦ ਉਸ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਜਦੋਂ ਕਿ ਤ੍ਰਿਣਮੂਲ ਕਾਂਗਰਸ ਖਿਲਾਫ ਇੱਕ ਤਰਫਾ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਮਮਤਾ ਬੈਨਰਜੀ ਦੇ ਚੋਣ ਪ੍ਰਚਾਰ ਕਰਨ ਉੱਤੇ ਵੀ 24 ਘੰਟੇ ਲਈ ਰੋਕ ਲਾਈ ਗਈ। ਬੰਗਾਲ ਭਾਜਪਾ ਪ੍ਰਧਾਨ ਦਲੀਪ ਘੋਸ਼ ਨੇ ਇੱਕ ਚੋਣ ਸਭ ਦੌਰਾਨ ਕਿਹਾ ਕਿ ਜੇ ਸ਼ਰਾਰਤੀ ਤੱਤ ਨਾ ਸੁਧਰੇ ਤਾਂ ਅਜਿਹੀਆਂ ਘਟਨਾਵਾਂ ਆਉਣ ਵਾਲੇ ਦਿਨਾਂ ਵਿਚ ਵੀ ਹੋਣਗੀਆਂ, ਭਾਵ ਹੋਰ ਕਤਲ ਵੀ ਹੋ ਸਕਦੇ ਹਨ। ਇਹ ਤਾਂ ਸ਼ੁਰੂਆਤ ਹੈ। ਅਜਿਹਾ ਬਿਆਨ ਆਦਰਸ਼ ਚੋਣ ਸਾਹਿੰਤਾ ਦੀ ਸਿੱਧੀ ਖਿਲਾਫ-ਵਰਜੀ ਹੈ, ਪਰ ਚੋਣ ਆਯੋਗ ਚੁੱਪ ਹੈ।




ਮਮਤਾ ਬੈਨਰਜੀ ਨੇ ਕੂਚ ਬਿਹਾਰ ਵਿਖੇ ਹੋਈਆਂ ਪੰਜ ਰਾਜਸੀ ਕਾਰਕੁਨਾਂ ਦੀਆਂ ਮੌਤਾਂ ਨੂੰ ਇੱਕ ਤਰ੍ਹਾਂ ਦਾ ਨਰ ਸੰਘਾਰ ਕਿਹਾ ਹੈ। ਇਸ ਦੇ ਨਾਲ ਉਨ੍ਹਾਂ ਦਲੀਪ ਘੋਸ਼ ਨੂੰ ਗ੍ਰਿਫਤਾਰ ਕਰਨ ਦੀ ਮੰਗ ਵੀ ਕੀਤੀ ਹੈ। ਖੱਬੇ ਪੱਖੀ ਨੇਤਾਵਾਂ ਅਤੇ ਕਾਂਗਰਸ ਨੇ ਵੀ ਦਲੀਪ ਘੋਸ਼ ਦੇ ਬਿਆਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸਾਬਕਾ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਟਵੀਟ ਕਰਕੇ ਕਿਹਾ ਹੈ ਕਿ ਭਾਰਤ ਦੇ ਚੋਣ ਇਤਿਹਾਸ ਵਿਚ ਚੋਣ ਪ੍ਰਚਾਰ ਵਿਚ ਹਿੱਸਾ ਲੈ ਰਹੇ ਰਾਜਸੀ ਕਾਰਕੁਨਾਂ ਦੇ ਕਤਲ ਦੀ ਘਿਨਾਉਣੀ ਵਾਰਦਾਤ ਪਹਿਲਾਂ ਕਦੇ ਨਹੀਂ ਹੋਈ। ਮਮਤਾ ਬੈਨਰਜੀ ਨੇ ਕਿਹਾ ਹੈ ਕਿ ਇਹ ਮਾਡਲ ਚੋਣ ਜ਼ਾਬਤਾ ਨਹੀਂ, ਮੋਦੀ ਚੋਣ ਜ਼ਾਬਤਾ ਹੈ। ਉਹ ਬਹੁਤ ਦ੍ਰਿੜਤਾ ਨਾਲ ਇਹ ਅਸਾਵੀਂ ਲੜਾਈ ਲੜ ਰਹੀ ਹੈ, ਜਿਸ ਨਾਲ ਉਸ ਦਾ ਕੱਦ ਉਚਾ ਹੋਇਆ ਹੈ।

ਪ੍ਰਸਿੱਧ ਰਾਜਨੀਤਕ ਟਿੱਪਣੀਕਾਰ ਅਭੈ ਦੂਬੇ ਦਾ ਕਹਿਣਾ ਹੈ ਕਿ ਅਸਲ ਵਿਚ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਦੇਸ਼ ਦੀ ਰਾਜਨੀਤੀ ਵਿਚ ਵੱਡਾ ਮੋੜ ਸਾਬਤ ਹੋਣ ਜਾ ਰਹੀਆਂ ਹਨ। ਇਹ ਚੋਣਾਂ ਭਾਰਤੀ ਰਾਜਨੀਤੀ ਦੀ ਦਿਸ਼ਾ ਤੇ ਦਸ਼ਾ ਤੈਅ ਕਰਨਗੀਆਂ। ਜੇ ਇਨ੍ਹਾਂ ਚੋਣਾਂ ਵਿਚ ਭਾਜਪਾ ਹਾਰ ਜਾਂਦੀ ਹੈ ਤਾਂ ਉਹ ਬਹੁਤ ਸਾਰੀਆਂ ਸਮੱਸਿਆਵਾਂ ਦੇ ਭੰਵਰ ਵਿਚ ਫਸ ਜਾਵੇਗੀ, ਜਿਨ੍ਹਾਂ ਨੂੰ ਉਸ ਨੇ ਹੁਣ ਤੱਕ ਦਰ ਕਿਨਾਰ ਕੀਤਾ ਹੋਇਆ ਹੈ। ਭਾਜਪਾ ਜਾਣਦੀ ਹੈ ਕਿ ਮਮਤਾ ਬੈਨਰਜੀ ਇਹ ਚੋਣਾਂ ਜਿੱਤ ਕੇ ਵਿਰੋਧੀ ਧਿਰ ਦਾ ਕੇਂਦਰ ਬਿੰਦੂ ਬਣ ਕੇ ਉਭਰੇਗੀ। ਮਮਤਾ ਬੈਨਰਜੀ ਚੋਣ ਪ੍ਰਚਾਰ ਦੌਰਾਨ ਦਾਅਵਾ ਕਰ ਰਹੀ ਹੈ ਕਿ ਉਹ ਇੱਕ ਪੈਰ ਨਾਲ ਬੰਗਾਲ ਜਿੱਤੇਗੀ ਅਤੇ ਦੋ ਪੈਰ ਨਾਲ ਦਿੱਲੀ।

ਇਸ ਸਮੇਂ ਭਾਜਪਾ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਕਿਸਾਨ ਅੰਦੋਲਨ ਦੇ ਰੂਪ ਵਿਚ ਦਰਪੇਸ਼ ਹੈ। ਇਹ ਅੰਦੋਲਨ ਹੌਲੀ ਹੌਲੀ ਆਪਣੇ ਪੈਰ ਪਸਾਰ ਰਿਹਾ ਹੈ। ਇਸ ਦੇ ਚਰਚੇ ਵਿਸ਼ਵ ਭਰ ਵਿਚ ਹੋ ਰਹੇ ਹਨ। ਮੋਦੀ ਸਰਕਾਰ ਦੀ ਕਿਰਕਿਰੀ ਹੋ ਰਹੀ ਹੈ, ਜਿਸ ਤੋਂ ਉਹ ਬਹੁਤ ਪ੍ਰੇਸ਼ਾਨ ਹੈ। ਭਾਜਪਾ ਨੂੰ ਲੱਗਦਾ ਹੈ ਕਿ ਬੰਗਾਲ ਚੋਣਾਂ ਜਿੱਤ ਕੇ ਉਸ ਨੂੰ ਇਨ੍ਹਾਂ ਸਮੱਸਿਆਵਾਂ ਦਾ ਪ੍ਰਬੰਧਨ ਕਰਨ ਲਈ ਕੁਝ ਹੋਰ ਸਮਾਂ ਮਿਲ ਜਾਵੇਗਾ। ਇਸੇ ਕਰਕੇ ਭਾਜਪਾ ਨੇ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਬਹੁਤ ਵੱਡਾ ਦਾਅ ਖੇਡਿਆ ਹੈ। ਚੋਣ ਜ਼ਾਬਤੇ ਸਬੰਧੀ ਲਛਮਣ ਰੇਖਾਵਾਂ ਪਾਰ ਕਰਨ ਤੋਂ ਇਲਾਵਾ ਚੋਣ ਕਮਿਸ਼ਨ ਨੇ ਚੋਣ ਪ੍ਰਚਾਰ ਦੌਰਾਨ ਕਰੋਨਾ ਨੂੰ ਫੈਲਣ ਤੋਂ ਰੋਕਣ ਲਈ ਕੋਈ ਠੋਸ ਕਾਰਵਾਈ ਨਹੀਂ ਕੀਤੀ, ਜਿਸ ਦੇ ਨਤੀਜੇ ਚਿੰਤਾਜਨਕ ਹੋ ਸਕਦੇ ਹਨ।

ਇਸੇ ਦੌਰਾਨ ਜਾਣਕਾਰੀ ਮਿਲੀ ਹੈ ਕਿ ਮੌਜੂਦਾ ਚੋਣ ਕਮਿਸ਼ਨਰ ਸੁਨੀਲ ਅਰੋੜਾ ਸੇਵਾ ਮੁਕਤ ਹੋ ਗਏ ਹਨ। ਉਨ੍ਹਾਂ ਦੀ ਥਾਂ ਸੁਸ਼ੀਲ ਚੰਦਰਾ ਨੂੰ ਮੁੱਖ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ, ਪਰ ਇਸ ਨਿਯੁਕਤੀ ਨਾਲ ਚੋਣ ਕਮਿਸ਼ਨ ਦੀ ਕਾਰਜ ਸ਼ੈਲੀ ਵਿਚ ਕਿਸੇ ਬਦਲਾਅ ਦੀ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ।

ਸਮੂਹ ਗਾਹਕਾਂ ਤੇ ਪਾਠਕਾਂ ਨੂੰ ਵਿਸਾਖੀ ਦੀਆਂ ਵਧਾਈਆਂ

COVERED CALIFORNIA

Certified Insurance Agent

Global Green INSURANCE AGENCY


Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ

ਫੋਨ:510-487-1000

MANN@GGIABA.COM


Gurcharan Singh Mann

Mann Insurance Brokers Inc.

4123 Dyer St., #230, Union City, CA 94587

ਪੰਜਾਬ ਟਾਈਮਜ਼

ਸਨਿਚਰਵਾਰ, 17 ਅਪਰੈਲ 2021

## ਸਿਆਸੀ ਮਾਹੌਲ ਅਤੇ ਸਿਆਸਤ

ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਰਿਪੋਰਟ ਰੱਦ ਕੀਤੇ ਜਾਣ ਤੋਂ ਬਾਅਦ ਪੰਜਾਬ ਅੰਦਰ ਸਿਆਸੀ ਮਾਹੌਲ ਭਖ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਹਿ ਦਿੱਤਾ ਹੈ ਕਿ ਉਹ ਹਾਈਕੋਰਟ ਦੇ ਇਸ ਫੈਸਲੇ ਖਿਲਾਫ ਸੁਪਰੀਮ ਕੋਰਟ ਜਾਣਗੇ। ਵਿਰੋਧੀ ਧਿਰ ਨੇ ਇਸ ਮਸਲੇ ਨੂੰ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਜੋ ਇਸ ਮਸਲੇ ਵਿਚ ਬਹੁਤ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ, ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਕਾਰ ਗੰਢ-ਤੁਪ ਦੇ ਇਲਜ਼ਾਮ ਲਾਏ ਹਨ। ਇਸੇ ਦੌਰਾਨ ਜਾਂਚ ਕਰਨ ਵਾਲੇ ਵਿਸ਼ੇਸ਼ ਜਾਂਚ ਟੀਮ ਦੇ ਕਰਤਾ-ਧਰਤਾ ਆਈ.ਪੀ.ਐਸ. ਅਫਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਾਈਕੋਰਟ ਦੀ ਟਿੱਪਣੀ ਤੋਂ ਬਾਅਦ ਉਹ ਪੁਲਿਸ ਸਰਵਿਸ ਵਿਚ ਰਹਿਣਾ ਨਹੀਂ ਚਾਹੁੰਦੇ। ਉਂਜ, ਉਨ੍ਹਾਂ ਦੇ ਇਸ ਪੱਖ ਦਾ ਇਕ ਹੋਰ ਪੱਖ ਵੀ ਉਘੜ ਆਇਆ ਹੈ। ਉਨ੍ਹਾਂ ਆਖਿਆ ਹੈ ਕਿ ਉਹ ਕਿਸੇ ਹੋਰ ਰੂਪ ਵਿਚ ਸੂਬੇ ਦੇ ਲੋਕਾਂ ਦੀ ਸੇਵਾ ਕਰਨਗੇ। ਵਿਸ਼ਲੇਸ਼ਣਕਾਰਾਂ ਨੇ ਇਸ ਦਾ ਮਤਲਬ ਇਹ ਕੱਢਿਆ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਸਿਆਸਤ ਵਿਚ ਆ ਰਹੇ ਹਨ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੈਦਾਨ ਵਿਚ ਨਿੱਤਰਨਗੇ। ਕੁੱਲ ਮਿਲਾ ਕੇ ਸਾਰਾ ਕੁਝ ਚੋਣਾਂ ਦੇ ਹਿਸਾਬ ਨਾਲ ਰਿੰਨ੍ਹਣ-ਪਕਾਉਣ ਦੀ ਕਵਾਇਦ ਚੱਲ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ ਵਿਚ ਸਭ ਤੋਂ ਅਗਾਂਹ ਹਨ। ਸੁਸਤ ਵਿਰਧੀ ਧਿਰ ਨੂੰ ਤਾੜਦਿਆਂ ਉਨ੍ਹਾਂ ਨੂੰ ਇਹ ਜਚ ਗਿਆ ਹੈ ਕਿ ਅਗਲੀਆਂ ਚੋਣਾਂ ਵਿਚ ਜਿੱਤ ਉਨ੍ਹਾਂ ਦੀ ਪਾਰਟੀ ਦੀ ਹੀ ਹੋਣੀ ਹੈ। ਕਿਸਾਨ ਅੰਦੋਲਨ ਨੂੰ ਵਿੰਗੀ-ਟੇਢੀ ਹਮਾਇਤ ਦੇ ਮਾਮਲੇ ਕਾਰਨ ਵੀ ਆਮ ਲੋਕਾਂ ਵਿਚ ਉਨ੍ਹਾਂ ਦੀ ਭੱਲ ਬਣੀ ਹੋਈ ਹੈ। ਇਸੇ ਕਰ ਕੇ ਹੀ ਤਾਂ ਇਹ ਗੱਲ ਵੀ ਚਰਚਾ ਦਾ ਵਿਸ਼ਾ ਬਣ ਗਈ ਸੀ ਕਿ ਕੈਪਟਨ ਅਮਰਿੰਦਰ ਸਿੰਘ ਸਮੇਂ ਤੋਂ ਪਹਿਲਾਂ ਹੀ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਸਿਫਾਰਿਸ਼ ਕਰ ਸਕਦੇ ਹਨ।

ਬੇਅਦਬੀ ਦੇ ਮਸਲੇ ਨੇ ਸੱਚਮੁੱਚ ਪੰਜਾਬ ਦੀਆਂ ਸਮੁੱਚੀਆਂ ਸਿਆਸੀ ਧਿਰਾਂ ਨੂੰ ਰਿੜਕਣ 'ਤੇ ਲਾਇਆ ਹੋਇਆ ਹੈ। ਸਿਆਸੀ ਮਾਹਿਰ ਤਾਂ ਹੁਣ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਕੋਈ ਅੰਦੋਲਨ ਸ਼ੁਰੂ ਹੋਣ ਦੀਆਂ ਕਿਆਸ-ਆਰਾਈਆਂ ਵੀ ਲਾ ਰਹੇ ਹਨ। ਇਹ ਮਾਮਲਾ ਹੁਣ ਉਨ੍ਹਾਂ ਪੰਥਕ ਧਿਰਾਂ ਲਈ ਵੀ ਚੁਣੌਤੀ ਬਣ ਕੇ ਟੱਕਰੇਗਾ ਜੋ ਪੰਜਾਬ ਵਿਚੋਂ ਉਠੇ ਕਿਸਾਨ ਅੰਦੋਲਨ ਨੂੰ ਸਿੱਖ ਅੰਦੋਲਨ ਬਣਾਉਣ ਲਈ ਤਰਲੋਮੱਛੀ ਹੋ ਰਹੇ ਸਨ ਅਤੇ ਆਪਣੀਆਂ ਇਨ੍ਹਾਂ ਸਰਗਰਮੀਆਂ ਵਿਚ ਕਿਸਾਨ ਮੋਰਚੇ ਨੂੰ ਟੇਢੇ ਢੰਗ ਨਾਲ ਸੱਟ ਮਾਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਹੁਣ ਸਾਰਿਆਂ ਦੀਆਂ ਨਜ਼ਰਾਂ ਇਨ੍ਹਾਂ ਪੰਥਕ ਧਿਰਾਂ ਉਤੇ ਲੱਗੀਆਂ ਹੋਈਆਂ ਹਨ ਕਿ ਉਹ ਹੁਣ ਇਸ ਮਾਮਲੇ 'ਤੇ ਕੀ ਸਰਗਰਮੀ ਵਿੱਢਦੀਆਂ ਹਨ। ਇਹ ਧਿਰਾਂ ਜਿਨ੍ਹਾਂ ਨੌਜਵਾਨਾਂ ਨੂੰ ਨਾਇਕ ਬਣਾ ਕੇ ਪੇਸ਼ ਕਰ ਰਹੀਆਂ ਹਨ, ਉਹ ਹੁਣ ਇਸ ਮਾਮਲੇ 'ਤੇ ਕੀ ਰਣਨੀਤੀ ਅਪਣਾਉਂਦੇ ਹਨ, ਇਹ ਵੀ ਵਿਚਾਰਨ ਵਾਲਾ ਮਸਲਾ ਹੈ। ਜ਼ਿਕਰ ਕਰਨਾ ਬਣਦਾ ਹੈ ਕਿ ਬੇਅਦਬੀ ਵਾਲੇ ਮਸਲੇ 'ਤੇ ਜੋ ਨੀਤੀ ਸ਼੍ਰੋਮਣੀ ਅਕਾਲੀ ਦਲ ਨੇ ਅਪਣਾਈ ਸੀ, ਉਸ ਤੋਂ ਸੂਬੇ ਦੇ ਲੋਕ ਬਹੁਤ ਔਖੇ ਹੋਏ ਸਨ ਅਤੇ ਅੱਜ ਤੱਕ ਸੂਬੇ ਅੰਦਰ ਇਸ ਪਾਰਟੀ ਦੇ ਪੈਰ ਨਹੀਂ ਲੱਗ ਰਹੇ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਪੰਜ ਸਾਲਾਂ ਦਾ ਕਾਰਜਕਾਲ ਹੁਣ ਮੁੱਕਣ 'ਤੇ ਆਇਆ ਹੋਇਆ ਹੈ ਅਤੇ ਅਜੇ ਤੱਕ ਮਾਮਲੇ ਵਿਚਾਲੇ ਹੀ ਲਟਕ ਰਿਹਾ ਹੈ। ਲੋਕ ਸਵਾਲ ਕਰ ਰਹੇ ਹਨ ਕਿ ਪੰਜ ਸਾਲਾਂ ਵਿਚ ਇਹ ਮਸਲਾ ਹੱਲ ਕਿਉਂ ਨਹੀਂ ਕੀਤਾ ਜਾ ਸਕਿਆ? ਅਸਲ ਵਿਚ, ਕੈਪਟਨ ਅਮਰਿੰਦਰ ਸਿੰਘ ਨੇ ਇਹ ਮਸਲਾ ਚੋਣਾਂ ਦੇ ਹਿਸਾਬ ਨਾਲ ਲਟਕਾਉਣ ਦਾ ਯਤਨ ਕੀਤਾ ਤਾਂ ਕਿ ਇਸ ਤੋਂ ਚੁਣਾਵੀ ਲਾਹਾ ਲਿਆ ਜਾ ਸਕੇ ਪਰ ਹੁਣ ਹਾਈਕੋਰਟ ਦੇ ਫੈਸਲੇ ਨੇ ਉਨ੍ਹਾਂ ਦੀਆਂ ਗਿਣਤੀਆਂ-ਮਿਣਤੀਆਂ ਵਿਗਾੜ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਲੈਣੇ ਦੇ ਦੇਣੇ ਪੈ ਗਏ ਹਨ। ਹੋਰ ਤਾਂ ਹੋਰ, ਚੋਣਾਂ ਦੇ ਮੱਦੇਨਜ਼ਰ ਨਵਜੋਤ ਸਿੰਘ ਸਿੱਧੂ ਵੀ ਇਸ ਮਸਲੇ 'ਤੇ ਇਕਦਮ ਸਰਗਰਮ ਹੋ ਗਿਆ ਹੈ।

ਇਹੀ ਹਾਲ ਕੌਮੀ ਪੱਧਰ ਦੀ ਸਿਆਸਤ ਦਾ ਹੈ। ਸਾਰਾ ਕੁਝ ਚੋਣਾਂ ਦੇ ਹਿਸਾਬ ਨਾਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਕੇਂਦਰ ਸਰਕਾਰ ਦੀ ਅਗਵਾਈ ਕਰ ਰਹੀ ਭਾਰਤੀ ਜਨਤਾ ਪਾਰਟੀ ਦਾ ਸਾਰਾ ਜ਼ੋਰ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ 'ਤੇ ਲੱਗਿਆ ਹੋਇਆ ਹੈ। ਬਿਨਾਂ ਸ਼ੱਕ, ਇਨ੍ਹਾਂ ਚੋਣਾਂ ਨੇ ਮੁਲਕ ਦੀ ਸਿਆਸਤ ਉਤੇ ਵੱਡਾ ਅਸਰ ਵੀ ਪਾਉਣਾ ਹੈ। ਜੇ ਪੱਛਮੀ ਬੰਗਾਲ ਵਿਚ ਭਾਰਤੀ ਜਨਤਾ ਪਾਰਟੀ ਜਿੱਤਦੀ ਹੈ ਤਾਂ ਉਸ ਨਾਲ ਕੇਂਦਰ ਸਰਕਾਰ ਦਾ ਕਿਸਾਨ ਅੰਦੋਲਨ ਪ੍ਰਤੀ ਰੁਖ ਵੀ ਸਪਸ਼ਟ ਹੋਵੇਗਾ। ਮਾਹਿਰਾਂ ਦੀ ਰਾਇ ਹੈ ਕਿ ਜਿੱਤ ਦੀ ਸੂਰਤ ਵਿਚ ਕੇਂਦਰ ਸਰਕਾਰ ਦਾ ਰੁਖ ਸਖਤ ਹੋ ਸਕਦਾ ਹੈ। ਦੂਜੇ ਬੰਨੇ, ਜੇ ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਜਿੱਤਦੀ ਹੈ ਤਾਂ ਕੇਂਦਰ ਸਰਕਾਰ ਖਿਲਾਫ ਕੌਮੀ ਮੰਚ ਦਾ ਮੂੰਹ-ਮੱਥਾ ਬਣਨਾ ਸ਼ੁਰੂ ਹੋ ਜਾਵੇਗਾ। ਇਸ ਸੂਰਤ ਵਿਚ ਫਿਰ ਕੇਂਦਰ ਸਰਕਾਰ ਉਤੇ ਕਿਸਾਨਾਂ ਨਾਲ ਗੱਲਬਾਤ ਲਈ ਦਬਾਅ ਵੀ ਬਣ ਸਕਦਾ ਹੈ। ਅਸਲ ਵਿਚ ਚੋਣਾਂ ਦੀ ਸਿਆਸਤ ਨੇ ਭਾਰਤ ਦੀ ਸਮੁੱਚੀ ਸਿਆਸਤ ਨੂੰ ਆਪਣੇ ਲਪੇਟੇ ਵਿਚ ਲੈ ਲਿਆ ਹੋਇਆ ਹੈ। ਸਾਰੀਆਂ ਸਿਆਸੀ ਪਾਰਟੀਆਂ ਦੀ ਹਰ ਸਰਗਰਮੀ ਚੋਣਾਂ ਨਾਲ ਜੁੜ ਗਈ ਹੈ ਅਤੇ ਇਨ੍ਹਾਂ ਦੀਆਂ ਨੀਤੀ-ਰਣਨੀਤੀਆਂ ਵੀ ਇਸੇ ਹਿਸਾਬ ਨਾਲ ਹੀ ਘੜੀਆਂ ਜਾ ਰਹੀਆਂ ਹਨ। ਇਸੇ ਮੂੰਹ-ਜ਼ੋਰ ਸਿਆਸਤ ਕਾਰਨ ਹੀ ਕਿਸਾਨ ਆਗੂਆਂ ਨੂੰ ਪੱਛਮੀ ਬੰਗਾਲ ਵਿਚ ਭਾਰਤੀ ਜਨਤਾ ਪਾਰਟੀ ਖਿਲਾਫ ਪ੍ਰਚਾਰ ਕਰਨ ਲਈ ਤੋਰਿਆ ਸੀ ਪਰ ਸੋਚਣ-ਵਿਚਾਰਨ ਵਾਲਾ ਮੁੱਖ ਬਿੰਦੂ ਇਹ ਹੈ ਕਿ ਇਸ ਚੋਣ ਸਿਆਸਤ ਨੇ ਹੀ ਸਿਆਸਤ ਨੂੰ ਨਿਘਾਰ ਵੱਲ ਧੱਕਿਆ ਹੈ। ਇਸ ਦਾ ਇਕੋ-ਇਕ ਤੋੜ ਕਿਸਾਨ ਅੰਦੋਲਨ ਵਰਗੇ ਜਥੇਬੰਦ ਅੰਦੋਲਨ ਹੀ ਹਨ। ਪੰਥਕ ਧਿਰਾਂ ਨੂੰ ਵੀ ਹੁਣ ਕਿਸਾਨ ਅੰਦੋਲਨ ਵਿਚ ਸ਼ਾਮਿਲ ਹੋਣ ਦੀ ਜ਼ਿਦ ਛੱਡ ਕੇ ਬੇਅਦਬੀ ਦੇ ਮਾਮਲੇ ਨੂੰ ਕਿਸਾਨ ਅੰਦੋਲਨ ਵਾਂਗ ਅੰਦੋਲਨ ਦੇ ਰਾਹ ਲਿਜਾਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਛੱਜ ਨੂੰ ਕਰੇ ਸਵਾਲ ਛਾਨਣੀ?

ਬੀਤੇ ਕਈ ਸਾਲ ਖੱਟੀ ਝੂਠ ਦੀ ਹੀ ਖਾਂਦਿਆਂ ਨੂੰ, ਕਪਟੀ ਗੱਦਾਰੀ ਵਾਲੇ 'ਚਾਲੇ' ਨਹੀਂਉਂ ਅੱਜ ਦੇ।
ਬਾਦਲਾਂ ਨੂੰ ਮੰਗਦੇ ਜਵਾਬ ਦੇਖ ਏਦਾਂ ਜਾਪੇ, ਛਾਨਣੀ ਸਵਾਲ ਕਰੇ ਜਿੱਦਾਂ ਮੋਹਰੇ ਛੱਜ ਦੇ।
ਨੌਂ ਸੌ ਚੂਹਾ ਖਾਣ ਵਾਲੀ ਬਿੱਲੀ ਜਿਵੇਂ ਹੱਥ ਜੋੜ, ਕਰਦੀ ਐਲਾਨ ਫਿਰੇ ਮੱਕੇ ਵਾਲੀ 'ਹੱਜ' ਦੇ।
ਪੰਥ ਤੇ ਪੰਜਾਬ ਦੇ ਸਵਾਲ ਖੜ੍ਹੇ ਏਨ੍ਹਾਂ ਸਿਰ, ਭੁੱਲ ਜਾਣ ਲੋਕੀ ਤਦੇ ਰੈਲੀਆਂ 'ਚ 'ਗੱਜਦੇ'।
ਬਹਿਬਲ ਕਲਾਂ ਤੇ ਸੌਦੇ ਸਾਧ ਨੂੰ ਮੁਆਫੀ ਪੁੱਛੋ, ਦੇਖਿਓ ਖਾਂ ਅੱਡੀਆਂ ਨੂੰ ਥੁੱਕ ਲਾ ਕੇ ਭੱਜਦੇ।
'ਸਾਡੀ ਸਰਕਾਰ ਬਣੂ' ਰਿੰਨ੍ਹਦੇ ਖਿਆਲੀ ਖੀਰ, ਆਪ ਖਾਈ ਜਾਣ ਨਾਲੇ 'ਚਮਚੇ' ਵੀ ਰੱਜਦੇ!

# ਤੇਜ਼ੀ ਨਾਲ ਬਦਲਦਾ ਸੰਸਾਰ ਤੇ ਅਸੀਂ

*ਪਿਛਲੇ ਕੁਝ ਕੁ ਸਮੇਂ ਦੌਰਾਨ ਦੁਨੀਆ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਵੱਡੀਆਂ ਵੱਡੀਆਂ ਤਬਦੀਲੀਆਂ ਸਾਡੀਆਂ ਬਰੂਹਾਂ 'ਤੇ ਆਣ ਖਲੋਈਆਂ ਹਨ। ਇਸ ਲੇਖ ਵਿਚ ਗੁਰਚਰਨ ਸਿੰਘ ਨੂਰਪੁਰੀ ਨੇ ਇਨ੍ਹਾਂ ਤਬਦੀਲੀਆਂ ਦਾ ਆਧਾਰ ਬਣਨ ਵਾਲੇ ਕੁਝ ਪੱਖਾਂ ਬਾਰੇ ਚਰਚਾ ਕੀਤੀ ਹੈ। ਭਵਿੱਖ ਦੇ ਗਰਭ ਵਿਚ ਬੜਾ ਕੁਝ ਪਿਆ ਹੈ, ਅਗਲੇ ਸਮੇਂ ਦੌਰਾਨ ਭਵਿੱਖ ਵਿਚ ਕੀ ਕੁਝ ਹੋਣਾ ਹੈ, ਇਸ ਬਾਰੇ ਚਰਚਾ ਇਸ ਲੇਖ ਦਾ ਮੁੱਖ ਵਿਸ਼ਾ ਹੈ। ਇਸ ਵਿਚ ਪੂੰਜੀ ਦੀ ਸੱਤਾ ਅਤੇ ਆਮ ਲੋਕਾਈ ਬਾਰੇ ਵੀ ਵਿਸਤਾਰ ਸਹਿਤ ਵਿਆਖਿਆ ਕੀਤੀ ਹੈ। -ਸੰਪਾਦਕ*

ਪੀ.ਸੀ.ਓ., ਐਸ.ਟੀ.ਡੀ., ਕੈਸੇਟ ਪਲੇਅਰ, ਵੀ.ਸੀ.ਆਰ., ਪੇਜਰ, ਰੀਲ ਕੈਮਰਾ, ਫਿਲੌਪੀ ਡਿਸਕ, ਸੀ.ਡੀ., ਡੀ.ਵੀ.ਡੀ. ਇਹ ਸਭ ਇੰਨੀ ਛੇਤੀ ਕਿੱਧਰ ਗਏ? ਜਦੋਂ ਅਸੀਂ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਦੇ ਸੀ ਤਾਂ ਕੀ ਕਦੇ ਸੋਚਿਆ ਸੀ, ਇਹ ਸਭ ਕੁਝ ਬੜੀ ਛੇਤੀ ਲੋਪ ਹੋ ਜਾਵੇਗਾ? ਬਿਲਕੁਲ ਇਸੇ ਤਰ੍ਹਾਂ ਅਗਲੇ ਕੁਝ ਹੀ ਸਮੇਂ ਦੌਰਾਨ ਬੜੀ ਛੇਤੀ ਦੁਨੀਆ ਵਿਚ ਕਈ ਵੱਡੀਆਂ ਤਬਦੀਲੀਆਂ ਵਾਪਰਨ ਜਾ ਰਹੀਆਂ ਹਨ। ਸਾਡੇ ਸ਼ਹਿਰਾਂ ਗਲੀ ਮੁਹੱਲਿਆਂ ਵਿਚ ਨਜ਼ਰ ਆਉਂਦੇ ਮੋਬਾਈਲ ਟਾਵਰ ਬੜੀ ਜਲਦੀ ਖਤਮ ਹੋ ਜਾਣਗੇ। ਡੀਜ਼ਲ ਪੈਟਰੋਲ ਨਾਲ ਚੱਲਣ ਵਾਲੀਆਂ ਗੱਡੀਆਂ ਦੀ ਥਾਂ ਇਲੈਕਟ੍ਰਿਕ ਕਾਰਾਂ ਤਾਂ ਸੜਕਾਂ 'ਤੇ ਚੱਲਣੀਆਂ ਵੀ ਸ਼ੁਰੂ ਹੋ ਗਈਆਂ ਹਨ। ਸੰਭਵ ਹੈ, ਜਦੋਂ ਡੀਜ਼ਲ ਪੈਟਰੋਲ ਦੀ ਲੋੜ ਨਹੀਂ ਰਹੇਗੀ ਤਾਂ ਕਈ ਦਹਾਕਿਆਂ ਤੋਂ ਚੱਲ ਰਹੇ ਪੈਟਰੋਲ ਪੰਪਾਂ ਦੀ ਥਾਂ ਕਾਰ ਚਾਰਜਰ ਲੈ ਲੈਣਗੇ। ਆਉਣ ਵਾਲੇ

ਗੁਰਚਰਨ ਸਿੰਘ ਨੂਰਪੁਰੀ
ਫੋਨ: +91-98550-51099

ਕੁਝ ਸਾਲਾਂ ਤੱਕ ਹਰ ਘਰ ਆਪਣੀ ਵਰਤੋਂ ਲਈ ਆਪਣੀ ਬਿਜਲੀ ਆਪ ਪੈਦਾ ਕਰਨ ਦੇ ਸਮਰੱਥ ਹੋਵੇਗਾ। ਬਿਜਲੀ ਘਰ ਸਪਲਾਈ ਲਾਈਨਾਂ, ਟ੍ਰਾਂਸਫਾਰਮਰ ਖੰਭੇ ਆਦਿ ਬਹੁਤ ਕੁਝ ਬੜੀ ਤੇਜ਼ੀ ਨਾਲ ਬਦਲ ਜਾਵੇਗਾ। ਇੱਥੋਂ ਤੱਕ ਕਿ ਬੜੀ ਜਲਦੀ ਹਵਾਈ ਅੱਡਿਆਂ 'ਤੇ ਜਹਾਜ਼ਾਂ ਦੀ ਥਾਂ ਆਵਾਜਾਈ ਦੇ ਅਤਿ ਆਧੁਨਿਕ ਸਾਧਨ ਵਿਕਸਤ ਹੋ ਜਾਣਗੇ। ਇਸ ਤਰ੍ਹਾਂ ਬਹੁਤ ਕੁਝ ਬੀਤੇ ਦੀ ਬਾਤ ਬਣ ਕੇ ਰਹਿ ਜਾਵੇਗਾ। ਜਿਵੇਂ ਅੱਜ ਤੋਂ ਚਾਰ ਦਹਾਕੇ ਪਹਿਲਾਂ ਜਦੋਂ ਕਿਸੇ ਨੂੰ ਇਹ ਕਿਹਾ ਜਾਂਦਾ ਸੀ ਕਿ ਭਵਿੱਖ ਵਿਚ ਵੀਡੀਓ ਕਾਲ ਸੰਭਵ ਹੋਵੇਗੀ ਤਾਂ ਇਹ ਬਹੁਤ ਸਾਰੇ ਲੋਕਾਂ ਦੇ ਮੰਨਣ ਵਿਚ ਨਹੀਂ ਸੀ ਆਉਂਦਾ ਪਰ ਅੱਜ ਇਹ ਸੰਭਵ ਹੈ; ਇਸੇ ਤਰ੍ਹਾਂ ਇਹ ਸਭ ਕੁਝ ਵੀ ਸਾਡੇ ਵਿਚੋਂ ਕੁਝ ਨੂੰ ਅਸੰਭਵ ਲਗਦਾ ਹੋਵੇਗਾ ਪਰ ਭਵਿੱਖ ਵਿਚ ਇਹ ਸਭ ਕੁਝ ਕੁ ਸਾਲਾਂ ਵਿਚ ਬੜੀ ਜਲਦੀ ਵਾਪਰਨ ਵਾਲਾ ਹੈ।

**ਕਿਵੇਂ ਸੰਭਵ ਹੋਵੇਗਾ:** ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨ ਅਤੇ ਲੋਕਾਂ ਨੂੰ ਸੁਚੱਜੀ ਵਿਗਿਆਨਕ ਤਕਨਾਲੋਜੀ ਦਾ ਬੀੜਾ ਚੁੱਕਿਆ ਹੈ ਅਮਰੀਕੀ ਰਾਕਟ ਵਿਗਿਆਨੀ ਈਲੋਨ ਮਸਕ ਨੇ। ਈਲੋਨ ਮਸਕ ਜਿਸ ਨੂੰ ਇਸ ਸਦੀ ਦਾ ਸਭ ਤੋਂ ਮਹਾਨ ਬੰਦਾ ਮੰਨਿਆ ਜਾ ਰਿਹਾ ਹੈ, ਦਾ ਮੰਨਣਾ ਹੈ ਕਿ 'ਸਮੱਸਿਆ ਆਪਣੇ ਆਪ ਵਿਚ ਕੋਈ ਚੁਣੌਤੀ ਨਹੀਂ ਹੁੰਦੀ ਬਲਕਿ 'ਹੱਲ ਲੱਭਣਾ' ਵੱਡੀ ਚੁਣੌਤੀ ਹੁੰਦੀ ਹੈ।' ਘਰ ਫੂਕ ਤਮਾਸ਼ਾ ਦੇਖਣ ਵਾਲੇ ਇਸ ਸ਼ਖਸ ਨੂੰ ਕਈ ਕੰਪਨੀਆਂ ਵਿਚੋਂ ਕੱਢਿਆ ਗਿਆ ਹੈ। ਉਸ ਦੇ ਅਜਿਹੇ ਨੁਕਸਾਨ ਵੀ ਹੋਏ ਜਦੋਂ ਕੋਲ ਕੁਝ ਵੀ ਨਾ ਬਚਿਆ ਪਰ ਇਸ ਸਭ ਕੁਝ ਦੇ ਬਾਵਜੂਦ ਅੱਜ ਉਹ ਦੁਨੀਆ ਦਾ ਵੱਡਾ ਅਮੀਰ ਵਿਅਕਤੀ ਹੈ। ਉਸ ਦੀ ਜੀਵਨੀ ਕਾਲਪਨਿਕ ਫਿਲਮੀ ਕਹਾਣੀ ਵਰਗੀ ਹੈ। ਪੂੰਜੀਪਤੀਆਂ ਦੀ ਤਰਜੀਹ ਬੇਸ਼ੱਕ ਮੁਨਾਫਾ ਹੁੰਦੀ ਹੈ, ਭਵਿੱਖ ਵਿਚ ਈਲਨ ਮਸਕ ਦੀਆਂ ਕੀ ਤਰਜੀਹਾਂ ਹਨ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਹੁਣ ਤੱਕ ਅਸੀਂ ਕਹਿ ਸਕਦੇ ਹਾਂ ਕਿ ਟੇਢੇ ਢੰਗ ਨਾਲ ਸਰਕਾਰਾਂ ਨਾਲ ਮਿਲ ਕੇ ਅਤੇ ਜਨਤਕ ਸਾਧਨਾਂ ਨੂੰ ਲੁੱਟ ਕੇ ਅਮੀਰ ਹੋਣ ਵਿਚ ਉਹਦਾ ਵਿਸ਼ਵਾਸ ਨਹੀਂ ਹੈ। ਉਹਦੀ ਕਹਾਣੀ ਧਰਤੀ ਤੋਂ ਨਹੀਂ ਬਲਕਿ ਤਾਰਾ ਗ੍ਰਹਿਆਂ ਤੋਂ ਸ਼ੁਰੂ ਹੁੰਦੀ ਹੈ। ਈਲੋਨ ਮਸਕ ਦੀਆਂ ਕੁਝ ਮਸ਼ਹੂਰ ਕੰਪਨੀਆਂ ਨੇ ਇਸ ਸਮੇਂ ਦੁਨੀਆ ਵਿਚ ਤਹਿਲਕਾ ਮਚਾ ਦਿੱਤਾ ਹੈ ਅਤੇ ਦੇਖਣਾ ਇਹ ਹੋਵੇਗਾ ਕਿ ਦੁਨੀਆ ਦੇ ਕਾਰੋਬਾਰੀ ਉਸ ਵਲੋਂ ਈਜਾਦ ਕੀਤੀ ਤਕਨੀਕ ਦਾ ਮੁਕਾਬਲਾ ਕਿਵੇਂ ਕਰਦੇ ਹਨ?

**ਟੈਸਲਾ ਮੋਟਰ:** ਈਲੋਨ ਮਸਕ ਦੀ ਕੰਪਨੀ ਟੈਸਲਾ ਮੋਟਰ ਦੀ ਇਸ ਸਮੇਂ ਪੂਰੀ ਦੁਨੀਆ ਵਿਚ ਧੁੰਮ ਪਈ ਹੋਈ ਹੈ। ਇਸ ਨਾਲ ਪੈਟਰੋਲ ਡੀਜ਼ਲ ਦਾ ਰਵਾਇਤੀ ਚੱਕਰ ਹੀ ਖਤਮ ਹੋਣ ਜਾ ਰਿਹਾ ਹੈ। ਧਰਤੀ ਪ੍ਰਦੂਸ਼ਣ ਮੁਕਤ ਹੋਣ ਲੱਗੇਗੀ। ਟੈਸਲਾ ਮੋਟਰ ਦੀਆਂ ਕਾਰਾਂ ਪੈਟਰੋਲ ਡੀਜ਼ਲ ਨਾਲ ਚੱਲਣ ਵਾਲੀਆਂ ਕਾਰਾਂ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਬਲਕਿ ਚਾਰ ਰੱਤੀਆਂ ਅੱਗੇ ਹਨ। ਇੱਥੇ ਹੀ ਬੱਸ ਨਹੀਂ, ਈਲੋਨ ਮਸਕ ਦੀ ਟੈਸਲਾ ਮੋਟਰ ਵਲੋਂ ਡਰਾਈਵਰਲੈੱਸ ਕਾਰਾਂ ਬਣਾਈਆਂ ਜਾ ਰਹੀਆਂ ਹਨ ਜੋ ਅਗਲੇ ਕੁਝ ਹੀ ਸਮੇਂ ਵਿਚ ਪੂਰੀ ਦੁਨੀਆ ਦੇ ਦੇਸ਼ਾਂ ਵਿਚ ਧੁੰਮ ਪਾਉਣਗੀਆਂ। ਟੈਸਲਾ ਕਾਰਾਂ ਦੀ ਮੰਗ ਦੁਨੀਆ ਵਿਚ ਤੇਜ਼ੀ ਨਾਲ ਵਧ ਰਹੀ ਹੈ। ਇਹ ਕਾਰਾਂ ਦੁਨੀਆ ਦੇ ਕੁਝ ਦੇਸ਼ਾਂ ਵਿਚ ਸਫਲਤਾਪੂਰਵਕ ਚੱਲਣੀਆਂ ਵੀ ਸ਼ੁਰੂ ਹੋ ਗਈਆਂ ਹਨ।

**ਸਪੇਸਐਕਸ:** ਇਹ ਦੁਨੀਆ ਦੀ ਪਹਿਲੀ ਅਜਿਹੀ ਕੰਪਨੀ ਹੈ ਜੋ ਪੁਲਾੜ ਵਿਚ ਉਪ ਗ੍ਰਹਿ ਸਥਾਪਤ ਕਰਨ ਦੇ ਨਾਲ-ਨਾਲ ਰਾਕਟ ਬਣਾਉਣ ਲਈ ਕੰਮ ਕਰ ਰਹੀ ਹੈ। ਈਲੋਨ ਨੇ ਇਸ ਕੰਪਨੀ ਨਾਲ ਇਕ ਤੋਂ ਵੱਧ ਵਾਰ ਵਰਤੇ ਜਾਣ ਵਾਲਾ ਰਾਕਟ ਬਣਾ ਕੇ ਦੁਨੀਆ ਨੂੰ ਅਚੰਭੇ ਵਿਚ ਪਾ ਦਿੱਤਾ ਹੈ। ਦੁਨੀਆ ਭਰ ਵਿਚ ਪਹਿਲੀ ਵਾਰ ਇਹ ਸਫਲਤਾ ਹਾਸਲ ਹੋਈ ਕਿ ਇਸ ਦੇ ਬਣਾਏ ਰਾਕਟ ਇਕ ਤੋਂ ਵੱਧ ਵਾਰ ਵਰਤੇ ਜਾ ਸਕਦੇ ਹਨ। ਇਸ ਕੰਪਨੀ ਦੀ ਮਦਦ ਨਾਲ ਜਿੱਥੇ ਧਰਤੀ ਦੁਆਲੇ ਈਲੋਨ ਮਸਕ ਨੇ ਉਪਗ੍ਰਹਿਆਂ ਦਾ ਜਾਲ ਬੁਣਨਾ ਸ਼ੁਰੂ ਕਰ ਦਿੱਤਾ ਹੈ, ਉੱਥੇ ਭਵਿੱਖ ਵਿਚ ਇਸ ਦਾ ਕੰਮ ਮੰਗਲ ਗ੍ਰਹਿ ਤੇ ਮਾਨਵ ਬਸਤੀਆਂ ਵਸਾਉਣਾ ਵੀ ਹੈ। ਆਪਣੇ ਉਪਗ੍ਰਹਿ ਧਰਤੀ ਦੇ ਨੇੜੇ ਸਥਾਪਤ ਕਰਨ ਲਈ ਇਹ ਕੰਪਨੀ ਸਫਲਤਾ ਪੂਰਵਕ ਕੰਮ ਕਰ ਰਹੀ ਹੈ।

**ਸਟਾਰਲਿੰਕ:** ਸਪੇਸਐਕਸ ਕੰਪਨੀ ਦੀ ਮਦਦ ਨਾਲ ਈਲੋਨ ਮਸਕ ਨੇ ਨਵੀਂ ਕੰਪਨੀ ਸਟਾਰਲਿੰਕ ਬਣਾਈ ਹੈ ਜਿਸ ਦਾ ਕੰਮ ਸਸਤੀ ਅਤੇ ਦੂਰ ਦੁਰਾਡੇ ਇਲਾਕਿਆਂ ਵਿਚ ਹਾਈਸਪੀਡ ਇੰਟਰਨੈੱਟ ਸੇਵਾ ਮੁਹੱਈਆ ਕਰਾਉਣੀ ਹੈ। ਸਟਾਰਲਿੰਕ ਨੇ ਭਾਰਤ ਵਿਚ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਦਿੱਲੀ, ਕੋਲਕਾਤਾ, ਬੰਗਲੌਰ, ਮੁੰਬਈ ਅਤੇ ਚੇਨਾਈ ਵਰਗੇ ਸ਼ਹਿਰਾਂ ਵਿਚ ਇਸ ਨੇ ਆਪਣੇ ਦਫਤਰ ਖੋਲ੍ਹ ਕੇ ਆਨਲਾਈਨ ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਸਟਾਰਲਿੰਕ ਇੰਟਰਨੈੱਟ ਸੇਵਾ ਅਜਿਹੀ ਹਾਈ ਸਪੀਡ, ਵਾਇਰਲੈੱਸ ਸੇਵਾ ਹੋਵੇਗੀ ਜਿਸ ਦੇ ਮੁਕਾਬਲੇ ਇੰਟਰਨੈੱਟ ਸੇਵਾ ਮੁਹੱਈਆ ਕਰਾਉਣ ਵਾਲੀਆਂ ਵੱਡੀਆਂ ਕੰਪਨੀਆਂ ਇਸ ਦੇ ਨੇੜੇ-ਤੇੜੇ ਵੀ ਨਹੀਂ ਖੜ੍ਹ ਸਕਣਗੀਆਂ।

**ਸੋਲਰਸਿਟੀ:** ਇਸ ਕੰਪਨੀ ਦੀ ਸ਼ੁਰੂਆਤ 2016 ਵਿਚ ਕੀਤੀ ਗਈ। ਇਹ ਸੋਲਰ ਰੂਫ ਟਾਇਲ ਮੈਨੂਫੈਕਚਰਿੰਗ ਕੰਪਨੀ ਹੈ। ਇਸ ਰਾਹੀਂ ਈਲੋਨ ਮਸਕ ਦਾ ਸੁਪਨਾ ਹੈ ਕਿ ਧਰਤੀ ਤੋਂ ਕਾਰਬਨ ਡਾਇਆਕਸਾਈਡ ਦੀ ਮਾਤਰਾ ਨੂੰ ਕੰਟਰੋਲ ਵਿਚ ਮਦਦ ਮਿਲੇਗੀ। ਈਲੋਨ ਮਸਕ ਦੀ ਇਹ ਕੰਪਨੀ ਜੋ ਐਨਰਜੀ ਕਰੀਏਸ਼ਨ 'ਤੇ ਕੰਮ ਕਰਦੀ ਹੈ, ਬੜੀ ਤੇਜ਼ੀ ਨਾਲ ਸੂਰਜੀ ਊਰਜਾ ਕੰਟਰੋਲ ਕਰ ਕੇ ਘੱਟ ਤੋਂ ਘੱਟ ਲਾਗਤ ਵਿਚ ਬਿਜਲੀ ਪੈਦਾ ਕਰਨ ਲਈ ਕੰਮ ਕਰ ਰਹੀ ਹੈ। ਇਹ ਕਾਫੀ ਹੱਦ ਤੱਕ ਸਫਲ ਵੀ ਹੈ। ਉਸ ਦੀ ਇਸ ਕੰਪਨੀ ਵਲੋਂ ਅਜਿਹੀਆਂ ਟਾਇਲਾਂ ਈਜਾਦ ਕੀਤੀਆਂ ਗਈਆਂ ਹਨ ਜੋ ਘਰਾਂ ਦੀਆਂ ਦੀਵਾਰਾਂ ਦੀ ਸਜਾਵਟ ਬਣਨ ਦੇ ਨਾਲ-ਨਾਲ ਬਿਜਲੀ ਊਰਜਾ ਪੈਦਾ ਕਰਨ ਦਾ ਕੰਮ ਵੀ ਕਰਨਗੀਆਂ। ਹਰ ਘਰ ਦੀ ਬਿਜਲੀ ਦੀ ਲੋੜ ਘਰ ਵਿਚੋਂ ਹੀ ਪੂਰੀ ਹੋ ਸਕੇਗੀ।

**ਹਾਈਪਰਲੂਪ:** ਇਹ ਜ਼ਮੀਨ ਦੇ ਹੇਠਾਂ ਤੇਜ਼ੀ ਨਾਲ ਸੁਰੰਗ ਬਣਾਉਣ ਵਾਲਾ ਪ੍ਰੋਜੈਕਟ ਹੈ। ਇਹ ਈਲੋਨ ਮਸਕ ਦੀ ਇਕ ਹੋਰ ਕੰਪਨੀ 'ਬੋਰਿੰਗ' ਨਾਲ ਮਿਲ ਕੇ ਤੇਜ਼ੀ ਨਾਲ ਕੰਮ ਕਰ ਰਹੀ ਹੈ ਜਿਸ ਦਾ ਮਨੋਰਥ ਜ਼ਮੀਨਦੋਸ਼ ਸੁਰੰਗ ਬਣਾ ਕੇ ਕੈਪਸੂਲ ਨੁਮਾ ਤੇਜ਼ ਰਫਤਾਰ ਗੱਡੀਆਂ ਚਲਾਉਣ ਦੇ ਨਾਲ-ਨਾਲ ਧਰਤੀ ਤੋਂ ਟ੍ਰੈਫਿਕ ਘੱਟ ਕਰਨਾ ਹੈ। ਇਸ ਨਾਲ ਘੱਟ ਤੋਂ ਘੱਟ ਕੀਮਤ 'ਤੇ ਵਿਸ਼ਾਲ ਅੰਡਰ ਗਰਾਊਂਡ ਟ੍ਰਾਂਸਪੋਰਟ ਸਿਸਟਮ ਖੜ੍ਹਾ ਕੀਤਾ ਜਾ ਸਕੇਗਾ। ਈਲੋਨ ਦਾ ਇਹ ਅਜਿਹਾ ਪ੍ਰੋਜੈਕਟ ਹੈ ਜੋ ਰਵਾਇਤੀ ਰੇਲ ਗੱਡੀਆਂ, ਰੇਲਵੇ ਟਰੈਕ, ਹਵਾਈ ਜਹਾਜ਼ ਅਤੇ ਹਵਾਈ ਅੱਡਿਆਂ 'ਤੇ ਸਵਾਲੀਆ ਚਿੰਨ੍ਹ ਲਾ ਦੇਵੇਗਾ। ਹਾਈਪ੍ਰਲੂਪ ਇਕ ਇੰਟਰ-ਸਿਟੀ ਟ੍ਰਾਂਸਪੋਰਟ ਸਿਸਟਮ ਹੈ ਜੋ ਦੁਨੀਆ ਨੂੰ ਪਹਿਲਾਂ ਨਾਲੋਂ ਕਿਤੇ ਛੋਟੀ ਕਰ ਦੇਵੇਗਾ।

**ਅਮੀਰੀ ਖੁੱਸਣ ਦਾ ਡਰ:** ਦੁਨੀਆ ਵਿਚ ਇਹ ਵੱਡੀਆਂ ਤਬਦੀਲੀਆਂ ਅਗਲੇ ਕੁਝ ਅਰਸੇ ਦੌਰਾਨ ਹੋ ਰਹੀਆਂ ਹਨ ਜੋ ਦੁਨੀਆ ਦੇ ਮੌਜੂਦਾ ਸਰੂਪ ਨੂੰ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਇਹ ਬਦਲਾਓ ਕਿੰਨੇ ਕੁ ਲੋਕ ਪੱਖੀ ਸਾਬਤ ਹੋਣਗੇ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਨ੍ਹਾਂ ਭਵਿੱਖੀ ਤਬਦੀਲੀਆਂ ਨਾਲ ਦੁਨੀਆ ਭਰ ਵਿਚ ਵੱਡੀ ਉੱਥਲ-ਪੁੱਥਲ ਹੋਣੀ ਸ਼ੁਰੂ ਹੋ ਗਈ ਹੈ। ਕੁਝ ਅਜਿਹੇ ਸਾਧਨ ਜਿਨ੍ਹਾਂ ਤੋਂ ਕੁਝ ਕੰਪਨੀਆਂ ਨੂੰ ਮੋਟੀਆਂ ਕਮਾਈਆਂ ਹੁੰਦੀਆਂ ਹਨ, ਦੀ ਲੋੜ ਸਮਾਪਤ ਹੋ ਜਾਵੇਗੀ। ਇਸ ਤਰ੍ਹਾਂ ਭਾਰਤ ਸਮੇਤ ਕੁਝ ਹੋਰ ਦੇਸ਼ਾਂ ਦੇ ਪੂੰਜੀਪਤੀਆਂ ਨੂੰ ਇਸ ਸਮੇਂ ਇਹ ਫਿਕਰ ਬਣਿਆ ਹੋਇਆ ਹੈ ਕਿ ਸੰਚਾਰ ਤੇ ਆਵਾਜਾਈ ਦੇ ਸਾਧਨ, ਬਿਜਲੀ ਤੇ ਤੇਲ ਕੰਪਨੀਆਂ ਜਿਹੜੇ ਉਨ੍ਹਾਂ ਲਈ ਕਮਾਈ ਦੇ ਵੱਡੇ ਸਰੋਤ ਸਾਧਨ ਹਨ, ਉਤੇ ਉਨ੍ਹਾਂ ਦੀ ਇਜਾਰੇਦਾਰੀ ਨਹੀਂ ਰਹੇਗੀ ਤਾਂ ਉਨ੍ਹਾਂ ਦੀ ਅਮੀਰੀ ਖੁਸ ਜਾਵੇਗੀ।

**ਨਵੇਂ ਬਾਜ਼ਾਰਾਂ ਦੀ ਤਲਾਸ਼:** ਅਗਲੇ ਕੁਝ ਸਾਲਾਂ ਵਿਚ ਤੇਜ਼ੀ ਨਾਲ ਤਬਦੀਲ ਹੋ ਰਹੀ ਦੁਨੀਆ ਨੇ ਸੰਸਾਰ ਭਰ ਦੇ ਧਨਾਢਾਂ ਦੇ ਫਿਕਰ ਵਧਾ ਦਿੱਤੇ ਹਨ। ਉਨ੍ਹਾਂ ਨੇ ਆਪਣੀਆਂ ਕੰਮ ਕਰਨ ਦੀਆਂ ਤਰਜੀਹਾਂ ਤੇਜ਼ੀ ਨਾਲ ਬਦਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਡੇ ਦੇਸ਼ ਦੇ ਧਨਾਢ ਜੋ ਬਿਜਲੀ ਕੰਪਨੀਆਂ, ਮੋਬਾਈਲ ਇੰਟਨੈੱਟ ਕੰਪਨੀਆਂ, ਸੰਚਾਰ ਸਾਧਨ, ਰੇਲਵੇ, ਹਵਾਈ ਜਹਾਜ਼, ਤੇਲ ਕੰਪਨੀਆਂ ਆਦਿ ਕੰਪਨੀਆਂ 'ਤੇ ਕਾਬਜ਼ ਹਨ, ਦਾ ਸਾਰਾ ਧਿਆਨ ਹੁਣ ਮਨੁੱਖ ਦੇ ਖਾਣ-ਪੀਣ ਵਾਲੀਆਂ ਵਸਤਾਂ ਵੱਲ ਲੱਗ ਗਿਆ ਹੈ। ਕਿਸੇ ਵੀ ਤਰ੍ਹਾਂ ਦੀ ਤਕਨੀਕ ਤੋਂ ਵੀ ਵੱਧ ਲੋੜ ਮਨੁੱਖ ਦੀ ਜ਼ਿੰਦਾ ਰਹਿਣ ਦੀ ਹੈ, ਇਸ ਲਈ ਜ਼ਰੂਰੀ ਹੈ ਕਿ ਉਸ ਕੋਲ ਖਾਦ ਪਦਾਰਥਾਂ ਦੀ ਲੋੜੀਂਦੀ ਮਾਤਰਾ ਹੋਵੇ। ਜ਼ਿੰਦਾ ਰਹਿਣ ਲਈ ਰੋਟੀ ਜ਼ਰੂਰੀ ਹੈ, ਇਸ ਲਈ ਭਾਰਤ ਸਮੇਤ ਦੁਨੀਆ ਦੇ ਹੋਰ ਪੂੰਜੀਪਤ ਕੋਸ਼ਿਸ਼ ਕਰ ਰਹੇ ਹਨ ਕਿ ਜ਼ਮੀਨ ਦੇ ਵੱਧ ਤੋਂ ਵੱਧ ਰਕਬੇ 'ਤੇ ਕਾਬਜ਼ ਹੋਇਆ ਜਾਵੇ। ਅਜਿਹਾ ਕਰਨ ਨਾਲ ਉਹ ਕਰੋੜਾਂ ਲੋਕਾਂ ਦੀਆਂ ਖੁਰਾਕੀ ਲੋੜਾਂ ਦੇ ਬਾਜ਼ਾਰ 'ਤੇ ਕਾਬਜ਼ ਹੋ ਜਾਣਗੇ ਅਤੇ ਰੋਟੀ ਤੇ ਭੁੱਖ ਦੇ ਇਸ ਕਾਰੋਬਾਰ ਨਾਲ ਮਾਲਾ-ਮਾਲ ਹੁੰਦੇ ਜਾਣਗੇ।

ਭਵਿੱਖ ਵਿਚ ਦੁਨੀਆ ਭਰ ਦੇ ਪੂੰਜੀਪਤੀ ਖੁਰਾਕੀ ਲੋੜਾਂ ਦੀਆਂ ਮੰਡੀਆਂ ਅਤੇ ਖਾਧ ਪਦਾਰਥਾਂ ਦੇ ਬਾਜ਼ਾਰ 'ਤੇ ਕਾਬਜ਼ ਹੋਣ ਲਈ ਯਤਨਸ਼ੀਲ ਹਨ। ਪੀਣ ਵਾਲੇ ਪਾਣੀ ਨੂੰ ਵੀ ਵੱਡੀ ਸਨਅਤ ਵਜੋਂ ਦੇਖਿਆ ਜਾ ਰਿਹਾ ਹੈ। ਅਜਿਹੀ ਹਾਲਤ ਵਿਚ ਕਿਸਾਨ ਨੂੰ ਆਪਣੀ ਜ਼ਮੀਨ ਦੀ ਹੀ ਨਹੀਂ ਬਲਕਿ ਹਵਾ ਪਾਣੀ ਤੱਕ ਦੀ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ। ਇਹ ਸਮਝਣ ਦੀ ਲੋੜ ਵੀ ਹੈ ਕਿ ਤੇਜ਼ੀ ਨਾਲ ਬਦਲ ਰਹੇ ਵਰਤਾਰਿਆਂ ਨਾਲ ਖੇਤੀ ਹੁਣ ਰਵਾਇਤੀ ਢੰਗ ਅਨੁਸਾਰ ਨਹੀਂ ਚੱਲ ਸਕੇਗੀ। ਕਿਸਾਨ ਨੂੰ ਜਿਣਸਾਂ ਦੀ ਗੁਣਵੱਤਾ ਲਈ ਕੁਦਰਤੀ ਖੇਤੀ ਮਾਡਲ ਨਾਲ ਐਗਰੋਫੂਡ ਸਨਅਤ ਵੱਲ ਧਿਆਨ ਦੇਣਾ ਪਵੇਗਾ। ਕੋਆਪਰੇਟਿਵ ਖੇਤੀ ਮਾਡਲ ਅਪਣਾ ਕੇ ਆਪਣੇ ਖਰਚਿਆਂ ਨੂੰ ਘੱਟ ਕਰਨ ਵੱਲ ਧਿਆਨ ਦੇਣਾ ਪਵੇਗਾ। ਇਸ ਸਮੇਂ ਆਪਣੀ ਖੇਤੀ ਨਾਲ ਜੁੜੀ ਸੱਭਿਅਤਾ ਅਤੇ ਹੱਕਾਂ ਦੀ ਲੜਾਈ ਲੜ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਖੇਤੀ ਵਿਗਿਆਨੀਆਂ ਅਤੇ ਆਰਥਕ ਮਾਹਿਰਾਂ ਦੀ ਮਦਦ ਨਾਲ ਲੋਕ ਪੱਖੀ ਨਵਾਂ ਖੇਤੀ ਵਿਕਾਸ ਮਾਡਲ ਪੇਸ਼ ਕਰਨਾ ਚਾਹੀਦਾ ਹੈ ਜੋ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਵਿਚ ਫੇਲ੍ਹ ਹੋਏ 'ਅਖੌਤੀ ਕਾਰਪੋਰੇਟ ਖੇਤੀ ਵਿਕਾਸ ਮਾਡਲ' ਨੂੰ ਨਕਾਰਨ ਦੇ ਨਾਲ-ਨਾਲ ਦੇਸ਼ ਅਤੇ ਕਿਰਸਾਨੀ ਨੂੰ ਨਵੀਆਂ ਲੀਹਾਂ 'ਤੇ ਤੋਰ ਸਕਦਾ ਹੋਵੇ। ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ, ਸਾਨੂੰ ਸਭ ਨੂੰ ਸੁਚੇਤ ਹੋ ਕੇ ਇਸ ਦੇ ਹਾਣ ਦੇ ਹੋਣਾ ਪਵੇਗਾ।

# ਬੰਗਾਲ: ਹਿੰਦੂਤਵ-ਕਾਰਪੋਰੇਟ ਸੋਚ ਦਾ ਸਬਾਲਟਰਨ ਮੁਖੌਟਾ

***ਆਰ.ਐਸ.ਐਸ.-ਭਾਜਪਾ ਦੇ ਫਾਸ਼ੀਵਾਦੀ ਰਥ ਦੇ ਪਹੀਆਂ ਨੂੰ ਹੱਥ ਪਾਈ ਬੈਠੇ ਗਹਿ-ਗੱਡਵੇਂ ਮਹਾਂ ਅੰਦੋਲਨ ਦੌਰਾਨ ਹੋ ਰਹੀਆਂ ਪੰਜ ਰਾਜਾਂ ਦੀਆਂ ਚੋਣਾਂ ਵਿਚੋਂ ਬੰਗਾਲ ਦੀ ਚੋਣ ਦਾ ਖਾਸ ਮਹੱਤਵ ਮੰਨਿਆ ਜਾ ਰਿਹਾ ਹੈ। ਕੀ ਬੰਗਾਲ ਦਾ ਅਵਾਮ ਹਿੰਦੂਤਵ-ਕਾਰਪੋਰੇਟ ਗੱਠਜੋੜ ਦੇ ਖਤਰੇ ਨੂੰ ਪਛਾਣ ਕੇ ਕਿਸੇ ਹੋਰ 'ਬਦਲ' ਦੇ ਹੱਕ 'ਚ ਮੋਹਰ ਲਗਾਏਗਾ ਜਾਂ ਆਰ.ਐਸ.ਐਸ.-ਭਾਜਪਾ ਵੱਲੋਂ ਵੋਟਰਾਂ ਦੀ ਪਾਲਾਬੰਦੀ ਲਈ ਵਿਛਾਇਆ ਨਵਾਂ ਜਾਲ ਕੱਟੜਪੰਥੀ ਹਿੰਦੂਤਵ ਦੇ ਹੱਥ ਮਜ਼ਬੂਤ ਕਰੇਗਾ। ਇਨ੍ਹਾਂ ਸਿਆਸੀ ਸੰਭਾਵਨਾਵਾਂ ਬਾਰੇ ਉਘੇ ਪੱਤਰਕਾਰ ਉਰਿਮਲੇਸ਼ ਜੋ ਰਾਜਸਭਾ ਟੀਵੀ ਦੇ ਕਾਰਜਕਾਰੀ ਡਾਇਰੈਕਟਰ ਰਹਿ ਚੁੱਕੇ ਹਨ ਅਤੇ ਬਹੁਤ ਸਾਰੇ ਮੀਡੀਆ ਪ੍ਰਕਾਸ਼ਨਾਵਾਂ ਵਿਚ ਕੰਮ ਕਰ ਚੁੱਕੇ ਹਨ, ਦੀ ਇਹ ਟਿੱਪਣੀਬੰਗਾਲ ਵਿਚਲੀ ਪਾਲਾਬੰਦੀ ਦੀਆਂ ਕਈ ਤਹਿਆਂ ਫਰੋਲਦੀ ਹੈ। ਟਿੱਪਣੀ ਦੇ ਮਹੱਤਵ ਦੇ ਮੱਦੇਨਜ਼ਰ ਲੇਖ ਦਾ ਅਨੁਵਾਦ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ, ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। -ਸੰਪਾਦਕ***





ਬੰਗਾਲ ਦੇ ਚੋਣ ਨਤੀਜੇ ਚਾਹੇ ਕੁਝ ਵੀ ਹੋਣ ਲੇਕਿਨ ਚੋਣ ਪ੍ਰਚਾਰ ਦੀ ਰਣਨੀਤੀ ਦੇ ਪੱਧਰ 'ਤੇ ਭਾਰਤੀ ਜਨਤਾ ਪਾਰਟੀ ਨੇ ਆਪਣੇ ਸਿਆਸੀ ਜੀਵਨ ਦਾ ਸਭ ਤੋਂ ਅਨੋਖਾ ਤਜਰਬਾ ਕੀਤਾ ਹੈ। ਉਸ ਦਾ ਇਹ ਤਜਰਬਾ 'ਸਿਆਸੀ ਪੰਡਿਤਾਂ' ਨੂੰ ਹੀ ਨਹੀਂ, ਆਰ.ਐਸ.ਐਸ.-ਭਾਜਪਾ ਦਾ ਸਿਆਸੀ ਧੁਰਾ ਸਮਝੀਆਂ ਜਾਣ ਵਾਲੀਆਂ 'ਬ੍ਰਾਹਮਣ-ਵੈਸ਼ਿਆ ਬਰਾਦਰੀਆਂ' ਨੂੰ ਵੀ ਹੈਰਾਨ ਕਰਨ ਵਾਲਾ ਹੈ। ਹੁਣ ਤੱਕ ਇਹ ਬਰਾਦਰੀਆਂ ਭਾਜਪਾ ਦੇ ਹੱਕ 'ਚ ਜ਼ਿਆਦਾ ਖੁੱਲ੍ਹ ਕੇ ਖੜ੍ਹਦੀਆਂ ਰਹੀਆਂ ਹਨ ਲੇਕਿਨ ਬੰਗਾਲ ਦੀਆਂ ਹਾਲੀਆ ਚੋਣਾਂ 'ਚ ਨਮੋਸ਼ੂਦਰ (ਦਲਿਤ), ਆਦਿਵਾਸੀ ਅਤੇ ਓ.ਬੀ.ਸੀ. ਦਾ ਗਿਣਨਯੋਗ ਹਿੱਸਾ ਉਸ ਪਾਰਟੀ ਨਾਲ ਮਜ਼ਬੂਤੀ ਨਾਲ ਖੜ੍ਹਾ ਨਜ਼ਰ ਆ ਰਿਹਾ ਹੈ ਜਿਸ ਨੂੰ ਉਨ੍ਹਾਂ ਦੇ ਅੰਦਰ ਲੰਮੇ ਸਮੇਂ ਤੋਂ 'ਮਨੂਵਾਦੀਆਂ ਦੀ ਸਭ ਤੋਂ ਕੱਟੜ ਪਾਰਟੀ' ਕਿਹਾ ਜਾਂਦਾ ਰਿਹਾ ਹੈ। ਦੂਜੇ ਪਾਸੇ, ਬੰਗਾਲ ਦੇ 'ਭੱਦਰਲੋਕਾਂ' ਦਾ ਵੱਡਾ ਹਿੱਸਾ ਮੁੱਖ ਮੰਤਰੀ ਮਮਤਾ

**ਉਰਿਮਲੇਸ਼**
**ਅਨੁਵਾਦ: ਬੂਟਾ ਸਿੰਘ**

ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨਾਲ ਅਤੇ ਇਕ ਛੋਟਾ ਹਿੱਸਾ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੇ ਖੱਬੇ ਮੋਰਚੇ ਅਤੇ ਕਾਂਗਰਸ-ਆਈ.ਐਸ.ਐਫ. ਗੱਠਜੋੜ ਨਾਲ ਨਜ਼ਰ ਆ ਰਿਹਾ ਹੈ। ਬਿਨਾਂ ਸ਼ੱਕ, ਬੰਗਾਲ ਦੀਆਂ ਦਲਿਤ-ਓ.ਬੀ.ਸੀ.-ਆਦਿਵਾਸੀ ਬਰਾਦਰੀਆਂ 'ਚ ਭਾਜਪਾ ਨੇ ਆਪਣਾ ਆਧਾਰ ਵਧਾਇਆ ਹੈ।

ਐਸਾ ਕਿਉਂ ਅਤੇ ਕਿਵੇਂ ਹੋਇਆ? ਇਸ ਸਵਾਲ ਦਾ ਜਵਾਬ ਤਲਾਸ਼ਣ ਲਈ ਅਸੀਂ ਦੋ ਪਹਿਲੂਆਂ 'ਤੇ ਗੌਰ ਕਰਾਂਗੇ - 1) 2014 ਤੋਂ ਬਾਅਦ ਤੇਜ਼ੀ ਨਾਲ ਬਦਲਦੀ ਬੰਗਾਲ ਦੀ ਰਾਜਨੀਤੀ, ਅਤੇ 2) ਬ੍ਰਾਹਮਣ-ਵੈਸ਼ਿਆ ਆਧਾਰ ਵਾਲੀ ਭਾਜਪਾ ਦੀ ਹਿੰਦੂਤਵ-ਰਾਜਨੀਤੀ ਦਾ ਸਬਾਲਟਰਨ ਮਖੌਟਾ। ਸਭ ਤੋਂ ਪਹਿਲਾਂ ਅਸੀਂ 2014 ਤੋਂ ਬਦਲਦੇ ਬੰਗਾਲ ਦੇ ਸਿਆਸੀ ਦ੍ਰਿਸ਼ ਨੂੰ ਦੇਖੀਏ ਤਾਂ ਦਿਲਚਸਪ ਪਹਿਲੂ ਸਾਹਮਣੇ ਆਉਂਦੇ ਹਨ। ਦੋ-ਢਾਈ ਦਹਾਕਿਆਂ ਤੋਂ ਸੂਬਾਈ ਰਾਜਨੀਤੀ ਲਗਾਤਾਰ ਬਦਲਦੀ ਰਹੀ ਹੈ। ਤਿੰਨ ਦਹਾਕੇ ਤੋਂ ਜ਼ਿਆਦਾ ਸੱਤਾ ਉਪਰ ਕਾਬਜ਼ ਰਹਿਣ ਵਾਲੇ ਖੱਬੇ ਮੁਹਾਜ਼ ਦੇ ਸਿਆਸੀ ਨਿਘਾਰ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਨੇ ਸੂਬੇ ਦੀ ਅਗਵਾਈ ਕਰਨੀ ਸ਼ੁਰੂ ਕੀਤੀ। ਜਥੇਬੰਦ-ਕਾਡਰ ਆਧਾਰਿਤ ਖੱਬੇ ਪਾਰਟੀ-ਤੰਤਰ ਨੂੰ ਮਮਤਾ ਬੈਨਰਜੀ ਦੇ ਵਿਅਕਤੀ-ਕੇਂਦਰਤ ਸਿਆਸੀ-ਤੰਤਰ ਨੇ ਪਲਟ ਦਿੱਤਾ ਲੇਕਿਨ ਜ਼ਮੀਨੀ ਪੱਧਰ 'ਤੇ ਬੰਗਾਲ ਦੇ ਸਮਾਜ ਅਤੇ ਉਸ ਦੀ ਸੋਚ 'ਚ ਜ਼ਿਆਦਾ ਬਦਲਾਓ ਨਹੀਂ ਆਇਆ। ਸਿਆਸੀ ਬਦਲਾਓ ਸੱਤਾ 'ਚ ਹੋਇਆ, ਸਮਾਜ ਅਤੇ ਉਸ ਦੀ ਸੋਚ ਦਾ ਨਹੀਂ। ਚੋਣਾਂ ਦੇ ਨਤੀਜਿਆਂ ਤੋਂ ਵੀ ਇਸ ਦੀ ਪੁਸ਼ਟੀ ਹੁੰਦੀ ਰਹੀ। ਜੋ ਭੱਦਰਲੋਕ ਪਹਿਲਾਂ ਖੱਬੇ ਮੋਰਚੇ ਨਾਲ ਹੁੰਦਾ ਸੀ, ਉਸ ਦਾ ਗਿਣਨਯੋਗ ਹਿੱਸਾ ਮਮਤਾ ਬੈਨਰਜੀ ਦੇ ਨਾਲ ਆ ਗਿਆ। ਸਿੰਗੂਰ-ਨੰਦੀਗ੍ਰਾਮ ਦੇ ਵਿਵਾਦ ਨੂੰ ਖੱਬੇ ਮੋਰਚੇ ਨੇ ਜਿਸ ਤਰ੍ਹਾਂ ਨਜਿੱਠਣ ਦੀ ਕੋਸ਼ਿਸ਼ ਕੀਤੀ, ਉਸ ਵਿਚ ਉਲਝ ਕੇ ਉਹ ਆਪਣੀ ਹੋਂਦ ਗੁਆ ਬੈਠਾ। ਉਸ ਦੌਰ 'ਚ ਵੀ ਭੱਦਰਲੋਕ ਦੇ ਇਕ ਹਿੱਸੇ ਨੇ ਉਥੋਂ ਦੇ ਅੰਦੋਲਨਕਾਰੀ ਕਿਸਾਨਾਂ ਦਾ ਸਾਥ ਦਿੱਤਾ ਸੀ।

ਤ੍ਰਿਮੂਲ ਆਗੂ ਮਮਤਾ ਬੈਨਰਜੀ ਸੂਬੇ ਅੰਦਰ ਇਸ ਕਦਰ ਛਾਈ ਕਿ ਲਗਾਤਾਰ ਦਸ ਸਾਲ ਸੱਤਾ ਵਿਚ ਰਹੀ ਅਤੇ ਖੱਬੇ ਮੋਰਚੇ ਨੂੰ ਮੁੜ ਉਭਰਨ ਦੀ ਮੋਹਲਤ ਨਹੀਂ ਮਿਲੀ। ਇਸ ਵਿਚ ਮੋਰਚੇ ਦੀ ਲੀਡਰਸ਼ਿਪ ਦੀ ਗੈਰ-ਦੂਰਅੰਦੇਸ਼ੀ ਅਤੇ ਖੱਬੀਆਂ ਪਾਰਟੀਆਂ ਦੀਆਂ ਅੰਦਰੂਨੀ ਸਮੱਸਿਆਵਾਂ ਜ਼ਿਆਦਾ ਜ਼ਿੰਮੇਦਾਰ ਰਹੀਆਂ ਹਨ। ਇਸ ਹਾਲਾਤ ਨੂੰ ਤਾੜ ਕੇ ਭਾਜਪਾ ਨੇ ਵਿਰੋਧੀ-ਧਿਰ ਦੀ ਸਪੇਸ ਮੱਲਣ ਲਈ 2011-12 ਤੋਂ ਹੀ ਯਤਨ ਤੇਜ਼ ਕਰ ਦਿੱਤੇ। ਬੰਗਾਲ 'ਚ ਭਾਜਪਾ ਨਾਲੋਂ ਜ਼ਿਆਦਾ ਆਰ.ਐਸ.ਐਸ. ਲੰਮੇ ਸਮੇਂ ਤੋਂ ਕੰਮ ਕਰ ਰਹੀ ਹੈ।

ਖੱਬਾ ਮੋਰਚਾ ਸਰਕਾਰ ਦੌਰਾਨ ਉਸ ਨੂੰ ਪ੍ਰਭਾਵ-ਵਿਸਤਾਰ ਦਾ ਜ਼ਿਆਦਾ ਮੌਕਾ ਨਹੀਂ ਮਿਲਿਆ ਲੇਕਿਨ ਮਮਤਾ ਦੇ ਆਉਣ ਤੋਂ ਬਾਅਦ ਉਸ ਨੂੰ ਖੂਬ ਮੌਕਾ ਮਿਲਣਾ ਸ਼ੁਰੂ ਹੋ ਗਿਆ। ਖੁਦ ਮਮਤਾ ਬੈਨਰਜੀ ਦੀ ਪਾਰਟੀ ਕਾਫੀ ਸਮੇਂ ਤੱਕ ਕੇਂਦਰ 'ਚ ਭਾਜਪਾ ਦੀ ਸਹਿਯੋਗੀ ਪਾਰਟੀ ਰਹੀ ਅਤੇ ਉਨ੍ਹਾਂ ਦਿਨਾਂ ਦੀ ਵਾਜਪਾਈ ਸਰਕਾਰ ਵਿਚ ਮਮਤਾ ਕੇਂਦਰੀ ਮੰਤਰੀ ਸੀ। ਇਸ ਲਈ ਉਨ੍ਹਾਂ ਦੀ ਪਾਰਟੀ ਜਦ 2011 'ਚ ਸੱਤਾਧਾਰੀ ਹੋਈ ਤਾਂ ਆਰ.ਐਸ.ਐਸ.-ਭਾਜਪਾ ਨੂੰ ਬੰਗਾਲ 'ਚ ਮੁਕਾਬਲਤਨ ਸਾਜ਼ਗਰ ਮਾਹੌਲ ਮਿਲਿਆ। ਪੂਰੇ ਰਾਜ 'ਚ ਆਰ.ਐਸ.ਐਸ. ਨੇ ਧੜਾਧੜ ਸ਼ਾਖਾਵਾਂ ਸ਼ੁਰੂ ਕਰ ਦਿੱਤੀਆਂ ਅਤੇ ਆਪਣੇ ਦਫਤਰ ਬਣਾ ਲਏ। ਉਸ ਸਮੇਂ ਤੱਕ ਬੰਗਾਲ ਵਿਚ 5 ਫੀਸਦੀ ਵੋਟ ਵੀ ਨਹੀਂ ਮਿਲਦੇ ਸਨ। 2011 ਵਿਚ ਭਾਜਪਾ ਨੇ ਕੁਲ 289 ਸੀਟਾਂ ਉਪਰ ਚੋਣ ਲੜੀ ਸੀ ਅਤੇ ਉਸ ਨੂੰ ਇਕ ਵੀ ਸੀਟ ਨਹੀਂ ਮਿਲੀ ਸੀ। ਐਨੀਆਂ ਸੀਟਾਂ ਉਪਰ ਲੜਨ ਦੇ ਬਾਵਜੂਦ ਉਸ ਨੂੰ ਮਹਿਜ਼ 4 ਫੀਸਦੀ ਵੋਟ ਮਿਲੇ ਸਨ ਲੇਕਿਨ ਮਮਤਾ ਰਾਜ ਵਿਚ ਆਰ.ਐਸ.ਐਸ.-ਭਾਜਪਾ ਨੇ ਦਲਿਤ-ਆਦਿਵਾਸੀ ਖੇਤਰਾਂ ਨੂੰ ਖਾਸ ਤੌਰ 'ਤੇ ਚੁਣਿਆ। ਹਿੰਦੂਤਵ ਵਿਚਾਰਧਾਰਾ ਆਧਾਰਿਤ ਸਕੂਲਾਂ ਅਤੇ ਆਸ਼ਰਮਾਂ ਦਾ ਜਾਲ ਫੈਲਾਇਆ ਗਿਆ। ਹਾਰ ਤੋਂ ਬਾਅਦ ਖੱਬੇ ਮੋਰਚੇ 'ਚ ਜ਼ਮੀਨੀ ਪੱਧਰ 'ਤੇ ਭਾਰੀ ਟੁੱਟ-ਭੱਜ ਹੋਈ। ਖੱਬੇ ਮੋਰਚੇ ਦੇ ਅਨੇਕਾਂ ਹਮਾਇਤੀਆਂ ਨੇ ਜਾਨ, ਮਾਲ ਅਤੇ ਹੈਸੀਅਤ ਬਚਾਉਣ ਲਈ ਤ੍ਰਿਣਮੂਲ ਦਾ ਪੱਲਾ ਜਾ ਫੜਿਆ। ਰਾਜਕੀ ਜਬਰ ਤੋਂ ਬਚਣ ਲਈ ਵੀ ਉਨ੍ਹਾਂ ਨੂੰ ਇਹ ਜ਼ਰੂਰੀ ਲੱਗਿਆ।

ਆਰ.ਐਸ.ਐਸ.-ਭਾਜਪਾ ਲਗਾਤਾਰ ਜੁੱਟੇ ਰਹੇ। 2014 'ਚ ਉਨ੍ਹਾਂ ਦੀ ਤਾਕਤ 'ਚ ਵਾਹਵਾ ਉਭਾਰ ਦੇਖਿਆ ਗਿਆ ਜੋ 2019 'ਚ ਹੋਰ ਵਧ ਗਿਆ। ਇਹ ਮੋਦੀ-ਸ਼ਾਹ ਦੇ ਕਾਰਪੋਰੇਟ-ਹਿੰਦੂਤਵ ਸਮੀਕਰਨ ਦਾ ਨਤੀਜਾ ਸੀ। 2019 'ਚ ਭਾਜਪਾ ਨੇ ਰਾਜ ਦੀਆਂ ਕੁਲ 42 ਸੰਸਦੀ ਸੀਟਾਂ 'ਚੋਂ 18 ਜਿੱਤ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ। ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੂੰ 22 ਸੀਟਾਂ ਮਿਲੀਆਂ, ਜਦਕਿ 2014 ਦੀਆਂ ਸੰਸਦੀ ਚੋਣਾਂ 'ਚ ਉਸ ਨੂੰ 34 ਸੀਟਾਂ ਮਿਲੀਆਂ ਸਨ। ਭਾਜਪਾ ਉਦੋਂ ਮਹਿਜ਼ 2 ਸੰਸਦੀ ਸੀਟਾਂ ਹਾਸਲ ਕਰ ਸਕੀ ਸੀ। ਉਸ ਨੂੰ 17 ਫੀਸਦੀ ਤੋਂ ਵੱਧ ਕੇ 2019 'ਚ 40 ਫੀਸਦੀ ਵੋਟ ਮਿਲੇ। ਬੰਗਾਲ ਦੇ ਉਤਰੀ ਹਿੱਸੇ ਅਤੇ ਦਲਿਤ-ਆਦਿਵਾਸੀ ਰਸੂਖ ਵਾਲੇ ਇਲਾਕਿਆਂ ਵਿਚ ਉਸ ਨੂੰ ਭਾਰੀ ਵਾਧਾ ਹਾਸਲ ਹੋਇਆ। ਇਸ ਵਿਚ ਜੰਗਲ ਮਹਿਲ ਦਾ ਇਲਾਕਾ ਸ਼ਾਮਿਲ ਸੀ। ਇਹ ਆਰ.ਐਸ.ਐਸ. ਦੇ ਕੰਮ ਅਤੇ ਮੋਦੀ-ਸ਼ਾਹ ਦੀ ਕੁਸ਼ਲ ਚੋਣ ਮੈਨੇਜਮੈਂਟ, ਮੀਡੀਆ ਮੈਨੇਜਮੈਂਟ ਅਤੇ ਮਾਇਆ-ਸ਼ਕਤੀ ਦਾ ਨਤੀਜਾ ਸੀ। ਤ੍ਰਿਣਮੂਲ ਨੂੰ ਦੱਖਣੀ ਬੰਗਾਲ ਅਤੇ ਕੋਲਕਾਤਾ ਦੇ ਆਸਪਾਸ ਦੇ ਇਲਾਕਿਆਂ ਵਿਚ ਇਜਾਫਾ ਹੋਇਆ ਜਿਸ ਵਿਚ ਉਸ ਨੇ 18 ਸੀਟਾਂ ਹਾਸਲ ਕਰ ਲਈਆਂ। ਤ੍ਰਿਣਮੂਲ ਨੂੰ ਇਸ ਵਾਰ 43.4 ਫੀਸਦੀ ਵੋਟ ਮਿਲੇ ਸਨ ਜੋ ਸੰਨ 2019 ਦੇ ਮੁਕਾਬਲੇ 4 ਫੀਸਦੀ ਜ਼ਿਆਦਾ ਸਨ ਪਰ ਸੀਟਾਂ ਘਟ ਗਈਆਂ। ਕਾਂਗਰਸ ਦਾ ਹਾਲ ਬਹੁਤ ਮਾੜਾ ਹੋਇਆ। 2014 ਦੀਆਂ ਸੰਸਦੀ ਚੋਣਾਂ 'ਚ ਉਸ ਕੋਲ 4 ਸੀਟਾਂ ਆਈਆਂ ਸਨ। 2019 'ਚ ਸਿਰਫ 2 ਸੀਟਾਂ ਮਿਲੀਆਂ। ਇਸ ਵਿਚ ਇਕ ਤਾਂ ਅਧੀਰ ਰੰਜਨ ਚੌਧਰੀ ਦੀ ਬਹਰਾਮਪੁਰ ਸੀਟ ਸੀ ਜਿੱਥੇ ਉਹ ਲਗਾਤਾਰ ਪੰਜਵੀਂ ਵਾਰ ਜਿੱਤੇ। ਸੰਨ 2014 ਦੀਆਂ ਸੰਸਦੀ ਚੋਣਾਂ 'ਚ ਦੋ ਸੀਟਾਂ ਲੈਣ ਵਾਲਾ ਖੱਬਾ ਮੋਰਚਾ 2019 'ਚ ਇਕ ਵੀ ਸੀਟ ਨਹੀਂ ਜਿੱਤ ਸਕਿਆ।

ਜੇ 2016 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਦੇਖੀਏ ਤਾਂ ਉਹ ਬਿਲਕੁਲ ਵੱਖਰਾ ਰੁਝਾਨ ਪੇਸ਼ ਕਰਦੇ ਹਨ। ਇਸ ਵਿਚ ਭਾਜਪਾ ਦੀ ਕਾਰਗੁਜ਼ਾਰੀ ਸਭ ਤੋਂ ਦਿਲਚਸਪ ਸੀ। 2014 ਦੀਆਂ ਸੰਸਦੀ ਚੋਣਾਂ ਦੇ ਮੁਕਾਬਲੇ ਬੰਗਾਲ ਦੇ ਵੋਟਰਾਂ ਨੇ ਉਸ ਨੂੰ ਥੋੜ੍ਹੀਆਂ ਵੋਟਾਂ ਪਾਈਆਂ। ਮਤਲਬ ਸਾਫ ਸੀ ਕਿ ਰਾਜ ਦੀਆਂ ਚੋਣਾਂ 'ਚ ਉਨ੍ਹਾਂ ਵੋਟਰਾਂ ਦੇ ਇਕ ਗਿਣਨਯੋਗ ਹਿੱਸੇ ਨੇ ਭਾਜਪਾ ਨੂੰ ਵੋਟ ਨਹੀਂ ਪਾਈ ਜਿਨ੍ਹਾਂ ਨੇ 2014 ਦੀਆਂ ਚੋਣਾਂ 'ਚ ਨਰਿੰਦਰ ਮੋਦੀ ਦੀ ਭਾਜਪਾ ਦੇ ਹੱਕ 'ਚ ਵੋਟ ਪਾਈ ਸੀ। ਪਾਰਟੀ ਨੇ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਦੇ ਤੌਰ 'ਤੇ ਮੈਦਾਨ 'ਚ ਉਤਾਰਿਆ ਸੀ। ਇਸ ਦਾ ਮਤਲਬ ਸਾਫ ਸੀ ਕਿ 2014 'ਚ ਭਾਜਪਾ ਨੂੰ ਵੋਟ ਦੇਣ ਵਾਲੇ ਵੋਟਰਾਂ ਦਾ ਗਿਣਨਯੋਗ ਹਿੱਸਾ ਆਰ.ਐਸ.ਐਸ.-ਭਾਜਪਾਦਾ ਪ੍ਰਤੀਬੱਧ ਵੋਟਰ ਨਹੀਂ ਸੀ। ਉਹ ਮੋਦੀ ਦੇ ਬੇਮਿਸਾਲ ਅਤੇ ਖਰਚੀਲੇ ਪ੍ਰਚਾਰਤੰਤਰ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵੱਲ ਗਿਆ ਸੀ। ਅਸੰਬਲੀ ਚੋਣ 'ਚ ਪਾਰਟੀ ਦੀ ਕਮਜ਼ੋਰ ਸਥਿਤੀ ਕਾਰਨ ਉਸ ਨੇ ਉਸ ਤੋਂ ਮੂੰਹ ਮੋੜ ਲਿਆ। 2019 'ਚ ਉਹ ਫਿਰ ਮੋਦੀ ਦੀ ਭਾਜਪਾ ਵੱਲ ਗਿਆ ਅਤੇ ਪਹਿਲਾਂ ਨਾਲੋਂ ਜ਼ਿਆਦਾ ਬੜੀ ਤਾਕਤ ਨਾਲ। ਕੀ ਵੋਟਰਾਂ ਦਾ ਇਹ ਵਰਗ ਹੁਣ ਭਾਜਪਾ ਦਾ ਪੱਕਾ ਲੋਕ ਆਧਾਰ ਬਣ ਜਾਵੇਗਾ?

2021 ਦੇ ਰੁਝਾਨ ਫਿਲਹਾਲ ਕੁਝ ਐਸੀ ਹੀ ਤਸਵੀਰ ਪੇਸ਼ ਕਰ ਰਹੇ ਹਨ। ਅਸਲ ਕਹਾਣੀ ਤਾਂ ਨਤੀਜੇ ਦੱਸਣਗੇ ਲੇਕਿਨ ਇੰਨਾ ਤਾਂ ਸ਼ੀਸ਼ੇ ਦੀ ਤਰ੍ਹਾਂ ਸਾਫ ਹੈ ਕਿ 2019 ਦੀਆਂ ਸੰਸਦੀ ਚੋਣਾਂ 'ਚ ਭਾਜਪਾ ਨੂੰ ਵੋਟ ਦੇਣ ਵਾਲੇ ਵੋਟਰਾਂ ਦਾ ਬੜਾ ਹਿੱਸਾ ਇਸ ਵਿਧਾਨ ਸਭਾ ਚੋਣ 'ਚ ਭਾਜਪਾ ਦੇ ਨਾਲ ਨਜ਼ਰ ਆ ਰਿਹਾ ਹੈ। ਉਹ 2016 ਦੀ ਤਰ੍ਹਾਂ ਭਾਜਪਾ ਨੂੰ ਨਿਰਾਸ਼ ਨਹੀਂ ਕਰੇਗਾ। ਇਸ ਦੇ ਕਈ ਠੋਸ ਕਾਰਨ ਹਨ। 2016 ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਮਹਿਜ਼ 3 ਸੀਟਾਂ ਨਾਲ ਸੰਤੁਸ਼ਟ ਹੋਣਾ ਪਿਆ ਸੀ ਅਤੇ ਮਮਤਾ ਬੈਨਰਜੀ ਨੂੰ ਭਾਰੀ ਬਹੁਮਤ ਮਿਲਿਆ ਸੀ। ਉਨ੍ਹਾਂ ਨੂੰ ਰਾਜ ਵਿਧਾਨ ਸਭਾ ਦੀਆਂ ਕੁਲ 294 ਵਿਚੋਂ 211 ਸੀਟਾਂ ਮਿਲੀਆਂ। ਕਾਂਗਰਸ ਅਤੇ ਖੱਬੇ ਮੋਰਚੇ ਨੇ ਗੱਠਜੋੜ ਬਣਾ ਕੇ ਚੋਣ ਲੜੀ ਸੀ। ਕਾਂਗਰਸ ਨੂੰ 44 ਅਤੇ ਖੱਬੇ ਮੋਰਚੇ ਨੂੰ 32 ਸੀਟਾਂ ਮਿਲੀਆਂ ਸਨ। 2016 ਤੱਕ ਭਾਜਪਾ ਦੀ ਤਾਕਤ ਖੱਬੇ ਮੋਰਚੇ ਅਤੇ ਕਾਂਗਰਸ ਦੇ ਗੱਠਜੋੜ ਦੇ ਮੁਕਾਬਲੇ ਕਾਫੀ ਘੱਟ ਸੀ। ਇਸ ਵਾਰ ਭਾਜਪਾ ਦੀ ਮੋਦੀ-ਸ਼ਾਹ ਜੋੜੀ ਨੇ ਮਨੋਵਿਗਿਆਨਕ ਯੁੱਧ 'ਚ ਖੱਬਾ ਮੋਰਚਾ-ਕਾਂਗਰਸ ਨੂੰ ਪਹਿਲਾਂ ਹੀ ਪਿੱਛੇ ਛੱਡ ਦਿੱਤਾ ਅਤੇ ਇਹ ਆਪਣੇ ਆਪ ਨੂੰ ਤ੍ਰਿਣਮੂਲ ਕਾਂਗਰਸ ਨਾਲ ਸਿੱਧੀ ਟੱਕਰ 'ਚ ਆਉਣ ਲੱਗੀ। ਰਾਸ਼ਟਰੀ ਮੀਡੀਆ ਕਹੇ ਜਾਣ ਵਾਲੇ ਟੀਵੀਪੁਰਮ ਨੇ ਇਸ ਵਿਚ ਭਾਜਪਾ ਦੇ ਪ੍ਰਚਾਰਕ ਵਾਂਗ ਕੰਮ ਕੀਤਾ। ਘੱਟੋ-ਘੱਟ ਖੇਤਰੀ ਬੰਗਲਾ ਮੀਡੀਆ ਦੀ ਐਸੀ ਭੂਮਿਕਾ ਨਹੀਂ ਸੀ।

ਬੰਗਾਲ 'ਚ ਭਾਜਪਾ-ਆਰ.ਐਸ.ਐਸ. ਦੇ ਆਧਾਰ ਵਿਸਤਾਰ 'ਚ ਉਨ੍ਹਾਂ ਦੀ ਰਣਨੀਤਕ ਚਤੁਰਾਈ ਦਾ ਪਹਿਲੂ ਸਭ ਤੋਂ ਮਹੱਤਵਪੂਰਨ ਹੈ। ਬ੍ਰਾਹਮਣ-ਵੈਸ਼ਿਆ ਮਿਜਾਜ਼ ਅਤੇ ਆਧਾਰ ਵਾਲੀ ਕੱਟੜਪੰਥੀ ਹਿੰਦੂਤਵ ਪਾਰਟੀ ਬੰਗਾਲ 'ਚ ਸਬਾਲਟਰਨ (ਹਾਸ਼ੀਏ 'ਤੇ ਧੱਕੇ ਲੋਕ) ਮੁਖੌਟਾ ਪਾ ਕੇ ਮੈਦਾਨ 'ਚ ਆਈ। ਮੋਦੀ-ਸ਼ਾਹ ਦੇ ਦੌਰ 'ਚ ਭਾਜਪਾ ਨੇ ਇਸ ਮੁਖੌਟੇ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਪਾਇਆ। ਸੰਘ ਨੇ ਵੀ ਉਸ ਨੂੰ ਹਰੀ ਝੰਡੀ ਦਿੱਤੀ। ਸੰਘ ਦੇ ਪ੍ਰਚਾਰਕਾਂ ਤੋਂ ਲੈ ਕੇ ਭਾਜਪਾ ਦੇ ਨਿਗਰਾਨਾਂ ਜਾਂ ਇੰਚਾਰਜਾਂ ਦੇ ਪੱਧਰ 'ਤੇ ਦੇਖੀਏ ਤਾਂ ਭਾਜਪਾ ਰਾਜਨੀਤੀ ਦੇ ਮੁਖੌਟਾਕਰਨ ਦੇ ਇਸ ਸਿਆਸੀ ਅਮਲ ਨੂੰ ਸਮਝਣਾ ਸੌਖਾ ਰਹੇਗਾ। ਨਮੋਸ਼ੂਦਰ ਤੋਂ ਲੈ ਕੇ ਓ.ਬੀ.ਸੀ. ਅਤੇ ਆਦਿਵਾਸੀਆਂ ਨਾਲ ਰਾਜਵੰਸ਼ੀਆਂ ਤੱਕ, ਹਰ ਦਬਾਏ ਅਤੇ ਪਿਛੜੇ ਸਮਾਜ ਨੂੰ ਭਾਜਪਾ ਨੇ ਬਹੁਤ ਯੋਜਨਾ ਨਾਲ ਮਿਲਾਇਆ ਅਤੇ ਵਰਗਲਾਇਆ। ਕਰੋਨਾ ਦੌਰ 'ਚ ਪ੍ਰਧਾਨ ਮੰਤਰੀ ਮੋਦੀ ਨੇ ਸਿਰਫ ਇਕ ਵਿਦੇਸ਼ ਯਾਤਰਾ ਕੀਤੀ ਅਤੇ ਉਹ ਸੀ ਬੰਗਲਾਦੇਸ਼ ਦੀ। ਉਹ ਵੀ ਬੰਗਾਲ ਦੀਆਂ ਚੋਣਾਂ ਦੌਰਾਨ। ਉਥੇ ਮਤੂਆ ਬਰਾਦਰੀ ਦੇ ਅਧਿਆਤਮਕ ਆਗੂ ਗੁਰੂ ਹਰੀਚੰਦਰ ਠਾਕੁਰ ਦੀ ਯਾਦ 'ਚ ਸਥਾਪਿਤ ਸਮਾਰਕ ਉਪਰ ਜਾ ਕੇ ਮੱਥਾ ਟੇਕਿਆ। ਪਿਛਲੀਆਂ ਦੋ ਚੋਣਾਂ 'ਚ ਮਤੂਆ ਵੋਟਾਂ ਦਾ ਬੜਾ ਹਿੱਸਾ ਮਮਤਾ ਬੈਨਰਜੀ ਦੇ ਨਾਲ ਸੀ ਲੇਕਿਨ ਇਸ ਵਾਰ ਮਮਤਾ ਬੈਨਰਜੀ ਦੇ ਸਲਾਹਕਾਰ ਪ੍ਰਸ਼ਾਂਤ ਕਿਸ਼ੋਰ ਖੁਦ ਹੀ ਬੋਲ ਰਹੇ ਹਨ ਕਿ 75 ਫੀਸਦੀ ਵੋਟ ਭਾਜਪਾ ਅਤੇ 25 ਫੀਸਦੀ ਮਮਤਾ ਨੂੰ ਪਵੇਗੀ। ਭਾਜਪਾ ਕਾਫੀ ਸਮੇਂ ਤੋਂ ਮਤੂਆ ਅਤੇ ਹੋਰ ਦਲਿਤ ਬਰਾਦਰੀਆਂ ਦਰਮਿਆਨ ਕੰਮ ਕਰਦੀ ਆ ਰਹੀ ਹੈ। ਪੂਰਬੀ ਬੰਗਾਲ (ਹੁਣ ਬੰਗਲਾਦੇਸ਼) ਤੋਂ ਆਏ ਦਲਿਤ ਸ਼ਰਨਾਰਥੀਆਂ ਨੂੰ ਉਨ੍ਹਾਂ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਤਮਾਮ ਲਟਕਦੀਆਂ ਮੰਗਾਂ ਨੂੰ ਸੀ.ਏ.ਏ. ਜ਼ਰੀਏ ਮੁਖਾਤਿਬ ਹੋਇਆ ਜਾਵੇਗਾ। ਇਹੀ ਕਾਰਨ ਹੈ ਕਿ ਬੰਗਾਲ 'ਚ ਭਾਜਪਾ ਦਾ ਹਰ ਆਗੂ ਕਹਿੰਦਾ ਆ ਰਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਮੰਤਰੀ-ਮੰਡਲ ਦੀ ਪਹਿਲੀ ਮੀਟਿੰਗ 'ਚ ਹੀ ਸੀ.ਏ.ਏ. (ਨਾਗਰਿਕਤਾ ਸੋਧ ਕਾਨੂੰਨ) ਦੇ ਨਵੇਂ ਨਿਯਮਾਂ ਨੂੰ ਅਮਲੀ ਰੂਪ ਦੇਣ ਦਾ ਫੈਸਲਾ ਹੋ ਜਾਵੇਗਾ।

ਦੂਜੇ ਪਾਸੇ, ਤ੍ਰਿਣਮੂਲ ਕਾਂਗਰਸ ਨੇ ਵੀ ਇਕ ਦੌਰ 'ਚ ਦਲਿਤ-ਓ.ਬੀ.ਸੀ. ਨੂੰ ਕਈ ਵਿਸ਼ਵਾਸ ਦਿਵਾਏ ਸਨ। ਕੁਛ ਫੈਸਲੇ ਵੀ ਹੋਏ। 2011-12 ਵਿਚ ਹੀ ਪਾਰਟੀ ਨੇ ਸੰਕੇਤ ਦਿੱਤਾ ਕਿ ਉਹ ਖੱਬੇ-ਪੱਖੀਆਂ ਦੇ ਮੁਕਾਬਲੇ ਜ਼ਿਆਦਾ ਸਮਾਵੇਸ਼ੀ ਨੀਤੀਆਂ (ਸਭ ਨੂੰ ਸ਼ਾਮਲ ਕਰ ਕੇ ਚੱਲਣ ਦੀਆਂ ਨੀਤੀਆਂ) ਅਖਤਿਆਰ ਕਰੇਗੀ। ਓ.ਬੀ.ਸੀ. ਰਾਖਵਾਂਕਰਨ ਬਾਰੇ ਮਮਤਾ ਬੈਨਰਜੀ ਸਰਕਾਰ ਦੇ ਫੈਸਲੇ ਨੂੰ ਉਨ੍ਹਾਂ ਵਰਗਾਂ ਨੇ ਪਸੰਦ ਵੀ ਕੀਤਾ ਪਰ ਉਸ ਦੇ ਦਸ ਵਰ੍ਹਿਆਂ ਦੇ ਰਾਜ ਦੇ ਬਾਵਜੂਦ ਬੰਗਾਲ 'ਚ ਅੱਜ ਵੀ ਓ.ਬੀ.ਸੀ. ਅਤੇ ਦਲਿਤਾਂ ਲਈ ਰਾਖਵੇਂਕਰਨ ਦੀ ਵਿਵਸਥਾ ਨੂੰ ਲਾਗੂ ਕਰਨ 'ਚ ਕਈ ਅੜਿੱਕੇ ਹਨ। ਓ.ਬੀ.ਸੀ. ਨੂੰ ਅੱਜ ਬੰਗਾਲ 'ਚ ਸਿਰਫ 17 ਫੀਸਦੀ ਰਾਖਵਾਂਕਰਨ ਹੈ, ਜਦਕਿ ਮੰਡਲ ਕਮਿਸ਼ਨ ਨੇ 27 ਫੀਸਦੀ ਦੀ ਸਿਫਾਰਸ਼ ਕੀਤੀ ਸੀ। ਬੰਗਾਲ 'ਚ ਇਹ 17 ਫੀਸਦੀ ਵੀ ਪੂਰਾ ਨਹੀਂ ਮਿਲਦਾ। ਉਸ ਵਿਚ ਤਰ੍ਹਾਂ-ਤਰ੍ਹਾਂ ਦੇ ਵਰਗੀਕਰਨ ਹਨ। ਬਾਹਰੋਂ ਆ ਕੇ ਬੰਗਾਲ 'ਚ ਵਸੇ ਲੋਕਾਂ ਨੂੰ ਜਾਤੀ ਸਰਟੀਫੀਕੇਟ ਤੱਕ ਨਹੀਂ ਮਿਲਦਾ ਰਿਹਾ ਹੈ। ਇਸ ਵਿਚ ਐਸੇ ਲੋਕ ਵੀ ਹਨ ਜਿਨ੍ਹਾਂ ਦੀਆਂ ਤਿੰਨ-ਤਿੰਨ ਪੀੜ੍ਹੀਆਂ ਬੰਗਾਲ 'ਚ ਰਹਿੰਦੀਆਂ ਆ ਰਹੀਆਂ ਹਨ। ਐਸੇ ਅੜਿੱਕਿਆਂ ਦੇ ਹੁੰਦਿਆਂ ਉਨ੍ਹਾਂ ਲਈ ਰਾਖਵਾਂਕਰਨ ਦਾ ਫਾਇਦਾ ਲੈਣਾ ਸੰਭਵ ਨਹੀਂ ਹੈ। ਇਨ੍ਹਾਂ ਤਮਾਮ ਨਾਰਾਜ਼ ਲੋਕਾਂ ਨੂੰ ਭਾਜਪਾ ਨੇ ਇਸ ਵਾਰ ਗੁਮਰਾਹ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ।

ਉਸ ਨੇ ਓ.ਬੀ.ਸੀ.-ਦਲਿਤ ਬਰਾਦਰੀ ਦੇ ਆਗੂਆਂ ਨੂੰ ਬੜੇ ਪੈਮਾਨੇ 'ਤੇ ਟਿਕਟਾਂ ਦਿੱਤੀਆਂ ਹਨ ਅਤੇ ਅਹੁਦੇਦਾਰ ਬਣਾਇਆ ਹੈ। ਸੰਕੇਤ ਤਾਂ ਇਹ ਵੀ ਦਿੱਤਾ ਗਿਆ ਹੈ ਕਿ ਸਰਕਾਰ ਬਣੀ ਤਾਂ ਮੁੱਖ ਮੰਤਰੀ ਓ.ਬੀ.ਸੀ. ਸਮਾਜ ਦਾ ਹੀ ਬਣੇਗਾ। ਕੈਸੀ ਵਿਡੰਬਨਾ ਹੈ, ਇਕ ਐਸੀ ਪਾਰਟੀ ਜਿਸ ਨੇ ਹਿੰਦੂ ਭਾਸ਼ਾਈ ਰਾਜਾਂ 'ਚ ਓ.ਬੀ.ਸੀ. ਰਾਖਵੇਂਕਰਨ ਨੂੰ ਲਗਭੱਗ ਬੇਮਾਇਨਾ ਬਣਾ ਦਿੱਤਾ ਅਤੇ ਹੁਣ ਸਰਕਾਰੀ ਅਦਾਰਿਆਂ ਨੂੰ ਨਿੱਜੀ ਹੱਥਾਂ 'ਚ ਦੇ ਕੇ ਰਾਖਵੇਂਕਰਨ ਦੀ ਪੂਰੀ ਬਹਿਸ ਨੂੰ ਹੀ ਤਕਰੀਬਨ ਖਤਮ ਕਰ ਦਿੱਤਾ ਗਿਆ ਹੈ, ਉਹ ਬੰਗਾਲ ਦੇ ਪਿਛੜਿਆਂ ਦਰਮਿਆਨ ਸਰਕਾਰੀ ਨੌਕਰੀਆਂ ਅਤੇ ਉਨ੍ਹਾਂ ਦੇ ਰਾਖਵੇਂਕਰਨ ਦਾ ਛੁਣਛੁਣਾ ਵਜਾਉਂਦੀ ਨਜ਼ਰ ਆ ਰਹੀ ਹੈ। ਬੰਗਾਲ 'ਚ ਦਲਿਤ-ਓ.ਬੀ.ਸੀ. ਨੂੰ ਫਿਲਹਾਲ ਭਾਜਪਾ ਦਾ ਇਹ ਛੁਣਛੁਣਾ ਇਸ ਕਰ ਕੇ ਚੰਗਾ ਲੱਗ ਰਿਹਾ ਹੈ ਕਿ ਉਹ ਖੱਬੇ ਮੋਰਚੇ ਅਤੇ ਤ੍ਰਿਣਮੂਲ, ਦੋਨਾਂ ਦੇ ਰਾਜ ਤੋਂ ਨਿਰਾਸ਼ ਰਹੇ ਹਨ। ਬੰਗਾਲ 'ਚ ਪਹਿਲਾਂ ਬੜੇ-ਬੜੇ ਬੁੱਧੀਜੀਵੀਆਂ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਸੀ ਕਿ ਉਨ੍ਹਾਂ ਦੇ ਪ੍ਰਦੇਸ਼ 'ਚ ਜਾਤੀ-ਵਰਣ ਦਾ ਕੋਈ ਮਾਮਲਾ ਨਹੀਂ ਹੈ, ਸਮਾਜ 'ਚ ਬਸ ਅਮੀਰ-ਗ਼ਰੀਬ ਹਨ। ਫਿਰ ਅੱਜ ਬੰਗਾਲ ਦੀ ਰਾਜਨੀਤੀ 'ਚ ਨਮੋਸ਼ੂਦਰ, ਰਜਵੰਸ਼ੀ, ਆਦਿਵਾਸੀ ਅਤੇ ਓ.ਬੀ.ਸੀ. ਨੇ ਕਿੱਥੋਂ ਅਵਤਾਰ ਧਾਰ ਲਿਆ?

ਐਸੇ ਸਿਆਸੀ ਦ੍ਰਿਸ਼ 'ਚ ਜੇ ਭਾਜਪਾ ਨੇ ਆਪਣੇ ਉਚ ਵਰਗੀ ਹਿੰਦੂਤਵ, ਖਾਸ ਕਰ ਕੇ ਬ੍ਰਾਹਮਣ-ਬਾਣੀਆ ਸਰੋਕਾਰ ਅਤੇ ਗਲਬੇ ਨੂੰ ਓਹਲੇ ਰੱਖ ਕੇ ਬੰਗਾਲ 'ਚ ਫਿਲਹਾਲ ਸਬਾਲਟਰਨ ਦਾ ਮੁਖੌਟਾ ਪਾਇਆ ਹੈ ਤਾਂ ਇਸ ਸਿਆਸੀ ਤਜਰਬੇ ਨੂੰ ਸਰਸਰੀ ਤੌਰ 'ਤੇ ਨਹੀਂ ਲਿਆ ਜਾ ਸਕਦਾ। ਦੇਖਣਾ ਪਵੇਗਾ, 2021 ਦੀ ਇਸ ਮਹੱਤਵਪੂਰਨ ਚੋਣ ਵਿਚ ਇਸ ਦਾ ਉਸ ਨੂੰ ਕਿੰਨਾ ਫਾਇਦਾ ਮਿਲਦਾ ਹੈ!

ੴ ਸਤਿਗੁਰ ਪ੍ਰਸਾਦਿ

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਖਾਲਸਾ ਸਿਰਜਣਾ ਦਿਹਾੜੇ

# ਅਤੇ ਵਿਸਾਖੀ ਦੀ

# ਲੱਖ ਲੱਖ ਵਧਾਈ

ਵਲੋਂ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਅਤੇ ਪਰਿਵਾਰ



ਜੈਦੇਵ ਸਿੰਘ (ਸੱਤੀ) ਭੱਠਲ, ਸ਼ਿਕਾਗੋ
ਅਤੇ ਪਰਿਵਾਰ



ਸੁਖਰਾਜ ਸਿੰਘ ਤੱਖਰ, ਸ਼ਿਕਾਗੋ
ਅਤੇ ਪਰਿਵਾਰ

## Major Gurcharn Singh Jhaj
## Jaidev Singh Bhattal & Sukhraj Singh Takher

***Sewadars of Baba Iqbal Singh Ji and The Kalgidhar Society, Baru Sahib***

# ਜੇਲ੍ਹਾਂ ਦੀਆਂ ਜ਼ਮੀਨਾਂ 'ਤੇ ਖੁੱਲ੍ਹਣਗੇ ਰਿਟੇਲ ਆਊਟਲੈਟ




**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜੇਲ੍ਹ ਉਦਯੋਗਾਂ 'ਚ ਨਵੇਂ ਸਰੋਤ ਪੈਦਾ ਕਰਨ ਲਈ ਪੰਜਾਬ ਜੇਲ੍ਹ ਵਿਕਾਸ ਬੋਰਡ (ਪੀ.ਪੀ.ਡੀ.ਬੀ.) ਦੀ ਜੇਲ੍ਹ ਵਿਭਾਗ ਦੀ ਮਾਲਕੀ ਵਾਲੀ ਜਮੀਨ 'ਤੇ ਇੰਡੀਅਨ ਆਇਲ ਕਾਰਪੋਰੇਸ਼ਨ ਦੇ 12 ਰਿਟੇਲ ਆਊਟਲੈਟ (ਪ੍ਰਚੂਨ ਦੁਕਾਨਾਂ) ਸਥਾਪਤ ਕਰਨ ਦੀ ਤਜਵੀਜ਼ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਇਹ ਫੈਸਲਾ ਕੀਤਾ। ਇਨ੍ਹਾਂ ਪ੍ਰੋਜੈਕਟਾਂ ਬਾਰੇ ਮੁੱਖ ਮੰਤਰੀ ਨੂੰ ਦੱਸਿਆ ਗਿਆ ਕਿ ਇਸ ਨਾਲ ਜਿਥੇ ਰਿਹਾਅ ਹੋਏ 400 ਕੈਦੀਆਂ ਨੂੰ ਰੁਜ਼ਗਾਰ ਮਿਲੇਗਾ, ਉਥੇ 40 ਲੱਖ ਰੁਪਏ ਪ੍ਰਤੀ ਮਹੀਨਾ ਮਾਲੀਆ ਆਉਣ ਦੀ ਸੰਭਾਵਨਾ ਹੈ। ਬੋਰਡ ਦੇ ਮੈਂਬਰ ਸਕੱਤਰ ਏ.ਡੀ.ਜੀ.ਪੀ. (ਜੇਲ੍ਹਾਂ) ਪ੍ਰਵੀਨ ਸਿਨਹਾ ਨੇ ਦੱਸਿਆ ਕਿ ਚੰਗੇ ਵਿਹਾਰ ਵਾਲੇ ਕੈਦੀਆਂ ਨੂੰ ਵੀ ਇਨ੍ਹਾਂ ਆਊਟਲੈਟ ਉਤੇ ਰੁਜ਼ਗਾਰ ਦਿੱਤਾ ਜਾਵੇਗਾ ਅਤੇ ਮਹਿਲਾ ਕੈਦੀਆਂ ਨੂੰ ਤਰਜੀਹ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕੈਦੀਆਂ ਵੱਲੋਂ ਤਿਆਰ ਕੀਤੇ ਜਾਣ ਵਾਲੇ ਸਾਰੇ ਉਤਪਾਦਾਂ ਦਾ ਮਾਰਕੀਟਿੰਗ ਲਈ ਬਰਾਂਡ ਨਾਮ 'ਉਜਾਲਾ ਪੰਜਾਬ' ਰੱਖਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਮੁੱਖ ਮੰਤਰੀ ਨੇ ਬੋਰਡ ਦੇ ਗੈਰ-ਸਰਕਾਰੀ ਮੈਂਬਰ ਤੇ ਸਰਬੱਤ ਦਾ ਭਲਾ ਟਰੱਸਟ ਦੇ ਪ੍ਰਬੰਧਕੀ ਟਰੱਸਟੀ ਐਸ.ਪੀ.ਐਸ. ਓਬਰਾਏ ਵੱਲੋਂ ਕੈਦੀਆਂ ਲਈ ਜੇਲ੍ਹਾਂ ਵਿਚ ਪੰਜ ਮੈਡੀਕਲ ਲੈਬਾਰਟਰੀਆਂ ਸਥਾਪਤ ਕਰਨ ਦੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਨ੍ਹਾਂ ਲੈਬਜ ਨੂੰ ਸਥਾਪਤ ਕਰਨ ਦਾ ਖਰਚਾ ਟਰੱਸਟ ਵੱਲੋਂ ਕੀਤਾ ਜਾਵੇਗਾ।

## ਮੁੱਖ ਮੰਤਰੀ ਵੱਲੋਂ ਹੜ੍ਹ ਰੋਕੂ ਕੰਮਾਂ ਲਈ 130 ਕਰੋੜ ਰੁਪਏ ਮਨਜ਼ੂਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਖ-ਵੱਖ ਹੜ੍ਹ ਰੋਕੂ ਕੰਮਾਂ ਲਈ 130 ਕਰੋੜ ਰੁਪਏ ਮਨਜ਼ੂਰ ਕਰ ਕੇ ਸਿੰਜਾਈ ਤੇ ਮਾਲ ਵਿਭਾਗਾਂ ਨੂੰ ਆਗਾਮੀ ਮਾਨਸੂਨ ਸੀਜ਼ਨ ਤੋਂ ਪਹਿਲਾਂ ਇਹ ਕੰਮ ਪੂਰੇ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਵੀਡੀਓ ਕਾਨਫਰੰਸ ਰਾਹੀਂ ਸੂਬਾਈ ਹੜ੍ਹ ਰੋਕੂ ਬੋਰਡ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਹੜ੍ਹ ਸੰਭਾਵੀ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੀ ਸਪੁਰਦਗੀ ਵਿਚ 10 ਕਰੋੜ ਰੁਪਏ ਰੱਖਣ ਦੇ ਆਦੇਸ਼ ਦਿੱਤੇ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਸ਼ਹਿਰੀ ਖੇਤਰਾਂ 'ਚ ਪਾਣੀ ਖੜ੍ਹੇ ਹੋਣ ਦੀ ਸਮੱਸਿਆ ਤੋਂ ਬਚਾਅ ਲਈ ਸ਼ਹਿਰੀ ਡਰੇਨਾਂ ਦੀ ਚੰਗੀ ਤਰ੍ਹਾਂ ਸਫਾਈ ਕਰਵਾਉਣ ਲਈ ਵੀ ਕਿਹਾ।

# ਕਰੋਨਾ: ਜਲ੍ਹਿਆਂਵਾਲਾ ਬਾਗ ਖੋਲ੍ਹਣ ਦਾ ਅਮਲ ਮੁੜ ਲਟਕਿਆ

**ਅੰਮ੍ਰਿਤਸਰ:** ਇਤਿਹਾਸਕ ਜਲ੍ਹਿਆਂਵਾਲਾ ਬਾਗ ਲੋਕਾਂ ਲਈ ਖੋਲ੍ਹਣ ਦਾ ਪ੍ਰੋਗਰਾਮ ਕਰੋਨਾ ਦੇ ਵਧਦੇ ਪ੍ਰਭਾਵ ਕਾਰਨ ਮੁੜ ਅਗਾਂਹ ਪੈ ਗਿਆ ਹੈ। ਇਸ ਨੂੰ ਪਹਿਲਾਂ 13 ਅਪਰੈਲ ਨੂੰ ਲੋਕਾਂ ਲਈ ਖੋਲ੍ਹਣ ਦਾ ਪ੍ਰੋਗਰਾਮ ਸੀ, ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਰਚੁਅਲ ਪ੍ਰੋਗਰਾਮ ਰਾਹੀਂ ਲੋਕ ਅਰਪਣ ਕੀਤਾ ਜਾਣਾ ਸੀ ਪਰ ਪੰਜਾਬ ਸਰਕਾਰ ਨੇ ਫਿਲਹਾਲ ਇਹ ਪ੍ਰੋਗਰਾਮ ਅਗਾਂਹ ਪਾ ਦਿੱਤਾ ਹੈ।



ਇਸ ਸਬੰਧੀ ਜਲ੍ਹਿਆਂਵਾਲਾ ਬਾਗ ਟਰੱਸਟ ਦੇ ਮੈਂਬਰ ਤਰਲੋਚਨ ਸਿੰਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 13 ਅਪਰੈਲ ਨੂੰ ਵਰਚੁਅਲ ਪ੍ਰੋਗਰਾਮ ਰਾਹੀਂ ਬਾਗ ਨੂੰ ਮੁੜ ਲੋਕ ਅਰਪਣ ਕੀਤਾ ਜਾਣਾ ਸੀ ਤੇ ਇਸ ਸਬੰਧੀ ਉਨ੍ਹਾਂ ਪ੍ਰਧਾਨ ਮੰਤਰੀ ਦਾ ਧੰਨਵਾਦ ਵੀ ਕੀਤਾ ਪਰ ਪੰਜਾਬ ਵਿਚ ਕਰੋਨਾ ਦੇ ਵਧ ਰਹੇ ਪ੍ਰਭਾਵ ਕਾਰਨ ਪੰਜਾਬ ਸਰਕਾਰ ਨੇ ਫਿਲਹਾਲ ਜਲ੍ਹਿਆਂਵਾਲਾ ਬਾਗ ਨੂੰ ਲੋਕਾਂ ਲਈ ਖੋਲ੍ਹਣ ਦੇ ਪ੍ਰੋਗਰਾਮ ਨੂੰ ਅਗਾਂਹ ਪਾ ਦਿੱਤਾ ਹੈ। ਪੰਜਾਬ ਸਰਕਾਰ ਨੇ 30 ਅਪਰੈਲ ਤੱਕ ਵਿੱਦਿਅਕ ਅਦਾਰੇ ਵੀ ਬੰਦ ਕਰ ਦਿੱਤੇ ਹਨ। ਸੈਰ-ਸਪਾਟੇ ਵਾਲੀਆਂ ਥਾਵਾਂ ਵੀ ਮੁੜ ਬੰਦ ਕਰ ਦਿੱਤੀਆਂ ਗਈਆਂ ਹਨ। ਇਸੇ ਤਹਿਤ ਜਲ੍ਹਿਆਂਵਾਲਾ ਬਾਗ ਨੂੰ ਖੋਲ੍ਹਣ ਦਾ ਪ੍ਰੋਗਰਾਮ ਵੀ ਅਗਾਂਹ ਪੈ ਗਿਆ ਹੈ। ਦੱਸਣਯੋਗ ਹੈ ਕਿ ਇਹ ਸ਼ਹੀਦੀ ਸਮਾਰਕ ਨਵੀਨੀਕਰਨ ਦੇ ਕੰਮ ਵਿਚ ਤੇਜੀ ਲਿਆਉਣ ਲਈ 15 ਫਰਵਰੀ, 2020 ਨੂੰ ਲੋਕਾਂ ਲਈ ਬੰਦ ਕਰ ਦਿੱਤਾ ਗਿਆ ਸੀ।

ਉਧਰ, ਤਰਕਸ਼ੀਲ ਸੁਸਾਇਟੀ ਦੀ ਅੰਮ੍ਰਿਤਸਰ ਇਕਾਈ ਨੇ ਜਮਹੂਰੀ ਅਤੇ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਕੇਂਦਰ ਸਰਕਾਰ ਵੱਲੋਂ 13 ਅਪਰੈਲ ਨੂੰ ਸੈਲਾਨੀਆਂ ਅਤੇ ਆਮ ਲੋਕਾਂ ਲਈ ਜਲ੍ਹਿਆਂਵਾਲਾ ਬਾਗ ਸ਼ਹੀਦ ਸਮਾਰਕ ਨਾ ਖੋਲ੍ਹਣ ਦੇ ਫੈਸਲੇ ਖਿਲਾਫ ਜਲ੍ਹਿਆਂਵਾਲਾ ਬਾਗ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ। ਇਸ ਵਿਚ ਜਮਹੂਰੀ ਅਧਿਕਾਰ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਲਲਕਾਰ, ਸਟੂਡੈਂਟਸ ਫ਼ਾਰ ਸੁਸਾਇਟੀ, ਇਪਟਾ ਅਤੇ ਲੋਕ ਭਲਾਈ ਮੰਚ ਆਦਿ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਜਲ੍ਹਿਆਂਵਾਲਾ ਬਾਗ ਨੂੰ ਸੈਲਾਨੀਆਂ ਲਈ ਤੁਰਤ ਖੋਲ੍ਹਣ ਅਤੇ ਇਤਿਹਾਸਕ ਵਿਰਾਸਤੀ ਢਾਂਚੇ ਨੂੰ ਬਰਕਰਾਰ ਰੱਖਣ ਦੀ ਮੰਗ ਕੀਤੀ ਗਈ।

ਤਰਕਸ਼ੀਲ ਆਗੂਆਂ ਜਸਪਾਲ ਬਾਸਰਕਾ ਅਤੇ ਜਮਹੂਰੀ ਅਧਿਕਾਰ ਸਭਾ ਦੇ ਐਡਵੋਕੇਟ ਅਮਰਜੀਤ ਬਾਈ ਨੇ ਕਿਹਾ ਕਿ ਪੰਜਾਬ ਸਮੇਤ ਦੇਸ਼ ਦੇ ਸਾਰੇ ਸੂਬਿਆਂ ਵਿਚਲੇ ਧਾਰਮਿਕ ਸਥਾਨ, ਸ਼ਾਪਿੰਗ ਮਾਲਜ਼, ਸਿਨੇਮਾਘਰ ਅਤੇ ਹੋਰ ਵਿਰਾਸਤੀ ਸਥਾਨ ਖੁੱਲ੍ਹੇ ਹੋਏ ਹਨ ਪਰ ਜਲ੍ਹਿਆਂਵਾਲਾ ਬਾਗ ਦੇ ਸ਼ਹੀਦੀ ਸਮਾਰਕ ਨੂੰ ਕਰੋਨਾ ਬਿਮਾਰੀ ਦਾ ਬਹਾਨਾ ਬਣਾ ਕੇ ਖੋਲ੍ਹਿਆ ਨਹੀਂ ਜਾ ਰਿਹਾ ਤਾਂ ਕਿ ਆਮ ਲੋਕਾਂ ਨੂੰ ਅਤੇ ਨੌਜਵਾਨ ਪੀੜੀ ਨੂੰ ਬਰਤਾਨਵੀ ਹਕੂਮਤ ਵੱਲੋਂ ਕੀਤੇ ਜ਼ੁਲਮ ਤੇ ਜਬਰ ਦੇ ਇਤਿਹਾਸ ਤੋਂ ਵਾਂਝਿਆਂ ਰੱਖਿਆ ਜਾ ਸਕੇ।

# ਉਘੇ ਅਦਾਕਾਰ ਸਤੀਸ਼ ਕੌਲ ਦਾ ਦੇਹਾਂਤ

**ਲੁਧਿਆਣਾ:** ਹਿੰਦੀ ਤੇ ਪੰਜਾਬੀ ਸਿਨੇਮਾ ਦੀਆਂ 300 ਤੋਂ ਵੱਧ ਫਿਲਮਾਂ 'ਚ ਅਦਾਕਾਰੀ ਕਰਨ ਵਾਲੇ ਸਤੀਸ਼ ਕੌਲ ਦਾ ਲੁਧਿਆਣਾ ਵਿਚ ਦੇਹਾਂਤ ਹੋ ਗਿਆ। ਉਹ ਕਰੋਨਾ ਪਾਜੀਟਿਵ ਵੀ ਸਨ। ਕੌਲ ਕਈ ਦਿਨਾਂ ਤੋਂ ਹਸਪਤਾਲ 'ਚ ਭਰਤੀ ਸਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੌਲ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ। ਦੱਸਣਯੋਗ ਹੈ ਕਿ ਕੌਲ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਸਾਲ 2019 'ਚ ਜਦੋਂ ਖਬਰਾਂ ਰਾਹੀਂ ਸਤੀਸ਼ ਕੌਲ ਦੀ ਤੰਗਹਾਲੀ ਸਾਹਮਣੇ ਆਈ ਸੀ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਪੰਜ ਲੱਖ ਰੁਪਏ ਦੀ ਮਾਲੀ ਮਦਦ ਦਿੱਤੀ ਗਈ ਸੀ। ਇਸ ਤੋਂ ਬਾਅਦ ਲੁਧਿਆਣਾ ਦੇ ਡੀ.ਸੀ. ਖੁਦ ਕੌਲ ਨੂੰ ਮਿਲਣ ਪੁੱਜੇ ਸਨ। ਸਤੀਸ਼ ਕੌਲ ਦਾ ਪਿੱਠ ਦੀ ਸੱਟ ਲਈ ਵੀ ਲੰਮੇ ਸਮੇਂ ਤੋਂ ਇਲਾਜ ਚੱਲ ਰਿਹਾ ਸੀ।

ਤਿੰਨ ਦਹਾਕਿਆਂ ਤੱਕ ਪੰਜਾਬੀ ਤੇ ਹਿੰਦੀ ਸਿਨੇਮਾ 'ਤੇ ਰਾਜ ਕਰਨ ਵਾਲੇ ਸਤੀਸ਼ ਕੌਲ ਨੇ ਜ਼ਿੰਦਗੀ ਦੇ ਆਖਰੀ ਵਰ੍ਹੇ ਗੁੰਮਨਾਮੀ 'ਚ ਗੁਜ਼ਾਰੇ। ਕੌਲ ਦਾ ਜਨਮ 8 ਸਤੰਬਰ, 1954 ਨੂੰ ਕਸ਼ਮੀਰ 'ਚ ਹੋਇਆ ਸੀ। ਪਿਤਾ ਦੇ ਕਹਿਣ 'ਤੇ 1969 'ਚ ਉਹ ਪੁਣੇ ਦੇ ਫਿਲਮ ਤੇ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ 'ਚ ਗ੍ਰੈਜੂਏਸ਼ਨ ਕਰਨ ਚਲੇ ਗਏ। ਅਦਾਕਾਰਾ ਜਯਾ ਬਚਨ, ਡੈਨੀ ਤੇ ਸ਼ਤਰੂਘਨ ਸਿਨਹਾ ਉਨ੍ਹਾਂ ਦੇ ਬੈਚਮੇਟ ਰਹੇ। ਸਤੀਸ਼ ਕੌਲ ਨੇ 1973 'ਚ ਪਹਿਲੀ ਫਿਲਮ ਕੀਤੀ। ਉਨ੍ਹਾਂ ਅਮਰੀਕਾ 'ਚ ਵਿਆਹ ਕਰਵਾਇਆ ਪਰ ਸਿਨੇਮਾ ਦਾ ਜਨੂੰਨ ਉਨ੍ਹਾਂ ਨੂੰ ਵਾਪਸ ਭਾਰਤ ਖਿੱਚ ਲਿਆਇਆ। ਕੌਲ ਨੇ ਬਾਲੀਵੁੱਡ ਫਿਲਮ 'ਬੰਦ ਦਰਵਾਜ਼ਾ', 'ਸੱਸੀ ਪੁੰਨੂੰ', 'ਮਹਾਭਾਰਤ' 'ਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਉਨ੍ਹਾਂ ਦਲੀਪ ਕੁਮਾਰ, ਦੇਵ ਆਨੰਦ ਤੇ ਸ਼ਾਹਰੁਖ ਖਾਨ ਜਿਹੇ ਅਦਾਕਾਰ ਨਾਲ ਵੀ ਕੰਮ ਕੀਤਾ।

ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥



ਸ. ਅਵਤਾਰ ਸਿੰਘ

ਸਮੂਹ ਪੰਜਾਬੀ ਭਾਈਚਾਰੇ ਨੂੰ ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ

ਲੱਖ ਲੱਖ ਵਧਾਈ ਹੋਵੇ

ਅਵਤਾਰ ਸਿੰਘ, ਸਪਰਿੰਗਫੀਲਡ (ਓਹਾਇਓ) ਅਤੇ ਪਰਿਵਾਰ
ਫੋਨ: 937-206-4674

# ਬੰਗਾਲ ਚੋਣਾਂ: ਚੋਣ ਕਮਿਸ਼ਨ ਦੀ ਕਾਰਗੁਜ਼ਾਰੀ 'ਤੇ ਉਠੇ ਸਵਾਲ

**ਨਵੀਂ ਦਿੱਲੀ:** ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਜੰਗ ਦਾ ਮੈਦਾਨ ਬਣ ਗਈਆਂ ਹਨ। ਚੋਣਾਂ ਵਿਚ ਹੋ ਰਹੀ ਹਿੰਸਾ ਤੇ ਚੋਣ ਕਮਿਸ਼ਨ ਦੀ ਚੁੱਪ ਉਤੇ ਵੱਡੇ ਸਵਾਲ ਉਠ ਰਹੇ ਹਨ। ਇਥੋਂ ਤੱਕ ਕਿ ਭਾਜਪਾ ਵੱਲੋਂ ਸਵਾਲ ਚੁੱਕਣ ਵਾਲਿਆਂ ਉਤੇ ਚੋਣ ਕਮਿਸ਼ਨ ਦਾ ਅਪਮਾਨ ਕਰਨ ਦੇ ਦੋਸ਼ ਮੜ੍ਹੇ ਜਾ ਰਹੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਭਾਜਪਾ ਉਮੀਦਵਾਰ ਸੁਭੇਂਦੂ ਅਧਿਕਾਰੀ ਤੱਕ ਸਾਰੇ ਭਾਜਪਾ ਨੇਤਾ ਧਾਰਮਿਕ ਆਧਾਰ 'ਤੇ ਵੋਟਾਂ ਦੀ ਮੰਗ ਕਰ ਰਹੇ ਹਨ ਪਰ ਚੋਣ ਕਮਿਸ਼ਨ ਮੂਕ ਦਰਸ਼ਕ ਬਣਿਆ ਹੋਇਆ ਹੈ। ਪਿਛਲੇ ਦਿਨੀਂ ਜਦੋਂ ਚੋਣ ਕਮਿਸ਼ਨ ਨੇ ਫਿਰਕੂ ਭਾਸ਼ਨ ਲਈ ਮਮਤਾ ਬੈਨਰਜੀ ਨੂੰ ਨੋਟਿਸ ਜਾਰੀ ਕੀਤਾ, ਉਦੋਂ ਸਵਾਲ ਉਠੇ ਕਿ ਉਹ ਭਾਜਪਾ ਆਗੂਆਂ ਦੇ ਫਿਰਕੂ ਭਾਸ਼ਨਾਂ 'ਤੇ ਚੁੱਪ ਕਿਉਂ ਹੈ, ਤਾਂ ਕਮਿਸ਼ਨ ਨੇ ਸੁਭੇਂਦੂ ਦੇ 10 ਦਿਨ ਪੁਰਾਣੇ ਇਕ ਭਾਸ਼ਨ 'ਤੇ ਤੁਰਤ ਨੋਟਿਸ ਜਾਰੀ ਕਰ ਦਿੱਤਾ। ਚੋਣ ਕਮਿਸ਼ਨ ਦਾ ਲਗਾਤਾਰ ਅਜਿਹਾ ਹੀ ਰਵੱਈਆ ਵੇਖਣ ਨੂੰ ਮਿਲ ਰਿਹਾ ਹੈ ਅਤੇ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ 'ਤੇ ਵੀ ਕਈ ਸਵਾਲ ਉਠ ਰਹੇ ਹਨ।

ਦਰਅਸਲ, ਪੱਛਮੀ ਬੰਗਾਲ ਵਿਚ ਚੌਥੇ ਗੇੜ ਦੀਆਂ ਵੋਟਾਂ ਸਮੇਂ ਹੋਈ ਚੋਣ ਹਿੰਸਾ ਨਾਲ ਅਮਨਪੂਰਵਕ ਵੋਟਾਂ ਲਈ ਪੁਖਤਾ ਪ੍ਰਬੰਧ ਹੋਣ ਦੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ। ਕੂਚ ਬਿਹਾਰ ਜ਼ਿਲ੍ਹੇ ਦੇ ਸੀਤਲਕੁਚੀ ਦੇ ਇਕ ਪੋਲਿੰਗ ਬੂਥ ਉਤੇ ਅਰਧ ਸੈਨਿਕ ਬਲਾਂ ਦੀ ਗੋਲੀ ਨਾਲ ਚਾਰ ਜਣੇ



ਮਾਰੇ ਗਏ। ਸੁਰੱਖਿਆ ਬਲਾਂ ਦਾ ਕਹਿਣਾ ਹੈ ਕਿ ਭੀੜ ਵੱਲੋਂ ਘੇਰਨ ਪਿੱਛੋਂ ਸਵੈ-ਰੱਖਿਆ ਦੇ ਤੌਰ ਉਤੇ ਗੋਲੀ ਚਲਾਉਣੀ ਪਈ। ਇਸ ਨੇ ਪੱਛਮੀ ਬੰਗਾਲ ਦੀ ਸਿਆਸਤ ਵਿਚ ਸ਼ਬਦੀ ਜੰਗ ਹੋਰ ਤੇਜ਼ ਕਰ ਦਿੱਤੀ ਹੈ। ਚੋਣ ਕਮਿਸ਼ਨ ਨੇ ਇਕ ਪੋਲਿੰਗ ਬੂਥ ਉਤੇ ਮੁੜ ਵੋਟਿੰਗ ਕਰਵਾਉਣ ਅਤੇ ਅਗਲੇ 72 ਘੰਟਿਆਂ ਤੱਕ ਕਿਸੇ ਵੀ ਸਿਆਸੀ ਆਗੂ ਦੇ ਇਸ ਖੇਤਰ ਦਾ ਦੌਰਾ ਕਰਨ ਉਤੇ ਰੋਕ ਲਗਾ ਦਿੱਤੀ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਘਟਨਾ ਸਥਾਨ ਉਤੇ ਜਾਣ ਦਾ ਪ੍ਰੋਗਰਾਮ ਬਣਾਇਆ ਸੀ ਅਤੇ ਉਸ ਨੇ 14 ਅਪਰੈਲ ਨੂੰ ਪੀੜਤ ਪਰਿਵਾਰਾਂ ਨੂੰ ਮਿਲਣ ਦਾ ਪ੍ਰੋਗਰਾਮ ਐਲਾਨ ਕੀਤਾ ਸੀ।

ਮੁੱਖ ਮੰਤਰੀ ਨੇ ਇਸ ਨੂੰ ਨਸਲਕੁਸ਼ੀ ਵਰਗੀ ਘਟਨਾ ਕਰਾਰ ਦਿੰਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਅਸਤੀਫੇ ਦੀ ਮੰਗ ਕੀਤੀ ਹੈ। ਪੱਛਮੀ ਬੰਗਾਲ ਭਾਜਪਾ ਨੇ ਇਸ ਦਾ ਦੋਸ਼ ਮਮਤਾ ਬੈਨਰਜੀ ਸਿਰ ਮੜ੍ਹ ਕੇ ਚੋਣਾਂ ਦੇ ਅਗਲੇ ਪੜਾਵਾਂ ਵਿਚ ਉਨ੍ਹਾਂ ਦੇ ਚੋਣ ਪ੍ਰਚਾਰ ਕਰਨ ਉਤੇ ਪਾਬੰਦੀ ਦੀ ਮੰਗ ਕੀਤੀ ਹੈ। ਵਿਰੋਧੀ ਧਿਰ ਵੱਲੋਂ ਚੋਣ ਕਮਿਸ਼ਨ ਦੀ ਭੂਮਿਕਾ ਉਤੇ ਵੀ ਸਵਾਲ ਉਠਾਏ ਜਾ ਰਹੇ ਹਨ। ਪੱਛਮੀ ਬੰਗਾਲ ਦੀਆਂ ਚੋਣਾਂ ਅੱਠ ਗੇੜਾਂ ਵਿਚ ਕਰਵਾਉਣ ਦੇ ਫੈਸਲੇ ਬਾਰੇ ਵਿਰੋਧੀਆਂ ਨੇ ਭਾਜਪਾ ਦੀ ਇੱਛਾ ਪੂਰਤੀ ਹੋਣ ਦਾ ਇਲਜ਼ਾਮ ਲਗਾਇਆ ਸੀ। ਕਰੋਨਾ ਦੇ ਮੁੱਦੇ ਉਤੇ ਬਹੁਤ ਸਾਰੇ ਰਾਜਾਂ ਵਿਚ ਹੋਣ ਵਾਲੀਆਂ ਸਖਤੀਆਂ ਪਰ ਵੱਡੇ ਆਗੂਆਂ ਦੇ ਰੋਡ ਸ਼ੋਅ ਕਰਨ ਦੀ ਇਜਾਜ਼ਤ ਕਰ ਕੇ ਵੀ ਚੋਣ ਕਮਿਸ਼ਨ ਸਵਾਲਾਂ ਦੇ ਘੇਰੇ ਵਿਚ ਹੈ।

ਅੱਠ ਗੇੜਾਂ ਵਿਚ ਵੋਟਾਂ ਦੀ ਦਲੀਲ ਸੁਰੱਖਿਆ ਇੰਤਜ਼ਾਮਾਂ ਨਾਲ ਜੋੜ ਕੇ ਦਿੱਤੀ ਗਈ ਸੀ, ਜੇ ਇਸ ਦੇ ਬਾਵਜੂਦ ਹਿੰਸਾ ਹੋ ਰਹੀ ਹੈ ਤਾਂ ਜਵਾਬਦੇਹੀ ਹੋਣੀ ਸੁਭਾਵਿਕ ਹੈ। ਆਸਾਮ ਦੇ 90 ਵੋਟਾਂ ਵਾਲੇ ਇਕ ਪੋਲਿੰਗ ਬੂਥ ਦੀ ਈ.ਵੀ.ਐਮ. ਵਿਚ 171 ਵੋਟਾਂ ਪੈਣ ਅਤੇ ਪੱਛਮੀ ਬੰਗਾਲ ਵਿਚ ਭਾਜਪਾ ਦੇ ਆਗੂ ਦੀ ਕਾਰ ਵਿਚੋਂ ਈ.ਵੀ.ਐਮ. ਮਿਲਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਸ ਨਾਲ ਈ.ਵੀ.ਐਮ. ਪ੍ਰਣਾਲੀ ਉਤੇ ਵੀ ਸਵਾਲੀਆ ਨਿਸ਼ਾਨ ਲਗਾਉਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ।

## ਗੋਲੀ ਕਾਂਡ ਲਈ ਚੋਣ ਕਮਿਸ਼ਨ ਜ਼ਿੰਮੇਵਾਰ: ਚਿਦੰਬਰਮ

**ਨਵੀਂ ਦਿੱਲੀ:** ਕਾਂਗਰਸ ਆਗੂ ਪੀ. ਚਿਦੰਬਰਮ ਨੇ ਪੱਛਮੀ ਬੰਗਾਲ ਦੇ ਕੂਚ ਬਿਹਾਰ ਜ਼ਿਲ੍ਹੇ 'ਚ ਚੋਣਾਂ ਦੌਰਾਨ ਸੀ.ਆਈ.ਐਸ.ਐਫ. ਦੇ ਜਵਾਨਾਂ ਵੱਲੋਂ ਕੀਤੀ ਗਈ ਗੋਲੀਬਾਰੀ 'ਚ ਚਾਰ ਵਿਅਕਤੀਆਂ ਦੀ ਮੌਤ ਲਈ ਚੋਣ ਕਮਿਸ਼ਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਪੱਛਮੀ ਬੰਗਾਲ 'ਚ ਵੱਡੇ ਪੱਧਰ 'ਤੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਸਨ ਅਤੇ ਗੋਲੀ ਕਾਂਡ ਉਸ ਦੀ ਨਾਕਾਮੀ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਕਾਰਨ ਪੱਛਮੀ ਬੰਗਾਲ ਵਰਗੇ ਸੂਬੇ 'ਚ ਸਮਾਜ ਵੰਡਿਆ ਗਿਆ ਹੈ। ਉਧਰ, ਸੀ.ਪੀ.ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਹੈ ਕਿ ਕੇਂਦਰੀ ਬਲਾਂ ਦੀ ਗੋਲੀ ਨਾਲ ਮਾਰੇ ਗਏ ਚਾਰ ਵਿਅਕਤੀਆਂ ਦੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ।

## ਸ਼ਾਹ ਹਿੰਸਾ ਭੜਕਾਉਣ ਦੀਆਂ ਕੋਸ਼ਿਸ਼ਾਂ 'ਚ: ਮਮਤਾ

**ਮੇਮਾਰੀ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਦੋਸ਼ ਲਾਇਆ ਕਿ ਉਹ ਸੂਬੇ 'ਚ ਹਿੰਸਾ ਭੜਕਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਉਹ ਪੁਲਿਸ ਨੂੰ ਅਨੈਤਿਕ ਹੱਥਕੰਡੇ ਅਪਣਾਉਣ ਲਈ ਉਕਸਾ ਰਹੇ ਹਨ। ਤ੍ਰਿਣਮੂਲ ਕਾਂਗਰਸ ਸੁਪਰੀਮੋ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਲਾਹ ਦਿੱਤੀ ਹੈ ਕਿ ਉਹ ਸ਼ਾਹ ਨੂੰ ਕੰਟਰੋਲ ਕਰਨ ਕਿਉਂਕਿ ਉਹ ਸੂਬੇ 'ਚ ਦੰਗੇ ਭੜਕਾ ਸਕਦੇ ਹਨ। ਪੂਰਬੀ ਬਰਧਮਾਨ ਜ਼ਿਲ੍ਹੇ ਦੇ ਮੇਮਾਰੀ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਕਿਹਾ,"ਮੈਂ ਅਜਿਹਾ ਗੁੰਡਾ (ਗੈਂਗਸਟਰ), ਦੰਗਾਬਾਜ਼ ਗ੍ਰਹਿ ਮੰਤਰੀ ਆਪਣੀ ਜ਼ਿੰਦਗੀ 'ਚ ਕਦੇ ਵੀ ਨਹੀਂ ਦੇਖਿਆ ਹੈ। ਅਮਿਤ ਸ਼ਾਹ ਸ਼ੇਰ ਨਾਲੋਂ ਵੀ ਖਤਰਨਾਕ ਹੈ।

# ਪੈਨਸ਼ਨ ਖੇਤਰ 'ਚ ਵਿਦੇਸ਼ੀ ਨਿਵੇਸ਼ ਦੀ ਹੱਦ ਵਧਾ ਸਕਦੀ ਹੈ ਸਰਕਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਪੈਨਸ਼ਨ ਖੇਤਰ 'ਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਦੀ ਹੱਦ 74 ਫੀਸਦ ਤੱਕ ਵਧਾਈ ਜਾ ਸਕਦੀ ਹੈ। ਸੂਤਰਾਂ ਮੁਤਾਬਕ ਇਸ ਸਬੰਧੀ ਬਿੱਲ ਸੰਸਦ ਦੇ ਅਗਲੇ ਇਜਲਾਸ ਦੌਰਾਨ ਪੇਸ਼ ਕੀਤਾ ਜਾ ਸਕਦਾ ਹੈ। ਪਿਛਲੇ ਮਹੀਨੇ ਸੰਸਦ ਨੇ ਬੀਮਾ ਖੇਤਰ 'ਚ ਐਫ.ਡੀ.ਆਈ. ਦੀ ਹੱਦ 49 ਤੋਂ ਵਧਾ ਕੇ 74 ਫੀਸਦ ਕਰ ਦਿੱਤੀ ਸੀ।

ਇੰਸ਼ੋਰੈਂਸ ਐਕਟ, 1938 'ਚ 2015 'ਚ ਸੋਧ ਕਰਦਿਆਂ ਐਫ.ਡੀ.ਆਈ. ਦੀ ਹੱਦ ਵਧਾ ਕੇ 49 ਫੀਸਦ ਕੀਤੀ ਗਈ ਸੀ। ਇਸ ਕਾਰਨ ਪਿਛਲੇ ਪੰਜ ਸਾਲਾਂ ਦੌਰਾਨ 26 ਹਜ਼ਾਰ ਕਰੋੜ ਰੁਪਏ ਦਾ ਵਿਦੇਸ਼ੀ ਨਿਵੇਸ਼ ਹੋਇਆ ਹੈ। ਸੂਤਰਾਂ ਨੇ ਕਿਹਾ ਕਿ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਿਟੀ (ਪੀ.ਐਫ.ਆਰ.ਡੀ.ਏ.) ਐਕਟ, 2013 'ਚ ਸੋਧ ਲਈ ਬਿੱਲ ਮਾਨਸੂਨ ਜਾਂ ਸਰਦ ਰੁੱਤ ਇਜਲਾਸ 'ਚ ਲਿਆਂਦਾ ਜਾ ਸਕਦਾ ਹੈ।

ਮੌਜੂਦਾ ਸਮੇਂ 'ਚ ਪੈਨਸ਼ਨ ਫੰਡ 'ਚ ਐਫ.ਡੀ.ਆਈ. ਦੀ ਹੱਦ 49 ਫੀਸਦ ਹੈ। ਸੂਤਰਾਂ ਨੇ ਕਿਹਾ ਕਿ ਸੋਧ ਬਿੱਲ 'ਚ ਐਨ.ਪੀ.ਐਸ. ਟਰੱਸਟ ਨੂੰ ਪੀ.ਐਫ.ਆਰ.ਡੀ.ਏ. ਤੋਂ ਵੱਖਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਪੈਨਸ਼ਨ ਸਿਸਟਮ ਟਰੱਸਟ ਰੈਗੂਲੇਸ਼ਨ 2015 ਨੂੰ ਚੈਰੀਟੇਬਲ ਟਰੱਸਟ ਜਾਂ ਕੰਪਨੀਜ਼ ਐਕਟ ਅਧੀਨ ਲਿਆਂਦਾ ਜਾ ਸਕਦਾ ਹੈ। ਇਸ ਦਾ ਮਕਸਦ ਐਨ.ਪੀ.ਐਸ. ਟਰੱਸਟ ਨੂੰ ਪੈਨਸ਼ਨ ਰੈਗੂਲੇਟਰ ਤੋਂ ਵੱਖ ਕਰਨਾ ਹੈ ਅਤੇ 15 ਮੈਂਬਰੀ ਬੋਰਡ ਇਸ ਨੂੰ ਚਲਾਏਗਾ। ਇਸ 'ਚੋਂ ਜ਼ਿਆਦਾਤਰ ਮੈਂਬਰ ਸਰਕਾਰ ਤੋਂ ਹੀ ਹੋਣ ਦੀ ਸੰਭਾਵਨਾ ਹੈ ਕਿਉਂਕਿ ਫੰਡ 'ਚ ਸਭ ਤੋਂ ਜ਼ਿਆਦਾ ਯੋਗਦਾਨ ਉਹ ਹੀ ਦਿੰਦੀ ਹੈ।

# ਹਰ ਬਾਲਗ ਧਰਮ ਚੁਣਨ ਲਈ ਆਜ਼ਾਦ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਾਲਾ ਜਾਦੂ ਅਤੇ ਜਬਰੀ ਧਰਮ ਪਰਿਵਰਤਨ ਨੂੰ ਕੰਟਰੋਲ ਕਰਨ ਲਈ ਕੇਂਦਰ ਨੂੰ ਨਿਰਦੇਸ਼ ਦੇਣ ਸਬੰਧੀ ਦਾਖਲ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ 18 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਆਪਣਾ ਧਰਮ ਚੁਣਨ ਲਈ ਆਜ਼ਾਦ ਹਨ। ਜਸਟਿਸ ਆਰ.ਐਫ ਨਰੀਮਨ, ਬੀ.ਆਰ. ਗਵੱਈ ਅਤੇ ਰਿਸ਼ੀਕੇਸ਼ ਰੌਏ ਦੇ ਬੈਂਚ ਨੇ ਅਰਜ਼ੀਕਾਰ ਵਕੀਲ ਅਸ਼ਵਨੀ ਉਪਾਧਿਆਏ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸ਼ੰਕਰਨਾਰਾਇਣ ਨੂੰ ਕਿਹਾ,"ਧਾਰਾ 32 ਤਹਿਤ ਇਹ ਕਿਹੋ ਜਿਹੀ ਪਟੀਸ਼ਨ ਹੈ। ਅਸੀਂ ਤੁਹਾਨੂੰ ਭਾਰੀ ਜੁਰਮਾਨਾ ਕਰਾਂਗੇ। ਤੁਸੀਂ ਆਪਣੇ ਜੋਖਮ 'ਤੇ ਬਹਿਸ ਕਰ ਸਕਦੇ ਹੋ।"

ਬੈਂਚ ਨੇ ਕਿਹਾ ਕਿ 18 ਸਾਲ ਤੋਂ ਵੱਧ ਉਮਰ ਵਾਲੇ ਕਿਸੇ ਵਿਅਕਤੀ ਨੂੰ ਉਸ ਦਾ ਧਰਮ ਚੁਣਨ ਦੀ ਇਜਾਜ਼ਤ ਨਾ ਦੇਣ ਦਾ ਕੋਈ ਕਾਰਨ ਨਹੀਂ ਹੈ। ਬੈਂਚ ਨੇ ਸ਼ੰਕਰਨਾਰਾਇਣ ਨੂੰ ਕਿਹਾ,"ਸੰਵਿਧਾਨ 'ਚ ਪ੍ਰਚਾਰ ਸ਼ਬਦ ਨੂੰ ਸ਼ਾਮਲ ਕੀਤੇ ਜਾਣ ਪਿੱਛੇ ਕਾਰਨ ਹਨ।" ਇਸ ਤੋਂ ਬਾਅਦ ਸ਼ੰਕਰਨਾਰਾਇਣ ਨੇ ਅਰਜ਼ੀ ਵਾਪਸ ਲੈਣ ਅਤੇ ਸਰਕਾਰ ਤੇ ਲਾਅ ਕਮਿਸ਼ਨ ਅੱਗੇ ਨੁਮਾਇੰਦਗੀ ਦੇਣ ਦੀ ਇਜਾਜ਼ਤ ਮੰਗੀ।

ਬੈਂਚ ਨੇ ਲਾਅ ਕਮਿਸ਼ਨ ਅੱਗੇ ਅਰਜ਼ੀ ਦੇਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਅਰਜ਼ੀ 'ਚ ਕਿਹਾ ਗਿਆ ਸੀ ਕਿ ਧਰਮ ਪਰਿਵਰਤਨ ਐਕਟ ਲਾਗੂ ਕਰਨ ਤੋਂ ਪਹਿਲਾਂ 'ਧਰਮ ਦੀ ਦੁਰਵਰਤੋਂ' ਨੂੰ ਰੋਕਣ ਲਈ ਕਮੇਟੀ ਬਣਾਉਣ 'ਤੇ ਵਿਚਾਰ ਕੀਤਾ ਜਾਵੇ। ਉਨ੍ਹਾਂ ਕਿਹਾ ਸੀ ਕਿ ਐਕਟ ਧਾਰਾ 14, 21, 25 ਦੀ ਉਲੰਘਣਾ ਕਰਦਾ ਹੈ ਅਤੇ ਇਹ ਧਰਮ ਨਿਰਪੱਖਤਾ ਦੇ ਸਿਧਾਂਤਾਂ ਖਿਲਾਫ ਵੀ ਹੈ। ਪਟੀਸ਼ਨਰ ਨੇ ਇਹ ਵੀ ਕਿਹਾ ਕਿ ਕੇਂਦਰ ਅਤੇ ਸੂਬੇ ਕਾਲੇ ਜਾਦੂ ਦੀ ਬੁਰਾਈ, ਜਾਦੂ-ਟੂਣਾ ਅਤੇ ਜਬਰੀ ਧਰਮ ਪਰਿਵਰਤਨ ਨੂੰ ਕੰਟਰੋਲ ਕਰਨ 'ਚ ਵੀ ਨਾਕਾਮ ਰਹੇ ਹਨ। ਉਂਜ ਧਾਰਾ 51ਏ ਤਹਿਤ ਇਨ੍ਹਾਂ ਨੂੰ ਰੋਕਣਾ ਸਰਕਾਰਾਂ ਦਾ ਫਰਜ਼ ਬਣਦਾ ਹੈ। ਸਰਕਾਰ ਵੱਲੋਂ ਉਨ੍ਹਾਂ ਖਿਲਾਫ ਕੋਈ ਪੁਖਤਾ ਕਾਰਵਾਈ ਕਰਨ 'ਚ ਨਾਕਾਮ ਰਹਿਣ ਦੇ ਦੋਸ਼ ਲਾਉਂਦਿਆਂ ਅਰਜ਼ੀ 'ਚ ਕਿਹਾ ਗਿਆ ਕਿ ਕੇਂਦਰ ਐਕਟ ਤਹਿਤ ਘੱਟੋ ਘੱਟ ਤਿੰਨ ਸਾਲ ਦੀ ਸਜ਼ਾ ਨੂੰ ਵਧਾ ਕੇ 10 ਸਾਲ ਤੱਕ ਕਰ ਸਕਦਾ ਹੈ ਅਤੇ ਮੋਟਾ ਜੁਰਮਾਨਾ ਵੀ ਲਗਾ ਸਕਦਾ ਹੈ।

# ਘਰ ਅੰਦਰੋਂ ਭਾਰਤੀ ਜੋੜੇ ਦੀਆਂ ਲਾਸ਼ਾਂ ਮਿਲੀਆਂ

**ਨਿਊ ਜਰਸੀ:** ਨਿਊ ਜਰਸੀ 'ਚ ਭਾਰਤੀ ਜੋੜੇ ਦੀਆਂ ਲਾਸ਼ਾਂ ਮਿਲੀਆਂ ਹਨ। ਗੁਆਂਢੀਆਂ ਨੇ ਜਦੋਂ ਉਨ੍ਹਾਂ ਦੀ ਚਾਰ ਸਾਲਾ ਧੀ ਨੂੰ ਬਾਲਕੋਨੀ 'ਚ ਰੋਂਦੇ ਦੇਖਿਆ ਤਾਂ ਜੋੜੇ ਦੀ ਹੱਤਿਆ ਦਾ ਪਤਾ ਲੱਗਾ। ਕੁਝ ਮੀਡੀਆ ਰਿਪੋਰਟਾਂ 'ਚ ਦੱਸਿਆ ਗਿਆ ਹੈ ਕਿ ਇੰਜ ਜਾਪ ਰਿਹਾ ਹੈ ਕਿ ਨੌਰਥ ਅਰਲਿੰਗਟਨ 'ਚ ਜੋੜੇ ਦੇ ਘਰ 'ਚ ਉਨ੍ਹਾਂ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ।

ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਇੰਜ ਪ੍ਰਤੀਤ ਹੁੰਦਾ ਹੈ ਕਿ ਪਤੀ ਨੇ ਆਪਣੀ ਪਤਨੀ ਦੇ ਢਿੱਡ 'ਚ ਚਾਕੂ ਨਾਲ ਵਾਰ ਕੀਤੇ। ਬਾਲਾਜੀ ਭਾਰਤ ਰੁਦਰਵਾਰ (32) ਅਤੇ ਉਸ ਦੀ ਪਤਨੀ ਆਰਤੀ ਬਾਲਾਜੀ ਰੁਦਰਵਾਰ (30) ਦੀਆਂ ਲਾਸ਼ਾਂ ਨਿਊ ਜਰਸੀ 'ਚ ਨੌਰਥ ਅਰਲਿੰਗਟਨ ਦੇ ਰਿਵਰਵਿਊ ਗਾਰਡਨ ਕੰਪਲੈਕਸ 'ਚ ਉਨ੍ਹਾਂ ਦੇ ਗਾਰਡਨ ਟੈਰੇਸ ਅਪਾਰਟਮੈਂਟ 'ਚ ਮਿਲੀਆਂ। ਬਾਲਾਜੀ ਦੇ ਪਿਤਾ ਭਾਰਤ ਰੁਦਰਵਾਰ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਗੁਆਂਢੀਆਂ ਵੱਲੋਂ ਬੱਚੀ ਨੂੰ ਰੋਂਦੇ ਦੇਖ ਕੇ ਉਨ੍ਹਾਂ ਪੁਲਿਸ ਨੂੰ ਸੱਦਿਆ ਅਤੇ ਘਰ ਅੰਦਰੋਂ ਬੇਟੇ ਅਤੇ ਨੂੰਹ ਦੀਆਂ ਲਾਸ਼ਾਂ ਮਿਲੀਆਂ। ਜਾਣਕਾਰੀ ਮੁਤਾਬਕ ਜਾਂਚਕਾਰ ਡਾਕਟਰਾਂ ਦੀ ਰਿਪੋਰਟ ਦੀ ਉਡੀਕ ਕਰ ਰਹੇ ਹਨ ਪਰ ਉਨ੍ਹਾਂ ਦੋਵੇਂ ਵਿਅਕਤੀਆਂ ਦੇ ਸਰੀਰ 'ਤੇ ਚਾਕੂ ਨਾਲ ਹਮਲੇ ਹੋਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨੂੰਹ ਸੱਤ ਮਹੀਨੇ ਦੀ ਗਰਭਵਤੀ ਸੀ ਅਤੇ ਉਹ ਖੁਸ਼ ਸਨ। ਜੋੜੇ ਦੀਆਂ ਲਾਸ਼ਾਂ ਭਾਰਤ ਪਹੁੰਚਣ 'ਚ 8 ਤੋਂ 10 ਦਿਨਾਂ ਦਾ ਸਮਾਂ ਲੱਗੇਗਾ।

# ਚੀਨ ਵੱਲੋਂ ਭਾਰਤ ਨੂੰ 'ਮੌਜੂਦਾ ਉਸਾਰੂ ਮਾਹੌਲ' ਦਾ ਲਾਭ ਉਠਾਉਣ ਦੀ ਸਲਾਹ

**ਪੇਈਚਿੰਗ:** ਪੂਰਬੀ ਲੱਦਾਖ ਦੇ ਬਾਕੀ ਇਲਾਕਿਆਂ ਵਿਚੋਂ ਸੈਨਿਕਾਂ ਦੀ ਵਾਪਸੀ 'ਤੇ ਭਾਰਤ ਤੇ ਚੀਨ ਦਰਮਿਆਨ ਹੋਈ ਨਵੇਂ ਗੇੜ ਦੀ ਵਾਰਤਾ ਵਿਚ ਸਫਲਤਾ ਨਾ ਮਿਲਣ ਤੋਂ ਬਾਅਦ ਚੀਨ ਨੇ ਕਿਹਾ ਹੈ ਕਿ ਭਾਰਤ ਨੂੰ ਸਰਹੱਦ ਉਤੇ ਤਣਾਅ ਘਟਾਉਣ ਲਈ 'ਮੌਜੂਦਾ ਸਕਾਰਾਤਮਕ ਮਾਹੌਲ' ਦਾ ਲਾਭ ਉਠਾਉਣਾ ਚਾਹੀਦਾ ਹੈ।

ਦੋਵਾਂ ਦੇਸ਼ਾਂ ਵਿਚਾਲੇ 13 ਘੰਟੇ ਚੱਲੀ ਗਿਆਰ੍ਹਵੇਂ ਗੇੜ ਦੀ ਫੌਜੀ ਵਾਰਤਾ ਤੋਂ ਇਕ ਦਿਨ ਬਾਅਦ ਸ਼ਨਿਚਰਵਾਰ ਭਾਰਤੀ ਸੈਨਾ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਦੋਵਾਂ ਧਿਰਾਂ ਨੇ ਪੂਰਬੀ ਲੱਦਾਖ ਵਿਚ ਹੌਟ ਸਪਰਿੰਗਜ਼, ਗੋਗਰਾ ਤੇ ਦੇਪਸਾਂਗ ਵਿਚ ਟਕਰਾਅ ਵਾਲੇ ਬਾਕੀ ਇਲਾਕਿਆਂ 'ਚੋਂ ਸੈਨਿਕਾਂ ਦੀ ਵਾਪਸੀ ਬਾਰੇ ਵਿਸਤਾਰ ਵਿਚ ਚਰਚਾ ਕੀਤੀ ਹੈ। ਇਸ ਤੋਂ ਇਲਾਵਾ ਜ਼ਮੀਨ 'ਤੇ ਸ਼ਾਂਤੀ ਬਣਾਏ ਰੱਖਣ ਲਈ, ਕਿਸੇ ਵੀ ਨਵੇਂ ਟਕਰਾਅ ਤੋਂ ਬਚਣ ਲਈ ਤੇ ਬਾਕੀ ਮੁੱਦਿਆਂ ਦਾ 'ਜਲਦੀ ਹੱਲ' ਕੱਢਣ ਬਾਰੇ ਵੀ ਦੋਵਾਂ ਧਿਰਾ ਵਿਚਾਲੇ ਸਹਿਮਤੀ ਬਣਨ ਬਾਰੇ ਕਿਹਾ ਗਿਆ ਸੀ। ਇਸ ਵਾਰਤਾ ਨਾਲ ਨੇੜਿਓਂ ਜੁੜੇ ਵਿਅਕਤੀਆਂ ਨੇ ਨਵੀਂ ਦਿੱਲੀ ਵਿਚ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਹੋਈ ਇਸ ਫੌਜੀ ਵਾਰਤਾ ਦਾ ਕੋਈ ਠੋਸ ਸਿੱਟਾ ਨਹੀਂ ਨਿਕਲਿਆ



ਕਿਉਂਕਿ ਚੀਨ ਦਾ ਵਫਦ 'ਪਹਿਲਾਂ ਤੋਂ ਤੈਅ ਸੋਚ ਨਾਲ' ਵਾਰਤਾ ਵਿਚ ਸ਼ਾਮਲ ਹੋਇਆ ਤੇ ਸੰਘਰਸ਼ ਵਾਲੇ ਬਾਕੀ ਖੇਤਰਾਂ ਤੋਂ ਸੈਨਿਕਾਂ ਨੂੰ ਸੱਦਣ ਦੀ ਪ੍ਰਕਿਰਿਆ 'ਤੇ ਅੱਗੇ ਵਧਣ ਬਾਰੇ ਕੋਈ ਲਚੀਲਾਪਨ ਨਹੀਂ ਦਿਖਾਇਆ।

ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐਲ.ਏ.) ਨੇ ਦੋਵਾਂ ਦੇਸ਼ਾਂ ਦਰਮਿਆਨ ਨੌਂ ਅਪਰੈਲ ਨੂੰ ਹੋਈ ਵਾਰਤਾ ਬਾਰੇ ਜਾਰੀ ਇਕ ਬਿਆਨ ਵਿਚ ਫਰਵਰੀ 'ਚ ਪੈਂਗੌਂਗ ਝੀਲ ਦੇ ਜ਼ਿਆਦਾਤਰ ਵਿਵਾਦਤ ਇਲਾਕਿਆਂ ਵਿਚੋਂ ਸੈਨਿਕਾਂ ਦੀ ਵਾਪਸੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਭਾਰਤ ਨੂੰ ਸੀਮਾ ਉਤੇ ਤਣਾਅ ਘੱਟ ਕਰਨ ਦੀ ਦਿਸ਼ਾ ਵਿਚ ਅੱਗੇ ਵਧਣਾ ਚਾਹੀਦਾ ਹੈ। ਅਸਲ ਕੰਟਰੋਲ ਰੇਖਾ (ਐਲਏਸੀ) 'ਤੇ ਭਾਰਤ ਵਾਲੇ ਪਾਸੇ ਚੁਸ਼ੂਲ ਸਰਹੱਦੀ ਕੇਂਦਰ 'ਤੇ ਹੋਈ ਵਾਰਤਾ ਬਾਰੇ ਇਕ ਬੁਲਾਰੇ ਵੱਲੋਂ ਜਾਰੀ ਬਿਆਨ ਦਾ ਹਵਾਲਾ ਦਿੰਦਿਆਂ 'ਚਾਈਨਾ ਗਲੋਬਲ ਟੈਲੀਵਿਜ਼ਨ ਨੈੱਟਵਰਕ' ਨੇ ਕਿਹਾ ਹੈ ਕਿ ਦੋਵਾਂ ਧਿਰਾਂ ਨੂੰ ਪਹਿਲਾਂ ਬਣੀ ਸਹਿਮਤੀ 'ਤੇ ਅੱਗੇ ਵਧਣਾ ਚਾਹੀਦਾ ਹੈ। ਪੀ.ਐਲ.ਏ. ਦੀ 'ਪੱਛਮੀ ਥੀਏਟਰ ਕਮਾਂਡ' ਦੇ ਬੁਲਾਰੇ ਨੇ ਕਿਹਾ 'ਸਾਨੂੰ ਉਮੀਦ ਹੈ ਕਿ ਭਾਰਤੀ ਧਿਰ ਦੋਵਾਂ ਦੇਸ਼ਾਂ ਦੀਆਂ ਸੈਨਾਵਾਂ ਵਿਚਾਲੇ ਪਹਿਲਾਂ ਹੋਈ ਵਾਰਤਾ ਵਿਚ ਬਣੀ ਸਹਿਮਤੀ ਦਾ ਪਾਲਣ ਕਰਦਿਆਂ ਸਰਹੱਦੀ ਖੇਤਰ ਵਿਚ ਤਣਾਅ ਘੱਟ ਕਰਨ ਲਈ ਬਣੇ ਮੌਜੂਦਾ ਸਕਾਰਾਤਮਕ ਮਾਹੌਲ ਦਾ ਲਾਭ ਉਠਾਏਗੀ। ਇਸ ਦੇ ਨਾਲ ਹੀ ਸਰਹੱਦ ਉਤੇ ਸ਼ਾਂਤੀ ਕਾਇਮ ਰੱਖਣ ਲਈ ਭਾਰਤ ਉਸੇ ਦਿਸ਼ਾ ਵਿਚ ਅੱਗੇ ਵਧੇਗਾ, ਜਿਸ ਦਿਸ਼ਾ ਵਿਚ ਚੀਨ ਵਧਿਆ ਹੈ।'

## ਭਾਰਤ, ਕਜ਼ਾਖਸਤਾਨ ਵੱਲੋਂ ਰੱਖਿਆ ਭਾਈਵਾਲੀ ਬਾਰੇ ਚਰਚਾ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪਣੇ ਕਜ਼ਾਖ ਹਮਰੁਤਬਾ ਲੈਫਟੀਨੈਂਟ ਜਨਰਲ ਨੂਰਲਾਨ ਯਰਮੇਕਬਾਯੇਵ ਨਾਲ ਮੁਲਾਕਾਤ ਕੀਤੀ। ਇਸ ਮੌਕੇ ਦੋਵਾਂ ਮੁਲਕਾਂ ਵਿਚਾਲੇ ਉਦਯੋਗਿਕ ਪੱਧਰ 'ਤੇ ਰੱਖਿਆ ਭਾਈਵਾਲੀ ਦੀਆਂ ਸੰਭਾਵਨਾਵਾਂ 'ਤੇ ਵਿਚਾਰ-ਚਰਚਾ ਕੀਤੀ ਗਈ। ਰਾਜਨਾਥ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਇਸ ਮੌਕੇ ਸੁਰੱਖਿਆ ਤੇ ਰੱਖਿਆ ਨਾਲ ਜੁੜੇ ਵੱਖ-ਵੱਖ ਪੱਖਾਂ ਨੂੰ ਵਿਚਾਰਿਆ। ਰੱਖਿਆ ਮੰਤਰਾਲੇ ਨੇ ਜਾਰੀ ਬਿਆਨ ਵਿਚ ਕਿਹਾ ਕਿ ਦੋਵਾਂ ਮੰਤਰੀਆਂ ਨੇ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਸਿਖਲਾਈ, ਫੌਜੀ ਅਭਿਆਸਾਂ ਤੇ ਸਮਰੱਥਾ 'ਚ ਵਾਧੇ ਦੇ ਪੱਖਾਂ ਉਤੇ ਵਿਚਾਰ ਕੀਤਾ ਗਿਆ।

# ਰਾਜਕੀ ਸੰਸਥਾਵਾਂ ਤੇ ਫਿਰਕਾਪ੍ਰਸਤੀ



ਰਾਮਚੰਦਰ ਗੁਹਾ

ਗੁਜਰਾਤ ਵਿਚ ਹੋਏ ਸੰਨ 2002 ਦੇ ਫਿਰਕੂ ਦੰਗਿਆਂ ਬਾਰੇ ਆਈ ਨਵੀਂ ਕਿਤਾਬ (ਪਰਦੇ ਦੀ ਆੜ ਹੇਠ: ਮੇਰਾ ਹਿੰਦੂਤਵੀ ਸਿਆਹ ਸਫਰ) ਪੜ੍ਹ ਰਿਹਾ ਸਾਂ। ਇਹ ਕਿਤਾਬ ਆਸ਼ੀਸ਼ ਖੇਤਾਨ ਨੇ ਲਿਖੀ ਹੈ ਜਿਸ ਨੇ ਦੰਗਿਆਂ ਤੋਂ ਬਾਅਦ ਖਾਸਕਰ ਇਨ੍ਹਾਂ ਦੀ ਪ੍ਰਕਿਰਿਆ ਜਿਸ ਕਰ ਕੇ ਦੰਗਈ ਸਜ਼ਾਵਾਂ ਤੋਂ ਬਚ ਗਏ ਸਨ, ਬਾਰੇ ਕੁਝ ਵਾਕਈ ਕਮਾਲ ਦੀ ਰਿਪੋਰਟਿੰਗ ਕੀਤੀ ਸੀ।

'ਅੰਡਰ ਕਵਰ' ਉਨ੍ਹਾਂ ਦਾਨਿਸ਼ਵਰਾਂ ਲਈ ਅਹਿਮ ਸਰੋਤ ਹੈ ਜੋ ਦਹਾਕੇ ਪਹਿਲਾਂ ਵਾਪਰੇ ਉਸ ਖੂੰਖਾਰ ਨਸਲਘਾਤ ਨੂੰ ਸਮਝਣਾ ਚਾਹੁੰਦੇ ਹਨ। ਉਂਜ, ਇਹ ਕਿਤਾਬ ਵਰਤਮਾਨ ਨੂੰ ਵੀ ਮੁਖਾਤਬ ਹੁੰਦੀ ਹੈ ਕਿਉਂਕਿ ਉਸ ਵੇਲੇ ਰਾਜ ਵਿਚ ਜੋ ਲੋਕ ਸੱਤਾ ਵਿਚ ਸਨ, ਉਹੀ ਹੁਣ ਕੇਂਦਰ ਵਿਚ ਸੱਤਾਸੀਨ ਹਨ। ਖੇਤਾਨ ਲਿਖਦੇ ਹਨ: 'ਮੋਦੀ ਦੇ ਗੁਜਰਾਤ ਵਿਚ ਜਿਹੜਾ ਨੌਕਰਸ਼ਾਹ ਜਾਂ ਪੁਲਿਸ ਅਫਸਰ ਉਪਰ ਤੱਕ ਤਰੱਕੀ ਕਰਨ ਦੀ ਤਾਂਘ ਰੱਖਦਾ ਸੀ, ਉਸ ਨੂੰ ਆਪਣਾ ਆਪ ਸਿਸਟਮ ਦੇ ਫਰੇਬ ਨਾਲ ਆਤਮਸਾਤ ਕਰਨਾ ਪੈਂਦਾ ਸੀ।' ਫਿਰ ਜਦੋਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਅਤੇ ਅਮਿਤ ਸ਼ਾਹ ਗ੍ਰਹਿ ਮੰਤਰੀ ਬਣ ਗਏ ਤਾਂ ਕੇਂਦਰ ਸਰਕਾਰ ਦਾ ਵੀ ਇਹੀ ਵਿਧਾਨ ਬਣ ਗਿਆ। ਗੱਲ ਸਿਰਫ ਨੌਕਰਸ਼ਾਹਾਂ ਤੇ ਪੁਲਿਸ ਅਫਸਰਾਂ ਦੀ ਨਹੀਂ ਹੈ। 2014 ਤੋਂ ਪਹਿਲਾਂ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਸਰਕਾਰੀ ਆਰਥਕ ਅੰਕੜਿਆਂ ਦੀ ਭਰੋਸੇਯੋਗਤਾ ਦੁਨੀਆ ਭਰ ਵਿਚ ਮੰਨੀ ਜਾਂਦੀ ਸੀ। ਹੁਣ, ਵਿਦਵਾਨ ਉਨ੍ਹਾਂ 'ਤੇ ਭਰੋਸਾ ਹੀ ਨਹੀਂ ਕਰਦੇ। ਆਰਥਕ, ਸਿਹਤ, ਸਿੱਖਿਆ ਜਾਂ ਫਿਰ ਚੋਣ ਫੰਡਿੰਗ, ਗੱਲ ਕੀ ਹਰ ਖੇਤਰ ਵਿਚ ਧੋਖਾ ਅਤੇ ਢਕਵੰਜ ਇਸ ਸਰਕਾਰ ਦੇ ਕਿਰਦਾਰ ਦੀ ਪਛਾਣ ਬਣ ਗਏ ਹਨ।

ਦੇਸ਼ ਭਰ ਵਿਚ ਗੁਜਰਾਤ ਮਾਡਲ ਅਪਣਾਏ ਜਾਣ ਦਾ ਇਕ ਹੋਰ ਸਿੱਟਾ ਇਹ ਨਿਕਲਿਆ ਹੈ ਕਿ ਬਹਿਸ-ਮੁਬਾਹਸੇ ਅਤੇ ਅਸਹਿਮਤੀ ਲਈ ਥਾਂ ਸੁੰਗੜ ਗਈ ਹੈ। ਇੱਥੇ ਮੈਂ ਖੇਤਾਨ ਦਾ ਇਕ ਹੋਰ ਕਥਨ ਦੇਣਾ ਚਾਹੁੰਦਾ ਹਾਂ: 'ਗੁਜਰਾਤ ਵਿਚ 12 ਸਾਲਾਂ ਦੌਰਾਨ ਤਿਆਰ ਕੀਤੇ ਅਤੇ ਵਰਤੇ ਗਏ ਹਥਿਆਰ ਹੁਣ ਮੋਦੀ ਦੇ ਆਲੋਚਕਾਂ ਨੂੰ ਦਬਾਉਣ, ਤੰਗ ਕਰਨ ਤੇ ਬਦਨਾਮ ਕਰਨ ਲਈ ਕੌਮੀ ਪੱਧਰ 'ਤੇ ਵਰਤੇ ਜਾ ਰਹੇ ਹਨ।' ਸ਼ਾਂਤਮਈ ਵਿਰੋਧ ਨੂੰ ਦਬਾਉਣ ਲਈ ਹਕੂਮਤ ਵੱਲੋਂ ਰਾਜਕੀ ਸ਼ਕਤੀ ਦਾ ਆਪਹੁਦਰੇ ਢੰਗ ਨਾਲ ਬੇਜਾ ਇਸਤੇਮਾਲ ਕੀਤਾ ਜਾਂਦਾ ਹੈ। ਬਿਨਾਂ ਕੋਈ ਨੋਟਿਸ ਦਿੱਤਿਆਂ ਲੋਕਾਂ ਨੂੰ ਗ੍ਰਿਫਤਾਰ ਕਰਨ, ਜੇਲ੍ਹ ਭੇਜਣ ਲਈ ਪੁਲਿਸ ਤੇ ਜਾਂਚ ਏਜੰਸੀਆਂ ਨੂੰ ਲਗਾਇਆ ਜਾਂਦਾ ਹੈ ਤੇ ਇਕ ਵਾਰ ਉਨ੍ਹਾਂ ਨੂੰ ਜੇਲ੍ਹ ਭੇਜਣ ਤੋਂ ਬਾਅਦ ਉਨ੍ਹਾਂ ਖਿਲਾਫ ਸਬੂਤ ਜੁਟਾਏ ਜਾਂਦੇ ਹਨ। ਪਿਛਲੇ ਸਾਲ ਫਰਵਰੀ ਵਿਚ ਹੋਏ ਦੰਗਿਆਂ ਦੀ ਆੜ ਹੇਠ ਦਿੱਲੀ ਪੁਲਿਸ ਨੇ ਉਨ੍ਹਾਂ ਵਿਦਿਆਰਥੀ ਆਗੂਆਂ ਤੇ ਨਾਰੀਵਾਦੀ ਕਾਰਕੁਨਾਂ 'ਤੇ ਦਮਨ ਚੱਕਰ ਚਲਾਇਆ ਸੀ ਜਿਨ੍ਹਾਂ ਦਾ ਇਨ੍ਹਾਂ ਦੰਗਿਆਂ ਨਾਲ ਕੋਈ ਵਾਹ-ਵਾਸਤਾ ਨਹੀਂ ਸੀ ਜਦੋਂਕਿ ਸ਼ਰੇਆਮ ਹਿੰਸਾ ਭੜਕਾਉਣ ਵਾਲੇ ਵੱਡੇ ਭਾਜਪਾ ਆਗੂਆਂ ਖਿਲਾਫ ਐਫ.ਆਈ.ਆਰ. ਦਰਜ ਕਰਨ ਤੋਂ ਵੀ ਨਾਂਹ ਕਰ ਦਿੱਤੀ ਸੀ। ਦੰਗਿਆਂ ਦੇ ਕੇਸਾਂ ਸਬੰਧੀ ਪੁਲਿਸ ਦੀ ਪੱਖਪਾਤੀ ਭੂਮਿਕਾ ਬਾਰੇ ਜੂਲੀਓ ਰਿਬੈਰੋ ਨੇ ਲਿਖਿਆ ਸੀ: 'ਦਿੱਲੀ ਪੁਲਿਸ ਦੀ ਪਹੁੰਚ ਨਿਰੋਲ ਨਾਇਨਸਾਫੀ ਭਰੀ ਹੈ ਜੋ ਇਸ ਬਜ਼ੁਰਗ ਪੁਲਿਸ ਅਫਸਰ ਦੀ ਜ਼ਮੀਰ ਨੂੰ ਝੰਜੋੜਦੀ ਹੈ।'

ਕਈ ਹੋਰਨਾਂ ਚੀਜ਼ਾਂ ਤੋਂ ਇਲਾਵਾ ਸਟੇਟ ਜਾਂ ਰਾਜ ਦੀ ਬਦਨੀਤੀ ਅਤੇ ਹਫਤੇ ਦੇ ਅੰਤਲੇ ਦਿਨੀਂ ਜਦੋਂ ਅਦਾਲਤਾਂ ਬੰਦ ਹੁੰਦੀਆਂ ਹਨ ਤੇ ਅਕਸਰ ਵਕੀਲ ਵੀ ਨਹੀਂ ਮਿਲਦੇ, ਤਦ ਗ੍ਰਿਫਤਾਰੀਆਂ ਕਰਨ 'ਚ ਪੁਲਿਸ ਦੀ ਮਿਲੀਭੁਗਤ ਸਾਫ ਤੌਰ 'ਤੇ ਜ਼ਾਹਰ ਹੁੰਦੀ ਹੈ। ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੇ ਵਾਰ-ਵਾਰ ਅਮਲ ਤੋਂ ਵੀ ਇਹ ਗੱਲ ਝਲਕਦੀ ਹੈ ਕਿ ਇਹ ਇਕ ਬਹੁਤ ਹੀ ਕਠੋਰ ਕਾਨੂੰਨ ਹੈ ਜਿਸ ਦੀਆਂ ਧਾਰਾਵਾਂ (ਜਿਵੇਂ ਇਕ ਕਾਨੂੰਨੀ ਵਿਸ਼ਲੇਸ਼ਣਕਾਰ ਨੇ ਲਿਖਿਆ) ਮੁਜਰਮਾਨਾ ਤੌਰ 'ਤੇ ਵਸੀਹ ਹਨ, ਬਹੁਤ ਜ਼ਿਆਦਾ ਅਸਪੱਸ਼ਟ ਹਨ ਤੇ ਇਹ ਸਰਕਾਰੀ ਸ਼ਹਿ ਨਾਲ ਲੋਕਾਂ ਦੇ ਬੁਨਿਆਦੀ ਹੱਕਾਂ ਦੀ ਉਲੰਘਣਾ ਕਰਨ ਦਾ ਇਕ ਵਿਧਾਨਕ ਖੁੱਲ੍ਹੀ ਛੋਟ ਹੈ।


ਭਾਜਪਾ ਸ਼ਾਸਨ ਹੇਠ ਕੇਂਦਰ ਤੇ ਸੂਬਿਆਂ ਵਿਚ ਨਾਗਰਿਕਾਂ ਨਾਲ ਉਨ੍ਹਾਂ ਦੇ ਸਿਆਸੀ ਸਬੰਧਾਂ ਦੇ ਆਧਾਰ 'ਤੇ ਪੁਲਿਸ ਦਾ ਪੱਖਪਾਤੀ ਵਿਹਾਰ ਸਾਫ ਝਲਕਦਾ ਹੈ। ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਦੇ ਹੱਕ ਵਿਚ ਇਕ ਟਵੀਟ ਕਰਨ ਵਾਲੀ ਜਲਵਾਯੂ ਕਾਰਕੁਨ ਨੂੰ ਦੇਸ਼ ਧਰੋਹ ਦੇ ਦੋਸ਼ ਹੇਠ ਜੇਲ੍ਹ ਭੇਜ ਦਿੱਤਾ ਜਾਂਦਾ ਹੈ; ਅਸਹਿਮਤੀ ਜਤਾਉਣ ਵਾਲਿਆਂ ਨੂੰ ਗੋਲੀ ਮਾਰਨ ਦਾ ਸੱਦਾ ਦੇਣ ਵਾਲੇ ਇਕ ਸਿਆਸਤਦਾਨ ਦਾ ਕੈਬਨਿਟ ਅਹੁਦਾ ਬਰਕਰਾਰ ਰਹਿੰਦਾ ਹੈ। ਇਕ ਤੋਂ ਬਾਅਦ ਇਕ ਕਸਬੇ ਵਿਚ ਪੁਲਿਸ ਹੁੱਲੜਬਾਜ਼ ਮੁੰਡਿਆਂ ਨੂੰ ਇਕੱਲੇ ਇਕੱਲੇ ਮੁਹੱਲੇ ਵਿਚ ਵਾੜਦੀ ਹੈ, ਨਾਗਰਿਕਾਂ ਤੋਂ ਅਜਿਹੇ ਮੰਤਵ ਲਈ ਮਾਇਆ ਦਾਨ ਕਰਨ ਲਈ ਕਹਿੰਦੀ ਹੈ ਜਿਸ ਨਾਲ ਉਨ੍ਹਾਂ ਦਾ ਕੋਈ ਲਾਗਾ-ਦੇਗਾ ਨਹੀਂ। ਖੁਦ ਸਟੇਟ ਵੱਲੋਂ ਸੱਤਾਧਾਰੀ ਪਾਰਟੀ ਦੇ ਹੱਕ ਵਿਚ ਬੁਰਛਾਗਰਦੀ ਨੂੰ ਸ਼ਹਿ ਦਿੱਤੀ ਜਾਂਦੀ ਹੈ ਜਦੋਂਕਿ ਸੁਤੰਤਰ ਰੂਪ ਵਿਚ ਆਵਾਜ਼ ਬੁਲੰਦ ਕਰਨ ਵਾਲੇ ਲੋਕਾਂ ਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ।

ਬਿਨਾਂ ਸ਼ੱਕ, ਭਾਰਤ ਵਿਚ ਸੀਨੀਅਰ ਪੁਲਿਸ ਅਫਸਰਾਂ ਵੱਲੋਂ ਸੱਤਾਧਾਰੀ ਸਿਆਸਤਦਾਨਾਂ ਕੋਲੋਂ ਹੁਕਮ ਲੈਣ ਦਾ ਵਰਤਾਰਾ ਬਹੁਤ ਪੁਰਾਣਾ ਹੈ। ਤੇ ਇਹ ਉੱਥੇ ਵੀ ਚਲਦਾ ਹੈ ਜਿੱਥੇ ਭਾਜਪਾ ਦਾ ਸ਼ਾਸਨ ਨਹੀਂ ਹੈ ਜਿਵੇਂ ਕਿ ਹੁਣੇ ਜਿਹੇ ਮਹਾਰਾਸ਼ਟਰ ਵਿਚ ਨਜ਼ਰ ਆਇਆ ਸੀ। ਉਂਜ, ਕੇਂਦਰੀ ਹਕੂਮਤ ਦੀ ਜਿਹੜੀ ਗੱਲ ਪ੍ਰੇਸ਼ਾਨ ਕਰਨ ਵਾਲੀ ਹੈ, ਉਹ ਇਹ ਹੈ ਕਿ ਪੁਲਿਸ ਦਾ ਫਿਰਕੂਕਰਨ ਕੀਤਾ ਜਾ ਰਿਹਾ ਹੈ। ਹਾਲਾਂਕਿ ਇਹ ਵੀ ਕੋਈ ਅਸਲੋਂ ਨਵਾਂ ਵਰਤਾਰਾ ਨਹੀਂ ਹੈ ਕਿਉਂਕਿ 1980ਵਿਆਂ ਵਿਚ ਬਹੁਤ ਸਾਰੇ ਉੱਤਰੀ ਸੂਬਿਆਂ ਅੰਦਰ ਘੱਟਗਿਣਤੀ ਫਿਰਕੇ ਦੇ ਅਨਸਰਾਂ ਦੇ ਮੁਕਾਬਲੇ ਬਹੁਗਿਣਤੀ ਫਿਰਕੇ ਨਾਲ ਸਬੰਧਤ ਸ਼ਰਾਰਤੀ ਅਨਸਰਾਂ ਪ੍ਰਤੀ ਨਰਮੀ ਦਿਖਾਈ ਜਾਂਦੀ ਸੀ। ਹੁਣ ਇਹ ਬਹੁਗਿਣਤੀਪ੍ਰਸਤ ਪੱਖਪਾਤ ਨੰਗੇ ਚਿੱਟੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਜੂਲੀਓ ਰਿਬੈਰੋ ਵਾਂਗ ਹੀ ਸਨਮਾਨਤ ਇਕ ਸੇਵਾਮੁਕਤ ਪੁਲਿਸ ਅਫਸਰ ਵਿਭੂਤੀ ਨਰਾਇਣ ਰਾਏ ਨੇ ਅੰਗਰੇਜ਼ੀ ਦੇ ਇਕ ਅਖਬਾਰ ਵਿਚ ਆਪਣੇ ਲੇਖ ਵਿਚ ਮੱਧ ਪ੍ਰਦੇਸ਼ ਵਿਚ ਹਿੰਦੂਤਵੀ ਭੀੜਾਂ ਵੱਲੋਂ ਮੁਸਲਮਾਨਾਂ ਦੇ ਘਰਾਂ 'ਤੇ ਸਿਲਸਿਲੇਵਾਰ ਹਮਲਿਆਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਹਮਲਿਆਂ ਦੀ ਇਕ ਵੀਡਿਓ ਵਿਚ ਸਿਰ ਫੜੀ ਬੈਠਾ ਇਕ ਪੁਲਿਸ ਇੰਸਪੈਕਟਰ ਤੇ ਦੋ ਹਿੰਦੂਤਵੀ ਜਨੂੰਨੀ ਭਗਵੇਂ ਝੰਡਿਆਂ ਤੇ ਇਕ ਤ੍ਰਿਸ਼ੂਲ ਨਾਲ ਨਜ਼ਰ ਆ ਰਹੇ ਹਨ। ਸ੍ਰੀ ਰਾਏ ਲਿਖਦੇ ਹਨ ਕਿ ਇੰਸਪੈਕਟਰ ਆਪਣੀ ਇਸ ਹਰਕਤ 'ਤੇ ਸ਼ਰਮਿੰਦਾ ਹੁੰਦਾ ਕਿਉਂਕਿ ਉਹ ਤੇ ਉਸ ਦੇ ਸਾਥੀ ਪੁਲਿਸ ਕਰਮੀਆਂ ਨੂੰ ਦੰਗਈਆਂ ਨੂੰ ਘਰਾਂ ਵਿਚ ਲੁੱਟ-ਖਸੁੱਟ ਕਰਦਿਆਂ, ਨਿਤਾਣੇ ਬੰਦਿਆਂ ਤੇ ਔਰਤਾਂ ਦੀ ਮਾਰਕੁਟਾਈ ਕਰਦਿਆਂ ਤਮਾਸ਼ਬੀਨ ਬਣੇ ਰਹਿਣ ਲਈ ਮਜਬੂਰ ਕੀਤਾ ਗਿਆ ਸੀ ਤੇ ਇਹ ਸਭ ਪੁਲਿਸ ਕਰਮੀਆਂ ਦੀ ਮੌਜੂਦਗੀ 'ਚ ਵਾਪਰਿਆ ਸੀ।

ਹਰ ਸੂਰਤ ਵਿਚ ਹਮੇਸ਼ਾ ਹਿੰਸਾ ਹੋਣ ਤੋਂ ਪਹਿਲਾਂ ਰੋਕੇ ਜਾਣ ਦੀ ਪੈਰਵੀ ਕਰਦੇ ਰਹੇ ਸ੍ਰੀ ਰਾਏ ਇਹ ਤਸਵੀਰਾਂ ਦੇਖ ਕੇ ਦੰਗ ਰਹਿ ਗਏ। ਤਰਾਸਦੀ ਇਹ ਹੈ ਕਿ ਹੁਣ ਇਹੋ ਜਿਹੇ ਦਲੇਰ ਤੇ ਕਾਬਲੀਅਤ ਵਾਲੇ ਅਫਸਰ ਵਿਰਲੇ ਟਾਵੇਂ ਹੀ ਮਿਲਦੇ ਹਨ। ਲਿਹਾਜ਼ਾ, ਜਿਵੇਂ ਕਿ ਉਨ੍ਹਾਂ ਲਿਖਿਆ ਹੈ, 'ਮੱਧ ਪ੍ਰਦੇਸ਼ ਪੁਲਿਸ ਦੀ ਇਕ ਨਵੀਂ ਅਣਲਿਖਤ ਸੇਧਗਾਰ (ਮੈਨੁਅਲ) ਸਾਹਮਣੇ ਆ ਗਈ ਹੈ ਜਿਸ ਮੁਤਾਬਿਕ ਪੁਲਿਸ ਦਾ ਕੰਮ ਕਾਨੂੰਨ ਤੋੜਨ ਵਾਲਿਆਂ ਨੂੰ ਡੱਕਣਾ ਨਹੀਂ ਹੈ ਸਗੋਂ ਇਸ ਦਾ ਕੰਮ ਪੀੜਤਾਂ ਨੂੰ ਘਰੋਂ ਖਦੇੜ ਕੇ ਬਦਮਾਸ਼ਾਂ ਲਈ ਰਾਹ ਪੱਧਰਾ ਕਰਨ ਦਾ ਹੈ।'

ਆਸ਼ੀਸ਼ ਖੇਤਾਨ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਮੋਦੀ ਦੇ ਸ਼ਾਸਨ ਹੇਠ ਗੁਜਰਾਤ ਵਿਚ 'ਅਜਿਹੀ ਕੋਈ ਵੀ ਸਰਕਾਰੀ ਸੰਸਥਾ, ਰਾਜ ਦਾ ਕੋਈ ਵੀ ਅੰਗ ਨਹੀਂ ਸੀ ਜੋ ਫ਼ਿਰਕੂ ਪੱਖਪਾਤ ਤੋਂ ਬਚਿਆ ਹੋਵੇ। ਗੁਜਰਾਤ ਪੁਲਿਸ ਝੂਠੇ ਸਬੂਤ ਘੜਦੀ...।' ਮਈ 2014 ਤੋਂ ਕੇਂਦਰੀ ਪੱਧਰ 'ਤੇ ਰਾਜਕੀ ਏਜੰਸੀਆਂ ਦਾ ਫ਼ਿਰਕੂਕਰਨ ਤੇਜ਼ ਹੋ ਗਿਆ; ਤੇ ਇਸੇ ਤਰ੍ਹਾਂ ਸਿਆਸਤ ਵਿਚ ਵੱਢੀ ਅਤੇ ਦਮਨ ਦਾ ਚੱਕਰ ਤੇਜ਼ ਹੋ ਗਿਆ। ਭਾਰਤੀ ਸਿਆਸਤ ਵਿਚ ਪੈਸੇ ਅਤੇ ਰਾਜਕੀ ਤੰਤਰ ਦਾ ਕੰਟਰੋਲ ਹਮੇਸ਼ਾ ਹੀ ਚਲਦਾ ਰਿਹਾ ਹੈ; ਪਰ 2014 ਤੋਂ ਪਹਿਲਾਂ ਇਸ ਦੀ ਭੂਮਿਕਾ ਇੰਨੀ ਪ੍ਰਤੱਖ ਅਤੇ ਨਿਰਣਾਇਕ ਨਹੀਂ ਸੀ। ਚੋਣ ਕਮਿਸ਼ਨ ਵੱਲੋਂ ਵੱਖ-ਵੱਖ ਸੂਬਿਆਂ ਵਿਚ ਚੋਣਾਂ ਦਾ ਪ੍ਰੋਗਰਾਮ ਸੱਤਾਧਾਰੀ ਪਾਰਟੀ ਦੇ ਚੋਣ ਪ੍ਰਚਾਰ ਦੀਆਂ ਤਰਜੀਹਾਂ ਨੂੰ ਧਿਆਨ ਵਿਚ ਰੱਖ ਕੇ ਉਲੀਕਿਆ ਜਾਂਦਾ ਹੈ। ਕਾਂਗਰਸ ਦੇ ਸ਼ਾਸਨ ਵਿਚ ਸਿਆਸੀ ਵਿਰੋਧੀਆਂ ਨੂੰ ਤੰਗ ਕਰਨ ਲਈ ਸੀਬੀਆਈ ਜਾਂ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਦੁਰਵਰਤੋਂ ਬਾਰੇ ਕੋਈ ਨਹੀਂ ਜਾਣਦਾ, ਪਰ ਭਾਜਪਾ ਇਸ ਨੂੰ ਇਕ ਵੱਖਰੇ ਹੀ ਪੱਧਰ 'ਤੇ ਲੈ ਗਈ ਹੈ। ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਜਿੱਥੇ ਰਾਜਕੀ ਸੱਤਾ ਦਾ ਡਰ ਦਿਖਾ ਕੇ ਅਤੇ ਭਾਜਪਾ ਦੀ ਧਨ ਸ਼ਕਤੀ ਦਾ ਇਸਤੇਮਾਲ ਕਰ ਕੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਡੇਗਿਆ ਜਾਂਦਾ ਹੈ, ਛੋਟੀ ਜਿਹੀ ਯੂਟੀ ਪੁਡੂਚੇਰੀ ਉਸ ਦੀ ਸੱਜਰੀ ਮਿਸਾਲ ਹੈ। ਜਦੋਂ ਇਹ ਕਾਲਮ ਲਿਖਿਆ ਜਾ ਰਿਹਾ ਸੀ ਤਾਂ ਤਾਮਿਲ ਨਾਡੂ ਵਿਚ ਵਿਰੋਧੀ ਧਿਰ ਦੇ ਇਕ ਮੋਹਰੀ ਸਿਆਸਤਦਾਨ ਦੇ ਪਰਿਵਾਰ ਦੇ ਘਰ 'ਤੇ ਛਾਪਾ ਮਾਰਿਆ ਗਿਆ ਜਦੋਂਕਿ ਆਸਾਮ ਵਿਚ ਭਾਜਪਾ ਦੇ ਇਕ ਮੰਤਰੀ ਵੱਲੋਂ ਆਪਣੇ ਸਿਆਸੀ ਵਿਰੋਧੀ ਨੂੰ ਧਮਕੀ ਦਿੱਤੀ ਗਈ ਕਿ ਕੌਮੀ ਜਾਂਚ ਏਜੰਸੀ ਨੂੰ ਉਸ ਦੇ ਪਿੱਛੇ ਛੱਡ ਦਿੱਤਾ ਜਾਵੇਗਾ। ਇਨ੍ਹਾਂ ਦੋਵੇਂ ਸੂਬਿਆਂ ਵਿਚ ਇਸ ਸਮੇਂ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ ਤੇ ਇਹ ਮਹਿਜ਼ ਕੋਈ ਸਬੱਬ ਦੀ ਗੱਲ ਨਹੀਂ ਹੈ।






*ਆਸ਼ੀਸ਼ ਖੇਤਾਨ ਅਤੇ ਉਸ ਦੀ ਕਿਤਾਬ ਦਾ ਮੁਖੜਾ।*

ਗੁਜਰਾਤ ਵਿਚ ਸੱਤਾ 'ਤੇ ਕਬਜ਼ਾ ਕਰਨ ਲਈ ਮੋਦੀ ਤੇ ਸ਼ਾਹ ਦੇ ਸੰਗੀਆਂ ਦੇ ਤਿੰਨ ਜੁੱਟ ਹਨ; ਇਕ, ਵਫਾਦਾਰ ਨੌਕਰਸ਼ਾਹ ਤੇ ਪੁਲਿਸ ਬਲ; ਦੂਜਾ, ਆਗਿਆਕਾਰ ਤੇ ਪ੍ਰਾਪੇਗੰਡਾਵਾਦੀ ਮੀਡੀਆ; ਅਤੇ ਦੱਬੂ ਨਿਆਂਪਾਲਿਕਾ (ਗੁਜਰਾਤ ਦੀਆਂ ਅਦਾਲਤਾਂ ਬਾਰੇ ਖੇਤਾਨ ਨੇ ਲਿਖਿਆ ਹੈ ਕਿ ਕਿਵੇਂ ਉਸ ਨੇ ਸਾਡੀ ਫੌਜਦਾਰੀ ਨਿਆਂ ਪ੍ਰਣਾਲੀ ਦੇ ਨਿਘਾਰ ਦੇ ਸਾਖਸ਼ਾਤ ਦੀਦਾਰ ਕੀਤੇ ਸਨ, ਜਿਸ ਨਾਲ ਆਮ ਲੋਕਾਂ ਲਈ ਨਿਆਂ ਦਾ ਮਤਬਲਬ ਹੀ ਬਦਲ ਗਿਆ ਹੈ)। ਭਾਰਤ ਵਿਚ ਮੁਕੰਮਲ ਸ਼ਕਤੀ ਹਾਸਲ ਕਰਨ ਲਈ ਮੋਦੀ ਤੇ ਸ਼ਾਹ ਨੇ ਉਹੀ ਤੌਰ ਤਰੀਕੇ ਅਪਣਾਉਣ ਦਾ ਰਾਹ ਅਖਤਿਆਰ ਕੀਤਾ ਹੈ। ਫਿਲਹਾਲ, ਉਨ੍ਹਾਂ ਨੂੰ ਪੂਰੀ ਸਫਲਤਾ ਨਹੀਂ ਮਿਲ ਸਕੀ ਜਿਸ ਦੇ ਤਿੰਨ ਕਾਰਨ ਹਨ: ਪਹਿਲਾ, ਅਜੇ ਵੀ ਕਈ ਵੱਡੇ ਸੂਬਿਆਂ 'ਚ ਭਾਜਪਾ ਦਾ ਸ਼ਾਸਨ ਨਹੀਂ ਹੈ; ਦੂਜਾ, ਹਾਲਾਂਕਿ ਸਾਰੇ ਵੱਡੇ ਹਿੰਦੀ ਅਖਬਾਰ ਅਤੇ ਅੰਗਰੇਜ਼ੀ ਤੇ ਹਿੰਦੀ ਦੇ ਜ਼ਿਆਦਾਤਰ ਟੀਵੀ ਚੈਨਲ ਤੇ ਵੈੱਬਸਾਈਟਾਂ ਪਾਰਟੀ ਦੀ ਲਾਈਨ ਨੂੰ ਅੱਖਾਂ ਮੀਟ ਕੇ ਮੰਨਦੇ ਹਨ, ਪਰ ਅਜੇ ਵੀ ਅੰਗਰੇਜ਼ੀ ਦੇ ਕੁਝ ਅਖਬਾਰ ਤੇ ਵੈੱਬਸਾਈਟਾਂ ਆਜ਼ਾਦਾਨਾ ਕੰਮ ਕਰ ਰਹੇ ਹਨ; ਤੀਜਾ, ਹਾਲਾਂਕਿ ਅਦਾਲਤਾਂ ਦੱਬੂ ਤੇ ਕਮਜ਼ੋਰ (ਖਾਸਕਰ ਜ਼ਮਾਨਤ ਦੇਣ ਦੇ ਮਾਮਲਿਆਂ ਵਿਚ) ਸਾਬਿਤ ਹੋ ਰਹੀਆਂ ਹਨ, ਪਰ ਕਦੇ ਕਦਾਈਂ ਕੋਈ ਨਾ ਕੋਈ ਜੱਜ ਵਿਅਕਤੀਗਤ ਅਧਿਕਾਰਾਂ ਤੇ ਬੋਲਣ ਦੀ ਆਜ਼ਾਦੀ ਦੇ ਹੱਕ ਵਿਚ ਨਿੱਤਰ ਪੈਂਦਾ ਹੈ।

ਉਂਜ, ਮੋਦੀ ਤੇ ਸ਼ਾਹ ਜੋੜੀ ਦੀ ਸਮੁੱਚੀ ਦਿਸ਼ਾ ਅਤੇ ਭਾਰਤ ਇਸ ਵੇਲੇ ਜਿੱਧਰ ਵਧ ਰਿਹਾ ਹੈ, ਉਹ ਕਾਫੀ ਹੱਦ ਤੱਕ ਸਪੱਸ਼ਟ ਹੈ। ਇੱਥੇ ਇਕ ਵਾਰ ਫਿਰ ਆਸ਼ੀਸ਼ ਖੇਤਾਨ ਦਾ ਹੀ ਕਥਨ ਦੇਣਾ ਪਵੇਗਾ: 'ਕਾਨੂੰਨ ਤੋਂ ਬਾਹਰਾ ਬਹੁਗਿਣਤੀਪ੍ਰਸਤ ਸ਼ਾਸਨ; ਸੰਵਿਧਾਨਵਾਦ ਦੀ ਅਣਹੋਂਦ ਵਿਚ ਲੋਕਤੰਤਰ ਦੀ ਚਕਾਚੌਂਧ; ਘੱਟਗਿਣਤੀਆਂ ਖਾਸਕਰ ਮੁਸਲਮਾਨਾਂ ਦੀ ਬੇਕਦਰੀ; ਵਿਚਾਰਧਾਰਕ ਵਿਰੋਧੀਆਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ ਤੇ ਜੇਲ੍ਹ ਵਿਚ ਸੁੱਟਣ ਦੇ ਮੁਕਾਬਲੇ ਭਗਵੇਂ ਕੱਟੜਪੰਥੀ ਦੰਗਈਆਂ ਨੂੰ ਦਿੱਤੀ ਖੁੱਲ੍ਹੀ ਛੋਟ; ਸਿਆਸੀ ਵਿਰੋਧੀਆਂ ਤੇ ਵੱਖਰੀ ਸੋਚ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਸੰਸਥਾਈ ਅਤੇ ਨਿਆਂਇਕ ਪ੍ਰਕਿਰਿਆਵਾਂ ਦੀ ਕੁਵਰਤੋਂ; ਕਿਸੇ ਵੀ ਕਿਸਮ ਦੇ ਵਿਰੋਧ ਨੂੰ ਕੁਚਲਣ ਲਈ ਰਾਜ ਦੀ ਸ਼ਕਤੀ ਦਾ ਬੱਝਵੇਂ ਢੰਗ ਨਾਲ ਕੀਤਾ ਜਾਂਦਾ ਇਸਤੇਮਾਲ ਤੇ ਰਾਜਕੀ ਦਮਨ ਦਾ ਪੈਮਾਨਾ... ਇਸ ਸਭ ਦੀ ਭਾਰਤ ਵਿਚ ਮਿਸਾਲ ਨਹੀਂ ਮਿਲਦੀ।'

ਅਜਿਹਾ ਸਮਾਜ ਜਿਸ ਵਿਚ ਕੋਈ ਬੰਦਾ ਪੁਲਿਸ 'ਤੇ ਭਰੋਸਾ ਕਰਨ ਦੀ ਬਜਾਏ, ਉਸ ਤੋਂ ਡਰਦਾ ਹੋਵੇ, ਜਿੱਥੇ ਕੋਈ ਬੰਦਾ ਜੱਜਾਂ ਤੋਂ ਵੀ ਨਿਡਰਤਾ ਤੇ ਨਿਰਪੱਖਤਾ ਦੀ ਤਵੱਕੋ ਨਾ ਰੱਖਦਾ ਹੋਵੇ, ਜਿੱਥੇ ਕਿਸੇ ਦੀ ਬੇਗੁਨਾਹੀ ਤੇ ਅਪਰਾਧ ਉਸ ਦੇ ਧਰਮ ਦੇ ਆਧਾਰ 'ਤੇ ਤੈਅ ਹੁੰਦੇ ਹੋਣ ਜਾਂ ਇਸ ਆਧਾਰ 'ਤੇ ਕਿ ਉਹ ਕਿਸ ਪਾਰਟੀ ਨੂੰ ਵੋਟ ਜਾਂ ਫੰਡ ਦਿੰਦਾ ਹੈ ਇਹ ਸਭ 'ਗੁਜਰਾਤ ਮਾਡਲ' ਦੇ ਹੀ ਸਿੱਟੇ ਹਨ ਜੋ ਹੁਣ ਦੇਸ਼ਵਿਆਪੀ ਹੁੰਦੇ ਜਾ ਰਹੇ ਹਨ। 1975-77 ਦੀ ਐਮਰਜੈਂਸੀ ਤੋਂ ਲੈ ਕੇ ਹੁਣ ਤੱਕ ਸੰਸਥਾਈ ਲਿਹਾਜ਼ ਤੋਂ ਅਸੀਂ ਸੰਵਿਧਾਨ ਦੇ ਆਦਰਸ਼ਾਂ ਤੋਂ ਬਹੁਤ ਦੂਰ ਹੋ ਗਏ ਹਾਂ ਅਤੇ ਜੇ 26 ਜਨਵਰੀ 1950 ਨੂੰ ਸੰਵਿਧਾਨ ਅਪਣਾਉਣ ਵੇਲੇ ਤੋਂ ਵੇਖਿਆ ਜਾਵੇ ਤਾਂ ਕੋਹਾਂ ਦੂਰ ਆ ਗਏ ਹਾਂ।

# ਬੰਗਾਲ ਚੋਣਾਂ ਦਾ ਸਿਆਸੀ ਮਤਲਬ

ਅਭੈ ਕੁਮਾਰ ਦੂਬੇ

ਕਿਹਾ ਜਾ ਸਕਦਾ ਹੈ ਕਿ ਬੰਗਾਲ ਵਿਚ ਜਿਸ ਦੀ ਜਿੱਤ ਹੋਵੇਗੀ, ਉਹ ਬੰਗਾਲ ਹੀ ਨਹੀਂ ਸਗੋਂ ਅਗਲੇ ਦੋ-ਢਾਈ ਸਾਲ ਤੱਕ ਰਾਸ਼ਟਰੀ ਰਾਜਨੀਤੀ 'ਤੇ ਆਪਣਾ ਸਿੱਕਾ ਜਮਾਏਗਾ। ਜੇ ਭਾਜਪਾ ਜਿੱਤੇਗੀ ਤਾਂ ਕੇਂਦਰ ਸਰਕਾਰ ਦੇ ਤਿੰਨ ਸੰਕਟਾਂ (ਕਿਸਾਨ ਅੰਦੋਲਨ ਕਾਰਨ ਪੈਦਾ ਹੋਇਆ ਰਾਜਸੀ ਸੰਕਟ, ਚੀਨ ਨਾਲ ਸਰਹੱਦੀ ਵਿਵਾਦ ਕਾਰਨ ਤਿੱਖਾ ਹੋਇਆ ਵਿਦੇਸ਼ ਨੀਤੀ ਦਾ ਸੰਕਟ ਅਤੇ ਕੋਵਿਡ ਕਾਰਨ ਲਾਇਲਾਜ ਹੋਇਆ ਆਰਥਿਕ ਸੰਕਟ) ਦਾ ਪ੍ਰਬੰਧ ਕਰਨ ਉਸ ਦੀ ਸਮਰੱਥਾ ਵਿਚ ਜ਼ਬਰਦਸਤ ਵਾਧਾ ਹੋ ਜਾਵੇਗਾ। ਹੋ ਸਕਦਾ, ਬੰਗਾਲ ਜਿੱਤਦਿਆਂ ਹੀ ਸਰਕਾਰ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਧਰਨੇ ਖਿਲਾਫ ਬੇਹੱਦ ਹਮਲਾਵਰ ਰਣਨੀਤੀ ਅਖਤਿਆਰ ਕਰ ਲਵੇ। ਜਿੱਤ ਦੀ ਸੂਰਤ ਵਿਚ ਉਸ ਦੇ ਬੁਲਾਰੇ ਅਰਥਨੀਤੀ ਅਤੇ ਵਿਦੇਸ਼ ਨੀਤੀ ਦੇ ਮੋਰਚੇ 'ਤੇ ਆਪਣੇ ਆਲੋਚਕਾਂ ਸਾਹਮਣੇ ਡਟ ਜਾਣਗੇ। ਭਾਜਪਾ ਨੂੰ ਇਸ ਜਿੱਤ ਦਾ ਇਕ ਹੋਰ ਲਾਭ ਹੋਵੇਗਾ। ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਘਟਦੀ ਮੈਂਬਰਸ਼ਿਪ ਗਿਣਤੀ ਦੀ ਪੁੱਠੀ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ; ਭਾਵ ਭਾਜਪਾ ਨੂੰ ਸਹਿਯੋਗੀ ਧਿਰਾਂ ਮਿਲਣੀਆਂ ਸ਼ੁਰੂ ਹੋ ਸਕਦੀਆਂ ਹਨ। ਧਿਆਨ ਰਹੇ, 2017 ਵਿਚ ਉੱਤਰ ਪ੍ਰਦੇਸ਼ ਵਿਚ ਚੋਣਾਂ ਵਿਚ ਜ਼ਬਰਦਸਤ ਜਿੱਤ ਕਾਰਨ ਨਿਤਿਸ਼ ਕੁਮਾਰ ਨੇ ਐਨ.ਡੀ.ਏ. ਵਿਚ ਵਾਪਸੀ ਦਾ ਮਨ ਬਣਾਉਣਾ ਸ਼ੁਰੂ ਕੀਤਾ ਸੀ।

ਜੇ ਭਾਜਪਾ ਨਾ ਜਿੱਤ ਸਕੀ ਅਤੇ ਮਮਤਾ ਬੈਨਰਜੀ ਨੇ ਮੁੜ ਸਰਕਾਰ ਬਣਾ ਲਈ ਤਾਂ ਸਾਰੇ ਦੇਸ਼ ਵਿਚ ਉਨ੍ਹਾਂ ਦਾ ਇਹ ਕਥਨ ਗੂੰਜਣ ਲੱਗੇਗਾ ਕਿ 'ਇਕ ਕਦਮ ਨਾਲ ਬੰਗਾਲ ਜਿੱਤ ਲਵਾਂਗੀ ਅਤੇ ਦੋ ਕਦਮਾਂ ਨਾਲ ਦਿੱਲੀ'; ਭਾਵ ਮਮਤਾ ਕੋਲ ਭਾਜਪਾ ਵਿਰੋਧੀ ਰਾਸ਼ਟਰੀ ਮੋਰਚੇ ਦਾ ਕੇਂਦਰ ਬਣ ਜਾਣ ਦੀ ਨੈਤਿਕ ਅਤੇ ਵਿਹਾਰਕ ਹੈਸੀਅਤ ਆ ਜਾਵੇਗੀ। ਵਿਧਾਨ ਸਭਾ ਦਾ ਸੰਘਰਸ਼ ਖਤਮ ਹੋ ਚੁੱਕਾ ਹੋਵੇਗਾ ਜਿਸ ਕਾਰਨ ਕਾਂਗਰਸ ਅਤੇ ਮਾਰਕਸਵਾਦੀਆਂ ਨੂੰ ਵੀ ਮਮਤਾ ਨਾਲ ਇਕ ਮੰਚ 'ਤੇ ਖੜ੍ਹੇ ਹੋਣ ਵਿਚ ਕੋਈ ਦਿੱਕਤ ਨਹੀਂ ਹੋਵੇਗੀ। ਬੰਗਾਲ ਵਿਚ ਜਿੱਤ-ਹਾਰ ਦਾ ਇਕ ਹੋਰ ਜ਼ਿਕਰਯੋਗ ਪੱਖ ਹੋਵੇਗਾ, ਉਹ ਹੈ ਮੁਸਲਮਾਨਾਂ ਦੀ ਚੋਣ ਰਣਨੀਤੀ ਦਾ ਭਵਿੱਖ। ਬੰਗਾਲ ਵਿਚ 30 ਫੀਸਦੀ ਮੁਸਲਮਾਨ ਹਨ। ਅਜਿਹਾ ਲਗਦਾ ਹੈ ਕਿ ਉਹ ਮਮਤਾ ਨੂੰ ਵੋਟਾਂ ਪਾਉਣ ਲਈ ਵਚਨਬੱਧ ਹਨ। ਜੇ ਇੰਨੇ ਵੱਡੇ ਵਰਗ ਦਾ ਸਮਰਥਨ ਵੀ ਭਾਜਪਾ ਨੂੰ ਹਰਾਉਣ ਲਈ ਕਾਫੀ ਨਾ ਹੋਇਆ ਤਾਂ ਮੁਸਲਮਾਨ ਰਾਜਨੀਤੀ ਦਾ ਜਲੂਸ ਨਿਕਲ ਜਾਵੇਗਾ।

ਸਵਾਲ ਹੈ ਕਿ ਜਿੱਤੇਗਾ ਕੌਣ? ਬੰਗਾਲ ਦੀਆਂ ਚੋਣਾਂ 'ਤੇ ਨਿਗ੍ਹਾ ਰੱਖਣ ਵਾਲੇ ਰਾਜਨੀਤਕ ਮਾਹਰਾਂ ਦੀ ਉਲਝਣ ਇਹ ਹੈ ਕਿ ਇਸ ਵਾਰ ਉਥੇ ਕਿਹੜੀ ਵਿਧੀ ਕੰਮ ਕਰੇਗੀ। ਜਿੱਥੋਂ ਤੱਕ ਚੋਣਾਂ ਤੋਂ ਪਹਿਲਾਂ ਦੇ ਚੋਣ ਸਰਵੇਖਣਾਂ ਦੀ ਗੱਲ ਹੈ, ਅੰਕਾਂ ਦਾ ਗਣਿਤ ਫਿਲਹਾਲ ਮਮਤਾ ਦੇ ਪੱਖ ਵਿਚ ਨਜ਼ਰ ਆ ਰਿਹਾ ਹੈ। ਮਮਤਾ ਬੈਨਰਜੀ ਦੀ ਪਾਰਟੀ ਦਾ ਵੋਟਿੰਗ ਆਧਾਰ ਪਿਛਲੀਆਂ ਦੋ ਚੋਣਾਂ ਵਿਚ 40 ਫੀਸਦੀ ਤੋਂ 45 ਫੀਸਦੀ ਦਰਮਿਆਨ (ਵਿਧਾਨ ਸਭਾ ਵਿਚ 44.91 ਅਤੇ ਲੋਕ ਸਭਾ ਵਿਚ 43.3 ਫੀਸਦੀ) ਹੀ ਰਿਹਾ ਹੈ। ਉਨ੍ਹਾਂ ਦੇ ਵਿਰੋਧੀਆਂ ਨੂੰ ਇਸ ਅੰਕੜੇ ਤੋਂ ਬਾਹਰ ਜਿੰਨੀਆਂ ਵੋਟਾਂ ਹਨ, ਉਨ੍ਹਾਂ ਨੂੰ ਹਾਸਲ ਕਰਨ ਲਈ ਮਿਹਨਤ ਕਰਨੀ ਪੈਣੀ ਹੈ। ਇਸ ਲਿਹਾਜ਼ ਨਾਲ ਭਾਰਤੀ ਜਨਤਾ ਪਾਰਟੀ ਨੂੰ ਅੰਕ ਗਣਿਤ ਦੇ ਆਧਾਰ 'ਤੇ ਜਿੱਤ ਹਾਸਲ ਕਰਨ ਲਈ ਘੱਟੋ-ਘੱਟ ਤਿੰਨ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਪਹਿਲੀ, ਉਸ ਨੂੰ ਘੱਟੋ-ਘੱਟ ਇਹ ਯਕੀਨੀ ਬਣਾਉਣਾ ਪਵੇਗਾ ਕਿ ਲੋਕ ਸਭਾ ਵਿਚ ਜਿੰਨੀਆਂ ਫੀਸਦੀ ਵੋਟਾਂ ਉਸ ਨੂੰ ਮਿਲੀਆਂ ਸਨ, ਉਹ ਉਸ ਨੂੰ ਇਕ ਵਾਰ ਫਿਰ ਮਿਲਣ। ਦੂਜੀ, ਇਸ ਲਈ ਜ਼ਰੂਰੀ ਹੋਵੇਗਾ ਕਿ ਉਹ ਕਾਂਗਰਸ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਗੱਠਜੋੜ ਦਾ ਪ੍ਰਦਰਸ਼ਨ ਘਟਾ ਕੇ 10 ਫੀਸਦੀ ਤੋਂ ਕਾਫੀ ਘੱਟ ਪੰਜ ਜਾਂ ਸੱਤ ਫੀਸਦੀ ਵੋਟਾਂ 'ਤੇ ਲੈ ਆਵੇ। ਤੀਜੀ, ਇਸ ਗੱਠਜੋੜ ਦੇ ਨਾਲ ਕੁਝ ਦੇਰ ਤੋਂ ਜੁੜੇ ਅੱਬਾਸ ਸਿਦੀਕੀ ਦੇ ਇੰਡੀਆ ਸੈਕੂਲਰ ਫਰੰਟ ਦੇ ਕਾਰਨ ਮੁਸਲਮਾਨ ਵੋਟ ਏਨੀ ਮਾਤਰਾ ਵਿਚ ਤ੍ਰਿਣਮੂਲ ਕਾਂਗਰਸ ਅਤੇ ਗੱਠਜੋੜ ਦਰਮਿਆਨ ਵੰਡੀ ਜਾਵੇ ਕਿ ਮਮਤਾ ਦੇ ਵੋਟ ਫੀਸਦੀ ਵਿਚ ਗਿਰਾਵਟ ਭਾਵੇਂ ਥੋੜ੍ਹੀ ਹੀ ਸਹੀ, ਆ ਜਾਵੇ। ਇਨ੍ਹਾਂ ਤਿੰਨਾਂ ਸ਼ਰਤਾਂ ਨੂੰ ਪੂਰਾ ਕਰਨਾ ਭਾਜਪਾ ਲਈ ਕਾਫੀ ਮੁਸ਼ਕਿਲ ਲੱਗ ਰਿਹਾ ਹੈ। ਆਮ ਤੌਰ 'ਤੇ (ਉੱਤਰ ਪ੍ਰਦੇਸ਼ ਨੂੰ ਛੱਡ ਕੇ) ਭਾਜਪਾ ਦਾ ਲੋਕ ਸਭਾ ਫੀਸਦੀ ਵਿਧਾਨ ਸਭਾ ਚੋਣਾਂ ਵਿਚ 6 ਤੋਂ 15 ਫੀਸਦੀ ਤੱਕ ਡਿਗਦਾ ਰਿਹਾ ਹੈ। ਅਜੇ ਤੱਕ ਹੋਏ ਸਰਵੇਖਣਾਂ ਅਨੁਸਾਰ ਤਾਂ ਕਾਂਗਰਸ ਖੱਬੇ ਪੱਖੀ ਗੱਠਜੋੜ ਆਪਣੇ ਲੋਕ ਸਭਾ ਦੇ ਪ੍ਰਦਰਸ਼ਨ ਨੂੰ 6 ਤੋਂ 7 ਫੀਸਦੀ ਦਰਮਿਆਨ ਸੁਧਾਰਨ ਵੱਲ ਜਾ ਰਿਹਾ ਹੈ। ਮੁਸਲਮਾਨ ਪ੍ਰਧਾਨ ਚੋਣ ਖੇਤਰਾਂ ਵਿਚ ਸਰਵੇਖਣ ਦੱਸ ਰਹੇ ਹਨ ਕਿ ਇਨ੍ਹਾਂ ਖੇਤਰਾਂ ਦੇ ਮੁਸਲਮਾਨ ਰਣਨੀਤਕ ਵੋਟਿੰਗ ਲਈ ਤਿਆਰੀ ਕਰਕੇ ਬੈਠੇ ਹਨ। ਭਾਵ ਉਹ ਗੱਠਜੋੜ ਨੂੰ ਉੱਥੋਂ ਹੀ ਵੋਟਾਂ ਦੇਣਗੇ ਜਿੱਥੋਂ ਉਸ ਦਾ ਉਮੀਦਵਾਰ ਜਿੱਤਣ ਦੀ ਸਥਿਤੀ ਵਿਚ ਦਿਖਾਈ ਦੇਵੇਗਾ। ਨਹੀਂ ਤਾਂ ਘੱਟ ਗਿਣਤੀਆਂ ਦੀਆਂ ਜ਼ਿਆਦਾਤਰ ਵੋਟਾਂ ਮਮਤਾ ਦੀ ਝੋਲੀ ਵਿਚ ਡਿਗਦੀਆਂ ਨਜ਼ਰ ਆ ਰਹੀਆਂ ਹਨ।

ਕਹਿਣ ਦੀ ਲੋੜ ਨਹੀਂ ਹੈ ਕਿ ਨਤੀਜਾ ਭਾਵੇਂ ਜੋ ਵੀ ਨਿਕਲੇ, ਬੰਗਾਲ ਦੀਆਂ ਚੋਣਾਂ ਸਿਆਸੀ ਆਗੂਆਂ ਨੂੰ ਕਈ ਸਬਕ ਦੇਣਗੀਆਂ। ਮਮਤਾ ਹਾਰਦੀ ਹੈ ਤਾਂ ਪਿਛਲੇ ਪੰਜ ਸਾਲਾਂ ਵਿਚ ਉਨ੍ਹਾਂ ਵਲੋਂ ਮੁੱਖ ਮੰਤਰੀ ਦੇ ਤੌਰ 'ਤੇ ਕੀਤੀਆਂ ਗਈ ਵੱਡੀਆਂ ਗਲਤੀਆਂ ਹੋਰ ਉਭਰ ਕੇ ਸਾਹਮਣੇ ਆਉਣਗੀਆਂ। ਜੇ ਮਮਤਾ ਜਿੱਤੀ ਤਾਂ ਸਬਕ ਇਹ ਹੋਵੇਗਾ ਕਿ ਇਕ ਰਾਜਸੀ ਆਗੂ ਦੇ ਤੌਰ 'ਤੇ ਭਾਜਪਾ ਵਰਗੀ ਪਾਰਟੀ ਨੂੰ ਹਰਾਉਣ ਲਈ ਕਿਸ ਕਿਸਮ ਦੀ ਦ੍ਰਿੜ੍ਹਤਾ ਦੀ ਲੋੜ ਹੁੰਦੀ ਹੈ। ਮੁੱਖ ਮੰਤਰੀ ਦੇ ਤੌਰ 'ਤੇ ਮਮਤਾ ਦੀਆਂ ਕਈ ਆਲੋਚਨਾਵਾਂ ਹੋ ਸਕਦੀਆਂ ਹਨ ਪਰ ਇਕ ਹਰਮਨ ਪਿਆਰੀ ਅਤੇ ਜੁਝਾਰੂ ਆਗੂ ਦੇ ਰੂਪ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਹੈ।

# ਬਦਨੀਤੀ ਨੂੰ ਨੀਤੀ ਵਜੋਂ ਚਲਾ ਰਹੀ ਭਾਰਤ ਦੀ ਰਾਜਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਦਿੱਲੀ ਦੇ ਬਾਰਡਰਾਂ ਉੱਤੇ ਚੱਲਦੇ ਕਿਸਾਨਾਂ ਦੇ ਸੰਘਰਸ਼ ਨੂੰ ਸਿਰਫ ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਲੱਗਾ ਮੋਰਚਾ ਸਮਝਿਆ ਜਾ ਰਿਹਾ ਹੈ। ਏਦਾਂ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਸਾਰੀ ਸਮੱਸਿਆ ਸਿਰਫ ਤਿੰਨ ਕਾਨੂੰਨਾਂ ਤੱਕ ਹੀ ਸੀਮਤ ਹੋਵੇ, ਜਦ ਕਿ ਤਿੰਨ ਕਾਨੂੰਨ ਸਮੁੱਚੀ ਸਮੱਸਿਆ ਨਹੀਂ, ਅਸਲੀ ਸਮੱਸਿਆ ਦੇ ਕਈ ਰੰਗਾਂ ਵਿਚੋਂ ਇੱਕ ਰੰਗ ਸਮਝ ਕੇ ਬਾਕੀ ਦੇ ਪੱਖ ਬਹਿਸ ਤੋਂ ਲਾਂਭੇ ਧੱਕੇ ਜਾ ਰਹੇ ਹਨ। ਜਿਹੜਾ ਕੋਈ ਸਿਰਫ ਤਿੰਨ ਕਾਨੂੰਨ ਰੱਦ ਕਰਵਾਉਣ ਦੀ ਲਲਕਾਰ ਤੱਕ ਸਮੱਸਿਆ ਨੂੰ ਸੀਮਤ ਮੰਨਦਾ ਹੈ, ਉਹ ਹਕੀਕਤਾਂ ਨਾਲ ਮੱਥਾ ਮਾਰਨ ਤੋਂ ਕੰਨੀ ਕਤਰਾ ਰਿਹਾ ਹੈ। ਹਕੀਕਤ ਇਹ ਹੈ ਕਿ ਇਸ ਵੇਲੇ ਚੱਲਦਾ ਸੰਘਰਸ਼ ਕਿਸੇ ਖੇਤਰ ਵਿਚ ਫਸਲਾਂ ਦੀ ਵੱਧ ਲਾਗਤ ਤੇ ਘੱਟ ਪੈਦਾਵਾਰ ਅਤੇ ਕਿਸੇ ਹੋਰ ਖੇਤਰ ਵਿਚ ਵੱਧ ਲਾਗਤ ਤੇ ਘੱਟ ਮੁੱਲ ਪੈਣ ਵਾਲਾ ਹੈ, ਪਰ ਕਿਸੇ ਥਾਂ ਇਹ ਵੀ ਕਿ ਫਸਲ ਇੰਨੀ ਹੁੰਦੀ ਹੈ ਕਿ ਸਰਕਾਰਾਂ ਇਸ ਫਸਲ ਦਾ ਵਾਧਾ ਰੋਕਣ ਲਈ ਹਰ ਹਰਬਾ ਵਰਤਣ ਨੂੰ ਉਤਾਰੂ ਹੋ ਸਕਦੀਆਂ ਹਨ। ਇਹ ਤਿੰਨ ਖੇਤੀ ਬਿੱਲ ਵੀ ਸਰਕਾਰ ਵੱਲੋਂ ਹਰ ਹਰਬਾ ਵਰਤਣ ਦੀ ਸੋਚ ਦਾ ਹਿੱਸਾ ਹਨ, ਕਿਉਂਕਿ ਸਰਕਾਰਾਂ ਵੱਧ ਪੈਦਾਵਾਰ ਨੂੰ ਆਪਣੀ ਆਰਥਿਕਤਾ ਦੀ ਸਮੱਸਿਆ ਮੰਨ ਰਹੀਆਂ ਹਨ ਤੇ ਵੱਧ ਉਪਜ ਨੂੰ ਲੋੜਵੰਦਾਂ ਤੱਕ ਪਹੁੰਚਾਉਣ ਦੀ ਥਾਂ ਇਸ ਦਾ ਵਾਧਾ ਰੋਕਣਾ ਚਾਹੁੰਦੀਆਂ ਹਨ।

ਛੋਟੀ ਉਮਰ ਵਿਚ ਇਹ ਗੀਤ ਅਸਾਂ ਕਈ ਵਾਰ ਸੁਣਿਆ ਸੀ: 'ਉਹ ਵੇਲਾ ਯਾਦ ਕਰ, ਜਦ ਭਾਰਤ ਭੁੱਖਾ ਰਹਿ ਕੇ, ਹਾਏ ਠੰਢੇ ਹਾਉਕੇ ਲੈ ਕੇ ਪਿਆ ਵਕਤ ਟਪਾਂਦਾ ਸੀ, ਉਹ ਵੇਲਾ ਯਾਦ ਕਰ।' ਅੱਜ ਉਹ ਵੇਲਾ ਯਾਦ ਨਹੀਂ ਰਿਹਾ ਤਾਂ ਇਸ ਦਾ ਕਾਰਨ ਇਹ ਹੈ ਕਿ ਭੁੱਖ ਦੇ ਦਿਨ ਪਿੱਛੇ ਰਹਿ ਗਏ ਅਤੇ ਫਸਲ ਏਨੀ ਪੈਦਾ ਹੋਣ ਲੱਗੀ ਹੈ ਕਿ ਸਰਕਾਰਾਂ ਦੇ ਗੋਦਾਮ ਵੀ ਆਫਰ ਕੇ ਪਾਟਣ ਵਾਲੇ ਹੋ ਗਏ ਹਨ। ਕਿਸਾਨ ਵੀ ਕਹਿੰਦੇ ਹਨ ਅਤੇ ਪੰਜਾਬ ਦੀ ਸਰਕਾਰ ਵੀ ਕਿ ਫਸਲ ਦਾ ਖਰੀਦ ਮੁੱਲ ਵਧਣਾ ਚਾਹੀਦਾ ਹੈ, ਪਰ ਕੇਂਦਰ ਸਰਕਾਰ ਭਾਅ ਵਧਾਉਣ ਦੀ ਥਾਂ ਇਹ ਇਰਾਦਾ ਧਾਰੀ ਬੈਠੀ ਹੈ ਕਿ ਪਹਿਲਾਂ ਜਿੰਨੀ ਕਣਕ ਖਰੀਦਣੀ ਹੀ ਨਹੀਂ। ਸਰਕਾਰ ਵੱਲੋਂ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਮਾਲਕੀ ਦੇ ਕਾਗਜ਼ ਖਰੀਦ ਏਜੰਸੀ ਦੀ ਵੈੱਬਸਾਈਟ ਉੱਤੇ ਚਾੜ੍ਹਨ ਤੇ ਫਿਰ ਕਿਸਾਨਾਂ ਦੇ ਖਾਤੇ ਵਿਚ ਸਿੱਧੇ ਪੈਸੇ ਭੇਜਣ ਦੇ ਹੁਕਮ ਪਿੱਛੇ ਵੀ ਇਹੋ ਸੋਚਣੀ ਸੀ ਕਿ ਇਸ ਬਹਾਨੇ ਬਹੁਤ ਸਾਰੇ ਕਿਸਾਨਾਂ ਦੀ ਫਸਲ ਖਰੀਦਣ ਤੋਂ ਬਚਿਆ ਜਾ ਸਕੇਗਾ। ਇਹ ਬਦਨੀਤੀ ਵਾਲੀ ਨੀਤੀ ਹੈ ਤੇ ਸਹੀ ਮਾਅਨਿਆਂ ਵਿਚ ਪੰਜਾਬੀ ਦੇ ਮੁਹਾਵਰੇ ਅਨੁਸਾਰ ਉਸ ਮਾਈ ਦੀ ਸੋਚ ਵਰਗੀ ਨੀਤੀ ਹੈ, ਜਿਸ ਨੇ ਆਖਿਆ ਸੀ ਕਿ 'ਰੱਬਾ ਰਿਜ਼ਕ ਨਾ ਦੇਵੀਂ, ਐਵੇਂ ਪਕਾਉਣਾ ਪਿਆ ਕਰੂਗਾ।' ਏਦਾਂ ਦੀ ਨੀਤੀ ਵਿਚੋਂ ਕਿਸੇ ਨੇਕੀ ਦੀ ਝਲਕ ਨਹੀਂ ਲੱਭ ਸਕਦੀ।

ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਭਾਰਤ ਵਿਚ, ਤੇ ਪੰਜਾਬ ਵਿਚ ਵੀ, ਅਨਾਜ ਬਹੁਤਾ ਪੈਦਾ ਹੋਣ ਲੱਗ ਪਿਆ ਹੈ, ਪਰ ਇਸ ਗੱਲ ਨਾਲ ਸਹਿਮਤ ਨਹੀਂ ਕਿ ਇਹ ਲੋੜ ਨਾਲੋਂ ਵੱਧ ਹੈ। ਭਾਰਤ ਦੀ ਲੋੜ ਬਹੁਤ ਵੱਡੀ ਹੈ। ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਇਹ ਖਬਰਾਂ ਆਈਆਂ ਸਨ ਕਿ ਰਾਜਸਥਾਨ ਅਤੇ ਛੱਤੀਸਗੜ੍ਹ ਵਰਗੇ ਕੁਝ ਰਾਜਾਂ ਵਿਚ ਲੋਕਾਂ ਨੂੰ ਅਨਾਜ ਨਾ ਮਿਲਿਆ ਤਾਂ ਉਨ੍ਹਾਂ ਨੇ ਘਾਹ ਦੀਆਂ ਰੋਟੀਆਂ ਬਣਾ ਕੇ ਖਾਧੀਆਂ, ਜਿਸ ਨਾਲ ਉਸ ਵੇਲੇ ਪੇਟ ਭਰਿਆ ਹੋਣ ਦਾ ਅਹਿਸਾਸ ਹੋਇਆ, ਪਰ ਬਾਅਦ ਵਿਚ ਲੋਕ ਬੀਮਾਰੀਆਂ ਨਾਲ ਮਰਨ ਲੱਗੇ ਸਨ। ਉਦੋਂ ਦੇਸ਼ ਦੀ ਸੁਪਰੀਮ ਕੋਰਟ ਨੇ ਇਹ ਸਮੱਸਿਆ ਸੁਣੀ ਤਾਂ ਸਰਕਾਰ ਨੂੰ ਹਦਾਇਤ ਕੀਤੀ ਕਿ ਗੋਦਾਮਾਂ ਵਿਚ ਭਰਿਆ ਜਿਹੜਾ ਅਨਾਜ ਗਲਦਾ ਪਿਆ ਹੈ, ਉਸ ਨੂੰ ਅਜਾਈਂ ਗਲਣ ਤੋਂ ਰੋਕਣ ਲਈ ਭੁੱਖ ਮਾਰੇ ਲੋਕਾਂ ਨੂੰ ਮੁਫਤ ਵੰਡ ਕੇ ਲੋਕ ਬਚਾਏ ਜਾਣ। ਖੁਰਾਕ ਤੇ ਖੇਤੀ ਮੰਤਰੀ ਉਦੋਂ ਸ਼ਰਦ ਪਵਾਰ ਸੀ, ਉਹ ਇਕੱਲਾ ਅੜ ਗਿਆ ਸੀ ਕਿ ਏਦਾਂ ਨਹੀਂ ਕਰਨਾ, ਕਿਉਂਕਿ ਏਦਾਂ ਕਰਾਂਗੇ ਤਾਂ ਦੇਸ਼ ਦੀਆਂ ਮੰਡੀਆਂ ਵਿਚ ਕੀਮਤਾਂ ਡਿੱਗ ਪੈਣਗੀਆਂ ਤੇ ਖੇਤੀ ਕਾਰੋਬਾਰ ਦੀ ਆਰਥਿਕਤਾ ਦਾ ਨੁਕਸਾਨ ਹੋਵੇਗਾ। ਭਾਰਤ ਦੀ ਸੁਪਰੀਮ ਕੋਰਟ ਵਾਰ-ਵਾਰ ਇਹੋ ਜਿਹੀ ਹਦਾਇਤ ਦੇਣ ਦੇ ਬਾਵਜੂਦ ਇਹ ਗੱਲ ਮੰਨਵਾ ਨਹੀਂ ਸੀ ਸਕੀ। ਇਹ ਸਮੱਸਿਆ ਅੱਜ ਵੀ ਹੈ ਕਿ ਮੱਧ ਭਾਰਤ ਦੇ ਰਾਜਾਂ ਵਿਚ ਕਈ ਥਾਂਈਂ ਲੋਕਾਂ ਨੂੰ ਖਾਣ ਲਈ ਅੰਨ ਨਹੀਂ ਮਿਲਦਾ। ਭਾਰਤ ਦਾ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਸਬਸਿਡੀਆਂ ਦਾ ਐਲਾਨ ਕਰਦਾ ਪਿਆ ਹੈ ਤਾਂ ਇਹ ਵੀ ਕਹਿ ਸਕਦਾ ਹੈ ਕਿ ਸਰਕਾਰ ਦੇ ਗੋਦਾਮਾਂ ਵਿਚ ਜਿਹੜਾ ਅੰਨ ਪਿਆ ਗਲਦਾ ਜਾਂਦਾ ਹੈ ਤੇ ਜਿਸ ਨੂੰ ਚੂਹੇ ਖਾ ਰਹੇ ਹਨ, ਉਹ ਭੁੱਖ-ਮਾਰੇ ਲੋਕਾਂ ਵਿਚ ਮੁਫਤ ਵੰਡਿਆ ਜਾ ਸਕਦਾ ਹੈ, ਪਰ ਉਹ ਇਸ ਤਰ੍ਹਾਂ ਦੀ ਗੱਲ ਨਹੀਂ ਕਰਦਾ, ਕਿਉਂਕਿ ਇਸ ਨਾਲ ਕਾਰੋਬਾਰੀਆਂ ਦਾ ਮੁਨਾਫਾ ਘਟ ਜਾਣਾ ਹੈ।

ਦੂਸਰੀ ਗੱਲ ਇਹ ਕਹੀ ਜਾਂਦੀ ਹੈ ਕਿ ਪੰਜਾਬ ਦੇ ਕਿਸਾਨ, ਤੇ ਹਰਿਆਣੇ ਵਾਲੇ ਵੀ, ਕਣਕ-ਝੋਨੇ ਦੀਆਂ ਫਸਲਾਂ ਦੇ ਚੱਕਰ ਵਿਚੋਂ ਨਿਕਲਦੇ ਨਹੀਂ, ਉਨ੍ਹਾਂ ਨੂੰ ਕੋਈ ਹੋਰ ਫਸਲਾਂ ਬੀਜਣੀਆਂ ਚਾਹੀਦੀਆਂ ਹਨ। ਆਮ ਹਾਲਾਤ ਵਿਚ ਇਸ ਗੱਲ ਨਾਲ ਅਸੀਂ ਵੀ ਸਹਿਮਤ ਹੋਣਾ ਸੀ, ਸਗੋਂ ਇਹ ਕਹਿੰਦੇ ਵੀ ਰਹੇ ਹਾਂ ਕਿ ਫਸਲੀ-ਚੱਕਰ ਬਦਲਣਾ ਚਾਹੀਦਾ ਹੈ, ਪਰ ਅੱਜ ਇਹ ਮੁੱਦਾ ਨੇਕ ਸਲਾਹ ਵਜੋਂ ਨਹੀਂ, ਕਿਸਾਨ ਮੋਰਚੇ ਦੇ ਮੁੱਦਿਆਂ ਦੀ ਬਹਿਸ ਨੂੰ ਇੱਕ ਹੋਰ ਪਾਸੇ ਮੋੜਾ ਦੇਣ ਨੂੰ ਚੁੱਕਿਆ ਜਾ ਰਿਹਾ ਹੈ। ਸਰਕਾਰਾਂ ਦੀ ਇਸ ਬਾਰੇ ਨੇਕ-ਨੀਤੀ ਹੈ ਤਾਂ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਵੇਲੇ ਤੋਂ ਫਸਲ-ਚੱਕਰ ਨੂੰ ਬਦਲਣ ਦੀ ਗੱਲ ਕਹੀ ਜਾਂਦੀ ਰਹੀ ਹੈ, ਇਸ ਵੱਲੋਂ ਕਿਸਾਨ ਦਾ ਮੁਹਾਣ ਮੋੜਨ ਲਈ ਸਹੂਲਤਾਂ ਅਤੇ ਸਬਸਿਡੀ ਜਾਰੀ ਕਰ ਕੇ ਉਨ੍ਹਾਂ ਨੂੰ ਪਰੇਰਿਆ ਵੀ ਜਾ ਸਕਦਾ ਸੀ, ਪਰ ਏਦਾਂ ਕਦੇ ਕੀਤਾ ਨਹੀਂ। ਇਸ ਵਕਤ ਵੀ ਸਰਕਾਰ ਏਦਾਂ ਦੀਆਂ ਸਲਾਹਾਂ ਦੇ ਰਹੀ ਹੈ, ਨਾਲ ਚੋਭਾਂ ਵੀ ਲਾ ਰਹੀ ਹੈ, ਪਰ ਮੋਰਚੇ ਦਾ ਸੰਕਟ ਮੁੱਕਦੇ ਸਾਰ ਫਿਰ ਗੁੱਛੀ ਮਾਰ ਕੇ ਬੈਠ ਜਾਵੇਗੀ।

ਗੱਲ ਸਿਰਫ ਇਹ ਵੀ ਨਹੀਂ, ਸਗੋਂ ਸਰਕਾਰ ਤੇ ਇਸ ਨੂੰ ਚਲਾਉਣ ਵਾਲੀ ਪਾਰਟੀ ਇਸ ਹੱਦ ਤੱਕ ਚਲੀ ਗਈ ਹੈ ਕਿ ਮੱਧ ਭਾਰਤ ਤੇ ਉਸ ਤੋਂ ਪਰੇ ਦੱਖਣ ਦੇ ਰਾਜਾਂ ਵਿਚ ਉਸ ਦੇ ਆਗੂ ਇਹ ਕਹਿ ਰਹੇ ਹਨ ਕਿ ਅੱਜ ਤੱਕ ਪੰਜਾਬ ਨੂੰ ਹਰ ਸਹੂਲਤ ਦਿੱਤੀ ਜਾਂਦੀ ਸੀ, ਮੋਦੀ ਸਰਕਾਰ ਉਨ੍ਹਾਂ ਦੀਆਂ ਸਹੂਲਤਾਂ ਕੱਟ ਕੇ ਏਧਰ ਵਾਲੇ ਕਿਸਾਨਾਂ ਨੂੰ ਦੇਣ ਲੱਗੀ ਹੈ। ਇਹ ਵੀ ਬੜਾ ਵੱਡਾ ਭਰਮ ਹੈ ਕਿ ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਦੀਆਂ ਸਹੂਲਤਾਂ ਕੱਟ ਕੇ ਉਨ੍ਹਾਂ ਨੂੰ ਦੇਵੇਗੀ, ਜਦ ਕਿ ਉਹ ਸਾਫ ਨੀਤ ਵਾਲੀ ਹੋਵੇ ਤਾਂ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ, ਐੱਮ. ਐੱਸ. ਪੀ., ਜਿੰਨੀ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ, ਓਨੀ ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਦੇ ਕਿਸਾਨ ਨੂੰ ਵੀ ਦੇ ਸਕਦੀ ਹੈ। ਇਸ ਹਫਤੇ ਕਣਕ ਲੈ ਕੇ ਆਏ ਟਰਾਲੇ ਕੁਝ ਥਾਂਈਂ ਫੜੇ ਗਏ ਤਾਂ ਪਤਾ ਲੱਗਾ ਕਿ ਉੱਤਰ ਪ੍ਰਦੇਸ਼ ਤੋਂ ਚੋਰੀ ਖਰੀਦ ਕੇ ਲਿਆਉਂਦੇ ਹਨ, ਜਿੱਥੇ ਫਸਲ ਐੱਮ. ਐੱਸ. ਪੀ. ਨਾਲ ਨਹੀਂ ਵਿਕਦੀ, ਵਪਾਰੀ ਮਨ-ਮਰਜ਼ੀ ਦਾ ਭਾਅ ਦਿੰਦਾ ਹੈ।

ਪੰਜਾਬ ਵਿਚ ਜਿਹੜੀ ਕਣਕ ਇਸ ਵੇਲੇ ਸਰਕਾਰੀ ਭਾਅ ਮੁਤਾਬਕ ਉੱਨੀ ਸੌ ਪਚੱਤਰ ਰੁਪਏ ਵਿਕਦੀ ਹੈ, ਉੱਤਰ ਪ੍ਰਦੇਸ਼ ਦੇ ਲਖੀਮਪੁਰ ਤੇ ਬਲੀਆ ਤੋਂ ਇਸ ਵਕਤ ਖੇਤਾਂ ਵਿਚੋਂ ਮਸਾਂ ਸੋਲਾਂ ਸੌ ਨੂੰ ਖਰੀਦ ਕੇ ਦੋ ਸੌ ਰੁਪਏ ਰਾਹ ਦਾ ਖਰਚ ਪਾ ਕੇ ਅਠਾਰਾਂ ਸੌ ਦੀ ਬਣਦੀ ਹੈ ਤੇ ਪੰਜਾਬ ਦੀ ਕਿਸੇ ਵੀ ਮੰਡੀ ਵਿਚ ਨੇੜਲੇ ਪਿੰਡ ਦੇ ਕਿਸਾਨ ਦਾ ਨਾਂ ਲਿਖ ਕੇ ਉੱਨੀ ਸੌ ਪਚੱਤਰ ਨੂੰ ਵੇਚੀ ਜਾਂਦੀ ਹੈ। ਤਸਕਰੀ ਦੇ ਧੰਦੇਬਾਜ਼ ਨੂੰ ਇਸ ਚੱਕਰ ਵਿਚ ਪੌਣੇ ਦੋ ਸੌ ਰੁਪਏ ਕੁਇੰਟਲ ਦੇ ਹਿਸਾਬ ਟਰਾਲੇ ਦੀਆਂ ਚਾਰ ਸੌ ਬੋਰੀਆਂ ਬਦਲੇ ਕਰੀਬ ਸੱਤਰ ਹਜ਼ਾਰ ਰੁਪਏ ਬਚਦੇ ਹਨ। ਜਿਸ ਉੱਤਰ ਪ੍ਰਦੇਸ਼ ਵਿਚ ਕਿਸਾਨਾਂ ਦੀ ਬਹੁਤ ਵੱਡੀ ਗਿਣਤੀ ਹੈ ਅਤੇ ਉਨ੍ਹਾਂ ਦੀ ਵੱਡੀ ਗਿਣਤੀ ਹਿੰਦੂ ਕਿਸਾਨ ਹਨ, ਉਨ੍ਹਾਂ ਨੇ ਭਾਜਪਾ ਨੂੰ ਉਥੇ ਅਸੈਂਬਲੀ ਦੀਆਂ ਚਾਰ ਸੌ ਤਿੰਨ ਸੀਟਾਂ ਵਿਚੋਂ ਤਿੰਨ ਸੌ ਬਾਰਾਂ ਜਿਤਾ ਦਿੱਤੀਆਂ ਸਨ, ਭਾਜਪਾ ਦੇ ਯੋਗੀ ਆਦਿਤਿਅਨਾਥ ਦੀ ਸਰਕਾਰ ਨੇ ਉਨ੍ਹਾਂ ਕਿਸਾਨਾਂ ਦੀ ਲੁੱਟ ਹੁੰਦੀ ਰੋਕਣ ਲਈ ਕੁਝ ਨਹੀਂ ਕੀਤਾ ਅਤੇ ਉਹ ਬਾਕੀ ਦੇਸ਼ ਦੇ ਕਿਸਾਨਾਂ ਦੀ ਜੂਨ ਸੁਧਾਰਨ ਦੀਆਂ ਗੱਲਾਂ ਕਰਦੇ ਹਨ।

ਇਹ ਤਾਂ ਕੁਝ ਵੀ ਨਹੀਂ, ਝੋਨੇ ਵੇਲੇ ਉਸੇ ਯੋਗੀ ਵਾਲੇ ਰਾਜ ਤੋਂ ਨੌਂ ਸੌ ਰੁਪਏ ਕੁਇੰਟਲ ਖਰੀਦਿਆ ਝੋਨਾ ਰਾਹ ਦੇ ਦੋ ਸੌ ਰੁਪਏ ਖਰਚਾ ਪਾ ਕੇ ਗਿਆਰਾਂ ਸੌ ਦਾ ਬਣਨ ਪਿੱਛੋਂ ਸਾਡੇ ਪੰਜਾਬ ਦੀਆਂ ਮੰਡੀਆਂ ਵਿਚ ਅਫਸਰਾਂ ਦੀ ਮਿਲੀਭੁਗਤ ਨਾਲ ਅਠਾਰਾਂ ਸੌ ਰੁਪਏ ਤੋਂ ਵੱਧ ਵਿਕਦਾ ਰਿਹਾ ਸੀ, ਭਾਜਪਾ ਨੂੰ ਰਾਜ ਸੌਂਪਣ ਵਾਲੇ ਉਨ੍ਹਾਂ ਕਿਸਾਨਾਂ ਦਾ ਚੇਤਾ ਭਾਜਪਾ ਨੂੰ ਉਦੋਂ ਵੀ ਨਹੀਂ ਸੀ ਆਇਆ। ਮੱਧ ਪ੍ਰਦੇਸ਼ ਤੱਕ ਜਿਹੜਾ ਪ੍ਰਚਾਰ ਸਾਡੇ ਪੰਜਾਬ ਵਿਰੁੱਧ ਕੀਤਾ ਜਾ ਰਿਹਾ ਹੈ, ਉਹ ਸਿਰਫ ਸਿਆਸੀ ਬਦਨੀਤੀ ਦਾ ਪ੍ਰਗਟਾਵਾ ਹੈ।

ਫਿਰ ਇਹ ਬਦਨੀਤੀ ਇਥੋਂ ਤੱਕ ਵੀ ਹੈ ਕਿ ਇਕੱਲੇ ਪੰਜਾਬ ਦੇ ਖਿਲਾਫ ਪ੍ਰਚਾਰ ਹੋ ਰਿਹਾ ਹੈ, ਜਦੋਂ ਕਿ ਘੱਟੋ-ਘੱਟ ਖਰੀਦ ਕੀਮਤ, ਐੱਮ. ਐੱਸ. ਪੀ. ਸਿਰਫ ਪੰਜਾਬ ਵਿਚ ਨਹੀਂ, ਹਰਿਆਣੇ ਵਿਚ ਵੀ ਲਾਗੂ ਹੈ। ਇਸ ਤਰ੍ਹਾਂ ਇਸ ਵੇਲੇ ਚੱਲਦੇ ਪਏ ਕਿਸਾਨ ਮੋਰਚੇ ਦਾ ਬਹਾਨਾ ਬਣਾ ਕੇ ਦੇਸ਼ ਵਿਚ ਪੰਜਾਬ ਤੇ ਪੰਜਾਬੀਆਂ ਦੇ ਖਿਲਾਫ ਪ੍ਰਚਾਰ ਕੀਤਾ ਜਾਂਦਾ ਹੈ, ਪਰ ਇਹ ਗੱਲ ਭੁਲਾ ਦਿੱਤੀ ਜਾਂਦੀ ਹੈ ਕਿ ਮੋਰਚੇ ਦੇ ਮੋਹਰੀ ਆਗੂਆਂ ਵਿਚ ਰਾਕੇਸ਼ ਟਿਕੈਤ ਵੀ ਹੈ, ਜਿਹੜਾ ਯੋਗੀ ਆਦਿਤਿਅਨਾਥ ਵਰਗੇ ਸਾਧ ਭੇਸ ਵਿਚ ਰਾਜ ਦਾ ਸੁਖ ਮਾਣਨ ਵਾਲੇ ਆਗੂ ਦੇ ਉੱਤਰ ਪ੍ਰਦੇਸ਼ ਵਿਚੋਂ ਹੈ। ਭਾਰਤ ਦੇ ਜਿਨ੍ਹਾਂ ਲੋਕਾਂ ਨੂੰ ਰਾਜਸੀ ਲੋੜਾਂ ਲਈ ਇਸ ਮੌਕੇ ਕਿਸਾਨੀ ਮੋਰਚੇ ਦੀ ਸਮੱਸਿਆਂ ਵਿਚੋਂ ਵੀ ਪੰਜਾਬੀਆਂ ਨਾਲ ਸ਼ਰੀਕੇਬਾਜ਼ੀ ਦੀ ਖੇਡ ਵਿਚੋਂ ਕੁਝ ਹੱਥ ਆਉਂਦਾ ਲੱਭਦਾ ਹੈ, ਉਹ ਸਿਰਫ ਪੰਜਾਬ ਨਾਲ ਨਹੀਂ, ਸਾਰੇ ਦੇਸ਼ ਤੇ ਦੇਸ਼ ਵਾਸੀਆਂ ਦੇ ਨਾਲ ਧਰੋਹ ਕਮਾਉਣ ਦੇ ਰਾਹ ਪੈ ਚੁਕੇ ਹਨ।

ਇਹ ਸਮੱਸਿਆ ਨਾ ਤਾਂ ਸਿਰਫ ਖੇਤੀ ਕਾਨੂੰਨਾਂ ਤੱਕ ਸੀਮਤ ਹੈ, ਨਾ ਸਿਰਫ ਪੰਜਾਬ ਦੇ ਲੋਕਾਂ ਜਾਂ ਕਿਸਾਨਾਂ ਤੱਕ ਸੀਮਤ ਹੈ, ਨਾ ਇਹ ਅਨਾਜ ਦੀ ਵੱਧ ਪੈਦਾਵਾਰ ਅਤੇ ਕਣਕ-ਝੋਨੇ ਤੱਕ ਕਿਸਾਨਾਂ ਦੇ ਸੀਮਤ ਹੋਣ ਦਾ ਮੁੱਦਾ ਹੈ, ਸਮੱਸਿਆ ਅਸਲ ਵਿਚ ਭਾਰਤ ਦੀ ਉਸ ਰਾਜਨੀਤੀ ਦੀ ਹੈ, ਜੋ 'ਚਿੜੀਆਂ ਦੀ ਮੌਤ, ਗੰਵਾਰਾਂ ਦਾ ਹਾਸਾ' ਵਾਲੀ ਬਦਨੀਤੀ ਨੂੰ ਰਾਜ-ਗੱਦੀਆਂ ਉੱਤੇ ਕਬਜ਼ਿਆਂ ਦੀ ਨੀਤੀ ਦਾ ਦਾਅ ਬਣਾ ਕੇ ਚੱਲ ਰਹੀ ਹੈ। ਇਹ ਨੀਤੀ ਇਸ ਦੇਸ਼ ਦੇ ਭਵਿੱਖ ਦਾ ਕੁਝ ਵੀ ਕਦੇ ਸੰਵਾਰੇਗੀ ਨਹੀਂ, ਉਲਟਾ ਇਸ ਦੀ ਰਵਾਨੀ ਦਾ ਰਾਹ ਕੰਡਿਆਲਾ ਕਰਨ ਦਾ ਕੰਮ ਕਰੇਗੀ।

# ਪਾਰਲੀਮੈਂਟ 'ਚ ਬੈਠੇ ਵਿਧਾਇਕ ਖੇਤੀ ਕਾਨੂੰਨਾਂ ਵਿਰੁਧ ਨਹੀਂ ਬੋਲਦੇ

ਦਲੀਪ ਸਿੰਘ ਵਾਸਨ, ਐਡਵੋਕੇਟ
ਫੋਨ: 91-0175-5191856

ਅਸੀਂ ਭਾਰਤੀਆਂ ਨੇ ਬਾਕਾਇਦਾ ਵੋਟਾਂ ਪਾ ਕੇ ਇਹ ਮੈਂਬਰ ਪਾਰਲੀਮੈਂਟ ਲਈ ਚੁਣ ਕੇ ਭੇਜੇ ਸਨ ਤਾਂ ਕਿ ਇਹ ਸਾਡਾ ਖਿਆਲ ਰੱਖਣ। ਸਾਰੇ ਲੋਕਾਂ ਨੂੰ ਪਾਰਲੀਮੈਂਟ ਵਿਚ ਲਿਜਾ ਕੇ ਨਹੀਂ ਸੀ ਬਿਠਾਇਆ ਜਾ ਸਕਦਾ ਅਤੇ ਸਿਆਣਿਆਂ ਨੇ ਇਹ ਚੋਣਾਂ ਵਾਲੇ ਰਸਤੇ ਦੀ ਕਾਢ ਕੱਢੀ ਸੀ। ਅਸੀਂ ਵੀ ਜਦ ਪਰਜਾਤੰਤਰ ਵਾਲੀ ਸਰਕਾਰ ਅਪਨਾਈ ਸੀ ਤਾਂ ਬੜੀਆਂ ਖੁਸ਼ੀਆਂ ਮਨਾਈਆਂ ਸਨ। ਸਦੀਆਂ ਤਕ ਦੀ ਗੁਲਾਮੀ ਵਿਚ ਇਹ ਜਨਤਾ ਵਿਚਾਰੀ ਤਾਂ ਗੁਲਾਮ ਹੀ ਰਹੀ ਹੈ ਅਤੇ ਇਹੀ ਕਾਰਨ ਹੈ ਕਿ ਕਦੀ ਵੀ, ਕਿਸੇ ਵੀ ਰਾਜ ਵਿਚ ਜਨਤਾ ਦੀ ਭਲਾਈ ਲਈ ਕੋਈ ਕੰਮ ਕੀਤਾ ਸਾਡੀਆਂ ਇਤਿਹਾਸ ਦੀਆਂ ਕਿਤਾਬਾਂ ਵਿਚ ਦਰਜ ਨਹੀਂ ਹੈ। ਇਹ ਜਿਹੜਾ ਰਾਜ ਬਣ ਆਇਆ ਸੀ, ਇਸ ਵਿਚ ਸਾਨੂੰ ਬੜੀਆਂ ਉਮੀਦਾਂ ਆ ਬਣੀਆਂ ਸਨ। ਸਾਡੇ ਵਿਧਾਨ ਵਿਚ ਵੀ ਬਹੁਤ ਕੁਝ ਲਿਖ ਦਿੱਤਾ ਗਿਆ ਸੀ ਅਤੇ ਸਾਡਾ ਇਹ ਵਿਧਾਨ ਦੁਨੀਆਂ ਭਰ ਵਿਚ ਇਕ ਮਿਸਾਲ ਬਣ ਕੇ ਆ ਖੜ੍ਹਾ ਹੋਇਆ ਸੀ।

ਅਸੀਂ ਪਿਛਲੇ ਸਾਢੇ ਸੱਤ ਦਹਾਕਿਆਂ ਤੋਂ ਪਰਜਾਤੰਤਰ ਰਾਜ ਚਲਾ ਰਹੇ ਹਾਂ ਅਤੇ ਹਰ ਪੰਜਾਂ ਸਾਲਾਂ ਬਾਅਦ ਚੋਣਾਂ ਕਰਵਾ ਕੇ ਅਸੀਂ ਬਾਕਾਇਦਾ ਪਾਰਲੀਮੈਂਟ ਵਿਚ ਦੋਹਾਂ ਸਦਨਾਂ ਵਿਚ ਆਪਣੇ ਪ੍ਰਤੀਨਿਧ ਭੇਜਦੇ ਰਹੇ ਹਾਂ। ਇਹ ਸਦਨਾਂ ਵਿਚ ਹਾਜ਼ਰ ਵਿਧਾਇਕ ਸਾਡੇ ਪ੍ਰਤੀਨਿਧ ਨਹੀਂ ਬਣ ਪਾਏ, ਇਹ ਸਾਡੀ ਬਦਕਿਸਮਤੀ ਰਹੀ ਹੈ। ਇਹ ਵਿਚਾਰੇ ਵੀ ਕੀ ਕਰਨ, ਇਹ ਕਿਸੇ ਨਾ ਕਿਸੇ ਵਿਅਕਤੀ ਵਿਸ਼ੇਸ਼ ਦੇ ਨਾਮਜ਼ਦ ਕੀਤੇ ਹੋਏ ਆਦਮੀ ਸਨ ਅਤੇ ਫਿਰ ਇਹ ਆਪਣੇ ਸਰਦਾਰਾਂ ਦਾ ਹੁਕਮ ਮੰਨਣਾ ਇਨ੍ਹਾਂ ਦੀ ਮਜਬੂਰੀ ਰਹੀ ਹੈ। ਇਸ ਦਾ ਭਾਵ ਇਹ ਰਿਹਾ ਹੈ ਕਿ ਇਹ ਜਿਹੜੇ ਵਿਅਕਤੀ ਵਿਸ਼ੇਸ਼ ਸਨ, ਇਹੀ ਰਾਜ ਕਰਦੇ ਰਹੇ ਹਨ ਅਤੇ ਅੱਜ ਤਕ ਜੋ ਵੀ ਚੰਗਾ ਜਾਂ ਮੰਦਾ ਕੀਤਾ ਗਿਆ ਹੈ, ਇਹ ਇਨ੍ਹਾਂ ਵਿਅਕਤੀ ਵਿਸ਼ੇਸ਼ਾਂ ਦੇ ਨਾਮ ਉਤੇ ਹੀ ਹੁੰਦਾ ਆਇਆ ਹੈ।

ਅੱਜ ਤਕ ਕਿਸੇ ਵੀ ਵਿਧਾਇਕ ਨੇ ਬਿਲ ਪੇਸ਼ ਨਹੀਂ ਕੀਤਾ ਅਤੇ ਨਾ ਹੀ ਕਿਸੇ ਵਿਧਾਇਕ ਨੇ ਬਿਲ ਵਿਚ ਤਰਮੀਮਾਂ ਕਰਨ ਦੀ ਕਦੀ ਸਲਾਹ ਹੀ ਦਿੱਤੀ ਹੈ। ਸਦਨਾਂ ਵਿਚ ਬੈਠੇ ਵਿਰੋਧੀ ਧਿਰਾਂ ਦੇ ਵਿਧਾਇਕ ਕਦੀ ਕਦੀ ਵਿਰੋਧਤਾ ਕਰਦੇ ਰਹੇ ਹਨ, ਪਰ ਇਹ ਵਿਰੋਧਤਾ ਵੀ ਰਸਮੀ ਜਿਹੀ ਹੀ ਹੁੰਦੀ ਰਹੀ ਹੈ। ਅਸਾਂ ਇਹ ਵੀ ਦੇਖਦੇ ਆ ਰਹੇ ਹਾਂ ਕਿ ਸਦਨਾਂ ਵਿਚ ਇਹ ਵਿਅਕਤੀ ਵਿਸ਼ੇਸ਼ ਵਿਰੋਧੀਆਂ ਦੀ ਆਖੀ ਗੱਲ ਕਦੀ ਸੁਣਦੇ ਹੀ ਨਹੀਂ ਅਤੇ ਬਾਕੀ ਦੇ ਸਰਕਾਰੀ ਮੈਂਬਰ ਵੀ ਬਸ ਤਾੜੀਆਂ ਹੀ ਵਜਾਉਂਦੇ ਰਹੇ ਹਨ। ਕਦੀ ਕਿਸੇ ਨਹੀਂ ਆਖਿਆ ਕਿ ਵਿਰੋਧੀਆਂ ਦੀ ਸੁਣੀ ਜਾਵੇ ਅਤੇ ਨਾ ਹੀ ਅੱਜ ਤਕ ਕਿਸੇ ਵਿਧਾਇਕ ਨੇ ਇਹ ਹੀ ਆਖਿਆ ਹੈ ਕਿ ਵਿਰੋਧੀ ਧਿਰਾਂ ਠੀਕ ਆਖ ਰਹੀਆਂ ਹਨ ਤੇ ਇਹ ਬਿਲ ਪਾਸ ਕਰਨ ਤੋਂ ਪਹਿਲਾਂ ਤਰਮੀਮ ਕਰ ਦਿਤੇ ਜਾਣ।

ਅੱਜ ਕੱਲ੍ਹ ਸਾਡੇ ਮੁਲਕ ਵਿਚ ਪਿਛਲੇ ਚਾਰ ਪੰਜ ਮਹੀਨਿਆਂ ਤੋਂ ਕਿਸਾਨਾਂ ਦਾ ਅੰਦੋਲਨ ਚੱਲ ਰਿਹਾ ਹੈ। ਸਾਡੀ ਪਾਰਲੀਮੈਂਟ ਵਿਚ ਤਿੰਨ ਖੇਤੀ ਕਾਨੂੰਨ ਰੱਖੇ ਗਏ ਸਨ ਅਤੇ ਉਹ ਜਲਦੀ ਜਲਦੀ ਵਿਚ ਸਾਰੀ ਕਾਰਜਵਿਧੀ ਅਪਨਾ ਕੇ ਪਾਸ ਵੀ ਕਰ ਦਿਤੇ ਗਏ ਸਨ। ਸਰਕਾਰ ਇਹ ਆਖ ਰਹੀ ਹੈ ਕਿ ਇਹ ਖੇਤੀ ਸੁਧਾਰ ਬਿਲ ਹਨ ਅਤੇ ਕਿਸਾਨ ਇਹ ਆਖ ਰਹੇ ਹਨ ਕਿ ਇਸ ਨਾਲ ਕਿਸਾਨੀ ਤਬਾਹ ਹੋ ਜਾਵੇਗੀ ਤੇ ਇਹ ਖੇਤੀ ਵਾਲਾ ਸੈਕਟਰ ਵੀ ਸਰਮਾਏਦਾਰਾਂ ਅਧੀਨ ਆ ਜਾਵੇਗਾ। ਕਿਸਾਨ ਬਸ ਨੌਕਰ ਹੀ ਬਣ ਕੇ ਰਹਿ ਜਾਣਗੇ। ਸਾਡੇ ਮੁਲਕ ਵਿਚ ਇਹ ਕਿਸਾਨੀ ਸੰਘਰਸ਼ ਚਲਦਾ ਆ ਰਿਹਾ ਹੈ ਅਤੇ ਇੰਨਾ ਲੰਬਾ ਵੀ ਹੋ ਗਿਆ ਹੈ। ਕੋਈ ਵੀ ਹੱਲ ਨਹੀਂ ਲੱਭ ਰਿਹਾ। ਮੁਲਕ ਦੀ ਸੁਪਰੀਮ ਕੋਰਟ ਵਿਚ ਵੀ ਪਟਿਸ਼ਨ ਦਾਇਰ ਹੋ ਚੁਕੀ ਹੈ ਅਤੇ ਉਥੇ ਮਾਨਯੋਗ ਸੁਪਰੀਮ ਕੋਰਟ ਨੇ ਕਾਨੂੰਨਾਂ ਉਤੇ ਰੋਕ ਵੀ ਲਾ ਦਿਤੀ ਹੈ, ਪਰ ਸੰਘਰਸ਼ ਹਾਲੇ ਵੀ ਜਾਰੀ ਹੈ।

ਹੁਣ ਸਵਾਲ ਇਹ ਆ ਬਣਿਆ ਹੈ ਕਿ ਕੀਤਾ ਕੀ ਜਾਵੇ? ਅਸਲ ਵਿਚ ਲੋਕਾਂ ਦੇ ਪ੍ਰਤੀਨਿਧ ਬਣੇ ਬੈਠੇ ਇਹ ਵਿਧਾਇਕ ਚੁਪ ਕਿਉਂ ਹਨ, ਇਹ ਸਮਝ ਨਹੀਂ ਆ ਰਹੀ ਹੈ। ਕੋਈ ਵੀ ਵਿਧਾਇਕ ਸਾਹਮਣੇ ਆ ਕੇ ਇਹ ਨਹੀਂ ਆਖ ਰਿਹਾ ਕਿ ਇਹ ਬਿਲ ਬਿਲਕੁਲ ਠੀਕ ਠਾਕ ਹਨ। ਕੋਈ ਵੀ ਇਹ ਨਹੀਂ ਆਖ ਰਿਹਾ ਕਿ ਬਿਲ ਪਾਸ ਕਰਾਉਣ ਵਕਤ ਸਹੀ ਢੰਗ ਦੀ ਸਥਾਪਿਤ ਕਾਰਜਵਿਧੀ ਨਹੀਂ ਅਪਨਾਈ ਗਈ। ਕੋਈ ਵੀ ਵਿਧਾਇਕ ਸੁਪਰੀਮ ਕੋਰਟ ਵਿਚ ਵੀ ਨਹੀਂ ਗਿਆ ਹੈ, ਜਿਥੇ ਜਾ ਕੇ ਉਸ ਇਹ ਆਖਿਆ ਹੋਵੇ ਕਿ ਇਹ ਬਿਲ ਪਾਸ ਕਰਨ ਵਕਤ ਉਸ ਦੀ ਸੁਣੀ ਹੀ ਨਹੀਂ ਗਈ ਹੈ। ਵੈਸੇ ਚਾਹੀਦਾ ਤਾਂ ਇਹ ਸੀ ਕਿ ਕਿਸਾਨਾ ਦੀ ਥਾਂ ਇਹ ਸਾਡੇ ਵਿਧਾਇਕ ਸੁਪਰੀਮ ਕੋਰਟ ਵਿਚ ਜਾਂਦੇ ਅਤੇ ਆਖਦੇ ਕਿ ਇਹ ਬਿਲ ਗਲਤ ਢੰਗ ਨਾਲ ਪਾਸ ਕਰ ਦਿੱਤੇ ਗਏ ਹਨ ਤੇ ਪਰਜਾਤੰਤਰੀ ਤਰੀਕਾ ਨਹੀਂ ਅਪਨਾਇਆ ਗਿਆ। ਇਹ ਜਿਹੜਾ ਇਕ-ਪੁਰਖਾ ਜਿਹਾ ਰਾਜ ਹੈ, ਇਹ ਕਦ ਦਾ ਖਤਮ ਹੋ ਸਕਦਾ ਸੀ। ਜੇ ਸਾਡੇ ਵਿਧਾਇਕ ਆਪਣੀਆਂ ਜ਼ਿੰਮੇਵਾਰੀਆਂ ਸਮਝਦੇ ਅਤੇ ਆਪਣੇ ਅਧਿਕਾਰਾਂ ਦੀ ਰਾਖਵੀ ਕਰਦੇ। ਇਹ ਸਦਨ ਵਿਚ ਜਾ ਕੇ ਬੈਠੀ ਜਾਣਾ ਅਤੇ ਆਪਣੇ ਆਪਣੇ ਸਰਦਾਰ ਦੀ ਗੱਲ ਉਤੇ ਤਾੜੀਆਂ ਲਾਈ ਜਾਣਾ ਲੋਕਾਂ ਦੀ ਸਹੀ ਢੰਗ ਦੀ ਪ੍ਰਤੀਨਿਧਤਾ ਨਹੀਂ ਹੈ।

ਹਾਲੇ ਵੀ ਕੁਝ ਨਹੀਂ ਵਿਗੜਿਆ ਹੈ। ਕਿਸਾਨਾਂ ਦਾ ਅੰਦੋਲਨ ਚਲ ਰਿਹਾ ਹੈ ਅਤੇ ਇਹ ਕਾਨੂੰਨ ਵਾਪਸ ਵੀ ਨਹੀਂ ਲਿਤੇ ਜਾ ਰਹੇ ਹਨ। ਜੇ ਸਾਡੇ ਮੁਲਕ ਦੀ ਪਾਰਲੀਮੈਂਟ ਵਿਚ ਬੈਠੇ ਇਹ ਵਿਧਾਇਕ ਫਿਰ ਇਕੱਠੇ ਹੋ ਕੇ ਸਦਨ ਵਿਚ ਇਹ ਬਿਲ ਰੱਦ ਕਰਨ ਦਾ ਮਤਾ ਰੱਖ ਦੇਣ ਅਤੇ ਇਹ ਆਖਣ ਕਿ ਪੂਰੀ ਬਣੀ ਵਿਧੀ ਅਪਨਾਈ ਜਾਵੇ ਤਾਂ ਜਿਹੜੀਆਂ ਗੱਲਾਂ ਕਿਸਾਨਾਂ ਦੇ ਮਨ ਵਿਚ ਡਰ ਬਣ ਕੇ ਆ ਗਈਆਂ ਹਨ, ਉਹ ਦੂਰ ਕੀਤੀਆਂ ਜਾ ਸਕਦੀਆਂ ਹਨ। ਜੇ ਉਨ੍ਹਾਂ ਦੀ ਕੋਈ ਨਹੀਂ ਸੁਣਦਾ ਤਾਂ ਉਹ ਮਾਣਯੋਗ ਸੁਪਰੀਮ ਕੋਰਟ ਵਿਚ ਵੀ ਆ ਸਕਦੇ ਹਨ। ਉਹ ਕਿਸਾਨਾਂ ਵਾਂਗ ਸੰਘਰਸ਼ ਵੀ ਕਰ ਸਕਦੇ ਹਨ। ਇਸੇ ਬਹਾਨੇ ਇਹ ਜਿਹੜੀ ਗੁਲਾਮੀ ਜਿਹੀ ਆ ਬਣੀ ਹੈ, ਉਹ ਵੀ ਦੂਰ ਹੋ ਜਾਵੇਗੀ ਅਤੇ ਸਦਨਾਂ ਵਿਚ ਬੈਠਾ ਹਰ ਵਿਧਾਇਕ ਲੋਕਾਂ ਦਾ ਪ੍ਰਤੀਨਿਧ ਬਣ ਕੇ ਕੰਮ ਕਰ ਸਕੇਗਾ; ਉਹ ਲੋਕਾਂ ਵਿਚ ਜਾ ਕੇ ਇਹ ਦੱਸਣ ਦੇ ਕਾਬਲ ਬਣ ਸਕੇ ਕਿ ਉਸ ਨੇ ਆਪਣੇ ਇਲਾਕੇ ਦੇ ਲੋਕਾਂ ਲਈ ਇਹ ਇਹ ਸਕੀਮਾਂ ਸਦਨ ਵਿਚ ਰੱਖੀਆਂ ਹਨ ਅਤੇ ਪਾਸ ਵੀ ਕਰਵਾਈਆਂ ਹਨ। ਇਹ ਅੱਜ ਤਕ ਇਕ-ਪੁਰਖਾ ਜਿਹਾ ਰਾਜ ਰਿਹਾ ਹੈ ਤੇ ਇਹ ਹੀ ਆਪਣਾ ਨਾਮ ਇਤਿਹਾਸ ਵਿਚ ਲਿਖਵਾਈ ਜਾ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਜੇ ਅਸੀਂ ਇਹ ਵਿਧਾਇਕ ਸਦਨਾਂ 'ਚ ਨਾ ਹੀ ਭੇਜੀਏ ਤਾਂ ਵੀ ਚੱਲ ਸਕਦਾ ਹੈ। ਸਮਝ ਨਹੀਂ ਆ ਰਹੀ ਕਿ ਇੰਨੀ ਵੱਡੀ ਰਕਮ ਚੋਣਾਂ ਤੇ ਸਦਨਾਂ ਦੇ ਰੱਖ-ਰਖਾਓ 'ਤੇ ਕਾਹਦੇ ਲਈ ਖਰਚ ਕੀਤੀ ਜਾ ਰਹੀ ਹੈ।

ਕਿਸਾਨ ਸੰਘਰਸ਼ ਚਲਦਿਆਂ ਬਹੁਤ ਸਮਾਂ ਹੋ ਗਿਆ ਹੈ। ਕਿੰਨੇ ਹੀ ਕਿਸਾਨ ਮਰ ਵੀ ਗਏ ਹਨ। ਕਿੰਨਿਆਂ ਉਤੇ ਬਹੁਤ ਹੀ ਸੰਗੀਨ ਮਾਮਲੇ ਦਰਜ ਵੀ ਹੋ ਗਏ ਹਨ ਅਤੇ ਕਈ ਕਿਸਮ ਦੇ ਨਾਮ ਵੀ ਦਿੱਤੇ ਜਾ ਚੁਕੇ ਹਨ। ਕਿੰਨੇ ਹੀ ਖਾਨਦਾਨ ਤਬਾਹ ਹੋ ਜਾਣਗੇ, ਕਿਉਂਕਿ ਸਾਡੇ ਮੁਲਕ ਵਿਚ ਇਹ ਜਿਹੜੇ ਸੰਗੀਨ ਮਾਮਲੇ ਦਰਜ ਹਨ, ਇਹ ਜੇਲ੍ਹਾਂ ਭਰ ਦੇਣਗੇ ਅਤੇ ਇਹ ਸੰਗੀਨ ਮਾਮਲਿਆਂ ਵਾਲੇ ਦੋਸ਼ੀ ਹੁਣ ਬਾਕੀ ਦੀ ਉਮਰ ਜੇਲ੍ਹਾਂ ਵਿਚ ਹੀ ਕੱਟਣਗੇ, ਕੁਝ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ। ਇਸ ਲਈ ਇਹ ਮਾਮਲਾ ਤੁਰੰਤ ਪਾਰਲੀਮੈਂਟ ਦੇ ਸਾਰੇ ਮੈਂਬਰਾਂ ਨੂੰ ਬੈਠ ਕੇ ਹੱਲ ਕਰਨਾ ਹੈ। ਇਹ ਜਿਹੜੇ ਬਿਲ/ਕਾਨੂੰਨ ਬਣਾ ਦਿੱਤੇ ਗਏ ਹਨ, ਇਸ ਲਈ ਸਾਰੇ ਦੇ ਸਾਰੇ ਵਿਧਾਇਕ ਜ਼ਿੰਮੇਵਾਰ ਹਨ ਅਤੇ ਇਸ ਲਈ ਚੁਪ ਕਰਕੇ ਬੈਠਣਾ ਲੋਕਾਂ ਨਾਲ ਧੋਖਾ ਜਿਹਾ ਹੈ। ਵਿਧਾਇਕਾਂ ਨੂੰ ਤਨਖਾਹਾਂ ਮਿਲਦੀਆਂ ਹਨ ਅਤੇ ਵਿਧਾਇਕਾਂ ਦੀਆਂ ਜ਼ਿੰਮੇਵਾਰੀਆਂ ਵੀ ਹਨ।

ਮਾਮਲਾ ਬਹੁਤ ਹੀ ਅੱਗੇ ਵਧ ਗਿਆ ਹੈ ਅਤੇ ਇਸ ਲਈ ਇਸ ਵਕਤ ਸਾਡੇ ਵਿਧਾਇਕ ਹੀ ਇਹ ਵਾਲਾ ਮਸਲਾ ਹੱਲ ਕਰ ਸਕਦੇ ਹਨ ਅਤੇ ਤੁਰੰਤ ਹੱਲ ਕਰਨਾ ਵੀ ਚਾਹੀਦਾ ਹੈ। ਇਹ ਮੌਕਾ ਹੈ, ਜਦ ਵਿਧਾਇਕ ਇਹ ਮੰਗ ਵੀ ਰੱਖ ਸਕਦੇ ਹਨ ਕਿ ਇਹ ਜਿਹੜੇ ਪਾਰਟੀਆਂ ਤੇ ਵਿਅਕਤੀ ਵਿਸ਼ੇਸ਼ਾਂ ਦੀ ਗੁਲਾਮੀ ਜਿਹੀ ਆ ਬਣੀ ਹੈ, ਉਸ ਵਿਚ ਉਨ੍ਹਾਂ ਦਾ ਸਾਹ ਘੁਟਦਾ ਪਿਆ ਹੈ ਅਤੇ ਸਦਨ ਵਿਚ ਆ ਕੇ ਉਹ ਆਜ਼ਾਦ ਹੋ ਜਾਣੇ ਚਾਹੀਦੇ ਹਨ ਤੇ ਕੋਈ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਦੀ ਸਰਕਾਰ ਨਹੀਂ ਹੋਣੀ ਚਾਹੀਦੀ। ਇਹ ਵੀ ਮੰਗ ਕਰ ਲੈਣ ਕਿ ਇਥੇ ਪ੍ਰਧਾਨ ਮੰਤਰੀ ਤੇ ਹੋਰ ਮੰਤਰੀਆਂ ਦੀ ਚੋਣ ਹੋਵੇ ਅਤੇ ਇਹ ਪਾਰਲੀਮੈਂਟ ਕੌਮੀ ਸਰਕਾਰ ਬਣ ਜਾਵੇ। ਜਦ ਤਕ ਐਸਾ ਨਹੀਂ ਹੁੰਦਾ, ਇਹ ਵਿਧਾਇਕ ਆਜ਼ਾਦ ਨਹੀਂ ਹੋ ਸਕਦੇ ਅਤੇ ਆਪਣੀ ਜ਼ਮੀਰ, ਲਿਆਕਤ ਅਤੇ ਸਿਆਣਪ ਦੀ ਵਰਤੋਂ ਨਹੀਂ ਕਰ ਸਕਦੇ। ਇਹ ਆਜ਼ਾਦੀ ਵਾਲੀ ਜੰਗ ਵੀ ਵਿਧਾਇਕਾਂ ਅਤੇ ਹੋਰ ਰਾਜਸੀ ਲੋਕੀਂ ਜਿਹੜੇ ਵੀ ਮੈਦਾਨ ਵਿਚ ਹਨ, ਲੜਨ ਅਤੇ ਪਰਜਾਤੰਤਰ ਵਾਲਾ ਸਿਲਸਿਲਾ ਕਾਇਮ ਰੱਖਿਆ ਜਾਵੇ। ਸਿਰਫ ਲੋਕਾਂ ਦੀਆਂ ਵੋਟਾਂ ਪਵਾ ਕੇ ਹੀ ਪਰਜਾਤੰਤਰ ਨਹੀਂ ਆਇਆ ਕਰਦਾ। ਜਿਸ ਮੁਲਕ ਵਿਚ ਲੋਕਾਂ ਦੇ ਪ੍ਰਤੀਨਿਧ ਆਪ ਹੀ ਗੁਲਾਮ ਹਨ, ਉਥੇ ਲੋਕਾਂ ਲਈ ਵੀ ਪਰਜਾਤੰਤਰ ਬੇਅਰਥ ਹੋ ਜਾਂਦਾ ਹੈ।

## ਖਰੀਆਂ ਖਰੀਆਂ

# ਦੁਸ਼ਟ ਸਭਾ ਮਹਿ ਮੰਤਰ ਪਕਾਇਆ

ਨਿਰਮਲ ਸਿੰਘ ਧਾਰਨੀ
ਫੋਨ: 905-497-1173

ਆਦਿ ਕਾਲ ਦਾ ਮਨੁੱਖ ਇਕੱਲਾ ਰਹਿੰਦਾ ਸੀ, ਜੰਗਲੀ ਜੀਵਨ ਬਿਤਾਉਂਦਾ ਸੀ। ਜੋ ਮਿਲਿਆ, ਉਸ ਨਾਲ ਢਿੱਡ ਭਰ ਲਿਆ। ਗਰਮੀ ਸਰਦੀ ਸਦਾ ਨੰਗਾ ਰਹਿੰਦਾ ਸੀ। ਇਸ਼ਾਰਿਆਂ ਨਾਲ ਗੱਲਾਂ ਸਮਝ ਸਮਝਾ ਲੈਂਦਾ ਸੀ। ਹੌਲੀ ਹੌਲੀ ਆਵਾਜ਼ਾਂ ਕੱਢਣ ਲੱਗ ਪਿਆ, ਬੋਲੀ ਹੋਂਦ ਵਿਚ ਆ ਗਈ। ਮਿਲ ਕੇ ਰਹਿਣ ਦੀ ਸਮਝ ਆ ਗਈ। ਖਾਣ-ਪੀਣ ਅਤੇ ਪਹਿਰਨ-ਪਚਰਨ ਵਿਚ ਸੁਧਾਰ ਆਉਣ ਲੱਗ ਪਿਆ। ਰਹਿਣ ਲਈ ਮਾੜੇ ਮੋਟੇ ਕੁੱਲੀਆਂ ਢਾਰੇ ਬਣਨ ਲੱਗ ਪਏ। ਇੱਕ ਦੂਸਰੇ ਦੀ ਮਦਦ ਕਰਨ ਦਾ ਜਜ਼ਬਾ ਪੈਦਾ ਹੋਣ ਨਾਲ ਖੋਹ ਕੇ ਖਾਣ ਦੀ ਪ੍ਰਵਿਰਤੀ ਵੀ ਘਟ ਗਈ। ਸਮਾਜਿਕ ਜੀਵਨ ਸ਼ੁਰੂ ਹੋ ਗਿਆ।

ਸਮਾਜਿਕ ਜੀਵਨ ਸ਼ੁਰੂ ਹੋਣ ਨਾਲ ਸਮਾਜਿਕ ਪ੍ਰਬੰਧ ਬਣਾਉਣ ਦੀ ਲੋੜ ਪਈ। ਕੁਝ ਸਮਝਦਾਰ ਲੋਕਾਂ ਨੂੰ ਇਹ ਜ਼ਿੰਮੇਵਾਰੀ ਮਿਲ ਗਈ, ਪ੍ਰਬੰਧਕੀ ਸੰਸਥਾਵਾਂ ਹੋਂਦ ਵਿਚ ਆ ਗਈਆਂ। ਇਹ ਸੰਸਥਾਵਾਂ ਬਿਨਾ ਕਿਸੇ ਵਿਤਕਰੇ, ਬਿਨਾ ਲੱਗ ਲਪੇਟ ਆਪਣੇ ਫੈਸਲੇ ਦੇਣ ਲੱਗੀਆਂ। ਕਬਜੇ ਦੀ ਭਾਵਨਾ ਨੇ ਰਾਜ ਹੋਂਦ ਵਿਚ ਲੈ ਆਂਦੇ। ਰਾਜ ਦਾ ਮੁਖੀਆ ਜਿੱਥੇ ਰਾਜਾ ਹੁੰਦਾ ਸੀ, ਉਸ ਦੀ ਮਦਦ ਲਈ ਬਣੀਆਂ ਜਥੇਬੰਦੀਆਂ ਨੂੰ ਸਭਾਵਾਂ ਕਿਹਾ ਜਾਣ ਲੱਗ ਪਿਆ। ਇਹ ਸਭਾਵਾਂ ਪਿੰਡਾਂ ਤੋਂ ਸ਼ੁਰੂ ਹੋ ਕੇ ਹਰ ਰਾਜ ਦੇ ਕੇਂਦਰ ਤੱਕ ਹੋਂਦ ਵਿਚ ਆ ਗਈਆਂ ਅਤੇ ਰਾਜਿਆਂ ਦੇ ਰੋਜ਼ਾਨਾ ਕੰਮਾਂ-ਕਾਰਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਲਾਹਾਂ ਦੇਣ ਲੱਗ ਪਈਆਂ। ਰਾਜਿਆਂ ਅਤੇ ਸਭਾਵਾਂ ਦਾ ਮੁੱਖ ਕੰਮ ਲੋਕ-ਹਿਤਾਂ ਦੀ ਰਾਖੀ ਕਰਨਾ ਅਤੇ ਸਮਾਜ ਭਲਾਈ ਦੇ ਕੰਮ ਕਰਨ ਵੱਲ ਧਿਆਨ ਦੇਣਾ ਸ਼ੁਰੂ ਹੋਇਆ। ਧਰਮ ਦੇ ਪੈਦਾ ਹੋਣ ਨਾਲ ਧਾਰਮਿਕ ਸੰਸਥਾਵਾਂ ਹੋਂਦ ਵਿਚ ਆਈਆਂ ਅਤੇ ਰਾਜਿਆਂ ਦੀਆਂ ਸਹਾਇਕ ਬਣ ਗਈਆਂ। ਰਾਜੇ ਨੇ ਇਨ੍ਹਾਂ ਸੰਸਥਾਵਾਂ ਉੱਤੇ ਵੀ ਰਾਜ ਦੀ ਸ਼ਕਤੀ ਨਾਲ ਆਪਣਾ ਗਲਬਾ ਪਾਉਣਾ ਸ਼ੁਰੂ ਕਰ ਲਿਆ।

ਧਾਰਮਿਕ ਸੰਸਥਾਵਾਂ ਨੇ ਲੋਕਾਂ ਨੂੰ ਮਾੜੇ ਲੋਕ ਅਤੇ ਚੰਗੇ ਲੋਕਾਂ ਵਿਚ ਵੰਡ ਲਿਆ। ਬੁਰੀ ਸੋਚ ਵਾਲੇ ਦੁਸ਼ਟ ਬਣ ਗਏ। ਰਾਜੇ ਕੋਲ ਪ੍ਰਬੰਧਕੀ ਸ਼ਕਤੀਆਂ ਅਤੇ ਰਾਜ ਦੀ ਸੱਤਾ ਹੋਣ ਕਾਰਨ ਧਾਰਮਿਕ ਲੋਕ ਵੀ ਰਾਜੇ ਦੀ ਮਰਜ਼ੀ ਅਨੁਸਾਰ ਚੱਲਣ ਲੱਗ ਪਏ। ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਰਾਜੇ ਦੇ ਰਹਿਮ 'ਤੇ ਰਹਿਣ ਲੱਗੀਆਂ। ਜੇ ਰਾਜਾ ਮਾੜੀ ਸੋਚ ਵਾਲਾ ਅਰਥਾਤ ਦੁਸ਼ਟ ਹੁੰਦਾ ਸੀ ਤਾਂ ਉਸ ਦੀ ਸਾਰੀ ਸਭਾ ਵੀ ਨਿੱਜੀ ਹਿਤਾਂ ਕਾਰਨ, ਥੋੜ੍ਹੇ ਜਿਹੇ ਲਾਭਾਂ ਕਾਰਨ ਦੁਸ਼ਟ ਦਾ ਸਾਥ ਦੇਣ ਲੱਗ ਪਈ, ਜਿਸ ਕਾਰਨ ਸਮਾਜ ਵਿਚ ਟਕਰਾ ਆ ਗਿਆ। ਭਾਰਤ ਨੇ ਮੁੱਢ ਤੋਂ ਅੱਜ ਤੱਕ ਅਜਿਹੇ ਬਹੁਤ ਟਕਰਾ ਦੇਖੇ ਹਨ। ਮੁਲਤਾਨ ਦਾ ਰਾਜਾ ਹਰਨਾਕਸ਼ ਆਪਣਾ ਨਾਂ ਜਪਾਉਣ ਲੱਗਿਆ। 'ਜਲੇ ਹਰਨਾਖਸ਼ ਥਲੇ ਹਰਨਾਕਸ਼' ਦਾ ਜਾਪ ਸ਼ੁਰੂ ਕਰਵਾਇਆ ਗਿਆ। ਸਮਾਜਿਕ ਸੰਸਥਾਵਾਂ ਧਾਰਮਿਕ ਆਗੂਆਂ ਤੇ ਸੰਡਾ ਮਰਕਾ ਵਰਗੇ ਬੁੱਧੀਜੀਵੀਆਂ ਨੇ ਰਾਜੇ ਦਾ ਸਾਥ ਦਿੱਤਾ ਅਤੇ ਸਾਰੀ ਦੁਸ਼ਟ ਸਭਾ ਨੇ ਰਾਜੇ ਦੀ ਮਰਜੀ ਅਨੁਸਾਰ ਆਪਣੀ ਭੈਣ ਦੇ ਪੁੱਤ ਪ੍ਰਹਿਲਾਦ ਨੂੰ ਜਲ ਵਿਚ ਡੋਬਣ ਤੇ ਅਗਨੀ ਵਿਚ ਸਾੜਨ ਦੀਆਂ ਸਜ਼ਾਵਾਂ ਦਿੱਤੀਆਂ।

ਮਹਾਂਭਾਰਤ ਦੀ ਕਹਾਣੀ ਵੀ ਅਜਿਹੀ ਹੀ ਸਭਾ ਵਿਚ ਵਾਪਰੀ ਅਣਮਨੁੱਖੀ ਕਹਾਣੀ ਹੈ। ਸਭਾ ਵਿਚ ਵੱਡੇ ਵੱਡੇ ਅਹਿਲਕਾਰ, ਅਮੀਰ ਵਜ਼ੀਰ ਅਤੇ ਯੋਧੇ ਹਾਜ਼ਰ ਹਨ। ਭੀਸ਼ਮ ਪਿਤਾਮਾ ਹਾਜ਼ਰ ਹੈ, ਦਰੋਣਾਚਾਰਿਆ ਅਤੇ ਕਰਣ ਵਰਗੇ ਯੋਧੇ ਹਾਜ਼ਰ ਹਨ। ਦਰਯੋਧਨ ਦੇ ਫੈਸਲੇ ਦੇ ਖਿਲਾਫ ਕਿਸੇ ਨੇ ਵੀ ਬੋਲਣ ਦੀ ਹਿੰਮਤ ਕਿਉਂ ਨਹੀਂ ਕੀਤੀ? ਸ਼ਾਇਦ ਅੱਜ ਵਾਂਗ ਹੀ ਸਾਰਿਆਂ ਨੂੰ ਆਪਣੇ ਅਹੁਦੇ ਤੇ ਵਜ਼ੀਰੀਆਂ ਪਿਆਰੀਆਂ ਸਨ। ਧ੍ਰਿਤਰਾਸ਼ਟਰ ਆਪਣੇ ਪੁੱਤਰ ਮੋਹ ਵਿਚ ਅੰਨ੍ਹਾ ਸੀ। ਦੁਨਿਆਵੀ (ਸਰੀਰਕ) ਅੱਖਾਂ ਦੇਖ ਸਕਦੀਆਂ ਸਨ, ਪਰ ਬੋਲਿਆ ਕੋਈ ਨਾ, ਅਨਰਥ ਹੁੰਦਾ ਵੇਖਦੇ ਰਹੇ ਅਤੇ ਦੁਸ਼ਟ ਸਭਾ ਦਾ ਹਿੱਸਾ ਬਣ ਗਏ। ਚੁੱਪ ਰਹਿਣ ਦਾ ਸਿੱਟਾ ਮਹਾਂਭਾਰਤ ਦਾ ਯੁੱਧ ਹੋਇਆ, ਜਿਥੇ ਅਠਾਰਾਂ ਖੂਹਣੀਆਂ ਸੈਨਾ ਮਾਰੀ ਗਈ।

ਇੱਕ ਦੁਸ਼ਟ ਸਭਾ ਸਰਹਿੰਦ ਵਿਚ ਵੀ ਬੈਠੀ ਸੀ ਕਿਸੇ ਸਮੇਂ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦਾ ਕੇਸ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਆਇਆ। ਵਜ਼ੀਰ ਖਾਂ ਸਜ਼ਾ ਦੇਣ ਲਈ ਤਤਪਰ ਸੀ। ਇਥੇ ਦੋ ਧਿਰਾਂ ਬਣ ਗਈਆਂ ਅਤੇ ਕਾਜੀ ਸਰ੍ਹਾ ਦਾ ਫਤਵਾ ਲਾਉਣ ਤੋਂ ਮੁੱਕਰ ਗਿਆ। ਸੁੱਚਾ ਨੰਦ ਪੁਰੀ ਵਜ਼ੀਰ ਨੇ ਕਾਜੀ ਨੂੰ ਆਪਣੀਆਂ ਦਲੀਲਾਂ ਨਾਲ ਮਨਾ ਲਿਆ। ਨਵਾਬ ਮਲੇਰਕੋਟਲਾ ਸਭਾ ਵਿਚੋਂ ਵਾਕ-ਆਊਟ ਕਰ ਗਿਆ ਅਤੇ ਦੁਸ਼ਟ ਸਭਾ ਦਾ ਹਿੱਸਾ ਬਣਨ ਤੋਂ ਬਚ ਗਿਆ। ਬਹੁ-ਸੰਮਤੀ ਅਤੇ ਵਜ਼ੀਰ ਖਾਂ ਦੀ ਇੱਛਾ ਅਨੁਸਾਰ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ। ਇਸ ਸਭਾ ਦੇ ਇਨ੍ਹਾਂ ਅਨਿਆਈ ਫੈਸਲਿਆਂ ਕਾਰਨ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਸਥਾਪਿਤ ਕੀਤਾ।

ਅੱਜ ਵੀ ਪੰਜਾਬ ਵਿਚ ਅਤੇ ਕੇਂਦਰ ਸਰਕਾਰ ਵਿਚ ਸਭਾਵਾਂ ਬਣਦੀਆਂ ਤੇ ਕੰਮ ਕਰਦੀਆਂ ਹਨ। ਰਾਜ ਸਭਾ ਵਿਚ ਰਾਜਿਆਂ ਵੱਲੋਂ ਨਾਮਜ਼ਦ ਲੋਕ ਹੀ ਉੱਚ ਅਹੁਦਿਆਂ ਉੱਤੇ ਪਹੁੰਚਦੇ ਸਨ, ਪਰ ਅਜੋਕਾ ਸਿਸਟਮ ਲੋਕ-ਰਾਜੀ ਸਿਸਟਮ ਹੋਣ ਕਾਰਨ ਇਹ ਸਭਾਵਾਂ ਲੋਕਾਂ ਰਾਹੀਂ ਵੋਟਾਂ ਪਾ ਕੇ ਚੁਣੀਆਂ ਜਾਂਦੀਆਂ ਹਨ। ਦੇਸ਼ ਗਰੀਬ ਅਤੇ ਅਨਪੜ੍ਹ ਹੈ। ਸਿਹਤ ਸੇਵਾਵਾਂ ਵੀ ਚੰਗੀਆਂ ਨਹੀਂ। ਸਭਾਵਾਂ ਦੇ ਮੈਂਬਰ ਬਣਨ ਦੇ ਚਾਹਵਾਨ ਲੋਕ ਆਮ ਲੋਕਾਂ ਦੀ ਗਰੀਬੀ, ਮਜਬੂਰੀ ਅਤੇ ਅਗਿਆਨ ਦੀ ਕਮਜ਼ੋਰੀ ਦਾ ਲਾਹਾ ਲੈ ਕੇ ਗਲਤ ਸਾਧਨ ਵਰਤ ਕੇ ਸ਼ਰਾਬ ਆਦਿ ਨਸ਼ੇ ਤੇ ਪੈਸੇ ਦੇ ਕੇ ਸਭਾਵਾਂ ਦੀਆਂ ਸਾਰੀਆਂ ਪੌੜੀਆਂ ਚੜ੍ਹ ਜਾਂਦੇ ਹਨ। ਭਾਰਤ ਵਿਚ ਰਾਜਨੀਤੀ ਇੱਕ ਬਹੁਤ ਹੀ ਲਾਹੇਵੰਦ ਕਿੱਤਾ ਬਣ ਗਈ ਹੈ।

ਸਭਾਵਾਂ ਦੇ ਮੈਂਬਰਾਂ ਨੇ ਆਪਣੇ ਨਿੱਜੀ ਹਿਤਾਂ ਲਈ ਆਮ ਲੋਕਾਂ ਦੇ ਹਿਤ ਕੁਰਬਾਨ ਕਰ ਦਿੱਤੇ ਹਨ। ਹਰ ਵਰ੍ਹੇ ਤਨਖਾਹਾਂ ਵਿਚ ਵਾਧਾ ਬਿਨਾ ਕਿਸੇ ਨਿਸ਼ਚਿਤ ਸਮੇਂ ਲਈ ਕੰਮ ਕਰਨ ਦੇ, ਪੈਨਸ਼ਨ, ਟੈਲੀਫੋਨ, ਸਰਕਾਰੀ ਗੱਡੀਆਂ, ਸਰਕਾਰੀ ਘਰ, ਕੋਟੇ, ਪਰਮਿਟ-ਹੋਰ ਪਤਾ ਨਹੀਂ ਕੀ ਕੁਝ, ਆਪਣੇ ਨਾਂ ਲਿਖੀ-ਲਿਖਵਾਈ ਜਾਂਦੇ ਹਨ। ਅਜਿਹਾ ਉੱਜਲ ਭਵਿੱਖ ਦੇਖ ਕੇ ਸਮਾਜ ਦੇ ਘਟੀਆ ਦਰਜੇ ਦੇ ਲੋਫਰ ਬੰਦੇ, ਗੁੰਡਿਆਂ ਦੇ ਸਰਦਾਰ ਬਣ ਕੇ ਸਮਾਜ ਵਿਚ ਦਹਿਸ਼ਤ ਪਾ ਕੇ, ਲੋਕ ਰਾਜ ਦੀ ਭਾਵਨਾ ਦੇ ਉਲਟ ਜਾਤ-ਪਾਤ ਦੀ ਵੰਡ ਦਾ ਰੌਲਾ ਪਾ ਕੇ ਧਰਮਾਂ ਦੇ ਨਾਂ 'ਤੇ ਭਟਕਾ ਕੇ ਉਨ੍ਹਾਂ ਲੋਕਾਂ ਦੇ ਮਾਲਕ ਬਣ ਬੈਠਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਚੁਣਿਆ ਹੁੰਦਾ ਹੈ। ਫਿਰ ਲੋਕਾਂ ਦੀ ਇੱਕ ਨਹੀਂ ਚੁਣਦੇ। ਗਲਤ ਸਾਧਨਾਂ ਰਾਹੀਂ ਚੁਣੇ ਗਏ ਬੰਦੇ, ਜਿਨ੍ਹਾਂ ਵਿਚ ਸੰਜੀਦਗੀ ਅਤੇ ਸਿੱਖਿਆ ਦੀ ਘਾਟ ਹੁੰਦੀ ਹੈ, ਲੋਕ ਸਭਾ ਦੀਆਂ ਪੌੜੀਆਂ ਚੜ੍ਹਦੇ ਉੱਚ ਪਦਵੀਆਂ 'ਤੇ ਜਾ ਬੈਠਦੇ ਹਨ। ਕੁਝ ਇੱਕ ਨੂੰ ਛੱਡ ਕੇ ਉਹ ਸਭਾ, ਦੁਸ਼ਟ ਸਭਾ ਹੀ ਬਣ ਜਾਂਦੀ ਹੈ। ਫੇਰ ਦੁਸ਼ਟ ਸਭਾ ਜਿਹੜੇ ਫੁਰਮਾਨ ਜਾਰੀ ਕਰੇਗੀ, ਉਹ ਲੋਕ-ਹਿਤੂ ਨਹੀਂ, ਲੋਕ ਵਿਰੋਧੀ ਹੋਣਗੇ। ਇਹੋ ਕੁਝ ਤਾਂ ਸਾਡੇ ਸਾਹਮਣੇ ਵਾਪਰਿਆ ਹੈ ਅਤੇ ਵਾਪਰ ਰਿਹਾ ਹੈ। ਨੋਟਬੰਦੀ, ਧਾਰਾ 370, ਆਰ. ਬੀ. ਆਈ. ਦੇ ਗਵਰਨਰ ਦੀ ਨਿਯੁਕਤੀ, ਕਰੋਨਾ ਦੇ ਨਾਂ 'ਤੇ ਨਾਦਰੀ ਹੁਕਮ, ਖੇਤੀ ਕਾਲੇ ਕਾਨੂੰਨ-ਇਹੋ ਹੀ ਤਾਂ ਦੁਸ਼ਟ ਸਭਾ ਦਾ ਮੰਤਰ ਹੈ।

ਲੜਾਈ ਸ਼ੁਰੂ ਹੋ ਚੁਕੀ ਹੈ। ਭਾਰਤ ਦਾ ਮਾਣ ਬਾਹਰਲੇ ਦੇਸ਼ਾਂ ਵਿਚ ਘਟਿਆ ਹੈ। ਯੂ. ਐਨ. ਓ. ਨੇ ਨੋਟਿਸ ਲਿਆ ਹੈ। ਵੱਡੇ ਦੇਸ਼ਾਂ ਨੇ ਕਿਸਾਨ ਘੋਲ ਦੀ ਹਮਾਇਤ ਕੀਤੀ ਹੈ। ਖੇਤੀ ਮੰਤਰੀ ਕਾਨੂੰਨਾਂ ਉੱਤੇ ਚਰਚਾ-ਚਰਚਾ ਕੁਰਲਾ ਰਿਹਾ ਹੈ। ਖੇਤੀ ਮੰਤਰੀ ਇਸ ਪਦ ਨਾਲ ਇਨਸਾਫ ਨਹੀਂ ਕਰ ਸਕਿਆ। ਪ੍ਰਧਾਨ ਮੰਤਰੀ ਤਾਂ ਅੱਜ ਤਾਈਂ ਕਾਨੂੰਨਾਂ ਸਬੰਧੀ ਇੱਕ ਵੀ ਪ੍ਰੈੱਸ-ਕਾਨਫਰੰਸ ਨਹੀਂ ਕਰ ਸਕਿਆ। ਲੀਡਰਾਂ ਦਾ ਦੇਸ਼ ਦੀ ਸਥਿਤੀ ਸਬੰਧੀ ਗਿਆਨ ਦਾ ਹਾਲ ਇਹ ਹੈ ਕਿ ਟੈਲੀਵਿਜ਼ਨ ਦੀ ਬਹਿਸ ਵਿਚ ਐਂਕਰ ਨੇ ਹਰਜੀਤ ਸਿੰਘ ਗਰੇਵਾਲ ਨੂੰ ਪੁੱਛਿਆ ਕਿ ਇਨ੍ਹਾਂ ਕਾਨੂੰਨਾਂ ਦੇ ਨਾਂ ਹੀ ਦੱਸ ਦਿਉ। ਅੱਜ ਦਾ ਪਤਾ ਨਹੀਂ, ਉਦੋਂ ਤਾਂ ਨਹੀਂ ਦੱਸ ਸਕਿਆ। ਸੋ ਸਾਡੀ ਦਿੱਲੀ ਦੀ ਦੁਸ਼ਟ ਸਭਾ ਨੇ ਦੇਸ਼ ਵਿਚ ਅਰਾਜਕਤਾ ਫੈਲਾ ਦਿੱਤੀ ਹੈ। ਰੱਬ ਭਲੀ ਕਰੇ।

ਹੁਣ ਮੈਂ ਬਹੁਤ ਹੀ ਸੰਖੇਪ ਵਿਚ ਆਪਣੇ ਪੰਜਾਬ ਪ੍ਰਾਂਤ ਦੀ ਗੱਲ ਵੀ ਕਰ ਲਵਾਂ। ਸਾਡੇ ਪ੍ਰਾਂਤ ਵਿਚ ਦੋ ਮੁੱਖ ਪਾਰਟੀਆਂ ਨੇ ਹੀ ਰਾਜ ਕੀਤਾ ਹੈ। ਦੋਹਾਂ ਦੇ ਮੁੱਖ ਮੰਤਰੀ ਸਰਦਾਰ ਅਤੇ ਜੱਟ ਸਿਵਾਏ ਗਿਆਨੀ ਜੈਲ ਸਿੰਘ ਦੇ, ਬਣਦੇ ਰਹੇ। ਇਨ੍ਹਾਂ ਦੋਹਾਂ ਪਾਰਟੀਆਂ ਵਿਚੋਂ ਵੀ ਮੈਂ ਗੱਲ ਕਰਾਗਾਂ, ਸਿਰਫ ਅਕਾਲੀ ਦਲ ਦੀ; ਕਿਉਂਕਿ ਮੈਂ ਆਪ ਅਕਾਲੀ ਦਲ ਨਾਲ ਜੁੜਿਆ ਹੋਇਆ ਸਾਂ। ਅਸੀਂ ਸਦਾ ਮਾਣ ਕਰਦੇ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਕੁਰਬਾਨੀਆਂ ਵਾਲੀ ਪਾਰਟੀ ਹੈ ਅਤੇ ਇਹ ਸਿੱਖੀ ਸਿਧਾਂਤਾਂ 'ਤੇ ਪਹਿਰਾ ਦਿੰਦੀ ਹੈ, ਪਰ ਦੇਖ ਰਹੇ ਹਾਂ ਕਿ ਅੱਜ ਇਹ ਦੋਵੇਂ ਹੀ ਗੱਲਾਂ ਸਹੀ ਨਹੀਂ ਹਨ। ਸਿੱਖ ਸਿਧਾਂਤ ਸਾਡੀ ਪਾਰਟੀ ਨੇ ਕੋਈ ਵੀ ਨਹੀਂ ਮੰਨਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਦੀ ਅਗਵਾਈ ਵਿਚ ਪ੍ਰਧਾਨ ਮੰਤਰੀ ਨੂੰ ਮਿਲ ਕੇ ਅਕਾਲੀ ਦਲ ਦੀ ਸਰਕਾਰ ਤੋੜਨ ਦੀ ਸਿਫਾਰਸ਼ ਕੀਤੀ, ਕਿਉਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਾਰਟੀ ਪਾਲਿਸੀ ਅਤੇ ਸਿੱਖ ਸਿਧਾਂਤਾਂ ਅਨੁਸਾਰ ਕੰਮ ਨਹੀਂ ਸੀ ਕਰ ਰਿਹਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਮੁੱਖ ਮੰਤਰੀ ਨੇ ਰਾਜ ਦੇ ਜੋਰ ਨਾਲ ਪਾਰਟੀ ਉੱਤੇ ਹੀ ਕਬਜ਼ਾ ਕਰ ਲਿਆ ਤੇ ਪੰਥਕ ਰਵਾਇਤਾਂ ਟੁੱਟ ਗਈਆਂ। ਪਾਰਟੀ ਘਰ ਦੀ, ਐਮ. ਐਲ. ਏ. ਵਜੀਰ ਘਰ ਦੇ ਅਤੇ ਰਿਸ਼ਤੇਦਾਰ। ਪੰਥਕ ਸੋਚ ਵਾਲੇ ਬੰਦੇ ਪਾਰਟੀ ਤੋਂ ਬਾਹਰ ਕਰ ਦਿੱਤੇ ਗਏ। ਹੱਥ ਜੋੜ ਕੇ 'ਰਾਜ ਨਹੀਂ ਸੇਵਾ' ਅਤੇ ਰਣਜੀਤ ਸਿੰਘ ਵਰਗਾ ਰਾਜ ਦੇਣ ਦੇ ਵਾਅਦੇ ਹਵਾ 'ਚ ਉੱਡ ਗਏ। ਪਿੱਛੇ ਰਹਿ ਗਈ 'ਦੁਸ਼ਟ ਸਭਾ!'

ਦੁਸ਼ਟ ਸਭਾ ਨੇ ਪੰਜਾਬ ਅਤੇ ਪਾਰਟੀ ਦਾ ਅੰਤ ਕਰਨ ਵਿਚ ਕੋਈ ਕਸਰ ਨਾ ਛੱਡੀ। 'ਮੈਂ ਮਰਾਂ, ਪੰਥ ਜੀਵੇ' ਉਲਟਾ ਹੋ ਗਿਆ। "ਤਖਤ ਰਾਜਾ ਟਿਕੇ ਗੁਣੀ ਭਾਇ ਪੰਚਾਇਣ ਤੱਤ॥" "ਤਖਤ ਬਹੈ ਤਖਤੈ ਕੀ ਲਾਇਕ" ਵੱਲ ਕਿਸੇ ਨੇ ਧਿਆਨ ਨਾ ਦਿੱਤਾ। ਆਪਣੀਆਂ ਖੁਦਗਰਜੀਆਂ ਕਾਰਨ ਪੰਥਕ ਰਵਾਇਤਾਂ ਅਤੇ ਹਲੇਮੀ ਰਾਜ ਦੇ ਸੰਕਲਪ ਨੂੰ ਭੁਲਾ ਦਿੱਤਾ। 'ਦੁਸ਼ਟ ਸਭਾ' ਨੇ ਜੋ ਕਰਨਾ ਸੀ, ਕਰ ਲਿਆ। ਕੇਂਦਰ ਦੇ ਕਾਲੇ ਕਾਨੂੰਨਾਂ ਵਿਚ ਹਿੱਸਾ ਪਾ ਕੇ ਕਾਨੂੰਨਾਂ ਦਾ ਪ੍ਰਚਾਰ ਵੀ ਕਰ ਲਿਆ ਤੇ ਉਨ੍ਹਾਂ ਦੇ ਵਿਰੋਧ ਵਿਚ ਸੱਚੇ ਵੀ ਹੋ ਲਏ। ਮੰਨਣਾ ਤਾਂ ਨਹੀਂ ਕਿਸੇ ਨੇ, ਕਿਉਂਕਿ 'ਮਾਇਆਧਾਰੀ ਅਤਿ ਅੰਨ੍ਹਾ ਬੋਲਾ' ਪਰ ਪਹਿਰੇਦਾਰ ਦਾ ਕੰਮ ਹੈ ਹੋਕਾ ਦੇਣਾ।

ਮੇਰੀ ਪਾਰਟੀ, ਜਿਸ ਦਾ ਮੈਂ 1970 ਤੋਂ ਪੱਲਾ ਫੜਿਆ ਹੋਇਆ ਸੀ, ਤਾਂ ਹੀ ਸਹੀ ਰਸਤੇ ਤੁਰ ਸਕਦੀ ਹੈ, ਜੇ ਬਿਨਾ ਮੋਹ ਪਾਰਟੀ ਦੀ ਲੀਡਰਸ਼ਿਪ ਬਦਲੀ ਜਾਵੇ, ਨਹੀਂ ਤਾਂ ਰਸਤਾ ਖੁਆਰੀਆਂ ਭਰਿਆ ਹੈ। ਸ਼੍ਰੋਮਣੀ ਅਕਾਲੀ ਦਲ ਦਾ ਏਜੰਡਾ ਰਾਜ ਕਰਨਾ ਨਹੀਂ, ਲੋਕ ਭਲਾਈ ਲਈ ਲੱਕ ਬੰਨ੍ਹ ਕੇ ਲੜ੍ਹਨਾ ਹੈ, ਪਰ ਅਸੀਂ ਤਾਂ 'ਦੁਸ਼ਟ ਸਭਾ' ਬਣਾ ਕੇ ਬੈਠ ਗਏ ਤੇ ਪਾਰਟੀ ਖਤਮ ਕਰ ਬੈਠੇ। ਸ਼੍ਰੋਮਣੀ ਅਕਾਲੀ ਦਲ ਲੋਕ-ਹਿਤਾਂ ਦੀ ਲੜਾਈ ਕਿਉਂ ਭੁੱਲ ਗਿਆ? ਮੈਦਾਨ ਭਖਿਆ ਹੋਇਆ ਹੈ। ਖੇਤੀ ਕਾਨੂੰਨ ਸਿਰਫ ਕਿਸਾਨਾਂ ਦੇ ਖਿਲਾਫ ਨਹੀਂ, ਸਗੋਂ ਇਹ ਮਜਦੂਰਾਂ ਅਤੇ ਉਪਭੋਗਤਾਵਾਂ ਦੇ ਵੀ ਖਿਲਾਫ ਹਨ, ਪਰ ਤੁਸੀਂ ਲੜਾਈ ਦੇ ਮੈਦਾਨ ਦੇ ਭਗੌੜੇ ਹੋ ਗਏ ਹੋ। ਚੋਣਾਂ ਲਈ ਆਪਣੇ ਕੈਂਡੀਡੇਟ ਐਲਾਨ ਕਰ ਰਹੇ ਹੋ। 'ਰੋਮ ਸੜ੍ਹ ਰਿਹਾ ਹੈ ਨੀਰੋ ਬੰਸਰੀ ਬਜਾ ਰਿਹਾ ਹੈ।'

ਆਓ, ਨਿੱਤਰੋ ਮੈਦਾਨ ਵਿਚ, ਨਹੀਂ ਤਾਂ ਜਿਹੜਾ ਲਾਇਕ ਹੈ, ਉਸ ਨੂੰ ਅੱਗੇ ਕਰੋ, ਭਾਵੇਂ ਉਹ ਨਿੱਜੀ ਤੌਰ 'ਤੇ ਬਾਦਲ ਪਰਿਵਾਰ ਦਾ ਵਿਰੋਧੀ ਹੀ ਹੋਵੇ। ਪਾਰਟੀ ਅਤੇ ਕੌਮ ਦਾ ਸੋਚੋ, ਖੁਦਗਰਜੀ ਛੱਡੋ। ਗੁਰਬਾਣੀ ਨਾਲ ਜੁੜਿਆਂ ਹੀ ਗੁਰਮਤਿ ਦੇ ਧਾਰਨੀ ਹੋਇਆ ਜਾ ਸਕਦਾ ਹੈ। ਗੁਰਮਤਿ ਦੇ ਧਾਰਨੀ ਹੋ ਕੇ ਹੀ 'ਹਲੇਮੀ ਰਾਜ' ਸਿਰਜਿਆ ਜਾ ਸਕਦਾ ਹੈ। "ਰਾਜੇ ਚੂਲੀ ਨਿਆਵ ਕੀ ਪੜ੍ਹਿਆ ਸਚੁ ਧਿਆਨ॥" ਜਿਸ ਰਣਜੀਤ ਸਿੰਘ ਰਾਜੇ ਦੇ ਨਾਂ 'ਤੇ ਅਸੀਂ ਵੋਟਾਂ ਲਈਆਂ ਸਨ, ਉਸ ਨੂੰ ਲੋਕਾਂ ਨੇ ਬੁਲਾ ਕੇ ਲਾਹੌਰ ਦਾ ਰਾਜ ਦਿੱਤਾ ਸੀ।

ਬਤੌਰ ਮਹਾਰਾਜਾ ਉਸ ਨੇ ਆਪਣੇ ਆਪ ਉੱਤੇ ਵੀ ਕੁੰਡਾ ਲਾਇਆ ਹੋਇਆ ਸੀ ਕਿ ਜੇ ਮੈਂ ਕੋਈ ਅਜਿਹਾ ਹੁਕਮ ਦੇ ਦਿਆਂ ਜਿਹੜਾ ਲੋਕ-ਹਿਤ ਵਿਚ ਨਾ ਹੋਵੇ ਤਾਂ ਫਕੀਰ ਸਾਹਿਬ ਵਾਪਿਸ ਨਜ਼ਰਸਾਨੀ ਲਈ ਭੇਜ ਸਕਦੇ ਹਨ। ਲਾਹੌਰ ਦੇ ਕਿਲ੍ਹੇ ਵਿਚ ਅੱਜ ਵੀ ਦੋ ਹੁਕਮ, ਜਿਨ੍ਹਾਂ ਵਿਚ ਲਾਹੌਰ ਦੇ ਕੋਤਵਾਲ ਨੂੰ ਲੋਕ-ਹਿਤ ਕੰਮ ਕਰਨ ਦੀਆਂ ਹਦਾਇਤਾਂ ਹਨ, ਪੜ੍ਹੇ ਜਾ ਸਕਦੇ ਹਨ। ਇਸ ਤਰ੍ਹਾਂ ਦੇ ਰਾਜੇ ਦੇ ਰਾਜ ਵਿਚ ਸਭਾ ਬਣ ਜਾਂਦੀ ਹੈ, 'ਸੰਤ ਸਭਾ।' ਲੁੱਟ ਕੇ ਖਾਣ ਵਾਲਿਆਂ ਦੇ ਰਾਜ ਵਿਚ ਸਭਾ ਬਣ ਜਾਂਦੀ ਹੈ, 'ਦੁਸ਼ਟ ਸਭਾ।' ਦੁਸ਼ਟ ਸਭਾ ਨੇ ਦੁਸ਼ਟਾਂ ਲਈ ਹੀ ਕੰਮ ਕਰਨਾ ਹੁੰਦਾ ਹੈ, ਜੋ ਅੱਜ ਹੋ ਰਿਹਾ ਹੈ। ਸਿੱਟੇ ਮਾੜੇ ਹੀ ਨਿਕਲਣਗੇ। ਭਲੀ ਕਰੇ ਭਗਵਾਨ!

---

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

# ਧੀਆਂ ਪੁੱਤ ਦਰਿਆਵਾਂ ਦੇ

ਪਿਛਲੇ ਹਫਤੇ ਪੰਜਾਬੀ ਸਾਹਿਤ ਤੇ ਸਭਿਆਚਾਰ ਸੰਸਾਰ ਦੇ ਤਿੰਨ ਮਹਾਰਥੀ ਤੁਰ ਗਏ-ਲੋਕ ਕਵੀ ਕੁਲਵੰਤ ਸਿੰਘ ਗਰੇਵਾਲ, ਬਾਲ ਸਾਹਿਤ ਲੇਖਿਕਾ ਤਾਰਨ ਗੁਜਰਾਲ ਤੇ ਕਾਲਜ ਟੀਚਰਜ਼ ਯੂਨੀਅਨ ਦੇ ਝੰਡਾ ਬਰਦਾਰ ਤਰਸੇਮ ਬਾਹੀਆ। ਇਨ੍ਹਾਂ ਵਿਚੋਂ ਸਭ ਤੋਂ ਸੌਖਾ ਚਲਾਣਾ ਪਟਿਆਲਾ ਨਿਵਾਸੀ ਕੁਲਵੰਤ ਸਿੰਘ ਗਰੇਵਾਲ ਦੇ ਹਿੱਸੇ ਆਇਆ, ਜੋ 81 ਵਰ੍ਹੇ ਦਾ ਭਰਪੂਰ ਤੇ ਮਾਣਯੋਗ ਜੀਵਨ ਜੀਊ ਕੇ ਪਲਾਂ-ਛਿਣਾਂ ਵਿਚ ਤੁਰ ਗਿਆ। 25 ਕੁ ਸਾਲ ਪਹਿਲਾਂ ਕਾਨਪੁਰ ਤੋਂ ਚੰਡੀਗੜ੍ਹ ਆ ਕੇ ਵਸੀ ਤਾਰਨ ਗੁਜਰਾਲ ਪੂਰੇ 90 ਸਾਲ ਨੌਂ-ਬਰ-ਨੌਂ ਰਹੀ, ਪਰ ਅੰਤਿਮ ਸਵਾਸ ਲੈਣ ਤੋਂ ਪਹਿਲਾਂ ਤਿੰਨ ਹਫਤੇ ਹਸਪਤਾਲ ਵਿਚ ਕੱਟਣੇ ਉਮਰਾਂ ਦੇ ਤਕਾਜ਼ੇ ਦੇ ਸਿਰ ਮੜੇ ਜਾ ਸਕਦੇ ਹਨ। ਅਧਿਆਪਕ ਨੇਤਾ ਤਰਸੇਮ ਬਾਹੀਆ ਕਰੋਨਾ ਦੀ ਲਪੇਟ ਵਿਚ ਆ ਕੇ ਵੀ ਅੰਤਿਮ ਸਵਾਸ ਲੈਣ ਤੱਕ ਚੜ੍ਹਦੀ ਕਲਾ ਵਿਚ ਰਿਹਾ। ਅਪਣੀ ਮੌਤ ਤੋਂ ਇੱਕ ਦਿਨ ਪਹਿਲਾਂ ਉਸ ਨੇ ਸਾਕ ਸਬੰਧੀਆਂ ਤੇ ਮਿੱਤਰ ਪਿਆਰਿਆਂ ਲਈ ਇੱਕ ਨੋਟ ਲਿਖਿਆ, ਜਿਸ ਵਿਚ ਉਸ ਨੇ ਮੰਗ ਕੀਤੀ, "ਮੇਰੀ ਅਰਥੀ ਲਿਜਾਂਦੇ ਸਮੇਂ 'ਰਾਮ ਨਾਮ ਸੱਤ ਹੈ' ਦਾ ਸੋਗ ਨਾ ਰਚਾਇਆ ਜਾਵੇ, ਸਗੋਂ ਆਸਾ ਸਿੰਘ ਮਸਤਾਨਾ ਦੇ ਇਹ ਬੋਲ ਚੇਤੇ ਕੀਤੇ ਜਾਣ, ਜਦੋਂ ਮੇਰੀ ਅਰਥੀ ਉਠਾ ਕੇ ਚਲਣਗੇ: ਫਿਕਰ ਨਾ ਕਰੋ। ਮੈਂ ਖੁਸ਼ ਸੀ, ਖੁਸ਼ ਹਾਂ, ਖੁਸ਼ ਰਹਾਂਗਾ ਅਤੇ ਸ਼ਾਂਤ ਸੀ, ਹਾਂ ਸ਼ਾਂਤ ਰਹਾਂਗਾ।"

ਤਰਸੇਮ ਬਾਹੀਆ ਨਾਲ ਮੇਰੀ ਨਿੱਜੀ ਸਾਂਝ ਵੀ ਹੈ। ਉਹ ਖੰਨਾ ਮੰਡੀ ਵਿਖੇ ਉਸ ਕਾਲਜ ਦਾ ਲੰਮਾ ਅਰਸਾ ਪ੍ਰਿੰਸੀਪਲ ਰਿਹਾ ਹੈ, ਜਿਹੜਾ ਮੇਰੇ ਵਿਦਿਅਕ ਕਾਲ ਸਮੇਂ ਸਿਰਫ ਹਾਈ ਸਕੂਲ ਵਜੋਂ ਜਾਣਿਆ ਜਾਂਦਾ ਸੀ। ਮੈਂ ਉਸ ਸਕੂਲ ਤੋਂ ਮਿਡਲ ਪਾਸ ਕੀਤੀ ਸੀ।

ਕੁਲਵੰਤ ਸਿੰਘ ਗਰੇਵਾਲ ਕੁਝ ਇਸੇ ਤਰ੍ਹਾਂ ਦੀ ਭਾਵਨਾ ਤਿੰਨ ਚਾਰ ਦਹਾਕੇ ਪਹਿਲਾਂ ਲਿਖ ਗਿਆ ਸੀ,

ਦਿਲ ਟੁਟਦੇ ਹਵਾਵਾਂ ਦੇ
ਬੂੰਦ ਬੂੰਦ ਤਰਸ ਗਏ,
ਅਸੀਂ ਪੁੱਤ ਦਰਿਆਵਾਂ ਦੇ
ਤੇਰਾ ਅੰਬਰਾਂ 'ਤੇ ਨਾਂ ਲਿਖਿਆ।

ਨਨਕਾਣਾ ਸਾਹਿਬ ਦੀ ਜੰਮਪਲ ਤਾਰਨ ਗੁਜਰਾਲ ਨੇ ਬਾਲ ਸਾਹਿਤ, ਕਾਵਿ ਸਾਹਿਤ ਤੇ ਕਹਾਣੀਆਂ ਦੀਆਂ ਕਈ ਪੁਸਤਕਾਂ ਪੰਜਾਬੀ ਵਿਚ ਲਿਖਣ ਤੋਂ ਬਿਨਾ ਹਿੰਦੀ, ਉਰਦੂ ਤੇ ਮਰਾਠੀ ਦੀਆਂ ਡੇਢ ਦਰਜਨ ਕਹਾਣੀਆਂ ਦਾ ਪੰਜਾਬੀ ਅਨੁਵਾਦ ਵੀ ਕੀਤਾ। ਉਹ ਆਪਣੇ ਸੁਭਾਅ ਦੀ ਮਿਲਣਸਾਰਤਾ ਅਨੁਸਾਰ ਸਦਾ ਚੜ੍ਹਦੀ ਕਲਾ ਵਿਚ ਰਹੀ।

ਇਨ੍ਹਾਂ ਤਿੰਨਾਂ ਮਹਾਰਥੀਆਂ ਨੇ ਕਿੰਨੀਆਂ ਰਚਨਾਵਾਂ ਨੂੰ ਜਨਮ ਦਿੱਤਾ, ਦੱਸਣ ਦੀ ਲੋੜ ਨਹੀਂ। ਇਹ ਵੀ ਨਹੀਂ ਕਿ ਇਨ੍ਹਾਂ ਦੀ ਝੋਲੀ ਕਿੰਨੇ ਤੇ ਕਿਹੋ ਜਿਹੇ ਪੁਰਸਕਾਰ ਪਏ। ਇਨ੍ਹਾਂ ਦੇ ਅਕਾਲ ਚਲਾਣੇ ਸਮੇਂ ਕਿਸ ਕਿਸ ਨੇ ਸੋਗ ਮਨਾਇਆ, ਵੀ ਹਥਲੇ ਪੰਨਿਆਂ ਤੇ ਸ਼ਬਦਾਂ ਦੀ ਲਪੇਟ ਵਿਚ ਆਉਣ ਵਾਲਾ ਨਹੀਂ। ਹਾਂ, ਬਾਹੀਆ ਦੀ ਅੰਤਿਮ ਇੱਛਾ ਮੇਰੇ ਤੱਕ ਦਿਲਦਾਰ ਤੇ ਸੁਲਤਾਨਾ ਨੇ ਪਹੁੰਚਦੀ ਕੀਤੀ ਹੈ। ਉਹ ਲੀਡਰ ਸੀ ਲੀਡਰਾਂ ਵਾਂਗ ਗਿਆ।

ਸਾਹਿਤ ਤੇ ਸਭਿਆਚਾਰ ਦੇ ਰਸੀਏ ਇਨ੍ਹਾਂ ਤਿੰਨਾਂ ਦੀ ਖਬਰ ਦਾ ਸੋਗ ਮਨਾ ਹੀ ਰਹੇ ਸਨ ਕਿ ਪੰਜਾਬ ਲੋਕ ਗਾਇਕ ਸ਼ੌਕਤ ਅਲੀ ਖਾਨ ਵੀ ਚਲਾਣਾ ਕਰ ਗਏ। ਉਨ੍ਹਾਂ ਲੰਮੀ ਬੀਮਾਰੀ ਦੇ ਚਲਦਿਆਂ ਲਾਹੌਰ ਦੇ ਕੰਬਾਈਨਡ ਮਿਲਟਰੀ ਹਸਪਤਾਲ ਵਿਚ ਦਮ ਤੋੜਿਆ। ਗੁਜਰਾਤ (ਪਾਕਿਸਤਾਨ) ਦਾ ਜੰਮਪਲ ਇਹ ਮਹਾਰਥੀ



ਸ਼ੌਕਤ ਅਲੀ ਖਾਨ

ਸੰਗੀਤ ਜਗਤ ਵਿਚ ਆਪਣੇ ਵੱਡੇ ਭਰਾ ਇਨਾਇਤ ਅਲੀ ਖਾਨ ਤੋਂ ਸਿੱਖਿਆ ਲੈ ਕੇ ਆਇਆ। ਉਸ ਨੂੰ ਸ਼ੁਹਰਤ ਦੀਆਂ ਬੁਲੰਦੀਆਂ ਉਤੇ ਪਹੁੰਚਾਉਣ ਵਾਲਾ ਉਸ ਦਾ ਗੀਤ 'ਛੱਲਾ' ਅੱਜ ਵੀ ਲੋਕ ਮਨਾਂ ਵਿਚ ਵੱਸਿਆ ਹੋਇਆ ਹੈ। ਬਰਤਾਨੀਆ, ਕੈਨੇਡਾ ਤੇ ਅਮਰੀਕਾ ਵਿਚ ਕੀਤੇ ਉਸ ਦੇ ਸ਼ੋਅ ਵੀ ਸਰੋਤਿਆਂ ਦੇ ਚੇਤਿਆਂ ਵਿਚ ਵੱਸੇ ਹੋਏ ਹਨ। ਖਾਸ ਕਰਕੇ ਪਾਕਿਸਤਾਨੀਆਂ ਨੇ ਉਸ ਨੂੰ 'ਪ੍ਰਾਈਡ ਆਫ ਪਰਫਾਰਮੈਂਸ' ਪੁਰਸਕਾਰ ਨਾਲ ਨਿਵਾਜਿਆ।

ਇਨ੍ਹਾਂ ਚਾਰੋਂ ਹਸਤੀਆਂ ਨੂੰ ਸੱਚੀ ਸ਼ਰਧਾਂਜਲੀ ਇਹੀਓ ਹੋਵੇਗੀ ਕਿ ਅਸੀਂ ਇਨ੍ਹਾਂ ਦੀ ਦੇਣ ਨੂੰ ਚੇਤੇ ਰੱਖੀਏ ਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਨਜ਼ਰ ਕਰੀਏ!

**ਵੀ. ਐਨ. ਤਿਵਾੜੀ ਨੂੰ ਚੇਤੇ ਕਰਦਿਆਂ:** ਮੇਰਾ ਹਾਣੀ ਵਿਸ਼ਵਾਨਾਥ ਤਿਵਾੜੀ ਮੇਰੇ ਨਾਲੋਂ ਦੋ ਸਾਲ ਛੋਟਾ ਸੀ, ਪਰ 48 ਵਰ੍ਹੇ ਦੀ ਛੋਟੀ ਉਮਰ ਵਿਚ ਵਿਦਿਆ ਤੇ ਸਾਹਿਤ ਰਚਨਾ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰ ਕੇ ਬਹੁਤ ਛੇਤੀ ਤੁਰ ਗਿਆ। ਪੰਜਾਬੀ ਸਾਹਿਤ ਜਗਤ ਦੀ ਝੋਲੀ ਤਿੰਨ ਦਰਜਨ ਪੁਸਤਕਾਂ ਪਾਉਣ ਵਾਲਾ ਵਿਸ਼ਵਾਨਾਥ 12 ਵਲਿੰਗਟਨ ਕ੍ਰੈਸੈਂਟ, ਇੰਡੀਅਨ ਪਾਲੇਟਿਕਸ ਆਨ ਕਰਾਸਰੋਡਜ਼ ਤੋਂ ਬਿਨਾ ਜਵਾਹਰ ਲਾਲ ਨਹਿਰੂ ਦੇ ਜੀਵਨ ਤੇ ਪ੍ਰਾਪਤੀਆਂ ਉਤੇ ਚਾਨਣਾ ਪਾਉਂਦੀਆਂ ਅੰਗਰੇਜ਼ੀ ਰਚਨਾਵਾਂ ਦਾ ਵੀ ਰਚੈਤਾ ਸੀ। ਉਸ ਦੀਆਂ ਪੁਸਤਕਾਂ ਦੇ ਨਾਂ ਭੁੱਲਣ ਵਾਲੇ ਨਹੀਂ: 'ਤਨ ਦੀ ਚਿਖਾ', 'ਅੱਕ ਦੀ ਅੰਬੀ', 'ਚੁੱਪ ਦੀ ਪੈੜ', 'ਰੁੱਖ ਦੀ ਚੋਰੀ', 'ਚਿਣਗ', ਰੱਬ ਬੁੱਢਾ ਹੋ ਗਿਆ' ਅਤੇ 'ਪਗੜੀ ਸੰਭਾਲ ਓਇ।' ਉਹ ਕੀ ਜਾਣਦਾ ਸੀ ਕਿ ਉਸ ਦੇ ਤੁਰ ਜਾਣ ਤੋਂ ਸਾਢੇ ਤਿੰਨ ਦਹਾਕੇ ਪਿੱਛੋਂ ਜੱਟਾਂ ਲਈ ਪਗੜੀ ਸੰਭਾਲਣ ਦਾ ਹੋਕਾ ਇੱਕ ਵਾਰੀ ਫੇਰ ਅਖਬਾਰਾਂ ਦੀਆਂ ਸੁਰਖੀਆਂ ਬਣੇਗਾ।

ਇੱਕੋ ਸਮੇਂ ਭਾਰਤ ਸਰਕਾਰ ਵਲੋਂ ਪਦਮਸ਼੍ਰੀ ਦੀ ਉਪਾਧੀ ਨਾਲ ਸਨਮਾਨੇ ਤੇ ਭਾਰਤੀ ਸੰਸਦ ਲਈ ਮੈਂਬਰ ਨਾਮਜ਼ਦ ਕੀਤੇ ਜਾਣ ਵਾਲਾ ਮੇਰਾ ਹਾਣੀ ਬੜਾ ਮਿਲਣਸਾਰ ਤੇ ਬੇਤਕੱਲੁਫ ਜਿਊੜਾ ਸੀ। ਮੇਰੇ ਦਿੱਲੀ ਹੁੰਦਿਆਂ ਉਹ ਜਦੋਂ ਵੀ ਦਿੱਲੀ ਜਾਂਦਾ, ਲੋਧੀ ਐਸਟੇਟ ਵਿਖੇ ਇੰਡੀਆ ਇੰਟਰਨੈਸ਼ਨਲ ਸੈਂਟਰ ਠਹਿਰਦਾ ਤੇ ਸਵੇਰ ਦੀ ਚਾਹ ਵੇਲੇ ਅਚਾਨਕ ਹੀ ਮੇਰੀ ਭਾਰਤੀ ਨਗਰ ਵਾਲੀ ਰਿਹਾਇਸ਼ ਉਤੇ ਆ ਦਸਤਕ ਦਿੰਦਾ ਤੇ ਰੱਜ ਕੇ ਗੱਲਾਂ ਕਰਦਾ। ਸਾਹਿਤਕ, ਰਾਜਨੀਤਕ, ਬਹੁ ਪੱਖੀ ਜਿਊੜਾ।

**ਅੰਤਿਕਾ: (ਅਦਮ)**

ਜਾਨੇ ਵਾਲੇ ਕਭੀ ਨਹੀਂ ਆਤੇ
ਜਾਨੇ ਵਾਲੋਂ ਕੀ ਯਾਦ ਆਤੀ ਹੈ,
ਬਜ਼ਮ-ਏ-ਲੁਤਫ-ਏ-ਸੁਖਨ
ਮੁਬਾਰਕ ਹੋ
ਬਾਕਮਾਲੋਂ ਕੀ ਯਾਦ ਆਤੀ ਹੈ।

# ਕੁਲਵੰਤ ਸਿੰਘ ਗਰੇਵਾਲ ਦੀਆਂ ਕਾਵਿਕ ਉਡਾਰੀਆਂ

*ਕੁਲਵੰਤ ਸਿੰਘ ਗਰੇਵਾਲ ਦੇ ਤੁਰ ਜਾਣ 'ਤੇ ਪੰਜਾਬੀ ਸਾਹਿਤ ਜਗਤ ਅਤੇ ਬੌਧਿਕ ਹਲਕਿਆਂ ਅੰਦਰ ਜਿਹੜੀ ਹਲਚਲ ਹੋਈ ਹੈ, ਉਹ ਧਿਆਨ ਮੰਗਦੀ ਹੈ। ਉਸ ਦੀ ਸ਼ਾਇਰੀ ਅਤੇ ਸ਼ਖਸੀਅਤ ਵਹਿੰਦੇ ਪਾਣੀਆਂ ਵਾਂਗ ਸ਼ਾਂਤ ਅਤੇ ਸਫਰ ਦੀ ਕੋਈ ਵਿਲੱਖਣ ਲੀਲ੍ਹਾ ਪੇਸ਼ ਕਰਦੇ ਹਨ। ਇਸ ਲੇਖ ਵਿਚ ਡਾ. ਬਲਕਾਰ ਸਿੰਘ ਨੇ ਕੁਲਵੰਤ ਸਿੰਘ ਗਰੇਵਾਲ ਨਾਲ ਗੁਜ਼ਾਰੇ ਪਲਾਂ ਨੂੰ ਯਾਦ ਕੀਤਾ ਹੈ ਅਤੇ ਉਸ ਨੂੰ ਸਮਝਣ-ਸਮਝਾਉਣ ਲਈ ਚਾਨਣ ਦੀ ਲਿਸ਼ਕੋਰ ਦਿਖਾਈ ਹੈ। -ਸੰਪਾਦਕ*

ਸਨਾਤਨੀ ਅਤੇ ਆਧੁਨਿਕ ਸੰਵੇਦਨਾ ਦੇ ਸੁਮੇਲ ਦਾ ਕਵੀ ਗਰੇਵਾਲ ਸਾਡੇ ਵਿਚਕਾਰ ਨਹੀਂ ਰਿਹਾ ਤਾਂ ਉਹ ਇਸ ਤਰ੍ਹਾਂ ਸਮਝ ਆਉਣ ਲੱਗ ਪਿਆ ਹੈ, ਜਿਵੇਂ ਉਸ ਨੂੰ ਜਿਊਂਦੇ ਜੀਅ ਸਮਝਣ ਦੀ ਕੋਸ਼ਿਸ਼ ਹੀ ਨਾ ਹੋਈ ਹੋਵੇ। ਜਿਊਂਦੇ ਜੀਅ ਉਹ ਬੁਝਾਰਤ ਵਾਂਗ ਵਿਚਰਦਾ ਰਿਹਾ ਸੀ ਅਤੇ ਵਿਛੜ ਕੇ ਉਹ ਮਾਲਾ ਦੇ ਮਣਕਿਆਂ ਵਾਂਗ ਸਾਡੇ ਇਰਦ ਗਿਰਦ ਇਸ ਤਰ੍ਹਾਂ ਖਿੰਡ ਗਿਆ ਹੈ ਕਿ ਸਾਰਿਆਂ ਨੂੰ ਫਿਕਰ ਪਿਆ ਹੋਇਆ ਹੈ। ਮੋਤੀਆਂ ਵਾਂਗ ਖਿਲਰੇ ਹੋਏ ਕੁਲਵੰਤ ਦਾ ਕੋਈ ਪੱਖ ਅਣਗੌਲਿਆ ਨਾ ਰਹਿ ਜਾਏ। ਇਸ ਮੁਹੱਬਤੀ

**ਬਲਕਾਰ ਸਿੰਘ**

ਕੋਸ਼ਿਸ਼ ਵਿਚ ਸਫਲਤਾ ਦੀਆਂ ਸੰਭਾਵਨਾਵਾਂ ਮੈਨੂੰ ਬਹੁਤੀਆਂ ਇਸ ਕਰ ਕੇ ਨਹੀਂ ਲੱਗਦੀਆਂ ਕਿਉਂਕਿ ਉਹ ਗੁੰਝਲਾਂ ਵਾਂਗ ਉਲਝਦਾ ਤੇ ਸੁਲਝਦਾ ਰਿਹਾ ਸੀ। ਸਭ ਕੁਝ ਜਦੋਂ ਸਪਸ਼ਟ ਹੋ ਕੇ ਵੀ ਸਪਸ਼ਟ ਨਹੀਂ ਲੱਗਦਾ ਤਾਂ ਰਾਏ ਬਣਾਉਣ ਵਾਲਿਆਂ ਨੂੰ ਮੌਜਾਂ ਲੱਗ ਜਾਂਦੀਆਂ ਹਨ। ਇਹੋ ਜਿਹੇ ਮਸਲਿਆਂ ਨੂੰ ਸਮਝਣ ਦੀ ਨਹੀਂ ਮਹਿਸੂਸ ਕਰਨ ਦੀ ਲੋੜ ਪੈਂਦੀ ਹੈ। ਸਮਝਣ ਅਤੇ ਮਹਿਸੂਸ ਕਰਨ ਵਿਚਕਾਰ ਤਣਾਓ ਵਾਲੇ ਮਾਹੌਲ ਵਿਚ ਕੁਲਵੰਤ ਫਸਿਆ ਹੋਇਆ ਮਹਿਸੂਸ ਕਰਦਾ ਹੁੰਦਾ ਸੀ।

ਹੁਣ ਜਦੋਂ ਪਤਾ ਹੈ ਕਿ ਉਸ ਨੇ ਕਦੇ ਮੁਸਕਰਾਉਂਦੇ ਹੋਏ ਅੰਦਰ ਨਹੀਂ ਆਉਣਾ ਤਾਂ ਵੀ ਉਹ ਉਡੀਕ ਵਾਂਗ ਯਾਰਾਂ ਦੀ ਸਿਮਰਤੀ ਵਿਚ ਅਟਕ ਗਿਆ ਹੈ। ਇਸ ਨਾਲ ਇਹ ਸਵਾਲ ਪੈਦਾ ਹੋ ਗਿਆ ਹੈ ਕਿ ਜਿਊਂਦਾ ਉਹ ਹੈ ਨਹੀਂ ਅਤੇ ਮਰਿਆਂ ਵਾਂਗ ਉਸ ਨੂੰ ਪਰੇ ਧੱਕਣ ਨੂੰ ਜੀਅ ਕਿਉਂ ਨਹੀਂ ਕਰਦਾ? ਮੌਤ ਦਾ ਸੱਚ ਜਦੋਂ ਸਵਾਲ ਬਣ ਕੇ ਜਵਾਬ ਮੰਗਦਾ ਹੈ ਤਾਂ ਫੈਸਲੇ ਉਸ ਤਰ੍ਹਾਂ ਨਹੀਂ ਕੀਤੇ ਜਾ ਸਕਦੇ ਜਿਵੇਂ ਸਹਿਮਤੀ-ਅਸਹਿਮਤੀ ਨਾਲ ਜੁੜਦਿਆਂ ਫੈਸਲੇ ਕਰਨ ਦੀ ਸਾਨੂੰ ਆਦਤ ਪਈ ਹੋਈ ਹੈ।

ਛੇ ਦਹਾਕੇ ਪਹਿਲਾਂ ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪਹਿਲੇ ਬੈਚ ਦਾ ਵਿਦਿਆਰਥੀ ਬਣਿਆ ਸੀ ਤਾਂ ਕਲਾਸਾਂ ਮਹਿੰਦਰਾ ਕਾਲਜ ਵਿਚ ਲੱਗਦੀਆਂ ਹੁੰਦੀਆਂ ਸਨ। ਵਿਦਿਆਰਥੀ ਵਰਗ ਵਿਚ ਅੰਗਰੇਜ਼ੀ ਦੇ ਡਾ. ਦਰਸ਼ਨ ਸਿੰਘ ਮੈਣੀ ਅਤੇ ਪੰਜਾਬੀ ਦੇ ਪ੍ਰੋ. ਪ੍ਰੀਤਮ ਸਿੰਘ ਦੀ ਧਾਂਕ ਸੀ। ਇਨ੍ਹਾਂ ਦੋਹਾਂ ਦੇ ਵਿਦਿਆਰਥੀਆਂ ਨੇ ਨਵੀਆਂ ਅੰਤਰ-ਦ੍ਰਿਸ਼ਟੀਆਂ ਨਾਲ ਤੁਰਨ ਦੀਆਂ ਜੋ ਕੋਸ਼ਿਸ਼ਾਂ ਕੀਤੀਆਂ, ਉਸੇ ਦੀ ਅੱਲ ਭੁਤਵਾੜਾ ਪੈ ਗਈ ਸੀ। ਇਸ ਨੂੰ ਅਕਲ ਅਤੇ ਮਲੰਗੀ ਦੇ ਸੰਗਮ ਵਾਂਗ ਵੀ ਦੇਖਿਆ ਜਾ ਸਕਦਾ ਹੈ।

ਇਨ੍ਹਾਂ ਟਿਕਾਣਾ ਲੱਭਦੇ ਵਿਦਿਆਰਥੀਆਂ ਵਿਚਕਾਰ ਹਰਦਲਜੀਤ ਸਿੰਘ ਸਿੱਧੂ ਉਰਫ ਲਾਲੀ ਅਤੇ ਕੁਲਵੰਤ ਗਰੇਵਾਲ ਆਪੋ-ਆਪਣੇ ਘਰਾਂ ਤੋਂ ਆਉਂਦੇ ਹੁੰਦੇ ਸਨ। ਹੋਰ ਵੀ ਸਨ ਮੇਰੇ ਤੇ ਪ੍ਰੋ. ਮੇਵਾ ਸਿੰਘ ਤੁੰਗ ਵਰਗੇ ਜਿਹੜੇ ਨਾਲ ਰਹਿ ਕੇ ਵੀ ਨਾਲ ਨਹੀਂ ਸਨ ਰਹਿੰਦੇ। ਭੁਤਵਾੜੇ ਦੀ ਪ੍ਰਤੀਨਿਧਤਾ ਡਾ. ਗੁਰਭਗਤ ਸਿੰਘ ਅਤੇ ਡਾ. ਸੁਤਿੰਦਰ ਸਿੰਘ ਨੂਰ ਦੇ ਹੱਥ ਹੁੰਦੀ ਸੀ। ਭੁਤਵਾੜੇ ਵਿਚ ਮੁੱਖ ਵਕਤੇ ਦੀ ਭੂਮਿਕਾ ਲਾਲੀ ਹੀ ਨਿਭਾਉਂਦਾ ਰਿਹਾ ਸੀ। ਇਸ ਮੰਡਲੀ ਤੋਂ ਬਿਲਕੁਲ ਪਤਾ ਨਹੀਂ ਲੱਗਦਾ ਸੀ ਕਿ ਇਹ ਪਿੰਡ ਦੀ ਸ਼ਹਿਰ ਵੱਲ ਹਿਜਰਤ ਹੈ ਕਿ ਸ਼ਹਿਰ ਪਿੰਡ ਵੱਲ ਹਿਜਰਤ ਕਰ ਰਿਹਾ ਹੈ।

ਕੁਲਵੰਤ ਦਾ ਸੰਗਰੂਰੀਆਂ ਦੇ ਹਵਾਲੇ ਨਾਲ ਭਾਵੇਂ ਭਵਾਨੀਗੜ੍ਹ ਦੇ ਗਰੇਵਾਲ ਵਾਂਗ ਜ਼ਿਕਰ ਨਹੀਂ ਚੱਲਦਾ ਸੀ, ਕਿਉਂਕਿ ਉਸ ਦੇ ਪਿਤਾ ਪਟਿਆਲਾ ਰਿਆਸਤ ਦੀ ਸਰਵਿਸ ਵਿਚ ਆ ਗਏ ਸਨ। ਮੈਨੂੰ ਇਸ ਵੇਲੇ ਕੁਲਵੰਤ ਉਸ ਵੇਲੇ ਦੀਆਂ ਹਿਜਰਤਾਂ ਦਾ ਸੰਗਮ ਲੱਗਦਾ ਹੈ ਜੋ ਭੁਤਵਾੜੇ ਦੀ ਮਿੱਥ ਵਿਚ ਗੁਆਚਿਆ ਰਿਹਾ ਹੈ। ਹਾਣੀਆਂ ਵਿਚ ਸ਼ਾਂ ਉਸ ਨੇ ਚੱਕੀਆਂ ਦੇ ਗੀਤ ਦੇ ਇਨ੍ਹਾਂ ਬੋਲਾਂ 'ਹਾਣੀਆਂ ਦੀ ਵਾਜ਼ ਆਈ ਵੱਡੇ ਦਰਵਾਜ਼ਿਉਂ ਏਸ ਪਿੰਡੋਂ ਚਲੀਏ ਨੀ ਮਾਏ' ਨਾਲ ਉਦੋਂ ਹੀ ਪੱਕੀ ਕਰ ਲਈ ਸੀ। ਭੁਤਵਾੜੇ ਦੇ ਮਲੰਗਾਂ ਵਿਚ ਉਹ ਉਸ ਵੇਲੇ ਵੀ ਸਜਿਆ ਧਜਿਆ ਹੀ ਵਿਚਰਦਾ ਹੁੰਦਾ ਸੀ।

ਮਲੰਗੀ ਉਸ ਦੇ ਸੁਭਾਅ ਅਤੇ ਵਿਚਰਨ ਵਿਚ ਉਸ ਵੇਲੇ ਵੀ ਘੁਲੀ ਰਹੀ ਸੀ ਤੇ ਇਸੇ ਨਾਲ ਉਹ ਕੋਸਾਂ ਸੁਆਸਾਂ ਸੰਗ ਨਿਭ ਗਿਆ ਸੀ। ਜਿਵੇਂ ਉਹ ਇਸ ਵਰ੍ਹੇ ਦੀ ਪਹਿਲੀ ਅਪਰੈਲ ਨੂੰ ਫਤਹਿ ਬੁਲਾ ਗਿਆ, ਇਸ ਸੁਭਾਅ ਨਾਲ ਉਹ ਜਿਊਂਦੇ ਜੀਅ ਵੀ ਨਿਭਦਾ ਰਿਹਾ ਸੀ। ਭਰੀਆਂ ਮਹਿਫਲਾਂ ਵਿਚੋਂ ਅਤੇ ਭਖਦੀਆਂ ਚੁੰਝ ਚਰਚਾਵਾਂ ਵਿਚੋਂ ਉਹ ਇਸੇ ਤਰ੍ਹਾਂ ਖਿਸਕ ਜਾਂਦਾ ਹੁੰਦਾ ਸੀ। ਦੇਖ ਕੇ ਅਣਡਿੱਠ ਕਰਨ ਦੀ ਉਸ ਨੂੰ ਬਖਸ਼ਿਸ਼ ਸੀ।

ਮਿੱਤਰਾਂ ਦੀਆਂ ਮਹਿਫਲਾਂ ਵਿਚ ਉਸ ਨੇ 'ਬਾਬਾ ਬੋਲਤੇ ਥੇ...' ਵਾਂਗ ਸਦਾ ਜਿੰਦਾ ਰਹਿਣਾ ਹੈ ਅਤੇ ਮਿੱਤਰਾਂ ਨੇ ਉਸ ਦੀਆਂ ਯਾਦਾਂ ਦੇ ਮੋਤੀਆਂ ਦੀ ਮਾਲਾ ਬਣਾਉਂਦੇ ਹੀ ਰਹਿਣਾ ਹੈ ਕਿਉਂਕਿ ਇਹ ਉਸ ਨੂੰ ਬਹੁਤ ਚੰਗਾ ਲੱਗਦਾ ਹੁੰਦਾ ਸੀ। ਉਹ ਨਹੀਂ ਰਿਹਾ ਤਾਂ ਯਾਰਾਂ ਦੀਆਂ ਮਹਿਫਲਾਂ ਦਾ ਉਸਾਰੂਪਣ ਹੀ ਗੁੰਮ ਹੋ ਗਿਆ ਲੱਗਦਾ ਹੈ।

ਕੋਵਿਡ-19 ਨੇ ਇਹ ਸਮੱਸਿਆ ਉਸ ਦੇ ਜਿਉਂਦੇ ਜੀਅ ਹੀ ਪੈਦਾ ਕਰ ਦਿੱਤੀ ਸੀ। ਵਿਛੜਨ ਤੋਂ ਕੁਝ ਹੀ ਦਿਨ ਪਹਿਲਾਂ ਉਸ ਨੇ ਫੋਨ 'ਤੇ ਏਨਾ ਹੀ ਕਿਹਾ ਸੀ ਕਿ ਮੈਂ ਠੀਕ ਹਾਂ। ਆਵਾਜ਼ ਤੋਂ ਉਹ ਠੀਕ ਨਹੀਂ ਲੱਗਦਾ ਸੀ। ਇਸੇ ਸੱਚ ਦੀ ਸੂਚਨਾ ਉਸ ਦੇ ਪੁੱਤਰ ਸਿਮਰਨ ਨੇ ਮੁਹਾਲੀ ਹਸਪਤਾਲ ਤੋਂ ਦਿੱਤੀ ਸੀ। ਹੁਣ ਸਾਡੇ ਕੋਲ ਉਸ 'ਤੇ ਬਣੀ ਲਘੂ ਫਿਲਮ ਹੈ ਅਤੇ ਰਿਕਾਰਡ ਕੀਤਾ ਹੋਇਆ ਹੋਰ ਬਹੁਤ ਕੁਝ ਹੈ। ਸੁਣਦਾ ਹਾਂ ਤਾਂ ਤਸੱਲੀ ਦੀ ਥਾਂ ਖੋਹ ਪੈਂਦੀ ਹੈ।

ਉਹ ਘੱਟ ਲਿਖਦਾ ਸੀ ਅਤੇ ਪੜ੍ਹਿਆ ਵੀ ਘੱਟ ਗਿਆ ਸੀ ਪਰ ਸੁਣਿਆ ਬਹੁਤ ਗਿਆ ਸੀ। ਉਹ ਮੁਹੱਬਤ ਦਾ ਵਹਿੰਦਾ ਦਰਿਆ ਹੋਣ ਦੇ ਬਾਵਜੂਦ ਇਸ ਵਿਚ ਰੁੜ੍ਹਨ ਤੋਂ ਬਚਿਆ ਰਿਹਾ ਸੀ। ਉਸ ਦੀ ਹਲੀਮੀ, ਭਲਮਾਣਸੀ ਉਸ ਲਈ ਜ਼ਰਾਬਖਤਰ ਵਾਂਗ ਸੀ। ਉਹ ਕੀ ਕਰਦਾ ਸੀ ਜਾਂ ਕੀ ਕਰਨਾ ਚਾਹੁੰਦਾ ਸੀ, ਇਹ ਮੇਰੇ ਲਈ ਮਸਲਾ ਨਹੀਂ ਪੇਚਾ ਹੈ। ਪੇਚਾ ਵੀ ਐਸਾ ਜਿਸ ਨਾਲ ਉਲਝਣਾ ਖਤਰਿਆਂ ਤੋਂ ਖਾਲੀ ਨਹੀਂ ਹੈ।

ਆਸ਼ਕਾਂ ਦੀਆਂ ਗੱਲਾਂ ਕਰਨ ਅਤੇ ਆਸ਼ਕਾਂ ਦੀ ਗੱਲਾਂ ਸੁਣਾਉਣ ਵਿਚ ਉਹ ਇਸ ਹੱਦ ਤਕ ਰੁਝਿਆ ਰਿਹਾ ਸੀ ਕਿ ਉਸ ਕੋਲ ਇਸ਼ਕ ਕਰਨ ਵਾਸਤੇ ਵਿਹਲ ਹੀ ਨਹੀਂ ਬਚੀ ਸੀ। ਇਸ ਭੇਤ ਨੂੰ ਸਮਝਣ ਲਈ 'ਮੋਰਾਂ' ਕਵਿਤਾ ਦਾ ਸਹਾਰਾ ਲਿਆ ਜਾ ਸਕਦਾ ਹੈ। ਮੋਰਾਂ ਦੇ ਇਸ਼ਕ ਦਾ ਕਾਵਿਕ ਬਖਾਨ ਜਿਸ ਤਰ੍ਹਾਂ ਕੁਲਵੰਤ ਨੇ ਕਰ ਦਿਖਾਇਆ ਹੈ, ਉਸ ਤੋਂ ਆਸ਼ਕੀ ਦੇ ਅਨੁਭਵ ਦੀਆਂ ਪਰਤਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਹ ਜਦੋਂ ਯੋਗੀ ਭਰਥਨ ਅਤੇ ਸਿਧਾਰਥ ਬਾਰੇ ਲਿਖਦਾ ਹੈ ਤਾਂ ਆਸ਼ਕ ਅਤੇ ਮਹਿਬੂਬ ਦੇ ਸਾਰੇ ਰੰਗਾਂ ਨੂੰ ਵਰਤਦਾ ਨਜ਼ਰ ਆ ਜਾਂਦਾ ਹੈ।

ਨਵੀਂ ਪੀੜ੍ਹੀ ਨਾਲ ਉਹ ਅਕਾਦਮਿਕ ਗਾਈਡ ਵਾਂਗ ਵਿਚਰਦਾ ਰਿਹਾ ਸੀ ਅਤੇ ਪੰਜਾਬੀ ਯੂਨੀਵਰਸਿਟੀ ਵਿਚ ਜਿਸ ਤਰ੍ਹਾਂ ਉਸ ਨੂੰ ਉਡੀਕਿਆ ਜਾਂਦਾ ਰਿਹਾ ਸੀ, ਇਸ ਦੇ ਦੋਸਤ ਗਵਾਹ ਹਨ। ਉਹ ਨਹੀਂ ਰਿਹਾ ਤਾਂ ਮੈਨੂੰ ਲਗਦਾ ਹੈ ਕਿ ਚੇਲਿਆਂ ਵਿਚੋਂ ਯਾਰ ਲੱਭਦਾ ਲੱਭਦਾ ਅਤੇ ਯਾਰਾਂ ਵਿਚੋਂ ਚੇਲੇ ਲੱਭਦਾ-ਲੱਭਦਾ ਉਹ ਇਸ ਤਰ੍ਹਾਂ ਚੁਪਕੇ ਖਿਸਕ ਜਾਏਗਾ, ਕਦੇ ਸੋਚਿਆ ਹੀ ਨਹੀਂ ਸੀ।

ਸੁਣਦਾ ਹੁੰਦਾ ਤਾਂ ਦੱਸਣਾ ਸੀ ਕਿ ਯਾਰਾਂ ਦਾ ਅਪਰੈਲ ਫੂਲ ਬਣਾਉਣ ਦਾ ਇਹ ਕੀ ਤਰੀਕਾ



ਹੋਇਆ? ਯਾਰਾਂ ਲਈ ਫਿਕਰਮੰਦੀ ਦਾ ਇਹ ਆਲਮ ਸੀ ਕਿ ਇਕ ਵਾਰ ਉਸ ਨੇ ਮੈਨੂੰ ਭੱਜ ਕੇ ਬੱਸ ਚੜ੍ਹਦੇ ਨੂੰ ਦੇਖ ਲਿਆ ਸੀ ਤਾਂ ਕਹਿੰਦਾ ਕਿ ਅੱਗੇ ਤੋਂ ਇਸ ਤਰ੍ਹਾਂ ਨਹੀਂ ਕਰਨਾ, ਕਿਉਂਕਿ ਇਸ ਨਾਲ ਮੈਂ ਡਰ ਗਿਆ ਸੀ। ਬਹੁਤ ਸਮਾਂ ਬੀਤ ਗਿਆ ਹੈ ਕਿ ਬੱਸ 'ਤੇ ਚੜ੍ਹਨ ਦਾ ਮੌਕਾ ਹੀ ਨਹੀਂ ਮਿਲਿਆ ਪਰ ਬੱਸ 'ਤੇ ਚੜ੍ਹਦੀਆਂ ਉਤਰਦੀਆਂ ਸਵਾਰੀਆਂ ਨੂੰ ਦੇਖ ਕੇ ਮੈਨੂੰ ਕੁਲਵੰਤ ਚੇਤੇ ਆ ਜਾਂਦਾ ਹੈ। ਫੁਰਤੀ ਵੀ ਉਸ ਨੂੰ ਬਹੁਤ ਸੀ।

ਮੀਟਿੰਗ ਵਿਚ ਆਪਣੇ ਮਹਿਕਮੇ ਦੇ ਡਾਇਰੈਕਟਰ ਨਾਲ ਖਿਝ ਕੇ ਕਹਿੰਦਾ-'ਆਹ ਲੈ ਪੈੱਨ ਤੇ ਆਹ ਲੈ ਕਾਗਜ਼ ਤੇ ਉਡਾ ਲਿਖ ਕੇ ਦਿਖਾ'। ਸਵਾਲਾਂ ਜਵਾਬਾਂ ਦੇ ਭੇੜ ਵਿਚ ਸੁੰਨ ਵਰਤਾਉਂਦਾ ਇਹ ਫਿਕਰਾ ਅਕਸਰ ਦੁਹਰਾਇਆ ਜਾਂਦਾ ਰਿਹਾ ਹੈ। ਜਾਂਦਾ-ਜਾਂਦਾ ਵੀ ਉਹ ਦੱਸ ਗਿਆ ਹੈ ਕਿ ਉਹ ਪਹਿਲੀ ਵਾਰ ਕਾਰ ਦੀ ਪਿਛਲੀ ਸੀਟ 'ਤੇ ਬੈਠਣ ਦੀ ਥਾਂ ਲੰਮਾ ਪਿਆ ਕਿ ਮੁੜ ਕੇ ਉਠਿਆ ਹੀ ਨਹੀਂ। ਜਿਨ੍ਹਾਂ ਨੂੰ ਪਤਾ ਹੈ ਕਿ ਕਾਰ ਵਿਚ ਸਦਾ ਉਹ ਫਰੰਟ ਸੀਟ 'ਤੇ ਹੀ ਬੈਠਦਾ ਹੁੰਦਾ ਸੀ, ਉਨ੍ਹਾਂ ਨੂੰ ਆਖਰੀ ਸਫਰ ਯਾਦ ਕਰਵਾ ਰਿਹਾ ਹਾਂ। ਉਸ ਦੀਆਂ ਯਾਦਾਂ ਨੂੰ ਗੁੰਦਣ ਦੀ ਅਸਮਰੱਥਾ ਵੀ ਤਾਂ ਸ਼ਰਧਾਂਜਲੀ ਵਾਂਗ ਹੀ ਸਮਝਣੀ ਚਾਹੀਦੀ ਹੈ।

ਮੇਰੇ ਦਫਤਰ ਵਰਲਡ ਪੰਜਾਬੀ ਸੈਂਟਰ ਪਟਿਆਲਾ ਵਿਚ ਜੁੜੀਆਂ ਮਹਿਫਲਾਂ ਦੇ ਰੰਗ ਭੁਲਾਇਆਂ ਭੁੱਲਣ ਵਾਲੇ ਨਹੀਂ ਹਨ। ਚਾਹ ਦੀਆਂ ਚੁਸਕੀਆਂ ਤੇ ਅਕਾਦਮਿਕ ਬਿਰਧ ਘਰ ਵਰਗੇ ਮਾਹੌਲ ਵਿਚ ਜਿਹੋ ਜਿਹੀ ਚਰਚਾ ਹੁੰਦੀ ਸੀ, ਉਹ ਭੂਤ ਅਤੇ ਭਵਿੱਖ ਦਾ ਵਰਤਮਾਨ ਉਸਾਰਨ ਦੇ ਸਿੱਖ ਪ੍ਰਸੰਗ ਵਰਗੀ ਹੁੰਦੀ ਸੀ।

ਇਸ 'ਤੇ ਸਰਬਜਿੰਦਰ ਦੀ ਟਿਪਣੀ ਸੀ ਕਿ ਭਾਅ ਜੀ ਦੀ ਡਾਇਰੈਕਟਰੀ ਨੇ ਮੇਰੇ ਵਿਭਾਗ ਨੂੰ ਬਿਰਧ ਘਰ ਹੋਣ ਤੋਂ ਬਚਾ ਲਿਆ ਹੈ। ਇਸ ਗਹਿਮਾ ਗਹਿਮੀ ਵਿਚ ਕਦੇ ਚੇਤਾ ਹੀ ਨਹੀਂ ਆਇਆ ਸੀ ਕਿ 'ਅਚਿੰਤੇ ਬਾਜ' ਇਸ ਤਰ੍ਹਾਂ ਵੀ ਪੈ ਸਕਦੇ ਹਨ। ਉਹ ਨਹੀਂ ਰਿਹਾ ਤਾਂ ਲਗਦਾ ਹੈ ਕਿ ਮਾਨੋ ਪਟਿਆਲੇ ਦੀ ਸਨਾਤਨੀ ਸੰਵੇਦਨਾ ਉਡਾਰੀ ਮਾਰ ਗਈ ਹੈ।

ਚੰਗੀਆਂ ਦੇਹਾਂ ਆਪਣਿਆਂ ਲਈ ਉਸੇ ਤਰ੍ਹਾਂ ਪੈੜਾਂ ਛੱਡ ਜਾਂਦੀਆਂ ਹਨ, ਜਿਵੇਂ ਜਿਊਂਦੇ ਜੀਅ ਪੈੜਾਂ ਪਾਉਂਦੀਆਂ ਰਹੀਆਂ ਹੋਣ। ਇਸ ਦਾ ਲਾਹਾ ਸਬੰਧਤ ਉਸੇ ਮਾਤਰਾ ਵਿਚ ਲੈਂਦੇ ਰਹਿੰਦੇ ਹਨ ਜਿਸ ਮਾਤਰਾ ਵਿਚ ਉਹ ਦੇਹ ਨਾਲ ਜੁੜੇ ਰਹੇ ਹੁੰਦੇ ਹਨ। ਤਸਵੀਰ-ਏ-ਜਾਨਾਂ ਨੂੰ ਜੋ ਅੰਦਰ ਉਤਾਰ ਸਕਦੇ ਹਨ, ਉਹ ਲੋੜ ਪੈਣ 'ਤੇ ਕਾਵਿਕ ਸਹੂਲਤ ਦੇ ਆਸਰੇ ਵਿਛੜਿਆਂ ਨਾਲ ਜੁੜੇ ਰਹਿੰਦੇ ਹਨ। ਕੁਲਵੰਤ ਦੀਆਂ ਪੁਸਤਕਾਂ ਇਸ ਵਿਚ ਸਹਾਇਕ ਹੋ ਸਕਦੀਆਂ ਹਨ:

ਇਕ ਪਲ ਜਾਗੇ ਵੇਦਨਾ  
ਸਾਡੇ ਲਖ ਪਲ ਹੋਣ ਹਰੇ  
ਸੁਣ ਤਿਲ ਕਲੀਏ ਖਿੜਦੀਏ  
ਤੂੰ ਕਿਉਂ ਨੈਣ ਭਰੇ।

ਬਿੰਬਾਂ ਰਾਹੀਂ ਸਮਕਾਲੀ ਯਥਾਰਥ ਨੂੰ ਫੜਦਿਆਂ ਕੁਲਵੰਤ ਗਰੇਵਾਲ ਆਪਣੇ ਕਾਵਿਕ ਪ੍ਰਸੰਗਾਂ ਦੇ ਦਰਵਾਜ਼ੇ ਖੁੱਲ੍ਹੇ ਰੱਖਦਾ ਸੀ। ਉਸ ਨੂੰ ਸਮਝਣ ਦੀ ਲੈਅ ਫੜ ਕੇ ਹੀ ਉਸ ਦੀਆਂ ਉਡਾਰੀਆਂ ਨਾਲ ਉਡਿਆ ਜਾ ਸਕਦਾ ਹੈ।

### ਪ੍ਰੋ. ਕੁਲਵੰਤ ਸਿੰਘ ਗਰੇਵਾਲ ਦੀ ਕਵਿਤਾ

## ਮਾਹੀਆ

ਪੰਜਾਬੀ ਰਾਣੀ ਆਂ  
ਪੁੱਤਰੋ ਵੇ ਕਿਉਂ ਲੜਦੇ  
ਮੈਂ ਹੀ ਮਰ ਜਾਣੀ ਆਂ

ਮੁੱਲਾਂ ਭੰਗ 'ਚੋਂ ਉਠਾ ਠਾਣਾ  
ਰੀਤ ਪੰਜਾਬਾਂ ਦੀ  
ਮੇਲਾ ਭਰਿਆ ਛੱਡ ਜਾਣਾ

ਮੁੱਲਾਂ ਆਪਣਾ ਗੁਨਾਹ ਕੋਈ ਨਾ  
ਰਾਂਝੇ ਨੂੰ ਰੱਬ ਬਖਸ਼ੇ  
ਖੇੜਿਆਂ ਦਾ ਵਸਾਹ ਕੋਈ ਨਾ

ਅਸੀਂ ਘਰ ਮੁੜ ਆਵਾਂਗੇ  
ਮਾਹੀਏ ਦਾ ਚੰਨ ਚੁੰਮ ਕੇ  
ਪੰਜਾਬ ਨੂੰ ਗਾਵਾਂਗੇ

ਦਿਲ ਟੁੱਟਦੇ ਹਵਾਵਾਂ ਦੇ  
ਬੂੰਦ ਬੂੰਦ ਤਰਸ ਗਏ  
ਅਸੀਂ ਪੁੱਤ ਦਰਿਆਵਾਂ ਦੇ।

# ਅਮਰੀਕੀ ਫੌਜ ਦੇ ਪਹਿਲੇ ਸਿੱਖ ਕਰਨਲ ਡਾ. ਅਰਜਿੰਦਰਪਾਲ ਸਿੰਘ ਸੇਖੋਂ ਨਹੀਂ ਰਹੇ

**ਅੰਮ੍ਰਿਤਸਰ:** ਅਮਰੀਕੀ ਫੌਜ ਦੇ ਪਹਿਲੇ ਸਿੱਖ ਕਰਨਲ ਡਾ. ਅਰਜਿੰਦਰ ਸਿੰਘ ਸੇਖੋਂ ਲੰਘੀ 12 ਅਪਰੈਲ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਤੋਂ 1964 ਵਿਚ ਹਾਇਰ ਸੈਕੰਡਰੀ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ 1965 ਵਿਚ ਪ੍ਰੀ-ਮੈਡੀਕਲ ਕਰਕੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਐਮ. ਬੀ. ਬੀ. ਐਸ. ਕੀਤੀ। ਉਸ ਸਮੇਂ ਉਨ੍ਹਾਂ ਦੇ ਪਿਤਾ ਸ. ਅਜਾਇਬ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਡੀ. ਪੀ. ਈ. ਸਨ। ਉਨ੍ਹਾਂ ਦਾ ਜੱਦੀ ਪੁਸ਼ਤੀ ਪਿੰਡ ਰਈਆ (ਅੰਮ੍ਰਿਤਸਰ) ਦੇ ਲਾਗਲੇ ਪਿੰਡ ਵਡਾਲਾ ਕਲਾਂ ਹੈ।

ਉਹ 1973 ਵਿਚ ਅਮਰੀਕਾ ਚਲੇ ਗਏ। ਉਥੇ ਇੰਟਰਨਲ ਮੈਡੀਸਨ ਪਲਮੋਨਰੀ ਮੈਡੀਸਨ ਸਪੈਸ਼ਲਿਸਟ ਭਾਵ ਫੇਫੜਿਆਂ ਦੇ ਮਾਹਰ ਹੋਣ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਨੇ ਯੂ. ਐਸ. ਆਰਮੀ ਵਾਰ ਕਾਲਜ ਐਂਡ ਸਟਰੈਟਿਕ ਸਟੱਡੀਜ਼ ਦੀ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ ਤੇ ਯੂਨਾਈਟਿਡ ਸਟੇਟਸ ਆਫ ਨਾਰਥਨ ਕੈਲੀਫੋਰਨੀਆ ਲਾਅ ਸਕੂਲ ਤੋਂ ਜੂਰਿਸਟ ਦੀ ਡਿਗਰੀ ਪ੍ਰਾਪਤ ਕੀਤੀ। ਇਸੇ ਤਰ੍ਹਾਂ ਫੌਜ ਵਿਚ ਰਹਿੰਦੇ ਹੋਏ ਉਹ ਪਹਿਲੇ ਸਿੱਖ ਕਰਨਲ ਹਨ, ਜਿਨ੍ਹਾਂ ਦਾ ਨਾਂ ਯੂਨਾਈਟਿਡ ਸਟੇਟਸ ਕਾਂਗਰਸ ਲਾਇਬ੍ਰੇਰੀ ਵਿਚ ਬਤੌਰ ਬਟਾਲੀਅਨ ਕਮਾਂਡਰ ਦਰਜ ਕੀਤਾ ਗਿਆ। ਉਹ ਪੰਜ ਸਾਲ ਦੇ ਸਨ, ਜਦ ਉਨ੍ਹਾਂ ਅੰਮ੍ਰਿਤਪਾਨ ਕੀਤਾ ਤੇ ਅਖੀਰ ਤੀਕ ਤੋੜ ਨਿਭਾਇਆ। ਉਹ ਪਿਛਲੇ ਕਈ ਸਾਲਾਂ ਤੋਂ ਬੀਮਾਰ ਚਲੇ ਆ ਰਹੇ ਸਨ।



ਉਨ੍ਹਾਂ ਦੀ ਯੋਗਤਾ ਨੂੰ ਵੇਖਦਿਆਂ ਉਨ੍ਹਾਂ ਨੂੰ ਅਮੈਰਿਕਨ ਕਾਲਜ ਆਫ ਫਿਜ਼ੀਸ਼ੀਅਨਜ਼, ਅਮੈਰਿਕਨ ਕਾਲਜ ਆਫ ਚੈਸਟ ਫਿਜ਼ੀਸ਼ੀਅਨਜ਼ ਅਤੇ ਅਮੈਰਿਕਨ ਕਾਲਜ ਆਫ ਐਨਜੀਓਲੋਜੀ ਦੀ ਫੈਲੋਸ਼ਿਪ ਦਿੱਤੀ ਗਈ। ਉਨ੍ਹਾਂ ਯੂਨੀਵਰਸਿਟੀ ਆਫ ਨਾਰਥਰਨ ਕੈਲੀਫੋਰਨੀਆ ਲਾਅ ਸਕੂਲ ਤੋਂ ਜੂਰਿਸਟ ਡਿਗਰੀ ਅਤੇ ਯੂਨਾਈਟਿਡ ਸਟੇਟਸ ਆਰਮੀ ਵਾਰ ਕਾਲਜ ਐਂਡ ਸਟਰੈਟਿਕ ਸਟੱਡੀਜ਼ ਤੋਂ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ।

ਫੌਜ ਵਿਚ ਵੀ ਉਨ੍ਹਾਂ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਿਆ। ਉਨ੍ਹਾਂ ਫਲਾਇਟ ਸਰਜਨ ਦੀ ਗ੍ਰੈਜੂਏਸ਼ਨ ਦੀ ਡਿਗਰੀ ਯੂਨਾਈਟਿਡ ਸਟੇਟਸ ਆਰਮੀ ਕਾਲਜ ਆਫ ਏਵੀਏਸ਼ਨ ਮੈਡੀਸਨ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੈਸ਼ਨਲ ਸਿਕਿਉਰਿਟੀ ਸਟਰੈਟਜੀ ਕੋਰਸ ਦੀ ਗਰੈਜੂਏਸ਼ਨ, ਨੈਸ਼ਨਲ ਡਿਫੈਂਸ ਯੂਨੀਵਰਸਿਟੀ ਤੋਂ ਕੀਤੀ। ਨੈਸ਼ਨਲ ਡਿਫੈਂਸ ਸਟਰੈਟਜੀ ਕੋਰਸ ਦੀ ਗਰੈਜੂਏਸ਼ਨ ਉਨ੍ਹਾਂ ਆਰਮੀ ਵਾਰ ਕਾਲਜ ਤੋਂ ਕੀਤੀ। ਉਨ੍ਹਾਂ ਸਾਈਕੋਲੋਜੀਕਲ ਵਾਰਫੇਅਰ ਅਫਸਰ, ਸਿਵਲ-ਮਿਲਟਰੀ ਅਪਰੇਸ਼ਨ ਅਫਸਰ ਬਣਨ ਤੇ ਹੋਰ ਖੇਤਰਾਂ ਵਿਚ ਮੁਹਾਰਤ ਹਾਸਲ ਕਰਨ ਲਈ ਵੱਖ-ਵੱਖ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਪੜ੍ਹਾਈ ਕੀਤੀ, ਜਿਨ੍ਹਾਂ ਵਿਚ ਜੋਹਨ ਐਫ ਕੈਨੇਡੀ ਸਕੂਲ ਆਫ ਸਪੈਸ਼ਲ ਵਾਰਫੇਅਰ ਸੈਂਟਰ, ਯੂਨਾਈਟਿਡ ਸਟੇਟਸ ਮਰੀਨ ਕਾਰਪਸ ਕਮਾਂਡ ਐਂਡ ਸਟਾਫ ਕਾਲਜ, ਯੂਨਾਈਟਿਡ ਸਟੇਟਸ ਆਰਮੀ ਕਮਾਂਡ ਐਂਡ ਜਨਰਲ ਸਟਾਫ ਕਾਲਜ, ਯੂਨਾਈਟਿਡ ਸਟੇਟਸ ਏਅਰ ਫੋਰਸ ਏਅਰ ਵਾਰ ਕਾਲਜ ਸ਼ਾਮਲ ਹਨ। ਇੰਜ ਉਹ ਅਮਰੀਕੀ ਫੌਜ ਵਿਚ ਆਪਣੇ ਸਮੇਂ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਿਅਕਤੀ ਸਨ।

ਡਾ. ਸੇਖੋਂ ਸੰਨ 1982 ਵਿਚ ਅਮਰੀਕੀ ਫੌਜ ਵਿਚ ਭਰਤੀ ਹੋਏ ਸਨ। ਉਹ ਪਹਿਲਾ ਭਾਰਤੀ ਡਾਕਟਰ ਸਿੱਖ ਹਨ, ਜੋ ਅਮਰੀਕੀ ਫੌਜ ਵਿਚ ਕਰਨਲ ਰੈਂਕ ਤਕ ਅੱਪੜੇ ਤੇ 25 ਸਾਲ ਦੀ ਨੌਕਰੀ ਪਿੱਛੋਂ 30 ਜਨਵਰੀ 2009 ਨੂੰ ਸੇਵਾਮੁਕਤ ਹੋਏ। ਅਮਰੀਕਾ ਵਿਚ ਉਹ ਕਰਨਲ ਸੇਖੋਂ ਦੇ ਨਾਂ ਨਾਲ ਮਸ਼ਹੂਰ ਸਨ। ਉਹ ਪਹਿਲੇ ਭਾਰਤੀ ਸਿੱਖ ਸਨ, ਜਿਸ ਨੂੰ 6 ਵਾਰ ਵੱਖ-ਵੱਖ 5 ਬਟਾਲੀਅਨਾਂ ਅਤੇ ਇੱਕ ਵਿਸ਼ੇਸ਼ ਆਪਰੇਸ਼ਨ ਬ੍ਰਿਗੇਡ ਦੀ ਕਮਾਂਡ ਕਰਨ ਲਈ ਚੁਣਿਆ ਗਿਆ। ਉਨ੍ਹਾਂ ਸਾਲ 1991 ਵਿਚ ਪਰਸ਼ੀਅਨ ਗਲਫ ਵਾਰ ਤੇ ਬਾਅਦ ਵਿਚ ਸਾਲ 2003 ਵਿਚ ਇਰਾਕ ਅਤੇ ਅਫਗਾਨਿਸਤਾਨ ਦੀ ਲੜਾਈ ਵਿਚ ਭਾਗ ਲਿਆ। ਉਸ ਨੂੰ ਪ੍ਰੈਜ਼ੀਡੈਂਟ ਯੂਨਿਟ ਸਾਈਟੇਸ਼ਨ, ਜੁਆਇੰਟ ਮੈਰੀਟੋਰੀਅਸ ਯੂਨਿਟ ਪੁਰਸਕਾਰ, ਆਰਮੀ ਫਲਾਇਟ ਸਰਜਨ ਬੈਜ, 6 ਆਰਮੀ ਕੌਮੈਂਡੇਸ਼ਨ ਮੈਡਲ, 2 ਨੈਸ਼ਨਲ ਡੀਫੈਂਸ ਮੈਡਲ, 2 ਆਰਮੀ ਅਚੀਵਮੈਂਟ ਮੈਡਲ ਅਤੇ ਇੱਕ ਗਲੋਬਲ ਵਾਰ ਅਗੇਂਸਟ ਟੈਰਿਜ਼ਮ ਮੈਡਲ ਨਾਲ ਨਿਵਾਜਿਆ ਗਿਆ। ਸੁਰੱਖਿਆ ਵਿਭਾਗ ਦੇ ਸੈਕਟਰੀ ਨੇ ਸ਼ੀਤ ਯੁੱਧ ਵਿਚ ਭਾਗ ਲੈਣ ਅਤੇ ਜਿੱਤ ਪ੍ਰਾਪਤ ਕਰਨ ਲਈ ਉਸ ਨੂੰ 'ਸਰਟੀਫਿਕੇਟ ਆਫ ਅਚੀਵਮੈਂਟ' ਪ੍ਰਦਾਨ ਕੀਤਾ। ਸਾਲ 1998 ਵਿਚ ਉਨ੍ਹਾਂ ਦੀ ਬਟਾਲੀਅਨ ਨੇ ਹੀ ਉਨਾਂ ਦੀ ਅਗਵਾਈ ਵਿਚ ਐਕਸਰਸਾਇਜ਼ ਔਪਟੀਮਮ ਫੋਕਸ ਪਾਸ ਕੀਤਾ। ਬਤੌਰ ਪਾਇਲਟ ਉਨ੍ਹਾਂ ਇੱਕ ਇੰਜਣ ਵਾਲੇ ਜਹਾਜ, ਕਈ ਇੰਜਣਾਂ ਵਾਲੇ ਜਹਾਜ ਅਤੇ ਜੰਗ ਵਿਚ ਵਰਤੇ ਜਾਂਦੇ ਹੈਲੀਕਾਪਟਰ ਉਡਾਏ ਹਨ।

ਅੱਜ ਉਹ ਭਾਵੇਂ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਦੇ ਕੀਤੇ ਕਾਰਨਾਮਿਆਂ ਕਰਕੇ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# ਅਮਰੀਕਾ ਵਿਚ ਹੋ ਰਹੀ 'ਸੱਮਿਟ ਔਨ ਕਲਾਈਮੇਟ'

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ 22 ਅਪਰੈਲ ਨੂੰ 'ਸੱਮਿਟ ਔਨ ਕਲਾਈਮੇਟ' ਨਾਂ ਦੀ ਦੋ-ਰੋਜ਼ਾ ਵਰਚੁਅਲ ਮੀਟਿੰਗ ਦਾ ਆਯੋਜਨ ਕੀਤਾ ਹੈ, ਜਿਸ ਵਿਚ 40 ਦੇਸ਼ਾਂ ਦੇ ਨੇਤਾਵਾਂ ਨੂੰ ਸੱਦਾ ਦਿੱਤਾ ਗਿਆ ਹੈ। ਸੱਦੇ ਗਏ ਨੇਤਾਵਾਂ ਵਿਚ ਚੀਨ, ਰਸ਼ੀਅਨ ਫੈਡਰੇਸ਼ਨ ਅਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ, ਭਾਰਤ, ਆਸਟਰੇਲੀਆ, ਫਰਾਂਸ, ਅਤੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ, ਯੂਰਪੀਅਨ ਕੌਂਸਲ ਅਤੇ ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਸਮੇਤ ਕੁਝ ਹੋਰ ਯੂਰਪ, ਦੱਖਣੀ ਤੇ ਉੱਤਰੀ ਅਮਰੀਕਾ, ਅਫਰੀਕਾ, ਏਸ਼ੀਆ, ਮਿਡਲ-ਈਸਟ ਅਤੇ ਛੋਟੇ ਛੋਟੇ ਟਾਪੂਆਂ ਵਾਲੇ ਦੇਸ਼ਾਂ ਦੇ ਆਗੂ ਵੀ ਸ਼ਾਮਲ ਹਨ। ਜੋਅ ਬਾਇਡਨ ਨੇ ਮੀਟਿੰਗ ਵਿਚ ਸੱਦੇ ਗਏ ਦੇਸ਼ਾਂ ਦੇ ਆਗੂਆਂ ਨੂੰ ਇਹ ਅਪੀਲ ਵੀ ਕੀਤੀ ਹੈ ਕਿ ਉਨ੍ਹਾਂ ਨੇ 2015 ਵਿਚ ਪੈਰਿਸ



ਡਾ. ਗੁਰਿੰਦਰ ਕੌਰ

ਮੌਸਮੀ ਸਮਝੌਤੇ ਵਿਚ ਆਪਣੇ ਦੇਸ਼ ਦੇ ਆਰਥਿਕ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਕਾਰਬਨ ਨਿਕਾਸੀ ਦੀ ਜਿਹੜੀ ਵਿਉਂਤਬੰਦੀ (ਰੂਪਰੇਖਾ) ਭੇਜੀ ਸੀ, ਉਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਕਾਰਬਨ ਦੀ ਨਿਕਾਸੀ ਵਿਚ ਕਟੌਤੀ ਦੀ ਫੀਸਦੀ ਮਾਤਰਾ ਵਿਚ ਵਾਧਾ ਕਰਨ।

2015 ਵਿਚ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਰਾਕ ਉਬਾਮਾ ਨੇ ਪੈਰਿਸ ਮੌਸਮੀ ਸਮਝੌਤੇ ਵਿਚ ਅਮਰੀਕਾ ਨੂੰ ਮੌਸਮੀ ਤਬਦੀਲੀਆਂ ਨਾਲ ਸਿੱਝਣ ਲਈ ਮੋਢੀ ਦੇ ਤੌਰ 'ਤੇ ਉਭਾਰਿਆ ਸੀ। ਉਸ ਤੋਂ ਬਾਅਦ 2017 ਵਿਚ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੱਤਾ ਵਿਚ ਆਉਂਦੇ ਸਾਰ ਪੈਰਿਸ ਮੌਸਮੀ ਸਮਝੌਤੇ ਵਿਚੋਂ ਬਾਹਰ ਨਿਕਲਣ ਦਾ ਐਲਾਨ ਕਰ ਦਿੱਤਾ ਸੀ। ਇਨ੍ਹਾਂ 4 ਸਾਲਾਂ ਵਿਚ ਅਮਰੀਕਾ ਨੇ ਕਾਰਬਨ ਨਿਕਾਸੀ ਵਿਚ ਵਾਧਾ ਦਰਜ ਕੀਤਾ, ਕਿਉਂਕਿ ਟਰੰਪ ਨੇ ਆਪਣੇ ਕਾਰਜਕਾਲ ਵਿਚ ਕੋਲੇ ਨਾਲ ਚੱਲਣ ਵਾਲੇ ਪਲਾਂਟਾਂ, ਤੇਲ-ਸੋਧਕ ਕਾਰਖਾਨਿਆਂ ਵਰਗੇ




ਵੱਧ ਕਾਰਬਨ ਨਿਕਾਸੀ ਕਰਨ ਵਾਲੇ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਦੇ ਨਾਲ ਨਾਲ 100 ਤੋਂ ਉੱਪਰ ਵਾਤਾਵਰਨ ਸਾਂਭ-ਸੰਭਾਲ ਕਾਨੂੰਨ ਵੀ ਰੱਦ ਕਰ ਦਿੱਤੇ ਸਨ।

ਨਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਹੀ ਪੈਰਿਸ ਮੌਸਮੀ ਸਮਝੌਤੇ ਵਿਚ ਮੁੜ ਸ਼ਾਮਲ ਹੋਣ ਦੀ ਸੰਯੁਕਤ ਰਾਸ਼ਟਰ ਨੂੰ ਦਰਖਾਸਤ ਭੇਜੀ, ਜਿਸ ਨੂੰ ਉਸੇ ਦਿਨ ਪ੍ਰਵਾਨ ਵੀ ਕਰ ਲਿਆ ਗਿਆ। ਅਸਲ ਵਿਚ ਜੋਅ ਬਾਇਡਨ ਇਸ ਮਸਲੇ ਵਿਚ ਅਮਰੀਕਾ ਨੂੰ ਫਿਰ ਤੋਂ ਮੋਢੀ ਵਜੋਂ ਉਭਾਰਨਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੇ ਪੈਰਿਸ ਮੌਸਮੀ ਸਮਝੌਤੇ ਨੂੰ ਅਗਾਂਹ ਤੋਰਨ ਲਈ ਯੂਨਾਈਟਡ ਕਿੰਗਡਮ ਅਤੇ ਇਟਲੀ ਦੇ ਸਹਿਯੋਗ ਨਾਲ ਗਲਾਸਗੋ ਵਿਚ ਪਹਿਲੀ ਤੋਂ 12 ਨਵੰਬਰ ਤੱਕ ਹੋਣ ਵਾਲੀ ਕਾਨਫਰੰਸ ਆਫ ਪਾਰਟੀਜ਼ 26 ਤੋਂ ਪਹਿਲਾਂ ਇਸ ਵਰਚੂਅਲ ਮੀਟਿੰਗ ਦਾ ਸੱਦਾ ਦਿੱਤਾ ਹੈ ਤਾਂਕਿ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਦੱਸਿਆ ਜਾਵੇ ਕਿ ਅਮਰੀਕਾ ਹਾਲੇ ਵੀ ਉਨ੍ਹਾਂ ਦੀ ਅਗਵਾਈ ਕਰ ਰਿਹਾ ਹੈ।

ਪੈਰਿਸ ਮੌਸਮੀ ਸਮਝੌਤੇ ਵਿਚ ਅਮਰੀਕਾ ਦੇ ਬਾਹਰ ਨਿਕਲਣ ਦੇ ਐਲਾਨ ਨਾਲ ਯੂਰਪੀਨ ਦੇਸ਼ਾਂ ਤੋਂ ਇਲਾਵਾ ਦੁਨੀਆਂ ਦੇ ਕਿਸੇ ਵੀ ਦੇਸ਼ ਨੇ, ਖਾਸ ਕਰਕੇ ਅਮਰੀਕਾ ਸਮੇਤ ਚੀਨ, ਭਾਰਤ, ਰਸ਼ੀਅਨ ਫੈਡਰੇਸ਼ਨ, ਜਾਪਾਨ, ਕੈਨੇਡਾ, ਇੰਡੋਨੇਸ਼ੀਆ, ਦੱਖਣੀ ਕੋਰੀਆ, ਸਾਊਦੀ ਅਰਬ ਅਤੇ ਕੁਝ ਹੋਰ ਵੱਧ ਕਾਰਬਨ ਨਿਕਾਸੀ ਕਰਨ ਵਾਲੇ ਦੇਸ਼ਾਂ ਨੇ 'ਪੈਰਿਸ ਮੌਸਮੀ ਸਮਝੌਤੇ' ਨੂੰ ਸੰਜੀਦਗੀ ਨਾਲ ਅਮਲ ਵਿਚ ਨਹੀਂ ਲਿਆਂਦਾ। ਨਤੀਜੇ ਵਜੋਂ 2015 ਤੋਂ 2020 ਤੱਕ ਦੇ 6 ਸਾਲ ਹੁਣ ਤੱਕ ਦੇ ਰਿਕਾਰਡ ਅਨੁਸਾਰ ਸਭ ਤੋਂ ਗਰਮ ਸਾਲ ਰਹੇ ਹਨ। ਨੋਆ ਦੀ 2020 ਦੀ ਇਕ ਰਿਪੋਰਟ ਅਨੁਸਾਰ ਸਾਲ 2020 ਵਿਚ ਉੱਤਰੀ ਅਰਧ ਗੋਲੇ ਦਾ ਔਸਤ ਤਾਪਮਾਨ ਪਿਛਲੇ 141 ਸਾਲਾਂ ਵਿਚ ਸਭ ਤੋਂ ਜ਼ਿਆਦਾ ਰਿਹਾ ਹੈ, ਜੋ ਉਦਯੋਗਿਕ ਇਨਕਲਾਬ ਦੇ ਔਸਤ ਤਾਪਮਾਨ ਤੋਂ 1.28 ਡਿਗਰੀ ਸੈਲਸੀਅਸ ਵੱਧ ਹੈ। ਕੋਵਿਡ-19 ਅਤੇ ਲਾ-ਨੀਨਾ ਸਾਲ ਹੋਣ ਦੇ ਬਾਵਜੂਦ 2020 ਵਿਚ ਯੂਰਪ ਅਤੇ ਏਸ਼ੀਆ ਮਹਾਂਦੀਪਾਂ ਦੇ ਔਸਤ ਤਾਪਮਾਨ ਵਿਚ 2 ਡਿਗਰੀ ਸੈਲਸੀਅਸ ਵਾਧਾ ਆਂਕਿਆ ਗਿਆ ਹੈ। ਆਸਟਰੇਲੀਆ, ਦੱਖਣੀ ਅਮਰੀਕਾ, ਉੱਤਰੀ ਅਮਰੀਕਾ ਦੇ ਦੱਖਣੀ ਭਾਗਾਂ ਵਿਚ ਅਤੇ ਅੰਧ, ਸ਼ਾਂਤ, ਹਿੰਦ ਤਿੰਨੇ ਮਹਾਂਸਾਗਰਾਂ ਦਾ ਤਾਪਮਾਨ ਵੀ ਔਸਤ ਨਾਲੋਂ ਉੱਚਾ ਰਿਹਾ ਹੈ। ਆਰਕਟਿਕ ਉਤਲਾ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਨਾਲੋਂ 3 ਗੁਣਾ ਵਧ ਗਿਆ ਹੈ। ਸਾਇਬੇਰੀਆ ਵਿਚ ਜੂਨ 2020 ਦਾ ਔਸਤ ਤਾਪਮਾਨ 30 ਡਿਗਰੀ ਸੈਲੀਅਸ ਵੱਧ ਰਿਕਾਰਡ ਕੀਤਾ ਗਿਆ। ਤਾਪਮਾਨ ਦੇ ਵਾਧੇ ਕਾਰਨ ਕੈਲੀਫੋਰਨੀਆ, ਸਾਇਬੇਰੀਆ ਅਤੇ ਆਸਟਰੇਲੀਆ ਦੇ ਜੰਗਲ 2020 ਵਿਚ ਭਿਆਨਕ ਅੱਗ ਦੀ ਲਪੇਟ ਵਿਚ ਆਏ ਰਹੇ।

2014 ਵਿਚ ਪਹਿਲੀ ਵਾਰ ਆਈ. ਪੀ. ਸੀ. ਸੀ. ਦੀ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਸੀ ਕਿ ਮਨੁੱਖੀ ਗਤੀਵਿਧੀਆਂ ਕਾਰਨ ਧਰਤੀ ਉੱਤਲਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। ਵੱਖ ਵੱਖ ਵਿਗਿਆਨੀਆਂ ਦੀਆਂ ਖੋਜਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਮਨੁੱਖ ਨੇ ਆਪਣੀਆਂ ਲਾਲਸਾਵਾਂ ਨੂੰ ਪੂਰਾ ਕਰਨ ਲਈ ਧਰਤੀ ਉੱਤੇ ਵਿਚਰ ਰਹੇ ਹਰ ਤਰ੍ਹਾਂ ਦੇ ਜੈਵਿਕਾਂ (ਬਨਸਪਤੀ ਤੋਂ ਲੈ ਕੇ ਹਰ ਤਰ੍ਹਾਂ ਦੇ ਜੀਵ-ਜੰਤੂਆਂ) ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਖੇਤੀਬਾੜੀ ਖੇਤਰ ਦੇ ਵਿਕਾਸ ਕਾਰਨ ਪਿਛਲੇ 11,000 ਸਾਲਾਂ ਦੇ ਅਰਸੇ ਵਿਚ ਕੁਦਰਤੀ ਬਨਸਪਤੀ ਲਗਭਗ ਅੱਧੀ ਰਹਿ ਗਈ ਹੈ। ਧਰਤੀ ਦਾ ਦੋ-ਤਿਹਾਈ ਹਿੱਸਾ ਮਨੁੱਖੀ ਆਬਾਦੀ ਨੇ ਆਪਣੇ ਅਨੁਸਾਰ ਬਦਲ ਦਿੱਤਾ ਹੈ। ਲਗਭਗ 85 ਫੀਸਦੀ ਜਲਗਾਹਾਂ ਪਿਛਲੇ 300 ਸਾਲਾਂ ਵਿਚ ਖਤਮ ਹੋ ਗਈਆਂ ਹਨ ਤੇ 65 ਫੀਸਦੀ ਸਮੁੰਦਰੀ ਖੇਤਰ ਨੂੰ ਮਨੁੱਖ ਨੇ ਆਪਣੀਆਂ ਕਾਰਗੁਜ਼ਾਰੀਆਂ ਨਾਲ ਬਦਲ ਦਿੱਤਾ ਹੈ। ਪਿਛਲੇ 200 ਸਾਲਾਂ ਵਿਚ 50 ਫੀਸਦੀ ਮੂੰਗਾ-ਭਿੱਤੀਆਂ ਖਤਮ ਹੋ ਗਈਆਂ ਹਨ। ਪਿਛਲੇ ਪੰਜ ਦਹਾਕਿਆਂ ਵਿਚ ਜੰਗਲੀ ਜੀਵ-ਜੰਤੂਆਂ ਦੀ 68 ਫੀਸਦੀ ਆਬਾਦੀ ਘਟ ਗਈ ਹੈ। ਤਾਜ਼ੇ ਪਾਣੀ ਵਿਚ ਰਹਿਣ ਵਾਲੇ ਜੀਵ-ਜੰਤੂਆਂ ਦੀਆਂ ਤਾਂ ਲਗਪਗ 84 ਫੀਸਦੀ ਪ੍ਰਜਾਤੀਆਂ ਹੀ ਧਰਤੀ ਤੋਂ ਖਤਮ ਹੋ ਗਈਆਂ ਹਨ। ਮਨੁੱਖੀ ਆਬਾਦੀ ਤੇਜ਼ੀ ਨਾਲ ਵਧਦੀ ਹੋਈ ਪਿਛਲੇ 120 ਸਾਲਾਂ 'ਚ 1.6 ਬਿਲੀਅਨ (1900) ਤੋਂ 7.8 ਬਿਲੀਅਨ (2020) ਹੋ ਗਈ ਹੈ।

ਮਨੁੱਖੀ ਗਤੀਵਿਧੀਆਂ ਦੇ ਨਾਲ ਨਾਲ ਵਧਦੀ ਹੋਈ ਮਨੁੱਖੀ ਆਬਾਦੀ, ਇਸ ਦੇ ਰਹਿਣ-ਸਹਿਣ ਦੇ ਤੌਰ-ਤਰੀਕੇ ਅਤੇ ਖਾਧ ਪਦਾਰਥਾਂ ਦੀ ਚੋਣ ਦੀ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਲਈ ਜ਼ਿੰਮੇਵਾਰ ਹਨ। ਅਰਡਨ ਡਾਇਰ ਦੀ ਇਕ ਖੋਜ ਅਨੁਸਾਰ ਦੁਨੀਆਂ ਦੀ ਸਿਰਫ ਇਕ ਫੀਸਦੀ ਆਬਾਦੀ ਹਵਾਈ ਸਫਰ ਰਾਹੀਂ ਪੈਦਾ ਹੋਣ ਵਾਲੀਆਂ ਕੁੱਲ ਗਰੀਨ-ਹਾਊਸ ਗੈਸਾਂ ਦਾ 50 ਫੀਸਦੀ ਨਿਕਾਸ ਕਰਦੀ ਹੈ। ਆਸਟਰੇਲੀਆ, ਅਮਰੀਕਾ, ਕੈਨੇਡਾ, ਦੱਖਣੀ ਕੋਰੀਆ ਅਤੇ ਰਸ਼ੀਅਨ ਫੈਡਰੇਸ਼ਨ ਦੇਸ਼ਾਂ ਦਾ ਹਰ ਵਿਅਕਤੀ ਆਪਣੇ ਰਹਿਣ-ਸਹਿਣ ਦੇ ਤੌਰ-ਤਰੀਕਿਆਂ ਰਾਹੀਂ ਕ੍ਰਮਵਾਰ 16.92, 16.56, 15.32, 12.89 ਅਤੇ 11.94 ਮੀਟਰਿਕ ਟਨ ਕਾਰਬਨ ਵਾਤਾਵਰਨ ਵਿਚ ਛੱਡਦਾ ਹੈ। ਅੱਜ ਕਲ੍ਹ ਖਾਧ-ਪਾਦਰਥਾਂ ਵਿਚ ਮਾਸਹਾਰੀ ਭੋਜਨ ਨੂੰ ਜ਼ਿਆਦਾ ਅਹਿਮੀਅਤ ਦਿੱਤੇ ਜਾਣ ਕਾਰਨ ਜੰਗਲਾਂ ਨੂੰ ਵੱਡੀ ਪੱਧਰ ਉੱਤੇ ਕੱਟ ਕੇ ਪਸ਼ੂਆਂ ਲਈ ਚਾਰਗਾਹਾਂ ਬਣਾਈਆਂ ਜਾਂਦੀਆਂ ਹਨ। ਖਾਧ-ਪਦਾਰਥਾਂ ਵਿਚ ਮਾਸ ਦੀ ਚੋਣ ਵਾਤਾਵਰਨ ਵਿਚ ਦੋ ਤਰ੍ਹਾਂ ਦੀਆਂ ਗੈਸਾਂ ਕਾਰਬਨਡਾਇਆਕਸਾਈਡ ਅਤੇ ਮਿਥੇਨ ਦੀ ਘਣਤਾ ਵਧਾਉਂਦੀ ਹੈ। ਜੰਗਲਾਂ ਦੀ ਕਟਾਈ ਅਤੇ ਪਸ਼ੂਆਂ ਦੀ ਬਹੁਤਾਤ ਕਾਰਬਨਡਾਇਆਕਸਾਈਡ ਪੈਦਾ ਕਰਦੇ ਹਨ। ਪਸ਼ੂਆਂ ਦੀ ਪਾਚਣ-ਕਿਰਿਆ ਵਾਤਾਵਰਨ ਵਿਚ ਮਿਥੇਨ ਗੈਸ ਦੀ ਘਣਤਾ ਵਧਾਉਣ ਲਈ ਜ਼ਿੰਮੇਵਾਰ ਹੈ। ਦੋਵੇਂ ਗੈਸਾਂ ਤਾਪਮਾਨ ਨੂੰ ਵਧਾਉਣ ਵਾਲੀਆਂ ਅਹਿਮ ਗੈਸਾਂ ਹਨ। ਮਿਥੇਨ ਗੈਸ ਵਾਤਾਵਰਨ ਨੂੰ ਕਾਰਬਨਡਾਇਆਕਸਾਈਡ ਨਾਲੋਂ 25 ਗੁਣਾ ਵੱਧ ਗਰਮ ਕਰਨ ਦੀ ਸਮਰੱਥਾ ਰੱਖਦੀ ਹੈ। ਇਕ ਪਸ਼ੂ ਹਰ ਸਾਲ 220 ਪੌਂਡ ਮਿਥੇਨ ਗੈਸ ਛੱਡਦਾ ਹੈ।



ਡੇਵਿਸ ਯੂ. ਸੀ. ਦੀ ਇਕ ਖੋਜ ਅਨੁਸਾਰ ਪਾਲੇ ਗਏ ਪਸ਼ੂ ਕੁੱਲ ਗਰੀਨ-ਹਾਊਸ ਗੈਸਾਂ ਦਾ 14.5 ਫੀਸਦੀ ਹਿੱਸਾ ਪੈਦਾ ਕਰਨ ਲਈ ਜ਼ਿੰਮੇਵਾਰ ਹਨ। ਵਾਸ਼ਿੰਗਟਨ ਸਥਿਤ ਵਰਲਡ ਰਿਸੋਰਸਿਸ ਇੰਸਟੀਚਿਊਟ ਦੇ ਇਕ ਖੋਜ ਅਧਿਐਨ ਅਨੁਸਾਰ 2019 ਤੋਂ 2020 ਦੇ ਅਰਸੇ ਦੌਰਾਨ ਗਰਮ ਖੇਤਰਾਂ ਦੇ ਘਣੇ ਜੰਗਲਾਂ ਦੀ ਕਟਾਈ ਵਿਚ 12 ਫੀਸਦੀ ਵਾਧਾ ਹੋਇਆ ਹੈ, ਜਿਸ ਦਾ ਖੇਤਰ 10 ਮਿਲੀਅਨ ਏਕੜ ਬਣਦਾ ਹੈ। ਇਸ ਖੇਤਰ ਦੇ ਜੰਗਲ ਵੱਧ ਕਾਰਬਨ ਸੋਖਣ ਦੀ ਸਮਰੱਥਾ ਰੱਖਦੇ ਹਨ।

2014 ਦੀ ਆਈ. ਪੀ. ਸੀ. ਸੀ. ਦੀ ਇਕ ਰਿਪੋਰਟ ਦੀ ਚਿਤਾਵਨੀ ਅਤੇ 2015 ਦੇ ਪੈਰਿਸ ਮੌਸਮੀ ਸਮਝੌਤੇ ਤੋਂ ਬਾਅਦ ਵੀ ਦੁਨੀਆਂ ਦੇ ਬਹੁਤ ਦੇਸ਼ਾਂ ਨੇ ਕਾਰਬਨ ਨਿਕਾਸੀ ਵਿਚ ਕਟੌਤੀ ਕਰਨ ਦੇ ਉਪਰਾਲੇ ਨਹੀਂ ਕੀਤੇ। ਕਲਾਈਮੇਟ ਵਾਚਡੈਟਾ ਸੰਸਥਾ ਅਨੁਸਾਰ ਦੁਨੀਆਂ ਦੇ 80 ਦੇਸ਼ ਅਜਿਹੇ ਹਨ, ਜਿਨ੍ਹਾਂ ਨੇ ਪੈਰਿਸ ਮੌਸਮੀ ਸਮਝੌਤੇ ਵਿਚ ਭੇਜੀ ਗਈ ਕਾਰਬਨ ਨਿਕਾਸੀ ਵਿਚ ਕਟੌਤੀ ਦੀ ਰੂਪਰੇਖਾ ਵਿਚ ਹਾਲੇ ਤੱਕ ਕੋਈ ਤਬਦੀਲੀ ਨਹੀਂ ਕੀਤੀ। ਇਹ ਦੇਸ਼ ਦੁਨੀਆਂ ਦੀ ਕੁੱਲ ਕਾਰਬਨ ਨਿਕਾਸੀ ਦਾ 47.2 ਫੀਸਦੀ ਵਾਤਾਵਰਨ ਵਿਚ ਛੱਡਦੇ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਨ੍ਹਾਂ 80 ਦੇਸ਼ਾਂ ਵਿਚੋਂ 78 ਦੇਸ਼ ਤਾਂ ਕੁੱਲ ਕਾਰਬਨ ਨਿਕਾਸੀ ਦਾ ਸਿਰਫ 4.2 ਫੀਸਦੀ ਹਿੱਸਾ ਛੱਡਦੇ ਹਨ ਅਤੇ ਬਾਕੀ ਦਾ 43 ਫੀਸਦੀ ਹਿੱਸਾ ਦੋ-ਦੇਸ਼ ਚੀਨ (28 ਫੀਸਦੀ) ਅਤੇ ਅਮਰੀਕਾ (15 ਫੀਸਦੀ) ਛੱਡਦੇ ਹਨ। ਚੀਨ, ਜੋ ਵਾਤਾਵਰਨ ਵਿਚ ਅੱਜ ਕਲ੍ਹ ਦੁਨੀਆਂ ਦੇ ਸਭ ਦੇਸ਼ਾਂ ਤੋਂ ਵੱਧ ਕਾਰਬਨ ਦੀ ਨਿਕਾਸੀ ਕਰ ਰਿਹਾ ਹੈ, ਹਾਲੇ ਵੀ 60 ਫੀਸਦੀ ਊਰਜਾ ਕੋਲੇ ਤੋਂ ਪੈਦਾ ਕਰ ਰਿਹਾ ਹੈ। ਚੀਨ ਨੇ 2020 ਵਿਚ ਕਰੋਨਾ ਮਹਾਮਾਰੀ ਤੋਂ ਪਹਿਲਾਂ ਅਤੇ ਇਸ ਸਾਲ ਮਾਰਚ ਵਿਚ ਕਾਰਬਨ ਨਿਕਾਸੀ ਨੂੰ ਜ਼ੀਰੋ ਕਰਨ ਦੀ ਵਿਉਂਤਬੰਦੀ ਬਾਰੇ ਦੱਸਿਆ ਹੈ ਕਿ ਉਹ 2030 ਤੋਂ ਬਾਅਦ ਆਰਥਿਕ ਵਿਕਾਸ ਦਾ ਟੀਚਾ ਪੂਰਾ ਕਰਕੇ ਹੀ ਕਾਰਬਨ ਨਿਕਾਸੀ ਵਿਚ ਕਟੌਤੀ ਕਰਨੀ ਸ਼ੁਰੂ ਕਰੇਗਾ। ਕੋਲੇ ਤੋਂ ਬਿਜਲੀ ਪੈਦਾ ਕਰਨ ਅਤੇ ਕੁੱਲ ਕਾਰਬਨ ਦੀ ਨਿਕਾਸੀ ਵਿਚ ਚੀਨ ਤੋਂ ਬਾਅਦ ਦੂਜਾ ਨੰਬਰ ਅਮਰੀਕਾ ਦਾ ਆਉਂਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਨੇ ਹਾਲ ਵਿਚ ਹੀ ਦੱਸਿਆ ਹੈ ਕਿ ਉਨ੍ਹਾਂ ਦਾ ਦੇਸ਼ ਪਾਵਰ ਸੈਕਟਰ ਵਿਚੋਂ 2035 ਅਤੇ ਪੂਰੇ ਆਰਥਿਕ ਖੇਤਰ ਤੋਂ 2050 ਤੱਕ ਕਾਰਬਨ ਦੀ ਨਿਕਾਸੀ ਨੂੰ ਜ਼ੀਰੋ ਕਰਨ ਦੀ ਵਿਉਂਤਬੰਦੀ ਕਰ ਰਿਹਾ ਹੈ।

ਇੱਥੇ ਇਸ ਨੁਕਤੇ ਉੱਤੇ ਧਿਆਨ ਦੇਣ ਦੀ ਲੋੜ ਹੈ ਕਿ ਜਿੰਨੀ ਤੇਜ਼ੀ ਨਾਲ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਹੋ ਰਿਹਾ ਹੈ, ਜੇ ਕਾਰਬਨ ਦੀ ਨਿਕਾਸੀ ਤੇਜ਼ੀ ਨਾਲ ਨਾ ਘਟਾਈ ਗਈ ਤਾਂ ਪੈਰਿਸ ਮੌਸਮੀ ਸਮਝੌਤੇ ਅਨੁਸਾਰ ਉਦਯੋਗਿਕ ਇਨਕਲਾਬ ਦੇ ਤਾਪਮਾਨ ਤੋਂ ਮਿਥੇ ਗਏ ਸੁਰੱਖਿਅਤ ਔਸਤ ਤਾਪਮਾਨ ਵਾਧੇ (1.5 ਡਿਗਰੀ ਸੈਲਸੀਅਸ) ਦੀ ਹੱਦ ਅਗਲੇ ਕੁਝ ਹੀ ਸਾਲਾਂ ਵਿਚ ਪਾਰ ਹੋ ਜਾਵੇਗੀ। ਆਸਟਰੇਲੀਆ ਦੀ ਸਾਇੰਸ ਐਕਡਮੀ ਦੀ ਹਾਲ ਵਿਚ ਪ੍ਰਕਾਸ਼ਿਤ ਹੋਈ ਇਕ ਖੋਜ ਅਨੁਸਾਰ ਜੇ ਕਾਰਬਨ ਦੀ ਨਿਕਾਸੀ ਮੌਜੂਦਾ ਦਰ ਉੱਤੇ ਹੀ ਸਿਰਫ ਤਿੰਨ ਜਾਂ ਚਾਰ ਸਾਲ ਜਾਰੀ ਰਹੀ ਤਾਂ 1.5 ਡਿਗਰੀ ਸੈਲਸੀਅਸ ਦੇ ਟੀਚੇ ਨੂੰ ਪ੍ਰਾਪਤ ਕਰਨਾ ਅਸੰਭਵ ਹੋ ਜਾਵੇਗਾ। ਇਸ ਸਦੀ ਦੇ ਅੰਤ ਤੱਕ ਤਾਪਮਾਨ 3 ਤੋਂ 4 ਡਿਗਰੀ ਸੈਲਸੀਅਸ ਵਧ ਜਾਵੇਗਾ।

ਕੋਵਿਡ-19 ਦੀ ਮਹਾਮਾਰੀ ਕਾਰਨ ਲਾਕ-ਡਾਊਨ ਦੌਰਾਨ ਗਰੀਨ-ਹਾਊਸ ਗੈਸਾਂ ਦੀ ਨਿਕਾਸੀ ਦੀ ਦਰ ਭਾਵੇਂ ਘਟ ਗਈ ਸੀ, ਤਾਂ ਵੀ ਰਿਕਾਰਡ ਅਨੁਸਾਰ 2020 ਦੁਨੀਆਂ ਦਾ ਦੂਜਾ ਸਭ ਤੋਂ ਗਰਮ ਸਾਲ ਰਿਕਾਰਡ ਕੀਤਾ ਗਿਆ ਹੈ। ਵਾਤਾਵਰਨ ਵਿਚ ਕਾਰਬਨ ਦੀ ਘਣਤਾ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। 2020 ਵਿਚ 6 ਅਪਰੈਲ ਨੂੰ ਵਾਤਾਵਰਨ ਵਿਚ ਇਸ ਦੀ ਘਣਤਾ 415.70 ਪਾਰਟਸ ਪਰ ਮਿਲੀਅਨ (ਪੀ. ਪੀ. ਐੱਮ.) ਸੀ, ਜੋ 2021 ਵਿਚ ਇਸੇ ਦਿਨ 418.64 ਪੀ. ਪੀ. ਐੱਮ. ਹੋ ਗਈ ਹੈ। 3 ਅਪਰੈਲ ਨੂੰ ਇਹ ਘਣਤਾ 421 ਦਾ ਅੰਕੜਾ ਪਾਰ ਕਰ ਗਈ ਹੈ। ਉਦਯੋਗਿਕ ਇਨਕਲਾਬ ਤੋਂ ਪਹਿਲਾਂ ਇਹ ਸਿਰਫ 280 ਪੀ. ਪੀ. ਐਮ. ਸੀ। ਬਿਜਲੀ ਉਤਪਾਦਨ, ਆਵਾਜਾਈ ਤੇ ਸਾਧਨ ਅਤੇ ਉਦਯੋਗ ਭਾਰੀ ਮਾਤਰਾ ਵਿਚ ਕਾਰਬਨ ਪੈਦਾ ਕਰਦੇ ਹਨ। ਇਕੱਲਾ ਅਮਰੀਕਾ ਇਨ੍ਹਾਂ ਸਾਧਨਾਂ ਦੁਆਰਾ ਹਰ ਸਾਲ 5 ਬਿਲੀਅਨ ਮੀਟਰਿਕ ਟਨ ਕਾਰਬਨ ਪੈਦਾ ਕਰਦਾ ਹੈ। ਧਰਤੀ ਦੇ ਔਸਤ ਤਾਪਮਾਨ ਨੂੰ ਕਾਬੂ ਵਿਚ ਲਿਆਉਣ ਲਈ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਕਾਰਬਨ ਨਿਕਾਸੀ ਦੀ ਦਰ ਮੌਸਮੀ ਐਮਰਜੈਂਸੀ ਲਾ ਕੇ ਤੇਜ਼ੀ ਨਾਲ ਘਟਾਉਣੀ ਚਾਹੀਦੀ ਹੈ।

ਸੰਯੁਕਤ ਰਾਸ਼ਟਰ ਦੀ 2019 ਦੀ 11ਵੀਂ ਸਾਲਾਨਾ ਗੈਪ ਅਮੀਸ਼ਨ ਰਿਪੋਰਟ ਵਿਚ ਵਿਗਿਆਨੀਆਂ ਨੇ ਦੱਸਿਆ ਹੈ ਕਿ ਜੇ ਦੁਨੀਆਂ ਦੇ ਸਾਰੇ ਦੇਸ਼ ਆਉਣ ਵਾਲੇ ਸਾਲਾਂ ਵਿਚ ਹਰ ਸਾਲ ਗਰੀਨ-ਹਾਊਸ ਗੈਸਾਂ ਦੀ ਨਿਕਾਸੀ ਵਿਚ 7.6 ਦੀ ਦਰ ਨਾਲ ਕਟੌਤੀ ਕਰਦੇ ਹਨ ਤਾਂ ਵੀ ਸਦੀ ਦੇ ਅੰਤ ਤੱਕ ਤਾਪਮਾਨ ਸੁਰੱਖਿਅਤ ਹੱਦ ਤੋਂ ਵਧ ਜਾਵੇਗਾ, ਹੁਣ ਇਸ ਵਿਚ ਹੋਰ ਦੇਰ ਨਹੀਂ ਕਰਨੀ ਚਾਹੀਦੀ। ਇਸ ਰਿਪੋਰਟ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਸੀ ਕਿ ਜੇ 2010 ਵਿਚ ਇਸ ਬਾਰੇ ਸੰਜੀਦਗੀ ਵਰਤੀ ਗਈ ਹੁੰਦੀ ਤਾਂ ਗਰੀਨ-ਹਾਊਸ ਗੈਸਾਂ ਦੀ ਨਿਕਾਸੀ ਵਿਚ ਹਰ ਸਾਲ 3.3 ਫੀਸਦੀ ਦੀ ਹੀ ਕਟੌਤੀ ਕਰਨੀ ਬਣਦੀ ਸੀ। ਇਸ ਲਈ ਹੁਣ ਸਭ ਤੋਂ ਪਹਿਲਾਂ ਤਾਂ ਚੀਨ ਅਤੇ ਅਮਰੀਕਾ, ਜੋ ਵਾਤਾਰਵਨ ਵਿਚ ਕੁੱਲ ਕਾਰਬਨ ਨਿਕਾਸੀ ਦਾ 43 ਫੀਸਦੀ ਹਿੱਸਾ ਛੱਡਦੇ ਹਨ, ਨੂੰ ਨਿਊਜ਼ੀਲੈਂਡ ਵਾਂਗ ਆਪੋ ਆਪਣੇ ਦੇਸ਼ ਵਿਚ ਮੌਸਮੀ ਐਮਰਜੈਂਸੀ ਦਾ ਐਲਾਨ ਕਰਕੇ ਬਿਨਾ ਸਮਾਂ ਗੁਆਏ ਕਾਰਬਨ ਨਿਕਾਸੀ ਵਿਚ ਵਧ ਮਾਤਰਾ ਵਿਚ ਤੇਜ਼ੀ ਨਾਲ ਕਟੌਤੀ ਕਰਨੀ ਚਾਹੀਦੀ ਹੈ। ਇਨ੍ਹਾਂ ਦੋਹਾਂ ਦੇਸ਼ਾਂ ਨੂੰ ਯੂਰਪੀਅਨ ਦੇਸ਼ਾਂ ਤੋਂ ਵੀ ਸੇਧ ਲੈਣ ਦੀ ਲੋੜ ਹੈ।

ਯੂਰਪੀਅਨ ਦੇਸ਼ਾਂ ਨੇ 1990 ਤੋਂ 2019 ਤੱਕ ਦੇ ਅਰਸੇ ਵਿਚ ਗਰੀਨ-ਹਾਊਸ ਗੈਸਾਂ ਦੀ ਨਿਕਾਸੀ 1990 ਦੇ ਪੱਧਰ ਤੋਂ ਵੀ 24 ਫੀਸਦੀ ਘਟਾ ਦਿੱਤੀ ਹੈ। ਹੁਣ ਇਨ੍ਹਾਂ ਦੇਸ਼ਾਂ ਨੇ 2030 ਤੱਕ 1990 ਵਿਚ ਨਿਕਾਸ ਕੀਤੀਆਂ ਗਰੀਨ-ਹਾਊਸ ਗੈਸਾਂ ਦੀ ਮਾਤਰਾ ਨੂੰ 55 ਫੀਸਦੀ ਘਟਾਉਣ ਦੀ ਯੋਜਨਾ ਦੀ ਵਿਉਂਤਬੰਦੀ ਕਰ ਲਈ ਹੈ। ਗ੍ਰੇਟ ਬ੍ਰਿਟੇਨ ਨੇ 2030 ਤੱਕ 1990 ਦੇ ਪੱਧਰ ਤੋਂ 68 ਫੀਸਦੀ ਨਿਕਾਸੀ ਘਟਾਉਣ ਦਾ ਉਪਰਾਲਾ ਕਰਨ ਦੀ ਹਾਮੀ ਭਰੀ ਹੈ। ਇਸ ਤੋਂ ਬਿਲਕੁਲ ਉਲਟ ਚੀਨ ਹਾਲੇ ਵੀ ਕਾਰਬਨ ਨਿਕਾਸੀ ਘਟਾਉਣ ਦੀ ਸ਼ੁਰੂਆਤ ਕਰਨ ਲਈ 10 ਸਾਲ ਹੋਰ ਮੰਗ ਰਿਹਾ ਹੈ। ਅਮਰੀਕਾ ਪਹਿਲਾਂ ਵੀ ਹਰ ਕਾਨਫਰੰਸ ਵਿਚ ਹਾਮੀ ਭਰਕੇ ਪਿੱਛੇ ਹਟ ਜਾਂਦਾ ਰਿਹਾ ਹੈ। ਭਾਰਤ, ਜਾਪਾਨ ਅਤੇ ਰਸ਼ੀਅਨ ਫੈਡਰੇਸ਼ਨ ਨੇ ਹਾਲੇ ਨਵੀਂ ਕਾਰਬਨ ਨਿਕਾਸੀ ਘਟਾਉਣ ਦੀ ਵਿਉਂਤਬੰਦੀ ਸੰਯੁਕਤ ਰਾਸ਼ਟਰ ਨੂੰ ਨਹੀਂ ਭੇਜੀ ਹੈ।

ਅਪਰੈਲ ਵਿਚ ਹੋਣ ਵਾਲੀ ਕਾਨਫਰੰਸ ਵਿਚ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਕਾਰਬਨ ਨਿਕਾਸੀ ਨੂੰ ਘਟਾਉਣ ਲਈ ਊਰਜਾ ਪੈਦਾ ਕਰਨ ਲਈ ਨਵਿਆਉਣਯੋਗ ਕੁਦਰਤੀ ਸਾਧਨਾਂ ਉੱਤੇ ਨਿਰਭਰਤਾ ਵਧਾਉਣ ਲਈ ਉਪਰਾਲਿਆਂ ਦੀ ਰੂਪਰੇਖਾ ਬਣਾ ਕੇ ਉਨ੍ਹਾਂ ਨੂੰ ਤੁਰੰਤ ਅਮਲ ਵਿਚ ਲਿਆਉਣ ਦੀ ਸਹਿਮਤੀ ਦੇਣੀ ਚਾਹੀਦੀ ਹੈ। ਸਾਰੇ ਦੇਸ਼ਾਂ ਨੂੰ ਰਹਿਣ-ਸਹਿਣ ਅਤੇ ਖਾਣ-ਪੀਣ ਦੇ ਤਰੀਕਿਆਂ ਵਿਚ ਭਾਰੀ ਬਦਲਾਅ ਲਿਆਉਣੇ ਚਾਹੀਦੇ ਹਨ। ਜੰਗਲਾਂ ਥੱਲੇ ਰਕਬਾ ਤੇਜ਼ੀ ਨਾਲ ਵਧਾਉਣ ਦੇ ਨਾਲ ਨਾਲ ਕਾਰਪੋਰੇਟ ਵਿਕਾਸ ਮਾਡਲ ਦੀ ਥਾਂ ਉੱਤੇ ਕੁਦਰਤ ਅਤੇ ਲੋਕ-ਪੱਖੀ ਆਰਥਿਕ ਵਿਕਾਸ ਮਾਡਲ ਅਪਨਾਉਣ ਉੱਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਦੁਨੀਆਂ ਦੇ ਸਾਰੇ ਦੇਸ਼ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਕੁਦਰਤੀ ਆਫਤਾਂ ਦੀਆਂ ਕਰੋਪੀਆਂ ਦੀ ਮਾਰ ਤੋਂ ਬਚ ਸਕਣ।



# ਵੈਸਾਖੁ ਭਲਾ...

ਡਾ. ਓਅੰਕਾਰ ਸਿੰਘ
ਫੋਨ: 602-303-4765
kesgarh@yahoo.com

ਵੈਸਾਖ ਮਹੀਨੇ ਦਾ ਸਮਾਂ ਸਿੱਖ ਜਗਤ ਲਈ ਵਿਸ਼ੇਸ਼ ਧਿਆਨ ਅਤੇ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ। ਧਰਮ ਚਲਾਵਨ ਅਤੇ ਸੰਤ ਉਬਾਰਨ ਦੇ ਨਵੇਂ ਨਿਵੇਕਲੇ ਪ੍ਰੋਗਰਾਮ ਲਈ ਕੁਦਰਤ ਦੇ ਇਸ ਸੁਹਾਵਣੇ ਸਮੇਂ ਤੇ ਸੰਨ 1469 ਨੂੰ ਰਾਇ ਭੋਇ ਦੀ ਤਲਵੰਡੀ ਵਿਖੇ, ਰੱਬ ਕਲਾ ਧਾਰ ਕੇ ਆਪ ਖੁਦ ਹੀ ਇਸ ਧਰਤੀ 'ਤੇ ਉਤਰ ਆਇਆ, ਮੁਸਕਰਾਇਆ ਅਤੇ ਸਭ ਕੁਝ ਚਾਨਣ ਚਾਨਣ ਹੋ ਗਿਆ। ਅੰਧਕਾਰ ਮਿਟ ਗਿਆ। ਸਾਰਾ ਜੱਗ ਪ੍ਰਕਾਸ਼ਿਤ ਹੋ ਗਿਆ। ਰੱਬ ਜੀ ਨੇ ਆਪਣਾ ਨਾਂ ਰੱਖ ਲਿਆ, 'ਨਾਨਕ।' ਮਰਦਾਨਾ ਜੀ ਨੂੰ ਕਿਹਾ, ਚੱਲ ਆਪਾਂ ਤਪਦੇ ਬਲਦੇ ਸੰਸਾਰ ਨੂੰ ਠਾਰਨ ਲਈ ਸਤਿਨਾਮ ਦਾ ਛੱਟਾ ਦੇਣ ਚੱਲੀਏ। ਬਹੁਤ ਸਫਰ ਕੀਤਾ। ਬਹੁਤ ਗਾਇਆ। ਧੁਰ ਕੀ ਬਾਣੀ ਆਉਂਦੀ ਗਈ, ਉਹ ਗਾਉਂਦੇ ਰਹੇ। ਠੱਗ ਸੱਜਣ ਬਣਦੇ ਗਏ। ਪਾਪ ਕੀ ਜੰਞ ਲਿਆਉਣ ਵਾਲੇ ਜਾਬਰ, ਬਾਬਰ ਨੂੰ ਵੀ ਘੂਰਿਆ। ਪੂਰਨ ਮਨੁੱਖ ਦੀ ਬਣਨ ਵਾਲੀ ਤਸਵੀਰ ਦੇ ਨਵੇਂ ਰੰਗ ਉਘੜਨੇ ਸ਼ੁਰੂ ਹੋ ਗਏ। ਰਸ-ਅੰਮ੍ਰਿਤ ਖੀਰ ਘਿਆਲੀ ਦੇ ਲੰਗਰ ਚੱਲੇ। ਸੰਗਤ ਅਤੇ ਪੰਗਤ ਇੱਕ-ਮਿੱਕ ਕਰ ਦਿੱਤੇ ਗਏ। ਵਕਤ ਦੇ ਬਾਦਸ਼ਾਹ ਨੇ ਵੀ ਭੁੰਜੇ ਬੈਠ ਕੇ ਆਪਣੀ ਪਰਜਾ ਨਾਲ ਰੱਬ ਦੇ ਘਰੋਂ ਲੰਗਰ ਛਕਿਆ। ਸੰਸਾਰ 'ਤੇ ਪਹਿਲੀ ਵਾਰੀ ਹਰਿ ਦਾ ਮੰਦਰ ਸਾਜਿਆ ਗਿਆ। ਧੁਰ ਕੀ ਬਾਣੀ ਦਾ ਗੁਰੂ-ਗ੍ਰੰਥ ਬਣਿਆ। ਹਰੀ ਦੇ ਬਣਾਏ ਮੰਦਰ ਵਿਚ ਰੱਬੀ-ਗ੍ਰੰਥ ਦਾ ਪ੍ਰਕਾਸ਼ ਹੋਇਆ।

ਘੜੇ ਜਾ ਰਹੇ ਪੂਰਨ ਮਨੁੱਖ ਨੂੰ ਮਰਣ-ਆਨੰਦ ਦੀ ਜਾਚ ਸਿਖਾਉਣ ਲਈ ਰੱਬ ਤੱਤੀ ਤਵੀ 'ਤੇ ਬਹਿ ਗਿਆ। ਹੱਸਦਾ ਰਿਹਾ। ਮੁਸਕਰਾਉਂਦਾ ਰਿਹਾ। ਕੋਈ ਰੱਬ ਦਾ ਸਾਈਂ ਆ ਕੇ ਕਹਿੰਦਾ, ਓ ਰੱਬਾ! ਆਖੇਂ ਤਾਂ ਮੈਂ ਇਨ੍ਹਾਂ ਅੰਧ-ਅਗਿਆਨੀਆਂ ਦੀ ਇੱਟ ਨਾਲ ਇੱਟ ਖੜਕਾ ਦਿਆਂ? ਹੁਕਮ ਹੋਇਆ, ਨਹੀਂ ਸਾਈਂ ਜੀਓ! ਇਹ ਮੇਰੀ ਆਪਣੀ ਰਜ਼ਾ ਹੈ, ਮਿੱਠੀ ਲੱਗ ਰਹੀ ਹੈ। ਹੁਕਮ ਦੇ ਰੰਗ ਵੇਖੋ। ਭਾਣੇ ਵੱਲ ਪਿੱਠ ਨਹੀਂ ਕਰਨੀ।

ਆਗਿਆ ਹੋਈ ਪੂਰਨ ਮਨੁੱਖ ਨੂੰ ਤਖਤ ਦਾ ਵਾਰਿਸ ਬਣਾਉਣ ਲਈ ਅਕਾਲ ਦਾ ਤਖਤ ਬਣਾਇਆ ਜਾਏ। ਹਰੀ-ਮੰਦਰ ਦੇ ਸਨਮੁੱਖ ਅਕਾਲ ਦਾ ਤਖਤ ਸਥਾਪਤ ਕੀਤਾ ਗਿਆ। ਪੂਰਨ ਮਨੁੱਖ ਦੀ ਤਸਵੀਰ ਵਿਚ ਪੀਰੀ ਦੇ ਨਾਲ ਮੀਰੀ ਅਤੇ ਭਗਤੀ ਨਾਲ ਸ਼ਕਤੀ ਦਾ ਰੰਗ ਭਰਿਆ। ਸੰਤ ਨੂੰ ਸਿਪਾਹੀ ਵੀ ਬਣਾ ਦਿੱਤਾ ਗਿਆ।

ਹਾਂ ਜੀ ਤੇ ਫਿਰ ਰੱਬ ਨੇ ਪੰਜ ਸਾਲ ਦੇ ਬਾਲਕ ਦਾ ਰੂਪ ਧਾਰ ਲਿਆ। ਕੋਈ ਕਹਿੰਦਾ, ਤੂੰ ਕਿਵੇਂ ਰੱਬ ਹੋ ਸਕਦਾ ਹੈਂ? ਇੰਨਾ ਛੋਟਾ ਬੱਚਾ ਵੀ ਕੋਈ ਰੱਬ ਹੁੰਦਾ ਹੈ? ਜੇ ਰੱਬ ਹੈਂ ਤਾਂ ਫਿਰ ਰੱਬ ਦੀ ਗੀਤਾ ਦੇ ਗੀਤ ਸੁਣਾ ਕੇ ਦੱਸ ਮੈਨੂੰ। ਓਏ ਭੋਲਿਓ! ਰੱਬ ਤਾਂ ਗੂੰਗਿਆਂ ਦੇ ਮੂੰਹੋਂ ਵੀ ਧੁਰ ਕੀ ਬਾਣੀ ਸਰਵਣ ਕਰਵਾ ਸਕਦਾ ਹੈ। ਲਿਆਓ ਮੇਰੇ ਕੋਲ ਗੂੰਗੇ ਨੂੰ ਮੈਂ ਹੁਣੇ ਅਰਥ ਕਰਵਾ ਕੇ ਦਸਦਾ ਹਾਂ। ਫਿਰ ਸਭ ਨੇ ਵੇਖਿਆ, ਰੱਬ ਜੀ ਨੇ ਕੀ ਕੀਤਾ। ਦੁਨਿਆਵੀ ਪਾਤਸ਼ਾਹ ਇਸ ਬਾਲਕ-ਰੱਬ ਦੇ ਦੀਦਾਰ ਲਈ ਢਾਈ ਘੜੀਆਂ ਦਰ 'ਤੇ ਖੜ੍ਹਾ ਉਡੀਕਦਾ ਰਿਹਾ।

ਰੱਬ ਕਹਿੰਦਾ, ਚਲੋ ਚਾਂਦਨੀ ਚੌਂਕ ਵਿਚ ਖੁਦ ਆਪ ਜਾ ਕੇ ਮਨੁੱਖੀ ਹੱਕਾਂ ਦਾ ਝੰਡਾ ਬੁਲੰਦ ਕਰਨ ਲਈ ਇੱਕ ਵਾਰੀ ਫਿਰ ਸ਼ਹੀਦ ਹੋਈਏ। ਪੂਰਨਤਾ ਵਾਲੇ ਸਫਰ ਦੇ ਇਨ੍ਹਾਂ ਪਾਂਧੀਆਂ ਨੂੰ ਮਰ ਕੇ ਜਿਊਣ ਦੀ ਹੋਰ ਚੰਗੀ ਤਰ੍ਹਾਂ ਗੁੜ੍ਹਤੀ ਦੇਈਏ, ਕਿਉਂਕਿ ਇਨ੍ਹਾਂ ਨੇ ਹੁਣ ਖਾਲਸਾ ਹੋਣਾ ਹੈ। ਇਨ੍ਹਾਂ ਦਾ ਸੰਬੰਧ ਮੇਰੇ ਨਾਲ ਬਣਨਾ ਹੈ। ਸਿੱਧਾ ਅਕਾਲ ਨਾਲ। ਤਿਆਗ ਅਤੇ ਵੈਰਾਗ ਦੀ ਮੂਰਤ ਬਣੇ ਰੱਬ ਨੇ ਸ਼ਹੀਦ ਹੋਣ ਤੋਂ ਪਹਿਲਾਂ ਆਨੰਦ ਦੀ ਪੁਰੀ ਵਸਾ ਦਿੱਤੀ, ਕਿਉਂਕਿ ਧਰਮ ਚਲਾਵਨ ਲਈ ਇਸੇ ਹੀ ਪੁਰੀ-ਆਨੰਦ ਵਿਚੋਂ ਖਾਲਸੇ ਦਾ ਪ੍ਰਕਾਸ਼ ਕਰਨਾ ਸੀ।

ਰੱਬ ਇੱਕ ਦਿਨ ਪਹਾੜੀ 'ਤੇ ਜਾ ਕੇ ਸੋਚਣ ਬਹਿ ਗਿਆ, ਕਿੰਨੇ ਦਿਨ ਸੋਚਦਾ ਹੀ ਰਿਹਾ ਕਿ ਪੂਰਨ ਮਨੁੱਖ ਦੇ ਸਫਰ ਦਾ ਇਹ ਪਾਂਧੀ ਹੁਣ ਸਚਿਆਰ ਬਣਨ ਦੀ ਸਿਖਰ 'ਤੇ ਹੈ। ਇਸ ਤਸਵੀਰ ਵਿਚ ਹੁਣ ਆਖਰੀ ਰੰਗ ਭਰਨ ਦੀ ਲੋੜ ਹੈ। ਚਲੋ ਇਸ ਨੂੰ ਸਜਾ ਦੇਈਏ ਤਾਂ ਕਿ ਇਹ ਖਾਲਸਾ ਹੋ ਜਾਏ। ਪਰਮਾਤਮ ਕੀ ਮੌਜ ਵਿਚ ਪ੍ਰਗਟ ਹੋ ਜਾਏ। ਰੱਬ ਦੀ ਫੌਜ ਬਣ ਜਾਏ। ਸੰਸਾਰ ਨੂੰ 'ਅਕਾਲ ਪੁਰਖ ਕੀ ਫੌਜ' ਦੀ ਹੁਣ ਲੋੜ ਵੀ ਤਾਂ ਹੈ। ਰੱਬ ਨੇ ਸੋਚਿਆ ਕਿ ਰਾਇ-ਭੋਇ ਦੀ ਤਲਵੰਡੀ ਵਿਚ ਮੇਰੇ ਪ੍ਰਕਾਸ਼ ਵਾਲਾ ਦਿਨ ਹੀ ਇਨ੍ਹਾਂ ਨੂੰ ਸਾਜਣ ਲਈ ਸਭ ਤੋਂ ਸੁਲੱਖਣਾ ਹੈ। ਨਾਲੇ ਨਨਕਾਣੇ ਤੋਂ ਅਨੰਦਪੁਰੀ ਦੀ ਯਾਤਰਾ ਦਾ ਇੱਕੋ ਮਾਰਗ ਹੋਏਗਾ। ਨਿਰਮਲ ਪੰਥ ਤੇ ਖਾਲਸਾ ਪੰਥ ਯਕਰੰਗੀ ਹੋਣਗੇ। ਰਬਾਬ ਅਤੇ ਨਗਾਰੇ ਦੀ ਆਵਾਜ਼ ਸਮਸੁਰ ਹੋ ਜਾਏਗੀ।

ਸਜਣ ਲਈ ਸਭ ਨੂੰ ਆਵਾਜ਼ ਮਾਰੀ। ਪਿਆਰਿਆਂ ਨੂੰ ਸੁਨੇਹੇ ਘੱਲੇ। ਅਨੰਦਪੁਰੀ ਵਿਚ ਸਜਣ ਵਾਲਿਆਂ ਦਾ ਠਾਠਾਂ ਮਾਰਦਾ ਸਮੁੰਦਰ ਉਮੜ ਆਇਆ। ਵਿਸਾਖੀ ਵਾਲੇ ਦਿਨ ਸ੍ਰੀ ਸਾਹਿਬ ਮਿਆਨੋਂ ਕੱਢ ਕੇ ਆਵਾਜ਼ ਮਾਰੀ: ਕਿ ਜਿਸ ਨੇ ਮਰਨਾ ਹੈ, ਮੇਰੇ ਕੋਲ ਆਓ! ਸਭ ਸੋਚੀਂ ਪੈ ਗਏ ਕਿ ਰੱਬ ਵੀ ਕਦੇ ਕਿਸੇ ਨੂੰ ਮਾਰਦਾ ਹੈ? ਉਹ ਤਾਂ ਸਗੋਂ ਜਿਵਾਉਂਦਾ ਹੈ; ਪਰ ਕੋਈ ਰੱਬ ਦਾ ਸੱਚਾ ਪ੍ਰੀਤਵਾਨ ਉੱਠ ਕੇ ਆ ਗਿਆ। ਕਹਿੰਦਾ! ਮੈਨੂੰ ਮਾਰ ਲਓ ਜੀ, ਮੈਥੋਂ ਥੋੜ੍ਹੀ ਦੇਰ ਹੋ ਗਈ ਹੈ। ਰੱਬ ਨੇ ਉਹਲੇ ਕਰ ਕੇ ਉਸ ਦਾ ਸਭ ਕੁਝ ਮਾਰ ਦਿੱਤਾ। ਰੱਬ ਕੁਝ ਚਿਰ ਲਈ ਇੰਦਾਂ ਹੀ ਕਰੀ ਗਿਆ। ਪੰਜ ਵਾਰੀ ਕਰਕੇ ਕਹਿੰਦਾ, ਓ ਭੋਲਿਓ! ਤੁਸੀਂ ਠੀਕ ਹੀ ਤਾਂ ਸੋਚਦੇ ਸੀ ਕਿ ਰੱਬ ਕੋਈ ਮਾਰਦਾ ਥੋੜ੍ਹੀ ਐ! ਰੱਬ ਤਾਂ ਜਿਊਂਦਿਆਂ ਕਰਦਾ ਹੈ। ਮੈਂ ਤਾਂ ਤੁਹਾਨੂੰ ਸਦਾ ਸਦਾ ਲਈ ਜਿਊਂਦਿਆਂ ਕਰਨਾ ਹੈ। ਤੁਸੀਂ ਮਰੇ ਨਹੀਂ, ਤੁਸੀਂ ਤਾਂ ਮੇਰੇ ਪਿਆਰੇ ਬਣ ਗਏ ਹੋ। ਸੱਚੀਂ ਮੁੱਚੀਂ ਰੱਬ ਜੀ ਦੇ ਪਿਆਰੇ, ਕਿਉਂਕਿ ਤੁਸੀਂ ਰੱਬੀ-ਆਵਾਜ਼ ਨੂੰ ਹੁੰਗਾਰਾ ਦਿੱਤਾ ਹੈ। ਮੈਂ ਰੱਬ ਹੋ ਕੇ ਵੀ ਹੁਣ ਤੁਹਾਨੂੰ ਨਤਮਸਤਕ ਹੋਵਾਂਗਾ। ਧਰਤੀ ਤੇ ਮਹਾਂ-ਇਨਕਲਾਬ ਦੀ ਨੀਂਹ ਰੱਖੀ ਗਈ। ਰਚਨਹਾਰ ਨੇ ਆਪਣੀ ਹੀ ਰਚਨਾ ਅੱਗੇ ਸੀਸ ਝੁਕਾ ਦਿੱਤਾ। ਸੰਪੂਰਨ ਮਨੁੱਖ ਸਾਜ ਕੇ ਉਸ ਦੇ ਸੁਹੱਪਣ ਨੂੰ ਨਮਸਕਾਰ ਕੀਤੀ। ਉਲਟੀ ਗੰਗਾ ਵਗ ਗਈ।

ਫਿਰ ਰੱਬ ਕਹਿੰਦਾ ਸੁਣੋ! ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਤੁਸੀਂ ਹੁਣ ਮੇਰੇ ਹੋ, ਮੇਰਾ ਰੂਪ ਹੋ, ਰੱਬ ਦਾ ਰੂਪ ਹੋ। ਸਿੰਘ ਤੇ ਕੌਰ ਬਣ ਗਏ ਹੋ। ਪਰ ਮੇਰੇ ਪਿਆਰੇ ਬੱਚਿਓ! ਤੁਸੀਂ ਮੇਰੇ ਵਰਗੇ ਹੀ ਰਿਹੋ। ਰੱਬ ਵਰਗੀਆਂ ਗੱਲਾਂ ਕਰਿਓ। ਰੱਬ ਬਹੁਤ ਸੋਹਣਾ ਜੇ। ਤੁਸੀਂ ਵੀ ਰੱਬ ਵਰਗੇ ਸੋਹਣੇ ਬਣ ਕੇ ਰਿਹੋ। ਰੱਬ ਦੀ ਕੋਈ ਜ਼ਾਤ-ਪਾਤ ਨਹੀਂ ਹੁੰਦੀ। ਤੁਹਾਡੀ ਵੀ ਹੁਣ ਕੋਈ ਜ਼ਾਤ-ਪਾਤ ਨਹੀਂ ਹੈ। ਰੱਬ ਸਰਬੱਤ ਦਾ ਭਲਾ ਮੰਗਦਾ ਹੈ। ਤੁਸੀਂ ਵੀ ਨਿੱਤ ਸਰਬੱਤ ਦਾ ਭਲਾ ਮੰਗਿਓ। ਰੱਬ ਦੇ ਗ੍ਰੰਥ ਵਿਚ ਲਿਖਿਆ ਹੈ: ਰੱਬ ਲੰਬੜੇ ਕੇਸਾਂ ਵਾਲਾ ਜੇ। ਤੁਸੀਂ ਵੀ ਰੱਬ ਵਾਂਗ ਕੇਸਾਂ ਵਾਲੇ ਹੀ ਰਿਹੋ। ਇਹ ਰੱਬ ਦੀ ਆਪਣੀ ਸੂਰਤ ਹੈ, ਇਸ ਨੂੰ ਕਦੀ ਭੰਨਿਓ ਨਾ। ਕਦੀ ਵਿਗਾੜਿਓ ਨਾ। ਰੱਬ ਸਭ ਦਾ ਰਖਵਾਲਾ ਹੈ। ਹੁਣ ਤੁਸੀਂ ਰੱਬ ਜੀ ਦੀ ਫੌਜ ਹੋ। ਅਕਾਲ ਪੁਰਖ ਦੀ ਫੌਜ। ਫੌਜ ਸਭ ਦੀ ਰਾਖੀ ਕਰਦੀ ਹੈ। ਤੁਸੀਂ ਵੀ ਧੀਆਂ-ਭੈਣਾਂ ਦੀ ਰਾਖੀ ਕਰਿਓ। ਮਾਤਾ ਸਾਹਿਬ ਕੌਰ ਦੇ ਸਪੁੱਤਰ ਤੇ ਸਪੁੱਤਰੀਓ! ਸਿੱਖੀ ਦੀ ਸ਼ਮ੍ਹਾਂ ਸਦਾ ਬਲਦੀ ਰੱਖਿਓ। ਅਨੰਤ ਪ੍ਰਕਾਸ਼ ਦੇ ਸੋਮੇ ਅਨੰਦਪੁਰ ਨੂੰ ਮੈਂ ਤੁਹਾਡਾ ਘਰ ਬਣਾ ਦਿੱਤਾ ਹੈ। ਅਸੀਂ ਸਦਾ ਤੁਹਾਡੇ ਵਿਚ ਨਿਵਾਸ ਕਰਾਂਗੇ। ਤੁਸੀਂ ਮੇਰੀ ਜਾਨ ਕੀ ਜਾਨ ਹੋ। ਖਾਲਸਾ ਜੀ! ਤੁਸੀਂ ਹੁਣ ਆਪ ਹੀ ਸਤਿਗੁਰੂ ਹੋ! ਰੱਬ ਹੋ! ਬੱਸ ਇਹ ਯਾਦ ਰੱਖਿਓ! ਰੱਬ ਨੇ ਬਹੁਤ ਉਚੇ-ਸੁੱਚੇ ਬਣਾਇਆ ਤੁਹਾਨੂੰ। ਸਦਾ ਉਚੇ ਹੀ ਬਣੇ ਰਿਹੋ। ਗੁਰੂ ਗ੍ਰੰਥ ਦੀ ਤਾਬਿਆ ਜੋ ਵੀ ਫੈਸਲਾ ਕਰੋਗੇ, ਉਹ ਰੱਬ ਦਾ ਫੈਸਲਾ ਹੋਏਗਾ। ਕਦੀ ਬਿਪਰਨ ਕੀਆਂ ਰੀਤਾਂ ਵੱਲ ਨਾ ਜਾਇਓ! ਨਹੀਂ ਤਾਂ ਰੱਬ ਉਦਾਸ ਹੋ ਕੇ ਤੁਹਾਡੀ ਪਰਤੀਤ ਕਰਨੀ ਛੱਡ ਦਏਗਾ...।

ਗੁਰੂ ਪਿਆਰਿਓ! ਸਿੱਖੀ ਮਾਰਗ ਦੇ ਬਹੁਤ ਸਾਰੇ ਪਾਂਧੀਆਂ ਨੂੰ ਲੱਗਣ ਲੱਗ ਪਿਆ ਹੈ ਕਿ 'ਵੈਸਾਖੁ ਭਲਾ' ਦੀ ਇਹ ਵਿਸਮਾਦੀ ਗਾਥਾ ਹੁਣ ਪੁਰਾਣੀ ਹੋ ਗਈ ਹੈ। ਕੇਸਾਂ ਸੁਆਸਾਂ ਵਾਲੇ ਸਰੂਪ ਦੀ ਸ਼ਾਇਦ ਹੁਣ ਕੋਈ ਸਾਰਥਿਕਤਾ ਨਹੀਂ ਰਹਿ ਗਈ। ਅਸਾਂ ਸੰਸਾਰੀਆਂ ਦੀ ਸੋਚ ਅਨੁਸਾਰ ਮਾਡਰਨ ਸਿੱਖੀ ਸਥਾਪਤ ਹੋਣੀ ਚਾਹੀਦੀ ਹੈ। ਸਿੱਖੀ ਸਾਡੇ ਮਨ ਦੀ ਸੋਚ ਅਨੁਸਾਰ ਹੋਣੀ ਚਾਹੀਦੀ ਹੈ। ਹੁਣ ਧਰਮ ਦੀ ਸਥਾਪਿਤ ਮਰਿਆਦਾ ਦਾ ਕੋਈ ਅਰਥ ਨਹੀਂ ਰਹਿ ਗਿਆ। ਕਿਸੇ ਮਰਿਆਦਾ ਜਾਂ ਸਿਧਾਂਤ ਤੋਂ ਬਿਨਾ ਵੀ ਸ਼ਾਇਦ ਅਧਿਆਤਮਕ ਹੋਇਆ ਜਾ ਸਕਦਾ ਹੈ। ਧਰਮ-ਸਿਧਾਂਤਾਂ ਅਤੇ ਮਰਿਆਦਾ ਨੂੰ ਬਾਈਪਾਸ ਕਰਕੇ ਵੀ ਧਰਮੀ ਕਹਾਇਆ ਜਾ ਸਕਦਾ ਹੈ। ਇਸ ਸੰਬੰਧੀ ਅਸੀਂ ਬਹੁਤ ਅਟਪਟੀਆਂ ਜਿਹੀਆਂ ਦਲੀਲਾਂ ਵੀ ਘੜ ਘੜ ਕੇ ਸਾਹਮਣੇ ਲਿਆਉਂਦੇ ਹਾਂ। ਸਾਡੇ ਹਿਰਦਿਆਂ ਅੰਦਰ ਇੱਕ ਕਾਹਲ ਜਿਹੀ ਵਾਪਰਦੀ ਹੈ ਕਿ ਅਸੀਂ ਵੱਖਰੇ ਨਾ ਦਿਖ ਕੇ ਸੰਸਾਰ ਦੀ ਭੀੜ ਦਾ ਹੀ ਹਿੱਸਾ ਲੱਗੀਏ। ਭੀੜ ਦਾ ਹਿੱਸਾ ਹੋਣਾ ਬਹੁਤ ਸੌਖਾ ਹੁੰਦਾ। ਇਹ ਸਭ ਤੋਂ ਸੁਖਾਲਾ ਰਾਹ ਹੈ ਅਤੇ ਸੌਖਿਆਂ ਰਾਹਾਂ 'ਤੇ ਤੁਰਨ ਵਾਲਿਆਂ ਦੀ ਗਿਣਤੀ ਹਮੇਸ਼ਾਂ ਵੱਧ ਹੀ ਹੁੰਦੀ ਹੈ। ਪਰ ਯਾਦ ਰੱਖੀਏ ਕਿ ਭੀੜ ਦਾ ਹਿੱਸਾ ਬਣਨ ਵਾਲਿਆਂ ਦੇ ਹਿਰਦਿਆਂ 'ਚ ਸੱਚ ਦੀ ਰੌਸ਼ਨੀ ਧੁੰਦਿਆ ਜਾਂਦੀ ਹੈ। ਗੁਲਾਮੀ ਵਾਲੇ ਅਮਲ ਉਨ੍ਹਾਂ ਦੀ ਸੋਚ ਅਤੇ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ। ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ, ਬੋਲ-ਚਾਲ ਅਤੇ ਭਾਸ਼ਾ ਵਿਚੋ ਗੁਲਾਮੀ ਦੀ ਗੰਧ ਆਉਣ ਲੱਗ ਪੈਂਦੀ ਹੈ। ਸਹਿਜੇ ਸਹਿਜੇ ਉਨ੍ਹਾਂ ਦੀ ਪਛਾਣ ਅਤੇ ਸੁਤੰਤਰ ਸੋਚ ਵਾਲਾ ਨਿਵੇਕਲਾ ਰੰਗ, ਪਸਰ ਗਈ ਗਹਿਰੀ ਧੁੰਦ ਵਿਚ ਗੁਆਚ ਜਾਂਦਾ ਹੈ। ਜੱਗ-ਚਾਨਣ ਵਾਸਤੇ ਕਿਸੇ ਨਾ ਕਿਸੇ ਨੂੰ ਫਿਰ ਤੋਂ ਤੱਤੀ ਤਵੀ ਵਾਲੇ ਸੱਚ ਦੀ ਮਿਸ਼ਾਲ ਫੜ ਕੇ ਉਸ ਨੂੰ ਨਵਿਆਉਣਾ ਪੈਂਦਾ ਹੈ।

ਸਾਡੇ ਚੇਤਿਆਂ ਵਿਚੋਂ ਕਦੀ ਇਹ ਵਿਸਰਨਾ ਨਹੀਂ ਚਾਹੀਦਾ ਕਿ ਸਿਖੀ ਖੰਨਿਓਂ ਤਿਖੀ ਅਤੇ ਵਾਲੋਂ ਨਿੱਕੀ ਹੈ। ਇਹ ਗੱਲ ਯਾਦ ਰੱਖਣੀ ਹੋਏਗੀ ਕਿ ਬਿਖੜੇ ਪੈਂਡਿਆਂ 'ਤੇ ਚੱਲਣ ਲਈ, ਵੱਖਰੀ ਚਾਲੇ ਤੁਰਨਾ ਹੀ ਪੈਂਦਾ ਹੈ। ਭਗਤਾਂ ਕੀ ਚਾਲ ਸਦਾ ਨਿਰਾਲੀ ਹੀ ਹੁੰਦੀ ਹੈ। ਏਤ ਮਾਰਗ 'ਤੇ ਤੁਰਨਾ ਦਰਿਆ ਦੇ ਵਹਿਣ ਤੋਂ ਉਲਟ ਪਾਸੇ ਚੱਲਣ ਵਾਂਗ ਹੈ। ਚਮਕੌਰ ਦੀ ਗੜ੍ਹੀ ਅਤੇ ਸਰਹਿੰਦ ਦੀਆਂ ਦੀਵਾਰਾਂ ਇਹੀ ਆਵਾਜ਼ ਦਿੰਦੀਆਂ ਹਨ ਕਿ ਇਹ ਰਾਹ ਸੌਖ ਨਾਲ ਚੱਲਣ ਵਾਲਿਆਂ ਦਾ ਰਾਹ ਨਹੀਂ ਹੈ। ਇਹ ਤਾਂ ਸੀਸ ਭੇਟ ਕਰਨ ਵਾਲਿਆਂ ਦਾ ਮਾਰਗ ਹੈ। ਇਹ ਭਾਈ ਲਾਲੋ ਦਾ ਰਾਹ ਹੈ, ਮਲਿਕ ਭਾਗੋ ਦਾ ਨਹੀਂ। ਇਹ ਭਾਈ ਤਾਰੂ ਸਿੰਘ ਖੋਪੜੀ ਲੁਹਾਉਣ ਵਾਲੇ ਦਾ ਰਾਹ ਹੈ। ਇਹ ਬੋਤਾ ਸਿੰਘ ਤੇ ਗਰਜਾ ਸਿੰਘ ਦਾ ਰਾਹ ਹੈ। ਇਹ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦਾ ਰਾਹ ਹੈ। ਇਹ ਤਲੀ 'ਤੇ ਸੀਸ ਰੱਖ ਕੇ ਲੜਨ ਵਾਲੇ ਬਾਬਾ ਦੀਪ ਸਿੰਘ ਦਾ ਰਾਹ ਹੈ, ਭੀੜ ਵਾਲਿਆਂ ਦਾ ਨਹੀਂ। ਇਹ ਗੁਰੂ ਗ੍ਰੰਥ ਦੀ ਬਾਣੀ ਦਾ ਰਾਹ ਹੈ।

ਸੋ ਵਿਸਾਖੀ ਪਰਮਾਤਮ ਕੀ ਮੌਜ ਵਿਚ ਪ੍ਰਗਟ ਹੋਏ ਵਾਹਿਗੁਰੂ ਜੀ ਕੇ ਖਾਲਸੇ ਦੀ ਕਹਾਣੀ ਹੈ, ਜਿਸ ਨੇ ਕਦੀ ਪੁਰਾਣੀ ਨਹੀਂ ਹੋਣਾ, ਸਗੋਂ ਨਿੱਤ ਦਿਹਾੜੇ ਇਸ 'ਚੋਂ ਸੱਜਰੀ ਮਹਿਕ ਆਉਂਦੀ ਰਹਿਣੀ ਹੈ। ਇਹ ਕਹਾਣੀ ਸਾਡੀ ਸੁਤੰਤਰ ਸੋਚ ਅਤੇ ਚੜ੍ਹਦੀ ਕਲਾ ਦੀ ਗਵਾਹੀ ਭਰਦੀ ਹੈ। ਸਾਨੂੰ ਵੱਖਰੀ ਅਤੇ ਸੁਤੰਤਰ ਕੌਮ ਹੋਣ ਦਾ ਪਾਠ ਦ੍ਰਿੜ੍ਹ ਕਰਾਉਂਦੀ ਹੈ। ਸਾਡੇ ਨਿਆਰੇ ਸਰੂਪ ਨਾਲ ਜੁੜਨ ਦੀ ਪ੍ਰੇਰਨਾ ਬਖਸ਼ਦੀ ਹੈ। ਰਾਜ ਕਰੇਗਾ ਖਾਲਸਾ ਨੂੰ ਸਾਡੇ ਚੇਤਿਆਂ ਵਿਚੋਂ ਵਿਸਰਨ ਨਹੀਂ ਦਿੰਦੀ। ਖਾਲਸਈ-ਸੂਰਜ ਦਾ ਚਾਨਣ ਇੱਕ ਨਾ ਇੱਕ ਦਿਨ ਅਵੱਸ਼ ਹੀ ਇਸ ਧਰਤਿ ਸੁਹਾਵੀ 'ਤੇ ਪਸਰਨਾ ਹੈ। ਬੱਸ ਆਪਾਂ ਨੇ ਆਪਣੀ ਸੁਰਤ ਨੂੰ ਆਪਣੇ ਮਨ ਦੀ ਖੁਸ਼ੀ ਨਾਲ ਨਹੀਂ, ਸਗੋਂ ਸਤਿਗੁਰੂ ਦੇ ਸ਼ਬਦ ਅਤੇ ਸਤਿਗੁਰੂ ਦੀ ਰਹਿਤ ਨਾਲ ਜੋੜੀ ਰੱਖਣਾ ਹੈ। ਇਸ ਦ੍ਰਿੜ੍ਹ ਵਿਸ਼ਵਾਸ ਨਾਲ ਜਿਊਣਾ ਹੈ ਕਿ ਖਾਲਸਾ ਵਾਹਿਗੁਰੂ ਜੀ ਕਾ ਹੈ ਤੇ ਵਾਹਿਗੁਰੂ ਜੀ ਕੀ ਸਦਾ ਫਤਿਹ ਹੋਣੀ ਹੈ। ਇਹੋ ਵੈਸਾਖੀ ਦਾ ਸੱਚ ਹੈ ਤੇ ਇਹੋ ਹੀ ਇਸ ਦਾ ਸੰਦੇਸ਼ ਹੈ।

ਮੈਂ ਆਪਣੀ ਗੱਲ ਸੁਰਜੀਤ ਪਾਤਰ ਦੀਆਂ ਇਨ੍ਹਾਂ ਸੱਤਰਾਂ ਨਾਲ ਸਮੇਟਣੀ ਚਾਹਾਂਗਾ:

ਮੈਂ ਰਾਹਾਂ 'ਤੇ ਨਹੀਂ ਤੁਰਦਾ,
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।
ਯੁੱਗਾਂ ਤੋਂ ਕਾਫਲੇ ਆਉਂਦੇ
ਇਸੇ ਸੱਚ ਦੇ ਗਵਾਹ ਬਣਦੇ।
ਇਹ ਤਪਦੀ ਰੇਤ ਦੱਸਦੀ ਹੈ
ਕਿ ਰਸਤਾ ਠੀਕ ਹੈ ਮੇਰਾ,
ਇਹ ਸੜਦੇ ਪੈਰ, ਠਰਦੇ ਦਿਲ
ਮੇਰੇ ਸੱਚ ਦੇ ਗਵਾਹ ਬਣਦੇ।
ਜੁ ਲੋਅ ਮੱਥੇ 'ਚੋਂ ਫੁੱਟਦੀ ਹੈ
ਉਹ ਅਸਲੀ ਤਾਜ ਹੁੰਦੀ ਹੈ,
ਤਵੀ ਦੇ ਤਖਤ 'ਤੇ ਬਹਿ ਕੇ ਹੀ
ਕੋਈ ਸੱਚੇ ਪਾਤਸ਼ਾਹ ਬਣਦੇ।

# ਪੰਜ ਪਿਆਰੇ ਅਤੇ ਖਾਲਸਾ ਪੰਥ

ਪ੍ਰਿੰ. ਕੰਵਲਪ੍ਰੀਤ ਕੌਰ, ਨਿਊਜ਼ੀਲੈਂਡ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਪ੍ਰਗਟ ਕੀਤਾ। ਵਿਦਵਾਨਾਂ, ਇਤਿਹਾਸਕਾਰਾਂ ਮੁਤਾਬਿਕ ਖਾਲਸੇ ਦੀ ਸਾਜਨਾ ਦੁਨੀਆਂ ਦੇ ਇਤਿਹਾਸ ਵਿਚ ਇਕ ਵਿਲੱਖਣ ਘਟਨਾ ਹੈ। ਹੋਰ ਕਿਧਰੇ ਵੀ ਇਹ ਮਿਸਾਲ ਨਹੀਂ ਲੱਭਦੀ ਕਿ ਕਿਸੇ ਗੁਰੂ ਨੇ, ਕਿਸੇ ਪੀਰ ਨੇ, ਕਿਸੇ ਰਹਿਬਰ ਨੇ ਆਪਣੇ ਚੇਲਿਆਂ ਨੂੰ ਆਪਣੇ ਬਰਾਬਰ ਦਾ ਦਰਜਾ ਦਿੱਤਾ ਹੋਵੇ। ਇਹ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾ ਕੇ ਕੀਤੀ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ, "ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥" ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਜੋ ਸਿੱਖੀ ਦਾ ਬੂਟਾ ਲਾਇਆ, ਉਸ ਨੂੰ ਹੀ ਪ੍ਰਫੁਲਿਤ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕੀਤੀ।

ਖਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, 'ਸ਼ੁੱਧ।' 1699 ਦੀ ਵਿਸਾਖੀ ਵਾਲੇ ਦਿਨ, ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਕੋਲੋਂ ਸੀਸ ਭੇਟ ਲੈ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ। ਇਨ੍ਹਾਂ ਵਿਚ ਲਾਹੌਰ ਤੋਂ ਦਯਾ ਰਾਮ, ਦਿੱਲੀ ਤੋਂ ਧਰਮ ਚੰਦ, ਦਵਾਰਕਾ ਤੋਂ ਮੁਹਕਮ ਚੰਦ, ਜਗਨਨਾਥਪੁਰੀ ਤੋਂ ਹਿੰਮਤ ਰਾਏ ਅਤੇ ਬਿਦਰ ਤੋਂ ਸਾਹਿਬ ਚੰਦ ਸ਼ਾਮਿਲ ਹਨ। ਇੱਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਗੁਰੂ ਸਾਹਿਬ ਨੇ ਇਨ੍ਹਾਂ ਪੰਜ ਪਿਆਰਿਆਂ ਨੂੰ 'ਸਿੰਘ' ਯਾਨਿ ਸ਼ੇਰ ਦੀ ਉਪਾਧੀ ਬਖਸ਼ੀ। ਇਸ ਤਰ੍ਹਾਂ ਗੁਰੂ ਸਾਹਿਬ ਨੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੀ ਵਿਚਾਰਧਾਰਾ ਅਧੀਨ ਜਾਤ-ਪਾਤ ਅਤੇ ਊਚ-ਨੀਚ ਦਾ ਭੇਦ-ਭਾਵ ਖਤਮ ਕੀਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਇਨ੍ਹਾਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਆਪ ਵੀ 'ਸਿੰਘ' ਦਾ ਖਿਤਾਬ ਪ੍ਰਾਪਤ ਕੀਤਾ। 'ਆਪੇ ਗੁਰ ਚੇਲਾ' ਦੀ ਇਹ ਮਿਸਾਲ ਦੁਨੀਆਂ ਵਿਚ ਹੋਰ ਕਿਧਰੇ ਨਹੀਂ ਲੱਭਦੀ।

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਾਰੇ ਲਿਖਣ ਲਈ ਸਾਰੇ ਲਫਜ਼ ਛੋਟੇ ਪੈ ਜਾਂਦੇ ਹਨ ਅਤੇ ਨਾ ਹੀ ਇੰਨੀ ਸੋਝੀ ਹੈ ਕਿ ਕੁਝ ਲਿਖਿਆ ਜਾਵੇ। ਗੁਰੂ ਸਾਹਿਬ ਕਿਧਰੇ ਜੰਗ ਦੇ ਮੈਦਾਨ ਵਿਚ ਮਹਾਨ ਯੋਧੇ ਵਿਖਾਈ ਦਿੰਦੇ ਹਨ ਤੇ ਕਿਧਰੇ ਇੰਨੇ ਦਯਾਵਾਨ ਕਿ ਭਾਈ ਘਨ੍ਹਈਆ ਨੂੰ ਮੱਲ੍ਹਮ-ਪੱਟੀ ਦੇ ਰਹੇ ਹਨ। ਜਿਸ ਗੁਰੂ ਨੇ ਦਾਤਾ ਬਣ ਕੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ, ਉਹੀ ਗੁਰੂ ਜਾਚਕ ਬਣ ਕੇ ਖਾਲਸੇ ਤੋਂ ਅੰਮ੍ਰਿਤ ਦੀ ਦਾਤ ਮੰਗ ਰਹੇ ਹਨ। ਇਹ ਵਿਲੱਖਣਤਾ ਸਿਰਫ ਖਾਲਸਾ ਪੰਥ ਦੇ ਹਿੱਸੇ ਆਈ ਹੈ। ਅਸੀਂ ਗੁਰੂ ਸਾਹਿਬ ਨੂੰ ਸਰਬੰਸਦਾਨੀ, ਸੰਤ-ਸਿਪਾਹੀ, ਦਰਵੇਸ਼, ਮਹਾਨ ਯੋਧੇ, ਮਹਾਨ ਗੁਰੂ, ਵਿਦਵਾਨ ਅਤੇ ਮਹਾਨ-ਕਵੀ ਕਹਿੰਦੇ ਹਾਂ।

**ਪੰਜ ਪਿਆਰਿਆਂ ਦੀ ਮਹੱਤਤਾ:** ਪੰਜਾਂ ਪਿਆਰਿਆਂ ਨੂੰ ਗੁਰੂ ਸਾਹਿਬ ਵਲੋਂ ਬਖਸ਼ਿਆ ਮਾਣ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਦਾ ਖਾਲਸੇ ਪ੍ਰਤੀ ਕਿੰਨਾ ਪਿਆਰ, ਕਿੰਨਾ ਸਨਮਾਨ ਅਤੇ ਕਿੰਨੀ ਨਿਮਰਤਾ ਹੈ।

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀਂ ਮੋਸੇ ਗਰੀਬ ਕਰੋਰ ਪਰੇ॥

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਖਾਲਸਾ ਪੰਥ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ। ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਨੇ ਇਹ ਸਮਝਾਇਆ ਕਿ ਪੰਜ ਪਿਆਰਿਆਂ ਦੀ ਅਗਵਾਈ ਗੁਰੂ 'ਤੇ ਵੀ ਲਾਗੂ ਹੁੰਦੀ ਹੈ। ਜਦੋਂ ਚਮਕੌਰ ਸਾਹਿਬ ਦੀ ਜੰਗ ਵਿਚ ਵੱਡੇ ਸਾਹਿਬਜ਼ਾਦਿਆਂ ਸਮੇਤ ਕਈ ਸਿੰਘ ਸ਼ਹੀਦ ਹੋ ਗਏ ਤਾਂ ਸਿੱਖਾਂ ਨੇ ਗੁਰੂ ਸਾਹਿਬ ਨੂੰ ਗੜ੍ਹੀ ਛੱਡਣ ਵਾਸਤੇ ਕਿਹਾ। ਇਸ 'ਤੇ ਗੁਰੂ ਸਾਹਿਬ ਨੇ ਜਦੋਂ ਇਨਕਾਰ ਕਰ ਦਿੱਤਾ ਤਾਂ ਪੰਜ ਸਿੱਖਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਸਾਹਿਬ ਨੂੰ ਗੜ੍ਹੀ ਛੱਡਣ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਇਸ ਹੁਕਮ ਨੂੰ ਮੰਨਿਆ। ਜਦੋਂ ਗੁਰੂ ਸਾਹਿਬ ਨੇ ਬਾਬਾ ਬੰਦਾ ਬਹਾਦਰ ਨੂੰ ਜ਼ੁਲਮ ਦੇ ਖਿਲਾਫ ਲੜਨ ਲਈ ਪੰਜਾਬ ਭੇਜਿਆ ਤਾਂ ਵੀ ਪੰਜ ਸਿੰਘਾਂ ਦਾ ਜਥਾ ਨਾਲ ਭੇਜਿਆ ਅਤੇ ਇਹ ਵੀ ਕਿਹਾ ਕਿ ਇਨ੍ਹਾਂ ਪੰਜ ਸਿੱਖਾਂ ਦੀ ਸਲਾਹ ਨਾਲ ਹੀ ਸਾਰੇ ਫੈਸਲੇ ਲੈਣੇ ਹਨ।

ਭਾਈ ਕਾਹਨ ਸਿੰਘ ਮੁਤਾਬਿਕ ਸਿੱਖ ਇਤਿਹਾਸ ਵਿਚ ਪੰਜ ਸਿੱਖਾਂ ਤੋਂ ਸਲਾਹ ਲੈਣ ਦਾ ਜ਼ਿਕਰ ਇਸ ਤੋਂ ਪਹਿਲੇ ਵੀ ਆਉਂਦਾ ਹੈ, ਪਰ ਇਹ ਸਾਰੇ ਨਾਮ ਸਾਂਭੇ ਨਹੀਂ ਗਏ। ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਵੇਲੇ ਵੀ ਪੰਜ ਸਿੱਖ ਸਲਾਹਕਾਰਾਂ ਦਾ ਨਾਮ ਆਉਂਦਾ ਹੈ, ਜਿਸ ਵਿਚ ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪਿਰਾਣਾ, ਭਾਈ ਲੰਗਾਹ ਅਤੇ ਭਾਈ ਪੈੜਾ ਜੀ ਹਨ। ਇਸੇ ਤਰ੍ਹਾਂ ਨੌਂਵੀਂ ਪਾਤਸ਼ਾਹੀ ਵੇਲੇ ਵੀ ਪੰਜ ਸਿੱਖ-ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਊਦਾ ਅਤੇ ਭਾਈ ਗੁਰਦਿੱਤਾ ਜੀ ਦਾ ਨਾਮ ਆਉਂਦਾ ਹੈ।

ਸਿੱਖਾਂ ਨੇ ਪੰਜ ਪਿਆਰਿਆਂ ਦੇ ਫੈਸਲੇ ਨੂੰ ਹਮੇਸ਼ਾ ਅਹਿਮ ਮੰਨਿਆ ਅਤੇ ਸਤਿਕਾਰ ਦਿੱਤਾ। ਜਦੋਂ ਜ਼ਕਰੀਆ ਖਾਨ ਨੇ ਸਿੱਖਾਂ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ ਤਾਂ ਵੀ ਫੈਸਲਾ ਪੰਜ ਪਿਆਰਿਆਂ ਵਲੋਂ ਹੀ ਲਿਆ ਗਿਆ ਸੀ। ਜਦੋਂ ਪੰਜ ਪਿਆਰਿਆਂ ਨੇ ਘੋੜਿਆਂ ਦੀ ਸੇਵਾ ਕਰ ਰਹੇ ਸਰਦਾਰ ਕਪੂਰ ਸਿੰਘ ਨੂੰ ਨਵਾਬੀ ਲਈ ਚੁਣਿਆ ਤਾਂ ਸਰਦਾਰ ਕਪੂਰ ਸਿੰਘ ਨੇ ਕਿਹਾ ਕਿ ਨਵਾਬੀ ਪੰਜ ਪਿਆਰਿਆਂ ਦੇ ਚਰਨਾਂ ਨੂੰ ਛੁਹਾ ਕੇ ਦਿੱਤੀ ਜਾਵੇ। ਇਸ ਤਰ੍ਹਾਂ ਪੰਜ ਪਿਆਰਿਆਂ ਦਾ ਰੁਤਬਾ ਬਹੁਤ ਉਚਾ ਹੈ।

**ਖਾਲਸਾ ਪੰਥ:** ਇਤਿਹਾਸ ਦੇ ਪੰਨੇ ਫਰੋਲਣ 'ਤੇ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਗਮਨ ਉਸ ਦੌਰ ਵਿਚ ਹੋਇਆ, ਜਦੋਂ ਸਾਰਾ ਦੇਸ਼ ਬਹੁਤ ਤਪਸ਼ ਵਿਚੋਂ ਲੰਘ ਰਿਹਾ ਸੀ। ਦੇਸ਼ ਸਮਾਜਿਕ ਤਲ 'ਤੇ ਕਲੇਸ਼ ਵਿਚ ਸੀ, ਧਾਰਮਿਕ ਤਲ 'ਤੇ ਪਾਖੰਡ ਵਿਚ ਅਤੇ ਸਿਆਸੀ ਤਲ 'ਤੇ ਗੁਲਾਮੀ ਦੀਆਂ ਜ਼ੰਜੀਰਾਂ ਦੀ ਜਕੜ ਵਿਚ ਸੀ। ਗੁਰੂ ਸਾਹਿਬ ਨੇ ਕਈ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਕੁਰੀਤੀਆਂ ਅਤੇ ਜ਼ੁਲਮਾਂ ਖਿਲਾਫ ਆਵਾਜ਼ ਚੁੱਕੀ। ਗੁਰੂ ਸਾਹਿਬ ਦੁਆਰਾ ਔਰਤਾਂ ਦੀ ਬਰਾਬਰੀ ਦੀ ਗੱਲ ਆਖਣਾ ਇੱਕ ਨਵਾਂ ਇਨਕਲਾਬ ਸ਼ੁਰੂ ਕਰਨਾ ਸੀ। ਇਸ ਦੌਰ ਤੋਂ ਖਾਲਸੇ ਦੀ ਸਾਜਨਾ ਤੱਕ ਕਰੀਬ 250 ਸਾਲ ਦਾ ਸਮਾਂ ਲੱਗਾ। ਸਿੰਘ ਦੀ ਉਪਾਧੀ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਅਣਖ ਨਾਲ ਜਿਊਣਾ ਸਿਖਾਇਆ। ਖਾਲਸੇ ਦੇ ਪ੍ਰਗਟ ਹੋਣ ਨੂੰ ਗੁਰੂ ਸਾਹਿਬ ਨੇ ਪਰਮਾਤਮਾ ਦਾ ਹੁਕਮ ਦੱਸਿਆ।

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥

ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਖਾਲਸਾ ਗੁਰੂ ਹੈ ਅਤੇ ਗੁਰੂ ਖਾਲਸਾ ਹੈ, ਇਸ ਕਰਕੇ ਕੋਈ ਵੀ ਇਨ੍ਹਾਂ ਵਿਚ ਫਰਕ ਨਾ ਸਮਝੇ। ਗੁਰੂ ਸਾਹਿਬ ਨੇ ਖਾਲਸੇ ਨੂੰ ਆਪਣਾ ਪਰਿਵਾਰ, ਆਪਣੀ ਜਿੰਦ-ਜਾਨ ਅਤੇ ਰੂਹ ਵਿਚ ਸਮੋਂਦਿਆਂ ਸਨਮਾਨ ਬਖਸ਼ਿਆ। ਗੁਰੂ ਸਾਹਿਬ ਦਾ ਫੁਰਮਾਨ ਹੈ,

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਿਹ ਹੌ ਕਰੌ ਨਿਵਾਸ॥
ਖਾਲਸਾ ਮੇਰੋ ਪਿੰਡ ਪਰਾਨ॥
ਖਾਲਸਾ ਮੇਰੀ ਜਾਨ ਕੀ ਜਾਨ॥
ਖਾਲਸਾ ਮੇਰੋ ਸਤਿਗੁਰ ਪੂਰਾ॥
ਖਾਲਸਾ ਮੇਰੋ ਸੱਜਨ ਸੂਰਾ॥
ਯਾ ਮੈ ਰੰਚ ਨ ਮਿਥਿਆ ਭਾਖੀ॥
ਪਾਰਬ੍ਰਹਮ ਗੁਰ ਨਾਨਕ ਸਾਖੀ॥

ਸਾਹਿਬਜ਼ਾਦਿਆਂ ਦੀ ਕੁਰਬਾਨੀ ਤੋਂ ਬਾਅਦ ਸਰਬੰਸਦਾਨੀ ਪਿਤਾ ਨੇ ਐਲਾਨਿਆ,

ਇਨ ਪੁਤਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰ॥
ਚਾਰ ਮੂਏ ਤੋ ਕਯਾ ਭਇਆ
ਜੀਵਤ ਕਈ ਹਜ਼ਾਰ॥

ਇਸ ਤੋਂ ਸਹਿਜੇ ਹੀ ਖਾਲਸੇ ਦੀ ਅਹਿਮੀਅਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਕੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰੋਂ ਇਨ ਕੀ ਪ੍ਰਤੀਤ॥

ਜੇ ਗੁਰੂ ਸਾਹਿਬਾਨਾਂ ਦੇ ਜੀਵਨ ਵੱਲ ਝਾਤ ਮਾਰੀਏ ਅਤੇ ਖਾਲਸੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ 'ਖਾਲਸਾ' ਉਹ ਹੈ, ਜੋ ਸਿਰਫ ਇੱਕ ਅਕਾਲ-ਪੁਰਖ ਨੂੰ ਹੀ ਮੰਨੇ, ਗੁਰੂ ਗ੍ਰੰਥ ਸਾਹਿਬ ਤੋਂ ਹੀ ਸੇਧ ਲਵੇ, ਜਿਸ ਦਾ ਆਚਰਣ ਉੱਚਾ ਤੇ ਸੁੱਚਾ ਹੋਵੇ, ਜੋ ਜ਼ੁਲਮ ਦੇ ਖਿਲਾਫ ਆਪਣੀ ਆਵਾਜ਼ ਚੁੱਕੇ ਤੇ ਲੋੜਵੰਦਾਂ ਦੀ ਮਦਦ ਕਰੇ, ਜੋ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬੀਆਂ ਅਤੇ ਸਿਕੰਦਰ ਦੀ ਲੜਾਈ

*ਮਖਦੂਨੀਆ ਦੇ ਰਾਜੇ ਸਿਕੰਦਰ ਅਤੇ ਰਾਜੇ ਪੋਰਸ ਦਰਮਿਆਨ ਜੰਗ 326 ਈਸਾ ਪੂਰਵ ਵਿਚ ਹੋਈ। ਯੂਨਾਨੀ ਇਤਿਹਾਸਕ ਸ੍ਰੋਤਾਂ ਮੁਤਾਬਿਕ ਸਿਕੰਦਰ ਜੰਗ ਵਿਚ ਜੇਤੂ ਰਿਹਾ ਪਰ ਇਸ ਲੇਖ ਵਿਚ ਇਤਿਹਾਸਕਾਰ ਬੁੱਧ ਪ੍ਰਕਾਸ਼ ਨੇ ਫਾਰਸੀ ਅਤੇ ਹੋਰ ਭਾਸ਼ਾਵਾਂ ਦੇ ਸਰੋਤਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਯੂਨਾਨੀਆਂ ਨੇ ਆਪਣੀ ਜਿੱਤ ਦਾ ਬਿਰਤਾਂਤ ਜਿਸ ਤਰ੍ਹਾਂ ਘੜਿਆ ਜਦਕਿ ਹਕੀਕਤ ਕੁਝ ਹੋਰ ਸੀ। ਇਸ ਲੇਖ ਵਿਚ ਉਸ ਹਕੀਕਤ ਦਾ ਹੀ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ*



ਬੁੱਧ ਪ੍ਰਕਾਸ਼

ਏਸ਼ਿਆਈ ਅਤੇ ਅਫਰੀਕੀ ਰਵਾਇਤਾਂ ਵੀ ਇਸ ਗੱਲ ਉਤੇ ਕੁਝ ਚਾਨਣਾ ਪਾਉਂਦੀਆਂ ਹਨ ਕਿ ਪੰਜਾਬੀਆਂ ਅਤੇ ਸਿਕੰਦਰ ਦਰਮਿਆਨ ਲੜਾਈ ਦਾ ਅੰਤ ਕਿਵੇਂ ਹੋਇਆ। ਜ਼ੀਡੋ ਕਲਿਸਥੇਨਜ਼ ਦਾ ਇਥੋਪੀਆਈ ਰੂਪਾਂਤਰ ਦੱਸਦਾ ਹੈ ਕਿ ਲੜਾਈ ਵਿਚ ਸਿਕੰਦਰ ਦੇ ਬਹੁਤ ਸਾਰੇ ਘੋੜੇ ਮਾਰੇ ਗਏ ਤੇ ਉਹਦੇ ਸਿਪਾਹੀਆਂ ਨੇ ਇੰਨਾ ਸੋਗ ਮਨਾਇਆ ਕਿ ਉਹ ਰੋ ਪਏ ਤੇ ਕੁੱਤਿਆਂ ਵਾਂਙ ਚੀਕੇ-ਚਿਲਾਏ। ਇੱਥੋਂ ਤੱਕ ਕਿ ਉਹ ਹਥਿਆਰ ਸੁੱਟ ਕੇ ਸਿਕੰਦਰ ਦਾ ਸਾਥ ਛੱਡ ਕੇ ਦੁਸ਼ਮਣ ਨਾਲ ਮਿਲਣ ਨੂੰ ਤਿਆਰ ਹੋ ਗਏ। ਅੱਗੇ ਜਾ ਕੇ ਬਿਰਤਾਂਤ ਇਉਂ ਚਲਦਾ ਹੈ ਕਿ ਜਦ ਸਿਕੰਦਰ ਨੇ ਇਹ ਹਾਲ ਦੇਖਿਆ ਤਾਂ ਉਹ, ਜੋ ਆਪ ਵੀ ਬੜੀ ਬਿਪਤਾ ਵਿਚ ਫਸਿਆ ਹੋਇਆ ਸੀ, ਉਨ੍ਹਾਂ ਦੇ ਕੋਲ ਗਿਆ ਤੇ ਬੋਲਿਆ ਕਿ "ਉਹ ਵੀ ਲੜਾਈ ਬੰਦ ਕਰਨੀ ਚਾਹੁੰਦਾ ਹੈ।" ਫਿਰ ਸਿਪਾਹੀਆਂ ਨੂੰ ਲੜਾਈ ਬੰਦ ਕਰਨ ਦਾ ਹੁਕਮ ਦੇ ਕੇ ਉਹਨੇ ਉਚੀ-ਉਚੀ ਚੀਕ ਕੇ ਆਖਿਆ, "ਓ ਹਿੰਦੋਸਤਾਨ ਦੇ ਬਾਦਸ਼ਾਹ ਪੋਰਸ! ਮੈਂ ਤੇਰੀ ਸ਼ਕਤੀ ਤੇ ਬਲ ਨੂੰ ਮੰਨਦਾ ਹਾਂ ਅਤੇ ਇਹ ਵੀ ਮਹਿਸੂਸ ਕਰਦਾ ਹਾਂ ਕਿ ਤੂੰ ਮੇਰੇ ਉਤੇ ਭਾਰੂ ਹੋ ਰਿਹਾ ਹੈਂ। ਮੇਰਾ ਦਿਲ ਅੱਕਿਆ ਹੋਇਆ ਹੈ ਤੇ ਮੈਨੂੰ ਉਸ ਥਕੇਵੇਂ ਦਾ ਵੀ ਖਿਆਲ ਹੈ ਜਿਸ ਨਾਲ ਅਸੀਂ ਸਾਰੇ ਤਬਾਹ ਹੋ ਰਹੇ ਹਾਂ। ਹੁਣ ਭਾਵੇਂ ਮੈਂ ਆਤਮ-ਘਾਤ ਕਰਨਾ ਚਾਹੁੰਦਾ ਹਾਂ ਪਰ ਮੈਂ ਨਹੀਂ ਕਰਾਂਗਾ, ਤਾਂ ਜੋ ਇਹ ਆਦਮੀ, ਜੋ ਮੇਰੇ ਨਾਲ ਹਨ, ਤਬਾਹ ਨਾ ਹੋ ਜਾਣ, ਕਿਉਂਕਿ ਮੈਂ ਹੀ ਇਨ੍ਹਾਂ ਨੂੰ ਇੱਥੇ ਮੌਤ ਦੇ ਦਰਵਾਜ਼ੇ 'ਤੇ ਲਿਆ ਖੜ੍ਹਾ ਕੀਤਾ ਹੈ ਅਤੇ ਕਿਸੇ ਬਾਦਸ਼ਾਹ ਵਾਸਤੇ ਇਹ ਗੱਲ ਯੋਗ ਨਹੀਂ ਕਿ ਉਹ ਆਪਣੇ ਸਿਪਾਹੀਆਂ ਨੂੰ ਮੌਤ ਦੇ ਮੂੰਹ ਵਿਚ ਧੱਕ ਦੇਵੇ ਤੇ ਆਪਣੀ ਜਾਨ ਬਚਾ ਲਏ। ਹੁਣ ਮੈਂ ਚਾਹੁੰਦਾ ਹਾਂ ਕਿ ਅਸੀਂ ਆਪੋ-ਆਪਣੀਆਂ ਫੌਜਾਂ ਨੂੰ ਕੁਝ ਚਿਰ ਲਈ ਲੜਾਈ ਬੰਦ ਕਰਨ ਦਾ ਹੁਕਮ ਦੇਈਏ ਤੇ ਆਪ ਮੈਦਾਨ ਵਿਚ ਉਤਰ ਕੇ ਪਰਸਪਰ ਲੜਾਈ ਕਰ ਲਈਏ।"

ਯਹੂਦੀਆਂ ਦੇ ਇਤਿਹਾਸ ਵਿਚ ਜੋਜ਼ਫ-ਬਿਨ-ਗੋਰੀਅਨ ਇਸ ਬਾਰੇ ਹੇਠ ਲਿਖਿਆ ਬਿਰਤਾਂਤ ਦਿੰਦਾ ਹੈ:

"ਜਦ ਸਿਕੰਦਰ ਨੂੰ ਇਸ ਗੱਲ (ਆਪਣੀ ਫੌਜ ਦੇ ਕਸ਼ਟਾਂ) ਦਾ ਪਤਾ ਲੱਗਾ, ਤਾਂ ਉਸ ਨੇ ਹਿੰਦੋਸਤਾਨ ਦੇ ਬਾਦਸ਼ਾਹ ਨੂੰ ਇਹ ਸੁਨੇਹਾ ਭੇਜਿਆ, "ਦੇਖੋ! ਮੇਰੇ ਤੇ ਤੇਰੇ ਵਿਚਕਾਰ ਲੜਾਈ ਲੰਮੀ ਹੋ ਗਈ ਹੈ ਅਤੇ ਸਾਡੇ ਕਿੰਨੇ ਹੀ ਆਦਮੀ ਮਾਰੇ ਗਏ ਹਨ। ਆਓ! ਅਸੀਂ ਆਪਣੇ ਆਦਮੀਆਂ ਨੂੰ ਪਿੱਛੇ ਛੱਡੀਏ ਤੇ ਆਪ ਦੋ-ਦੋ ਹੱਥ ਕਰ ਲਈਏ।"

ਫਿਰਦੌਸੀ ਆਪਣੇ 'ਸ਼ਾਹਨਾਮਾ' ਵਿਚ ਕਹਿੰਦਾ ਹੈ ਕਿ ਜਦ ਘਮਸਾਣ ਦੀ ਲੜਾਈ ਸ਼ੁਰੂ ਹੋ ਗਈ ਤਾਂ ਸਿਕੰਦਰ ਨੇ ਪੋਰਸ ਨੂੰ ਸੰਬੋਧਨ ਕੀਤਾ:

ਓ ਰਾਠ ਆਦਮੀ!
ਸਾਡੇ ਦੋਹਾਂ ਦੇ ਲਸ਼ਕਰ
ਲੜਾਈ ਵਿਚ ਚੂਰ ਚੂਰ ਹੋ ਗਏ ਹਨ।
ਜਾਂਗਲੀ ਜਨੌਰਾਂ ਨੇ
ਮਨੁੱਖਾਂ ਦੀਆਂ ਖੋਪੜੀਆਂ
ਤੋੜ ਸੁੱਟੀਆਂ ਹਨ।
ਘੋੜਿਆਂ ਦੇ ਸੁੰਮ
ਉਨ੍ਹਾਂ ਦੀਆਂ ਹੱਡੀਆਂ ਮਿੱਧ ਰਹੇ ਹਨ।
ਅਸੀਂ ਦੋਵੇਂ ਸੂਰਮੇ
ਬਹਾਦਰ ਤੇ ਗੱਭਰੂ ਹਾਂ।
ਨਾਲੇ ਦੋਵੇਂ ਸੂਝਵਾਨ ਤੇ ਸਮਝਦਾਰ ਹਾਂ।
ਫਿਰ ਕਿਉਂ ਅਸੀਂ ਆਪਣੇ ਸਿਪਾਹੀਆਂ ਦਾ
ਕਤਲੇਆਮ ਕਰਾਈਏ?
ਜਾਂ ਲੜਾਈ ਤੋਂ ਪਿੱਛੋਂ
ਨਿਰਾ-ਪੂਰਾ ਆਪਣਾ ਬਚਾਅ ਦੇਖੀਏ?

ਇਹ ਬਿਰਤਾਂਤ ਦੱਸਦੇ ਹਨ ਕਿ ਸਿਕੰਦਰ ਦੀ ਫੌਜ ਦਾ ਵੀ ਬਹੁਤ ਜ਼ਿਆਦਾ ਜਾਨੀ ਨੁਕਸਾਨ ਹੋਇਆ ਸੀ ਜਿਸ ਲਈ ਉਹ ਜੰਗਬੰਦੀ ਬਾਰੇ ਗੱਲਬਾਤ ਕਰਨ ਲਈ ਮਜਬੂਰ ਹੋ ਗਿਆ ਸੀ। ਜਦ ਤਰਨ ਕਹਿੰਦਾ ਹੈ ਕਿ ਯੂਨਾਨੀ ਇਤਿਹਾਸਕਾਰਾਂ ਨੇ ਸਿਕੰਦਰ ਦੇ ਨੁਕਸਾਨ ਉਤੇ ਪਰਦਾ ਪਾਇਆ ਹੈ ਤਾਂ ਉਹ ਇਸੇ ਗੱਲ ਦੀ ਪ੍ਰੋੜਤਾ ਕਰ ਰਿਹਾ ਹੁੰਦਾ ਹੈ। ਜਦ ਇਹ ਪੁਸਤਕਾਂ ਸਿਕੰਦਰ ਤੇ ਪੋਰਸ ਦੀ ਦੂਬਦੂ ਲੜਾਈ ਅਤੇ ਪੋਰਸ ਦੀ ਮੌਤ ਦਾ ਵਰਣਨ ਕਰਦੀਆਂ ਹਨ ਤਾਂ ਬਹੁਤ ਸਾਰੀ ਗੜਬੜ ਪਾ ਦਿੰਦੀਆਂ ਹਨ। ਅਸਾਂ ਦੇਖਿਆ ਹੈ ਕਿ ਪੋਰਸ ਦੇ ਦੋ ਪੁੱਤਰ ਰਣਭੂਮੀ ਵਿਚ ਮਾਰੇ ਗਏ ਸਨ। ਉਨ੍ਹਾਂ ਦੇ ਨਾਂ ਵੀ ਪੋਰਸ ਹੀ ਸਨ। ਸੰਭਵ ਹੈ ਕਿ ਪੋਰਸ ਦੇ ਇਕ ਪੁੱਤਰ ਦੀ ਮੌਤ ਨੂੰ ਉਨ੍ਹਾਂ ਨੇ ਦੋਵਾਂ ਬਾਦਸ਼ਾਹਾਂ ਦੀ ਲੜਾਈ ਤੇ ਸਿਕੰਦਰ ਦੇ ਹੱਥੋਂ ਵਡੇਰੇ ਪੋਰਸ ਦੀ ਮੌਤ ਦੇ ਕਿੱਸੇ ਦਾ ਆਧਾਰ ਬਣਾ ਲਿਆ ਹੋਵੇ। ਇਸ ਗੱਲ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਇਹ ਸਮਾਚਾਰ ਕਿੱਸੇ-ਕਹਾਣੀਆਂ ਹੀ ਹਨ ਪਰ ਇਨ੍ਹਾਂ ਦੇ ਇਹ ਬਿਰਤਾਂਤ ਕਿ ਸਿਕੰਦਰ ਨੇ ਪੋਰਸ ਨਾਲ ਸੁਲ੍ਹਾ ਦੀ ਗੱਲਬਾਤ ਕਿਉਂ ਤੇ ਕਿਵੇਂ ਛੇੜੀ, ਏਰੀਅਨ ਤੇ ਹੋਰ ਇਤਿਹਾਸਕਾਰਾਂ ਦੇ ਹਾਲਾਤ ਨਾਲ ਠੀਕ ਮੇਲ ਖਾਂਦੇ ਹਨ ਤੇ ਇਸ ਲਈ ਕਿਸੇ ਹੱਦ ਤੱਕ ਸਾਡੇ ਧਿਆਨ ਦੇ ਪਾਤਰ ਹਨ।

ਇਸ ਵਿਚਾਰ ਦਾ ਸਿੱਟਾ ਇਹ ਹੈ ਕਿ ਜਦ ਲੜਾਈ ਸ਼ੁਰੂ ਹੋਏ ਨੂੰ ਅੱਠਵਾਂ ਘੰਟਾ ਜਾ ਰਿਹਾ ਸੀ, ਤੇ ਜਿਵੇਂ ਪਲੂਟਾਰਚ ਨੇ ਲਿਖਿਆ ਹੈ, "ਲੜਾਈ ਨੇ (ਯੂਨਾਨੀਆਂ ਦੇ) ਹੌਸਲੇ ਪਸਤ ਕਰ ਦਿੱਤੇ ਸਨ", ਤਾਂ ਸਿਕੰਦਰ ਸੁਲ੍ਹਾ ਲਈ ਤਰਲੋ-ਮੱਛੀ ਹੋਣ ਲੱਗ ਪਿਆ ਤੇ ਇਸ ਮੰਤਵ ਲਈ ਉਸ ਨੇ ਕਈ ਦੂਤ ਤੇ ਸਫੀਰ ਪੋਰਸ ਕੋਲ ਭੇਜੇ। ਇਹ ਠੀਕ ਹੈ ਕਿ ਪੋਰਸ ਦਾ ਵੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ ਜਿਸ ਦਾ ਕਾਰਨ ਕੁਝ ਤਾਂ ਸਿਕੰਦਰ ਦਾ ਵਧੀਆ ਰਸਾਲਾ ਤੇ ਸ਼ਸਤਰ ਸਨ ਅਤੇ ਕੁਝ ਖਰਾਬ ਮੌਸਮ ਤੇ ਚਿੱਕੜ-ਖੋਭੇ ਵਾਲੀ, ਤਿਲਕਵੀਂ ਧਰਤੀ ਸੀ। ਇਸ ਨਾਲ ਉਹਦੇ ਰੱਥ ਨਕਾਰਾ ਹੋ ਗਏ ਸਨ ਤੇ ਉਸ ਦੇ ਤੀਰਅੰਦਾਜ਼ਾਂ ਜੋ ਆਪਣੀਆਂ ਵੱਡੀਆਂ ਕਮਾਨਾਂ ਨੂੰ ਧਰਤੀ 'ਤੇ ਰੱਖ ਕੇ ਅਤੇ ਪੈਰਾਂ ਨਾਲ ਦਬਾ ਕੇ ਤੀਰ ਚਲਾਉਂਦੇ ਸਨ, ਦਾ ਕੰਮ ਬਹੁਤ ਕਠਿਨ ਹੋ ਗਿਆ ਸੀ। ਇਸ ਦੇ ਬਾਵਜੂਦ ਉਹ ਆਪਣੇ ਇਸ ਹਠ ਉਤੇ ਦ੍ਰਿੜਤਾ ਨਾਲ ਕਾਇਮ ਸੀ ਕਿ ਉਹ ਆਪਣੇ ਵਿਰੋਧੀ ਨਾਲ ਕੋਈ ਵਾਸਤਾ ਨਹੀਂ ਰੱਖੇਗਾ ਤੇ ਸੁਲ੍ਹਾ ਦੀ ਗੱਲਬਾਤ ਲਈ ਉਹਦੇ ਨਾਲ ਮੁਲਾਕਾਤ ਨਹੀਂ ਕਰੇਗਾ।

ਅੰਤ ਨੂੰ ਮੀਰੋਜ਼ ਨਾਮੀ ਦੂਤ ਨੇ ਪੋਰਸ ਨੂੰ ਆਪਣੀ ਮਿੱਤਰਤਾ ਦਾ ਵਾਸਤਾ ਪਾਇਆ ਤੇ ਉਸ ਨੂੰ ਨਿਸ਼ਚਾ ਕਰਵਾਇਆ ਕਿ ਲੜਾਈ ਨੂੰ ਹੋਰ ਜਾਰੀ ਰੱਖਣਾ ਫਜ਼ੂਲ ਹੈ ਤੇ ਸਿਕੰਦਰ ਨਾਲ ਸੁਲ੍ਹਾ ਕਰ ਲੈਣਾ ਹੀ ਯੋਗ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਮੀਰੋਜ਼ ਨੇ ਕੀ ਕੀ ਦਲੀਲਾਂ ਦੇ ਕੇ ਪੋਰਸ ਨੂੰ ਮੁਲਾਕਾਤ ਲਈ ਰਾਜ਼ੀ ਕੀਤਾ ਹੋਵੇਗਾ ਪਰ ਅਨੁਮਾਨ ਹੈ ਕਿ ਉਸ ਨੇ ਉਹਨੂੰ ਸਲਾਹ ਦਿੱਤੀ ਹੋਵੇਗੀ ਕਿ ਉਹ ਸਿਕੰਦਰ ਨਾਲ ਸੁਲ੍ਹਾ ਕਰ ਕੇ ਉਸ ਨੂੰ ਤੇ ਉਹਦੀਆਂ ਫੌਜਾਂ ਨੂੰ ਪੰਜਾਬ ਦੇ ਹੋਰ ਕਬੀਲਿਆਂ ਤੇ ਲੋਕਾਂ ਨੂੰ ਅਧੀਨ ਕਰਨ ਲਈ ਵਰਤੇ ਜਿਨ੍ਹਾਂ ਨੂੰ ਉਹ ਪਹਿਲਾਂ ਭਰਵੇਂ ਯਤਨਾਂ ਦੇ ਬਾਵਜੂਦ ਸਰ ਨਹੀਂ ਕਰ ਸਕਿਆ ਸੀ। ਇਹ ਵੀ ਸੰਭਵ ਹੈ ਕਿ ਉਸ ਨੇ ਉਹਨੂੰ ਗੰਗਾ ਦੀ ਵਾਦੀ ਅਤੇ ਮਗਧ ਸਾਮਰਾਜ ਦੀ ਜਿੱਤ ਅਤੇ ਇਸ ਤਰ੍ਹਾਂ ਸਾਰੇ ਉਤਰੀ ਹਿੰਦੋਸਤਾਨ ਦਾ ਸੁਆਮੀ ਬਣਨ ਦੀ ਆਸ ਦਿਵਾਈ ਹੋਵੇ। ਉਸ ਨੇ ਪੋਰਸ ਨੂੰ ਇਹ ਵਚਨ ਵੀ ਦਿੱਤਾ ਸੀ ਕਿ ਉਸ ਦੀ ਜਾਨ ਅਤੇ ਉਸ ਦਾ ਸ਼ਾਹੀ ਗੌਰਵ ਤੇ ਪਦਵੀ ਸੁਰੱਖਿਅਤ ਰਹੇਗੀ। ਕਿਸੇ ਤਰ੍ਹਾਂ ਵੀ ਹੋਇਆ, ਉਸ ਨੇ ਦਲੀਲਾਂ ਤੇ ਇਕਰਾਰਾਂ ਨਾਲ ਪੋਰਸ ਨੂੰ ਸਿਕੰਦਰ ਨਾਲ ਮੁਲਾਕਾਤ ਕਰਨ ਵਾਸਤੇ ਪ੍ਰੇਰ ਲਿਆ।

ਸੋ ਜਦੋਂ ਪੋਰਸ ਮੀਰੋਜ਼ ਨਾਲ ਸਿਕੰਦਰ ਕੋਲ ਆਇਆ ਤਾਂ ਉਹ ਬਾਦਸ਼ਾਹ ਦੀ ਹੈਸੀਅਤ ਵਿਚ ਆਇਆ ਤੇ ਉਸ ਨੇ ਸਿਕੰਦਰ ਕੋਲੋਂ ਬਾਦਸ਼ਾਹ ਵਰਗੇ ਵਰਤਾਓ ਦੀ ਮੰਗੀ ਕੀਤੀ। ਏਰੀਅਨ ਸਪਸ਼ਟ ਲਿਖਦਾ ਹੈ ਕਿ ਸਿਕੰਦਰ ਨੇ ਉਸ ਦੀ ਇਸ ਮੰਗ ਦਾ ਅਨੁਕੂਲ ਉਤਰ ਦਿੱਤਾ। ਤੇ ਉਸ ਨਾਲ ਬਾਦਸ਼ਾਹਾਂ ਵਾਲਾ ਵਰਤਾਓ ਜਿਸ ਵਿਚ ਇਨ੍ਹਾਂ ਸਬਦਾਂ ਦਾ ਅਸਲੀ ਤੇ ਪੂਰਾ ਭਾਵ ਆ ਜਾਂਦਾ ਸੀ, ਕਰਨ ਦੀ ਰਜ਼ਾਮੰਦੀ ਪ੍ਰਗਟ ਕੀਤੀ। ਸੋ ਪੋਰਸ ਤੇ ਸਿਕੰਦਰ ਦੀ ਮੁਲਾਕਾਤ ਦੋ ਬਾਦਸ਼ਾਹਾਂ ਦੀ ਮੁਲਾਕਾਤ ਸੀ, ਨਾ ਕਿ ਕਿਸੇ ਲਗਾਨਦਾਰ ਦੀ ਆਪਣੇ ਸ਼ਹਿਨਸ਼ਾਹ ਨਾਲ ਜਾਂ ਕਿਸੇ ਕੈਦੀ ਦੀ ਇਕ ਜੇਤੂ ਨਾਲ।

ਅਸਲ ਵਿਚ ਭਾਵੇਂ ਮੁਲਾਕਾਤ ਦੀ ਪਹਿਲੀ ਸ਼ਰਤ ਪੋਰਸ ਦੀ ਪ੍ਰਭੁਤਾ ਨੂੰ ਕਇਮ ਰੱਖਣਾ ਸੀ ਪਰ ਇਸ ਦਾ ਅਮਲੀ ਸਿੱਟਾ ਇਹ ਨਿਕਲਿਆ ਕਿ ਉਸ ਦੀ ਬਾਦਸ਼ਾਹੀ ਵਿਚ ਹੋਰ ਇਲਾਕਿਆਂ ਦਾ ਵਾਧਾ ਹੋ ਗਿਆ ਤੇ ਅੰਤ ਨੂੰ ਉਹ ਬਿਆਸ ਦੇ ਉਤਰ ਤੇ ਪੱਛਮ ਵੱਲ ਪੰਜਾਬ ਦਾ ਪੂਰਨ ਸੁਆਮੀ ਬਣ ਗਿਆ।

ਸੋ ਅਸੀਂ ਦੇਖਦੇ ਹਾਂ ਕਿ ਜਿਹਲਮ ਦੀ ਲੜਾਈ ਦਾ ਅੰਤ ਪੋਰਸ ਅਤੇ ਸਿਕੰਦਰ ਵਿਚਕਾਰ ਸੁਲ੍ਹਾ ਦੀ ਸੰਧੀ ਨਾਲ ਹੋਇਆ ਜਿਸ ਦਾ ਸਾਰੰਸ਼ ਇਹ ਸੀ ਕਿ ਪੋਰਸ ਦੀ ਸ਼ਾਹਾਨਾ ਸ਼ਾਨ ਨੂੰ ਬਰਕਰਾਰ ਰੱਖਿਆ ਜਾਵੇਗਾ, ਸਿਕੰਦਰ ਆਪਣੇ ਜਿੱਤੇ ਹੋਏ ਇਲਾਕੇ ਪੋਰਸ ਦੇ ਹਵਾਲੇ ਕਰ ਦੇਵੇਗਾ, ਦੋਵੇਂ ਮਿਲ ਕੇ ਪੰਜਾਬ ਦੇ ਸੁਤੰਤਰ ਕਬੀਲਿਆਂ ਨੂੰ ਜਿੱਤਣ ਦਾ ਯਤਨ ਕਰਨਗੇ ਅਤੇ ਜੇ ਹੋ ਸਕੇ ਤਾਂ ਮਗਧ ਉਤੇ ਚੜ੍ਹਾਈ ਕਰਨਗੇ। ਇਹ ਸੁਲ੍ਹਾ ਉਸ ਵੇਲੇ ਹੋਈ, ਜਦ ਦੋਵਾਂ ਧਿਰਾਂ ਦੇ ਭਾਰੀ ਨੁਕਸਾਨ ਦੇ ਬਾਵਜੂਦ ਲੜਾਈ ਅਜੇ ਜਾਰੀ ਸੀ। ਯੂਨਾਨੀ ਇਤਿਹਾਸਕਾਰਾਂ ਦੀ ਇਹ ਗੱਲ ਮੰਨਣਯੋਗ ਨਹੀਂ ਹੈ ਕਿ ਪੋਰਸ ਨਾਲ ਸਿਕੰਦਰ ਦਾ ਖੁੱਲ੍ਹਦਿਲੀ ਤੇ ਸੂਰਮਿਆਂ ਵਾਲਾ ਵਰਤਾਓ, ਕੇਵਲ ਉਸ ਦੀ ਸੂਰਬੀਰਤਾ ਦੀ ਕਦਰ ਕਰ ਕੇ ਸੀ। ਇਹ ਝੂਠਾ ਦਾਅਵਾ ਕਰ ਕੇ ਉਹ ਸਚਿਆਈ ਉਤੇ ਪਰਦਾ ਪਾਉਣ ਦਾ ਯਤਨ ਕਰਦੇ ਹਨ ਪਰ ਸਚਾਈ ਸੌ ਪਰਦੇ ਪਾੜ ਕੇ ਵੀ ਬਾਹਰ ਝਾਕਣ ਲੱਗ ਪੈਂਦੀ ਹੈ।

ਏਰੀਅਨ ਦਾ ਬਿਰਤਾਂਤ ਜਿਸ ਦੀ ਪਹਿਲਾਂ ਪੜਚੋਲ ਕੀਤੀ ਗਈ ਹੈ, ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਛੱਡਦਾ ਕਿ ਸਿਕੰਦਰ ਨੇ ਪੋਰਸ ਨੂੰ ਸੁਲ੍ਹਾ ਦਾ ਸੰਦੇਸ਼ ਭੇਜਣ ਵਿਚ ਪਹਿਲ ਕੀਤੀ ਅਤੇ ਪੋਰਸ ਦੇ ਹਠ ਤੇ ਉਕਸਾਊ ਇਨਕਾਰ ਦੇ ਬਾਵਜੂਦ ਇਹ ਕੋਸ਼ਿਸ਼ ਲਗਾਤਾਰ ਜਾਰੀ ਰੱਖੀ। ਇਹੋ ਜਿਹੀ ਗੱਲ ਉਹ ਕੇਵਲ ਮਜਬੂਰੀ ਦੀ ਹਾਲਤ ਵਿਚ ਹੀ ਕਰ ਸਕਦਾ ਸੀ। ਇਹ ਮਜਬੂਰੀਆਂ ਦੋ ਤਰ੍ਹਾਂ ਦੀਆਂ ਸਨ: ਇਕ ਤਾਂ ਉਸ ਨੂੰ ਪੋਰਸ ਦੇ ਹੱਥੋਂ ਉਸ ਵੇਲੇ ਤੱਕ ਹੋਏ ਨੁਕਸਾਨ ਨਾਲੋਂ ਵੀ ਵਧੇਰੇ ਨੁਕਸਾਨ ਦਾ ਖਤਰਾ ਸੀ ਤੇ ਦੂਜੇ ਉਹਦੀ ਫੌਜ ਦੁਖੜੇ ਤੇ ਕਲੇਸ਼ ਝੱਲ ਕੇ ਤੰਗ ਆਈ ਹੋਈ ਸੀ। ਇਹ ਠੀਕ ਹੈ ਕਿ ਪੋਰਸ ਦਾ ਮਹਾਵਤ ਉਸ ਨੂੰ ਰਣਭੂਮੀ ਵਿਚੋਂ ਇਕ ਪਾਸੇ ਲੈ ਗਿਆ ਸੀ ਪਰ ਉਸ ਦਾ ਲੜਾਈ ਬੰਦ ਕਰਨ ਜਾਂ ਵਿਰੋਧ ਖਤਮ ਕਰਨ ਦਾ ਕੋਈ ਇਰਾਦਾ ਨਹੀਂ ਸੀ। ਨਹੀ ਤਾਂ ਉਹ ਸਿਕੰਦਰ ਦੇ ਸੁਨੇਹੇ ਨੂੰ ਜੋ ਵਾਰ-ਵਾਰ ਵੱਖ-ਵੱਖ ਦੂਤਾਂ ਦੇ ਰਾਹੀਂ ਆਇਆ ਸੀ, ਸੁਣਨ ਤੋਂ ਇਨਕਾਰ ਕਰਨ ਦਾ ਇੰਨਾ ਹਠ ਕਿਉਂ ਕਰਦਾ? ਅੰਤ ਨੂੰ ਜਦ ਲੜਾਈ ਅਜੇ ਜਾਰੀ ਸੀ, ਮੀਰੋਜ਼ ਦੇ ਮਿੱਤਰਾਚਾਰੀ ਵਾਲੇ ਤਰਲਿਆਂ ਕਾਰਨ ਉਸ ਨੇ ਆਪਣਾ ਵਤੀਰਾ ਬਦਲ ਲਿਆ ਤੇ ਸਿਕੰਦਰ ਨਾਲ ਰਣਭੂਮੀ ਵਿਚ ਸੁਲ੍ਹਾ ਕਰ ਲਈ।

ਸੋ ਯੁੱਧ ਵਿਚ ਸ਼ਾਮਲ ਦੋਵਾਂ ਧਿਰਾਂ ਨੇ ਸਿਆਣਪ ਨੂੰ ਵੀਰਤਾ ਨਾਲੋਂ ਤਰਜੀਹ ਦਿੱਤੀ ਤੇ ਅੰਤ ਵਿਚ ਬਾਇੱਜ਼ਤ ਸੁਲ੍ਹਾ ਕਰ ਲਈ, ਕਿਉਂ ਜੋ ਦੋਵਾਂ ਦਾ ਲੜਾਈ ਵਿਚ ਚੋਖਾ ਨੁਕਸਾਨ ਹੋ ਚੁੱਕਾ ਸੀ ਤੇ ਜੇ ਉਹ ਅੰਤਲੇ ਦਮ ਤੱਕ ਲੜਨ ਲਈ ਹਠ ਕਰਦੇ ਤਾਂ ਹੋਰ ਵੀ ਵਧੇਰੇ ਨੁਕਸਾਨ ਦਾ ਖਤਰਾ ਸੀ। ਸਿਕੰਦਰ ਆਪਣੀ ਥਾਂ ਜੇਤੂ ਰਿਹਾ ਕਿਉਂ ਜੋ ਉਸ ਨੇ ਪੋਰਸ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰ ਲਿਆ ਤੇ ਖੁਆਰ ਹੋ ਕੇ ਜਿਹਲਮ ਤੋਂ ਹੀ ਵਾਪਸ ਮੁੜਨ ਦੀ ਥਾਂ ਉਹ ਬਿਆਸ ਤੱਕ ਜੇਤੂ ਦੀ ਹੈਸੀਅਤ ਵਿਚ ਵਧਦਾ ਚਲਾ ਗਿਆ ਤੇ ਫਿਰ ਹੇਠਲੇ ਪੰਜਾਬ ਤੇ ਸਿੰਧ ਵਿਚਦੀ ਹੁੰਦਾ ਹੋਇਆ ਪੂਰੀ ਸਫਲਤਾ ਨਾਲ ਵਾਪਸ ਬਾਬਲ ਪਹੁੰਚ ਗਿਆ। ਪੋਰਸ ਵੀ ਘਾਟੇ ਵਿਚ ਨਾ ਰਿਹਾ। ਉਸ ਨੂੰ ਇਸ ਕਰ ਕੇ ਜੇਤੂ ਕਿਹਾ ਜਾ ਸਕਦਾ ਹੈ ਕਿ ਉਸ ਨੇ ਨਾ ਕੇਵਲ ਬਾਦਸ਼ਾਹ ਦੀ ਹੈਸੀਅਤ ਵਿਚ ਆਪਣੀ ਸ਼ਾਹੀ ਸ਼ਾਨ ਤੇ ਰੁਤਬਾ ਕਾਇਮ ਰੱਖ ਲਿਆ ਸਗੋਂ ਆਪਣਾ ਇਲਾਕਾ ਹੋਰ ਵਧਾ ਲਿਆ। ਉਸ ਨੇ ਸਾਰੇ ਪੰਜਾਬ ਨੂੰ ਜਿੱਤਣ ਲਈ ਸਿਕੰਦਰ ਨੂੰ ਆਪਣਾ ਹੱਥ-ਠੋਕਾ ਬਣਾਇਆ।

ਇਹ ਗੱਲ ਸੁਭਾਵਿਕ ਹੈ ਕਿ ਲੜਾਈ ਅਤੇ ਉਸ ਦੇ ਅੰਤਿਮ ਸਿੱਟੇ ਬਾਰੇ ਦੋਵਾਂ ਧਿਰਾਂ ਦੇ ਵਿਚਾਰ ਤੇ ਅਨੁਮਾਨ ਅੱਡ-ਅੱਡ ਸਨ। ਦੁੱਖ ਦੀ ਗੱਲ ਕੇਵਲ ਇਹ ਹੈ ਕਿ ਯੂਨਾਨੀਆਂ ਦੇ ਵਿਚਾਰ, ਭਾਵੇਂ ਉਹ ਬਹੁਤ ਹੱਦ ਤੱਕ ਸਵੈ-ਵਿਰੋਧੀ ਸਨ ਤੇ ਬਦਨੀਅਤੀ ਨਾਲ ਭੰਨ-ਤੋੜ ਕੇ ਦਿੱਤੇ ਗਏ ਸਨ ਜੋ ਲਿਖਤੀ ਇਤਿਹਾਸ ਰਾਹੀਂ ਸਾਡੇ ਤੱਕ ਪਹੁੰਚ ਗਏ ਪਰ ਹਿੰਦੋਸਤਾਨੀਆਂ ਦੇ ਵਿਚਾਰ ਅਣਗਹਿਲੀ ਦੀ ਧੁੰਦ ਵਿਚ ਲੁਕ ਗਏ ਤੇ ਉਨ੍ਹਾਂ ਦੇ ਦੇਸ਼ਵਾਸੀਆਂ ਨੇ ਉਕਾ ਵਿਸਾਰ ਦਿੱਤੇ।



# ਪੰਜ ਪਿਆਰੇ ਅਤੇ ਖਾਲਸਾ ਪੰਥ

*(ਪਿਛਲੇ ਸਫੇ ਦੀ ਬਾਕੀ)*

ਕਥਨੀ ਅਤੇ ਕਰਨੀ ਦਾ ਪੂਰਾ ਹੋਵੇ, ਜੋ ਹੱਕ ਸੱਚ ਦੀ ਕਮਾਈ ਕਰੇ ਅਤੇ ਦਸਵੰਧ ਕੱਢੇ, ਜਿਸ ਵਿਚ ਕਿਸੇ ਪ੍ਰਤੀ ਵੈਰ ਵਿਰੋਧ ਦੀ ਭਾਵਨਾ ਨਾ ਹੋਵੇ। ਜੋ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 'ਤੇ ਕਾਬੂ ਪਾ ਸਕੇ।

ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਬੀਬੀਆਂ ਦੇ ਸਿਦਕ ਨੂੰ ਅਸੀਂ ਹਰ ਰੋਜ਼ ਅਰਦਾਸ ਵਿਚ ਯਾਦ ਕਰਦੇ ਹਾਂ ਕਿ ਛੋਟੇ-ਛੋਟੇ ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿਚ ਹਾਰ ਪਵਾਏ, ਪਰ ਸਿੱਖੀ ਸਿਦਕ ਨਹੀਂ ਡੋਲਿਆ। ਜ਼ਰਾ ਸੋਚੀਏ, ਉਹ ਸਿੱਖੀ ਸਿਦਕ ਅੱਜ ਸਾਡੇ ਵਿਚ ਹੈ? ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖਾਲਸੇ ਲਈ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ, ਕੀ ਅਸੀਂ ਉਸ ਨੂੰ ਸੰਭਾਲਿਆ ਹੈ? 'ਖਾਲਸਾ ਸਾਜਨਾ ਦਿਵਸ' ਮੌਕੇ ਜਿੱਥੇ ਗੁਰਦੁਆਰਿਆਂ ਵਿਚ ਵੱਡੇ-ਵੱਡੇ ਸਮਾਗਮ ਹੁੰਦੇ ਨੇ, ਕਥਾ-ਕੀਰਤਨ ਚੱਲਦੇ ਨੇ, ਲੰਗਰਾਂ ਵਿਚ ਅਨੇਕਾਂ ਪਦਾਰਥ ਬਣਦੇ ਨੇ, ਅਨੇਕਾਂ ਦਾਨ-ਪੁੰਨ ਕੀਤੇ ਜਾਂਦੇ ਨੇ, ਉਥੇ ਇਹ ਵੀ ਵਿਸ਼ਲੇਸ਼ਣ ਕਰੀਏ ਕਿ ਕਥਾ-ਕੀਰਤਨ ਵਿਚ ਮਨ ਕਿੰਨੇ ਕੁ ਜੁੜੇ, ਕੀ ਅਸੀਂ ਸਿੱਖੀ ਦੇ ਅਸਲ ਮਾਰਗ 'ਤੇ ਚੱਲ ਰਹੇ ਹਾਂ?

ਆਓ, ਇਸ ਖਾਲਸਾ ਸਾਜਨਾ ਦਿਵਸ ਮੌਕੇ ਆਪ ਵੀ ਇਤਿਹਾਸ ਪੜ੍ਹੀਏ, ਆਪਣੇ ਬੱਚਿਆਂ ਨੂੰ ਵੀ ਸੁਣਾਈਏ। ਆਪ ਵੀ ਸਿੱਖੀ ਦੇ ਮਾਰਗ 'ਤੇ ਤੁਰੀਏ ਅਤੇ ਬੱਚਿਆਂ ਨੂੰ ਵੀ ਤੋਰੀਏ ਤੇ ਆਪਣੀ ਕੌਮ ਦਾ ਨਿਆਰਾਪਨ ਬਰਕਰਾਰ ਰੱਖੀਏ।

# ਸ਼ੌਕਤ ਅਲੀ ਦੀਆਂ ਸੁਰਾਂ



ਕਲਾ ਪਰਿਕਰਮਾ

ਡਾ. ਕ੍ਰਿਸ਼ਨ ਕੁਮਾਰ ਰੱਤੂ

ਸਾਡੇ ਸਮਿਆਂ ਦੀ ਲੋਕ ਗਾਇਕੀ ਦੀ ਖਣਕਦੀ ਆਵਾਜ਼ ਚੁੱਪ ਹੋ ਗਈ। ਪੰਜਾਬੀ ਦਾ ਸੂਫੀ ਲੋਕ ਗਾਇਕ ਸ਼ੌਕਤ ਅਲੀ ਹੁਣ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਵਰਕਾ ਹੋ ਗਿਆ ਹੈ। ਉਹ ਪੰਜਾਬੀ ਸਾਹਿਤ ਅਤੇ ਲੋਕ ਗਾਇਕੀ ਦਾ ਅਜਿਹਾ ਸਿਖਰ ਸੀ ਜਿਸ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਸੀ। ਪੰਜਾਬੀ ਲੋਕ ਗਾਇਕੀ ਦੀਆਂ ਕਲਾਸੀਕਲ ਰਮਜ਼ਾਂ ਨੂੰ ਠੇਠ ਪੰਜਾਬੀ ਲਹਿਜੇ ਵਿਚ ਜਿਸ ਤਰ੍ਹਾਂ ਸ਼ੌਕਤ ਨੇ ਉਤਾਰਿਆ, ਉਹ ਕਿਸੇ ਹੋਰ ਗਾਇਕ ਦੇ ਹਿੱਸੇ ਨਹੀਂ ਆਇਆ। ਇਹ ਉਸ ਦਾ ਆਪਣਾ ਰੰਗ ਸੀ, ਪਛਾਣ ਸੀ।

ਪੰਜਾਬੀ ਲੋਕ ਗਾਇਕੀ ਵਿਚ ਸੈਫੁਲ ਮਲੂਕ, ਹੀਰ ਅਤੇ ਛੱਲਾ ਗਾ ਕੇ ਉਸ ਨੇ ਪੰਜਾਬੀ ਗਾਇਕੀ ਵਿਚ ਇੰਨੀ ਉੱਚੀ ਥਾਂ ਬਣਾ ਲਈ ਸੀ ਜੋ ਬਾਅਦ ਵਿਚ ਕਈਆਂ ਲਈ ਈਰਖਾ ਦਾ ਕਾਰਨ ਵੀ ਬਣੀ। ਲਤਾ ਮੰਗੇਸ਼ਕਰ ਨੇ ਸ਼ੌਕਤ ਬਾਰੇ ਕਿਹਾ ਸੀ, "ਉਹ ਇਤਿਹਾਸ ਨੂੰ ਫਰੋਲਦੈ ਤੇ ਸਿੱਧਾ ਦਿਲ ਅੰਦਰ ਉਤਰ ਜਾਂਦੈ।"


ਇਸ ਤਰ੍ਹਾਂ ਦੀ ਸਾਫ, ਬੇਬਾਕ ਅਤੇ ਰੂਹ ਦੀ ਗਾਇਕੀ ਹੀ ਸ਼ੋਕਤ ਦੀ ਦੌਲਤ ਹੈ।

ਅੱਜ ਉਹ ਸਾਡੇ ਵਿਚਕਾਰ ਨਹੀਂ ਰਿਹਾ। ਮਿਲਟਰੀ ਹਸਪਤਾਲ, ਜਿੱਥੇ ਉਹ ਕੁਝ ਦਿਨਾਂ ਤੋਂ ਦਾਖਲ ਸੀ, ਵਿਚ ਉਸ ਨੇ ਆਖਰੀ ਸਾਹ ਲਏ। ਸਾਡੀ ਬੋਲੀ ਦਾ ਇਹ ਅਜ਼ੀਮ ਗਾਇਕ ਹੁਣ ਸਾਡੀਆਂ ਯਾਦਾਂ ਵਿਚ ਹੈ ਤੇ ਉਸ ਦੇ ਗੀਤ ਅਹਿਸਾਸ ਕਰਵਾਉਂਦੇ ਹਨ ਕਿ ਉਹਦੇ ਵਰਗਾ ਦੂਰ-ਦੂਰ ਤੀਕ ਵੀ ਕੋਈ ਹੋਰ ਨਹੀਂ।

'ਕਦੀ ਤੇ ਹੱਸ ਬੋਲ ਵੇ', 'ਕਿਉਂ ਕਿਉਂ ਦੂਰ ਦੂਰ ਰਹਿੰਦੇ ਹੋ' ਅਤੇ 'ਦਮਾ ਦਮ ਮਸਤ ਕਲੰਦਰ' ਵਰਗੇ ਗੀਤਾਂ ਨਾਲ ਦਿਲਾਂ ਦੀਆਂ ਗੱਲਾਂ ਕਰਦਾ ਸੀ। ਮੀਆਂ ਮੁਹੰਮਦ ਬਖਸ਼ ਦਾ ਲਿਖਿਆ ਸੈਫੁਲ-ਮਲੂਕ ਸ਼ੌਕਤ ਦੀ ਆਵਾਜ਼ ਵਿਚ ਜਿਸ ਨੇ ਵੀ ਸੁਣਿਆ, ਉਹ ਮੁਰੀਦ ਹੋ ਗਿਆ। ਗੀਤ ਅਤੇ ਸੰਗੀਤ ਦਾ ਇਹ ਜਾਦੂ ਉਸ ਦੇ ਸਾਰੇ ਗੀਤਾਂ ਵਿਚ ਹੈ। ਇਹ ਵੀ ਸੱਚ ਹੈ ਕਿ ਉਹ ਪੰਜਾਬੀਆਂ ਦੀ ਦੁਨੀਆ ਭਰ ਵਿਚ ਲੋਕ-ਆਵਾਜ਼ ਸੀ।

ਉਹ ਤਿੰਨ ਮਈ 1944 ਨੂੰ ਗੁਜਰਾਤ (ਪਾਕਿਸਤਾਨ) ਵਿਚ ਮਸ਼ਹੂਰ ਗਾਇਕ ਪਰਿਵਾਰ ਮਲਿਕਵਾਲ 'ਚ ਪੈਦਾ ਹੋਇਆ। 1960 'ਚ ਛੋਟੀ ਉਮਰ 'ਚ ਹੀ ਪੰਜਾਬੀ ਫਿਲਮਾਂ 'ਚ ਗੀਤ ਗਾਉਣ ਦਾ ਮੌਕਾ ਮਿਲਿਆ ਤਾਂ ਸ਼ੌਕਤ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। 1963 'ਚ ਪਹਿਲੀ ਪੰਜਾਬੀ ਫਿਲਮ 'ਤੀਸ ਮਾਰ ਖਾਨ' ਵਿਚ ਸੰਗੀਤਕਾਰ ਐਮ. ਅਸ਼ਰਫ ਨੇ ਉਸ ਨੂੰ ਮੌਕਾ ਦਿੱਤਾ ਪਰ ਬਾਅਦ ਵਿਚ ਸਮੇਂ-ਸਮੇਂ ਉਸ ਨੇ ਆਪਣੀ ਗਾਇਕੀ ਦਾ ਸਿੱਕਾ ਮੰਨਵਾਇਆ। 1982 ਦੀਆਂ ਏਸ਼ਿਆਈ ਖੇਡਾਂ ਵੇਲੇ ਦਿੱਲੀ ਵਿਚ ਵੀ ਉਸ ਨੇ ਆਪਣੀ ਗਾਇਕੀ ਨਾਲ ਸਮਾਂ ਬੰਨ੍ਹਿਆ। ਉਹ ਪਾਕਿਸਤਾਨ ਦੇ ਨਾਲ ਨਾਲ ਸਾਡੇ ਇਧਰਲੇ ਪੰਜਾਬ ਤੇ ਦੁਨੀਆ ਭਰ 'ਚ ਵਸਦੇ ਪੰਜਾਬੀਆਂ 'ਚ ਬੇਹੱਦ





ਪ੍ਰਸਿੱਧ ਤੇ ਦਿਲ ਨੂੰ ਧੂਹ ਪਾਉਣ ਵਾਲੀ ਗਾਇਕੀ ਦਾ ਵੱਖਰੀ ਕਿਸਮ ਦਾ ਗਾਇਕ ਸੀ।

ਉਸ ਨੇ ਬੇਸ਼ੁਮਾਰ ਉਰਦੂ ਤੇ ਪੰਜਾਬੀ ਫਿਲਮਾਂ ਲਈ ਗਾਉਣ ਦੇ ਨਾਲ-ਨਾਲ ਦੁਨੀਆ ਭਰ 'ਚ ਸ਼ੋਅ ਕੀਤੇ। ਸ਼ੌਕਤ ਬਾਰੇ ਇਹ ਪ੍ਰਸਿੱਧ ਸੀ ਕਿ ਗਾਉਣ ਵਾਸਤੇ ਸੌਦਾ ਨਹੀਂ ਕਰਦਾ ਤੇ ਆਪਣੀ ਜ਼ਬਾਨ ਨੂੰ ਕਦੇ ਵੀ ਪੈਸੇ ਨਾਲ ਨਹੀਂ ਰਿਝਾਇਆ। ਇਹ ਖੁੱਲ੍ਹਾਪਣ ਤੇ ਬੇਬਾਕੀ ਹੀ ਉਹਦੀ ਵੱਖਰੀ ਪਛਾਣ ਸੀ। ਸ਼ੌਕਤ ਨਾਲ ਮੇਰੀ ਪਹਿਲੀ ਮੁਲਾਕਾਤ 1980 'ਚ ਬਰਮਿੰਘਮ ਵਿਚ ਇਕ ਰਿਕਾਰਡਿੰਗ ਸਟੂਡੀਓ 'ਚ ਹੋਈ ਸੀ ਤੇ ਫਿਰ ਇਹ ਸਿਲਸਿਲਾ ਚਲਦਾ ਰਿਹਾ। 1982 'ਚ ਜਦੋਂ ਉਹ ਇਧਰ ਆਇਆ ਤਾਂ ਫਿਰ ਉਸ ਦੇ ਮੂੰਹੋਂ 'ਦਮਾ ਦਮ ਮਸਤ ਕਲੰਦਰ' ਸੁਣ ਕੇ ਗਾਇਕੀ ਨਾਲ ਹਜ਼ਾਰਾਂ ਸਰੋਤੇ ਝੂਮ ਉਠੇ ਸਨ।

ਸ਼ੌਕਤ ਨੇ ਹਮੇਸ਼ਾ ਦੱਸਿਆ, "ਮੇਰੇ ਅੰਦਰ ਸੂਫੀਆਂ ਦੀ ਰੂਹ ਆ ਜਾਂਦੀ ਏ, ਜਦੋਂ ਮੈਂ ਸੂਫੀ ਕਲਾਮ ਗਾਉਂਦਾ ਹਾਂ। ਅਸਲ ਵਿਚ ਪੰਜਾਬੀ ਲੋਕ ਗਾਇਕੀ ਦੀ ਅਮੀਰੀ ਅਤੇ ਰੰਗ ਦੁਨੀਆਂ ਦੀ ਕਿਸੇ ਜ਼ਬਾਨ ਤੇ ਗਾਇਕੀ 'ਚ ਨਹੀਂ ਮਿਲਦੇ। ਇਹੀ ਸਾਡੀ ਅਮੀਰੀ ਹੈ।"

ਸ਼ੌਕਤ ਬਾਰੇ ਇਕ ਸਤਰ 'ਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਸ ਦੀ ਗਾਇਕੀ ਸਾਡੇ ਧੁਰ ਅੰਦਰ ਦਾ ਸੱਚ ਹੈ। ਅੱਜ ਅਸੀਂ ਇਸ ਸਤਰੰਗੀ ਪਰਤਾਂ ਦੀ ਆਵਾਜ਼ ਤੋਂ ਸੱਖਣੇ ਹੋ ਗਏ ਹਾਂ। ਪਾਕਿਸਤਾਨ, ਕੈਨੇਡਾ, ਇੰਗਲੈਂਡ ਅਤੇ ਆਸਟਰੇਲੀਆ 'ਚ ਉਸ ਦੇ ਪੰਜਾਬੀ ਫਿਲਮਾਂ 'ਚ ਗਾਏ ਗੀਤ ਇੰਨੇ ਪ੍ਰਸਿੱਧ ਹਨ ਕਿ ਹਾਲੇ ਵੀ ਲੋਕਾਂ ਦੀ ਜ਼ੁਬਾਨ 'ਤੇ ਹਨ।

ਸ਼ੌਕਤ ਦੀਆਂ ਫਿਲਮਾਂ ਵਿਚ ਬੇਹੱਦ ਯਾਦਗਾਰੀ ਫਿਲਮ 'ਚੰਨ ਵਰਿਆਮ' ਸ਼ੁਮਾਰ ਹੈ ਜੋ 1981 ਵਿਚ ਬਣੀ ਸੀ। ਅੱਵਲ ਹਮਦ ਸਨਾ-ਏ-ਇਲਾਹੀ ਦੇ ਬੋਲ, ਮੁਜਾਹਿਦ, ਅੱਥਰਾ ਪੁੱਤਰ, ਮੌਲਾ ਜੱਟ, ਪ੍ਰਛਾਈਆਂ, ਚੜ੍ਹਦਾ ਸੂਰਜ, ਅੰਗਾਰਾ ਤੋਂ ਉਸ ਦੀਆਂ ਗਾਈਆਂ ਕੱਵਾਲੀਆਂ ਲੋਕ ਦਿਲਾਂ 'ਚ ਡੂੰਘੀਆਂ ਉਤਰੀਆਂ ਹੋਈਆਂ ਹਨ।

ਇਕ ਰਿਕਾਰਡਿੰਗ ਦੌਰਾਨ ਜਦੋਂ ਮੈਂ ਉਸ ਨੂੰ ਪੁੱਛਿਆ ਸੀ, ਸ਼ੌਕਤ ਗਾਉਂਦਾ ਨਾ ਤਾਂ ਕੀ ਕਰਦਾ? ਉਸ ਨੇ ਜਵਾਬ ਦਿੱਤਾ, "ਕਿਸੇ ਸਾਈਂ ਦੇ ਮਜ਼ਾਰ 'ਤੇ ਸੇਵਾਦਾਰ ਹੁੰਦਾ।" ਇਹ ਨਿਮਰਤਾ ਸ਼ੌਕਤ ਦੀ ਸ਼ਖਸੀਅਤ ਦੀ ਪਛਾਣ ਸੀ। ਉਸ ਨੂੰ ਪ੍ਰਾਈਡ ਆਫ ਪ੍ਰਫਾਰਮੈਂਸ ਵਰਗੇ ਵੱਡੇ ਇਨਾਮ ਵੀ ਦਿੱਤੇ ਗਏ। ਵਾਇਸ ਆਫ ਪੰਜਾਬ ਐਵਾਰਡ ਵੀ ਦਿੱਤਾ ਗਿਆ। ਸ਼ੌਕਤ ਦਾ ਮਸ਼ਹੂਰ ਗੀਤ 'ਕਦੀ ਤੇ ਹੱਸ ਬੋਲ ਵੇ' ਹਿੰਦੀ ਫਿਲਮ 'ਲਵ ਆਜਕਲ' ਵਿਚ ਵੀ ਸੁਣਾਈ ਦਿੱਤਾ ਸੀ। ਉਸ ਦੇ ਤਿੰਨ ਬੇਟੇ ਮੋਹਸਿਨ, ਅਮੀਰ ਤੇ ਇਮਰਾਨ ਵੀ ਗਾਇਕੀ ਦੇ ਪਿੜ ਵਿਚ ਸਰਗਰਮ ਹਨ।

ਜਦੋਂ ਵੀ ਪੰਜਾਬੀ ਗਾਇਕੀ ਵਿਚ ਲੋਕ ਗਾਇਕੀ ਦੀ ਗੱਲ ਛਿੜੇਗੀ ਤਾਂ ਸ਼ੌਕਤ ਦਾ ਜ਼ਿਕਰ ਜ਼ਰੂਰ ਹੋਵੇਗਾ। ਅੱਜ ਭਾਵੇਂ ਉਹ ਸਾਡੇ ਵਿਚਕਾਰ ਨਹੀਂ ਰਿਹਾ ਪਰ ਉਸ ਦੇ ਖਣਕਦੇ ਬੋਲ ਸਾਡੇ ਦਿਲਾਂ ਵਿਚ ਗਹਿਰੇ ਹੋਣਗੇ। ਹਾਲਾਂਕਿ ਉਹ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸੀ ਪਰ ਹੌਸਲਾ ਬੇਹੱਦ ਬੁਲੰਦ। ਉਸ ਦੀ ਇੱਛਾ ਸੀ ਕਿ ਇਕ ਵਾਰੀ ਠੀਕ ਹੋ ਕੇ ਉਹ ਦੋਵਾਂ ਪੰਜਾਬਾਂ ਲਈ ਹੀਰ ਦੀ ਹੇਕ ਲਾਵੇ ਤੇ ਅਮਨ ਦੀਆਂ ਦੁਆਵਾਂ ਮੰਗੇ। ਸ਼ੌਕਤ ਅਲੀ ਦੇ ਫੌਤ ਹੋਣ ਕਾਰਨ ਸੰਗੀਤ ਜਗਤ ਨੂੰ ਪਿਆ ਘਾਟਾ ਪੂਰਾ ਹੋਣਾ ਵਾਲਾ ਨਹੀਂ। ਉਹ ਸਾਡੇ ਸਮਿਆਂ ਦਾ ਲਾਸਾਨੀ ਗਾਇਕ ਸੀ। ਅੱਜ ਸਮੂਹ ਪੰਜਾਬੀ ਉਦਾਸ ਹਨ, ਅਲਵਿਦਾ ਸ਼ੌਕਤ ਭਾਈ।

## ਸ਼ੌਕਤ ਅਲੀ ਦੇ ਰੰਗ

*ਫਿਲਮਾਂ ਵਿਚ ਗੀਤ ਗਾਉਣ ਤੋਂ ਇਲਾਵਾ ਸ਼ੌਕਤ ਅਲੀ ਨੇ ਫਿਲਮਾਂ ਵਿਚ ਅਦਾਕਾਰੀ ਵੀ ਕੀਤੀ। ਉਰਦੂ ਫਿਲਮ 'ਫੈਸ਼ਨ' (1965) ਵਿਚ ਸ਼ੌਕਤ ਅਲੀ ਨੇ ਮਹਿਮਾਨ ਭੂਮਿਕਾ ਨਿਭਾਉਣ ਦੇ ਨਾਲ-ਨਾਲ ਗੀਤ 'ਮੁਹੱਬਤ ਕਾ ਤਾਰਾਨਾ ਗੂੰਜ ਉਠਾ ਹੈ' ਵੀ ਗਾਇਆ। ਪੰਜਾਬੀ ਫਿਲਮ 'ਮੇਮ ਸਾਹਿਬ' (1966) ਵਿਚ ਸ਼ੌਕਤ ਅਲੀ ਇਕ ਵਾਰ ਫਿਰ ਮਹਿਮਾਨ ਕਿਰਦਾਰ ਵਿਚ ਨਜ਼ਰ ਆਏ। ਫਿਲਮ ਵਿਚ ਸ਼ੌਕਤ ਅਲੀ ਨੇ ਕੱਵਾਲੀ ਗੀਤ 'ਆਪਣਾ ਆਪ ਗਵਾ ਲੈ ਜੇ ਕੁਝ ਲੱਭਣਾ ਈ ਤੇ' ਗਾਇਆ ਪੰਜਾਬੀ ਫਿਲਮ 'ਦੋਸਤਾਨਾ' (1982) ਵਿਚ ਸ਼ੌਕਤ ਅਲੀ ਨੇ ਆਪਣੇ ਖਾਸ ਅੰਦਾਜ਼ ਅਤੇ ਲਿਬਾਸ ਵਿਚ 'ਜਦੋਂ ਤੇਰੀ ਵੰਗ ਛਣਕੇ' ਗੀਤ ਗਾਇਆ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਅਪਰੈਲ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-478



*ਖਿੱਚ ਲੈ ਤੂੰ ਵੀ ਫੋਟੋ ਮਿੱਤਰਾ ਕਰ ਰਾਜੀ ਚਿੱਤ ਪੂਰਾ।*
*ਇਹਨੂੰ ਕਹਿੰਦੇ ਲਾਲ ਚੰਦ ਤੇ ਮੈਨੂੰ ਕਹਿੰਦੇ ਨੇ ਨੂਰਾ।*
*ਮਹਿੰਗਾਈ ਅਤੇ ਕਰੋਨਾ ਦਾ ਯੁੱਗ ਕੱਢੀ ਜਾਂਦਾ ਕੂਕਾਂ।*
*ਵਾਜੇ ਲੈ ਲਏ ਨਵੇਂ, ਪੁਰਾਣੀਆਂ ਮਾਰੀ ਜਾਈਏ ਫੂਕਾਂ।*

## ਕੈਪਸ਼ਨ ਮੁਕਾਬਲਾ-476



ਕਰਨਾ ਸਬਰ ਬੜਾ ਹੈ ਔਖਾ
ਕਤਾਰ ਤਾਂ ਲੰਬੀ ਹੋਈ ਜਾਵੇ।
ਕਦ ਆਊਗੀ ਵਾਰੀ ਮੇਰੀ?
ਸਭ ਨੂੰ ਫਿਕਰ ਸਤਾਈ ਜਾਵੇ।
ਫੇਰ ਵੀ ਸਿਆਣਪ ਦੇਖੋ ਕਿੰਨੀ
ਬੰਧਨ ਤੋਂ ਕੋਈ ਬਾਹਰ ਨਾ ਜਾਵੇ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਜਾਨਵਰਾਂ ਨੂੰ ਖੁਦ ਸਿਖਾਵੇ
ਪਰ ਆਪ ਨਾ ਸਿੱਖੇ ਕਾਈ।
ਦੇਖੋ ਸਾਰੇ ਅਰਾਮ ਨਾਲ ਬੈਠੇ
ਨਾ ਕੋਈ ਕਰਨ ਲੜਾਈ।
ਕੁੱਤੇ ਦਾ ਲੱਗਿਆ ਬੁੱਤ ਦੇਖ ਕੇ
ਲੰਬੀ ਕਤਾਰ ਬਣਾਈ।
ਵਾਰੀ ਵਾਰੀ ਜਾ ਉਤੇ ਮੂਤਣਾ
ਉਡੀਕ ਕਰਦੇ ਨੇ ਭਾਈ।

***-ਸੇਵਾ ਸਿੰਘ ਨੂਰਪੁਰੀ***

---

ਦੇਖੋ ਲੰਬੀਆਂ ਲੰਬੀਆਂ ਡਾਰਾਂ
ਆਪਣੀ ਵਾਰੀ ਦੀਆਂ ਇੰਤਜ਼ਾਰਾਂ।
ਸਬਰਾਂ ਨਾਲ ਉਡੀਕਣ ਬੈਠੇ
ਦੋ ਕੰਮ ਹੋਣ ਇੱਕੋ ਵਾਰਾਂ।
ਰਖਵਾਲੇ ਲੱਤਾਂ ਚੁੱਕ ਚੁੱਕ
ਦਰਖਤਾਂ 'ਤੇ ਮਾਰਨ ਧਾਰਾਂ
ਨਿਸ਼ਾਨਦੇਹੀ ਤੇ ਕਬਜ਼ਾ ਕਰਕੇ
ਬਣ ਬੈਠਾਂਗੇ ਸਰਕਾਰਾਂ।

***-ਕਲਵੰਤ ਸਿੰਘ ਸਹੋਤਾ, ਕੈਨੇਡਾ***
***ਫੋਨ: 604-589-5919***

---

ਕਾਲੇ, ਚਿੱਟੇ, ਭੂਰੇ, ਡੱਬੇ, ਵੱਡੇ, ਛੋਟੇ
ਗਲ ਪਟਾ ਪਾ ਲਾਈਨ ਹੈ ਬਣਾਈ।
ਵਾਰੀ ਆਈ 'ਤੇ ਜਾਣਾ ਇੱਕ ਨੰਬਰ
ਉਡੀਕਣ ਬੈਠੇ, ਰੱਖਣੀ ਸਫਾਈ।
ਮਿਸਾਲ ਬੰਦਿਆਂ ਲਈ ਬਣ ਗਏ ਕੁੱਤੇ,
ਆਗਿਆਕਾਰੀ ਦੀ ਜੋ ਦਿੱਤੀ ਸਿਖਲਾਈ।

***-ਦਵਿੰਦਰ ਕੌਰ***

---

ਕੁੱਤੇ ਕਰਨ ਵਾਰੀ ਨਾਲ ਇੰਤਜ਼ਾਰ
ਫੌਜੀਆਂ ਜਿਹਾ ਡਿਸਿਪਲਿਨ ਸਿਖਾਇਆ।
ਬਿਨਾ ਭੇਦਭਾਵ ਵੱਡੇ-ਛੋਟੇ, ਕਾਲੇ-ਭੂਰੇ
ਬਰਾਬਰੀ ਦਾ ਹੱਕ ਸਭ ਨੂੰ ਦਿਵਾਇਆ।
ਮਨੁੱਖਾਂ ਨੂੰ ਲਾਈਨਾਂ 'ਚ ਲਾਉਣਾ ਔਖਾ
ਢੰਗ-ਤਰੀਕੇ ਲੱਭਣ ਹੇਰਾ-ਫੇਰੀ ਦੇ।
ਸਿਆਸਤ ਨੇ ਅਸ਼ਾਂਤੀ ਫੈਲਾ ਰੱਖੀ
ਕੰਮ ਹੁੰਦੇ ਨਾ ਬਿਨਾ ਦੇਰੀ ਦੇ।

***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਸਬਰ, ਮੜ੍ਹਕ ਅਤੇ ਜ਼ਬਤ
ਮਾਹੌਲ ਸੁਖਾਵਾਂ ਰੱਖਦੇ।
ਚੁਣ ਬਲਾਰਿੱਤੇ ਏਕਾਂਤ ਦਰਖਤ ਓਹਲੇ
ਇਕ ਵੱਡੀ ਡਾਰ ਲਾਈ ਕੁੱਤਾ-ਜਾਨਵਰਾਂ ਨੇ।
ਕੋਈ ਛੜੱਪਾ ਨਹੀਂ, ਨਾ ਹੀ ਧੱਕਮ-ਧੱਕਾ
ਜਾਣਗੇ ਵਾਰੋ ਵਾਰੀ ਸ਼ਾਸ਼ ਕਰਨ।
ਇਹ ਵੀ ਇਕ ਮਿਸਾਲ ਹੈ
ਸੁਲਝੀ ਹੋਈ ਸੋਚ ਦੀ
ਖੜ੍ਹ ਲਾਈਨਾਂ 'ਚ ਜੇ ਇੰਜ ਹੀ
ਇਨਸਾਨ ਵੀ ਕਰਨ
ਕਿਉਂ ਨਾ ਦਿਨ ਦੁੱਗਣੀ, ਰਾਤ ਚੌਗੁਣੀ
ਤਰੱਕੀ ਕਰ ਜਾਵੇ ਮਨੁੱਖ।

***-ਦਰਸ਼ਨਪਾਲ ਦੋਸਾਂਝ***

---

ਸਬਕ ਕੁੱਤਿਆਂ ਤੋਂ ਲੈ ਲਵੇ
ਵਫਾਦਾਰੀ ਤੇ ਸਬਰ ਦਾ ਜੇ ਇਨਸਾਨ,
ਹਰ ਬੰਦਾ ਫਿਰ ਬਣ ਜਾਵੇਗਾ ਮਹਾਨ।
ਪਰ ਸਬਰ ਸੰਤੋਖ ਦੀ ਹੈ ਕਮੀ ਭਾਰੀ
ਫਿਰ ਕਹਿਣ ਸਾਡੀ ਕਿਸਮਤ ਮਾੜੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-640-6660***

# ਦੁੱਲਾ ਭੱਟੀ ਨੂੰ ਯਾਦ ਕਰਦਿਆਂ

ਸੂਰਮੇ ਦੀ ਕਹਾਣੀ ਕਰੀਬ ਪੌਣੇ ਪੰਜ ਸੌ ਸਾਲ ਪਹਿਲਾਂ ਤੁਰੀ। ਕਈ ਆਏ ਕਈ ਗਏ, ਪਰ ਉਸ ਵਰਗਾ ਉਹੀ ਸੀ, ਜਿਸ ਨੂੰ ਅੱਜ ਵੀ ਲੋਕ ਦਿਲਾਂ ਵਿਚ ਲਈ ਬੈਠੇ ਨੇ। ਰਾਜਿਆਂ, ਮਹਾਰਾਜਿਆਂ ਨੂੰ ਲੋਕ ਚੇਤਿਆਂ ਵਿਚੋਂ ਮਨਫੀ ਕਰ ਦਿੰਦੇ ਨੇ, ਪਰ ਕੁਝ ਐਸੇ ਜਾਂਬਾਜ਼ ਯੋਧੇ ਹੁੰਦੇ ਹਨ, ਜਿਹੜੇ ਆਪਣੇ ਟੱਬਰਾਂ ਕੁਨਬਿਆਂ ਦੇ ਨਾਲ-ਨਾਲ ਆਮ ਲੋਕਾਂ ਦੇ ਦਿਲਾਂ ਵਿਚ ਵੀ ਜਗ੍ਹਾ ਬਣਾ ਲੈਂਦੇ ਨੇ, ਇਹ ਭਾਵੇਂ ਜੈਮਲ ਫੱਤਾ ਹੋਵਣ, ਭਾਵੇਂ ਰਾਏ ਅਹਿਮਦ ਖਰਲ ਜਾਂ ਜੱਗਾ ਡਾਕੂ ਤੇ ਜਾਂ ਫਿਰ ਦੁੱਲਾ ਭੱਟੀ ਹੋਵੇ।

ਮੰਗੋਲੀਆ ਤੋਂ ਮੰਗੋਲ, ਮੰਗੋਲਾਂ ਵਿਚ ਚੰਗੇਜ਼ ਖਾਨ ਅਤੇ ਚੰਗੇਜ਼ ਤੋਂ ਚੁਗੱਤੇ ਰਾਜ ਦੀ ਗੱਲ ਤੁਰੀ, ਜਿਹੜੀ ਤੁਰਦੀ-ਤੁਰਦੀ ਲਾਹੌਰ, ਦਿੱਲੀ, ਆਗਰਾ ਤੇ ਅਖੀਰ ਹਿੰਦੋਸਤਾਨ ਦੇ ਧੁਰ ਦੱਖਣ ਤੱਕ ਪਹੁੰਚ ਗਈ। ਕਿਸੇ ਵਿਚ ਹਿੰਮਤ ਨਾ ਪਈ ਇਨ੍ਹਾਂ ਧਾੜਵੀਆਂ ਨਾਲ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਦੀ। ਜੇ ਕਿਸੇ ਨੇ ਗੱਲ ਚਲਾਈ ਤਾਂ ਉਹ ਸਨ ਪੰਜਾਬ ਦੀ ਧਰਤ ਦੇ ਜਾਏ। ਉਨ੍ਹਾਂ ਸੂਰਬੀਰਾਂ ਦੀ ਗੱਲ ਅੱਜ ਵੀ ਦਿੱਲੀ ਦਰਬਾਰ ਦੁਆਲੇ ਗੂੰਜ ਰਹੀ ਏ।

700 ਸਾਲ ਪਹਿਲਾਂ ਜੈਸਲਮੇਰ (ਰਾਜਸਥਾਨ) ਤੋਂ ਇਕ ਰਾਜਪੂਤ ਕਬੀਲਾ ਹਿਜਰਤ

**ਧਰਮ ਸਿੰਘ ਗੋਰਾਇਆ**
ਫੋਨ: 301-653-7029

ਕਰ ਕੇ ਸਾਂਦਲਬਾਰ ਦੇ ਇਲਾਕੇ ਵਿਚ ਝਨਾਂ ਕੰਢੇ ਆਣ ਡੇਰਾ ਲਾਉਂਦਾ ਹੈ। ਇਲਾਕੇ ਦੀ ਅਹਿਲਕਾਰੀ ਸੇਹੂ ਹੰਜਰਾ ਕੋਲ ਸੀ। ਉਸ ਦੀ ਇਜਾਜ਼ਤ ਨਾਲ ਭੱਟੀਆਂ ਦਾ ਇਸ ਪੱਕਾ ਮੁਕਾਮ ਹੋ ਗਿਆ। ਇਹ ਲੋਕ ਬਹੁਤ ਜੰਗਜੂ, ਲੜਾਕੇ, ਮਾਰਖੋਰੇ ਸਨ। ਹੌਲੀ-ਹੌਲੀ ਆਲੇ-ਦੁਆਲੇ ਕਬਜ਼ਾ ਕਰ ਲਿਆ। ਦੋ-ਤਿੰਨ ਸਦੀਆਂ ਬਾਅਦ ਭੱਟੀ ਰਾਜਪੂਤਾਂ ਦੀਆਂ ਮਾਲਕੀਆਂ ਬਣ ਗਈਆਂ। ਸਾਰੇ ਇਲਾਕੇ ਨੂੰ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵੰਡ ਲਿਆ।

ਦਿੱਲੀ, ਲਾਹੌਰ, ਪੇਸ਼ਾਵਰ, ਕਾਬਲ, ਤੁਰਕਸਤਾਨ ਜਾਣ-ਆਉਣ ਦਾ ਰਸਤਾ ਪਿੰਡੀ ਭੱਟੀਆਂ ਵਿਚ ਦੀ ਲੰਘਦਾ ਸੀ। ਇਸ ਇਲਾਕੇ ਵਿਚ ਚੰਗੀਆਂ ਫਸਲਾਂ, ਹਰਿਆਲੀ, ਚਰਗਾਹਾਂ ਸਨ। ਮੁਗਲ ਫੌਜਾਂ ਦੀ ਆਵਾਜਾਈ ਆਮ ਰਹਿੰਦੀ, ਜਿਸ ਦੇ ਫਲਸਰੂਪ ਫਸਲਾਂ ਦਾ ਨੁਕਸਾਨ, ਪਸ਼ੂਆਂ ਘੋੜਿਆਂ ਅਤੇ ਹੋਰ ਖੇਤੀਬਾੜੀ ਸਾਧਨਾਂ ਦਾ ਨੁਕਸਾਨ ਹੁੰਦਾ। ਲੋਕਾਂ ਸ਼ਿਕਾਇਤ ਕਰਨੀ ਤਾਂ ਉਲਟਾ ਇਨ੍ਹਾਂ ਉਪਰ ਹੋਰ ਜ਼ੁਲਮ ਕਰਨਾ। ਉਨ੍ਹਾਂ ਦੇ ਘਰਾਂ ਵਿਚੋਂ ਆਨਾਜ ਚੁੱਕ ਲੈਣਾ। ਉਨ੍ਹਾਂ ਦੀਆਂ ਬਹੂ-ਬੇਟੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ।

ਬਿਜਲੀ ਖਾਂ/ਸਾਂਦਲ ਖਾਂ ਆਪਣੇ ਇਲਾਕੇ ਦਾ ਖੁਦਮੁਖਤਾਰ ਸੀ, ਜਿਸ ਨੇ ਆਪਣੀ ਪਰਜਾ ਦੀ ਹਿਫਾਜ਼ਤ ਦਾ ਅਹਿਦ ਲਿਆ ਹੋਇਆ ਸੀ। ਇਸ ਦੇ ਇਵਜ਼ਾਨੇ ਵਿਚ ਕਿਸਾਨ ਆਪਣੀ ਮਰਜ਼ੀ ਮੁਤਾਬਕ ਮਾਲੀਆ ਉਸ ਨੂੰ ਦਿੰਦੇ ਸਨ। ਇਹੀ ਮਾਲੀਆ ਗੁਰੀਲਾ ਫੌਜ ਦੇ ਨੌਜਵਾਨਾਂ ਵਿਚ ਵੰਡ ਦਿੱਤਾ ਜਾਂਦਾ ਸੀ। ਟਕਰਾਓ ਦੇ ਹਾਲਾਤ ਪੈਦਾ ਹੋ ਚੁਕੇ ਸਨ। ਮੁਗਲ ਹਕੂਮਤ ਦੇ ਅਹਿਲਕਾਰਾਂ ਨੂੰ ਰੋਕਿਆ ਜਾਣ ਲੱਗਾ। ਗੱਲਾਂ ਲਾਹੌਰ ਤਖਤ ਅੰਦਰ ਹੋਣ ਲੱਗੀਆਂ। ਇਕ ਤਾਂ ਸਾਂਦਲ ਬਾਰ ਦੇ ਵੱਡੇ ਇਲਾਕੇ ਵਿਚੋਂ ਕੋਈ ਮਾਲੀਆ ਲਾਹੌਰ ਨਹੀਂ ਜਾ ਰਿਹਾ, ਤੇ ਦੂਜਾ ਹੁਣ ਉਨ੍ਹਾਂ ਦੇ ਰਾਹ ਵੀ ਰੋਕੇ ਜਾਣ ਲੱਗੇ। ਭੱਟੀਆਂ ਦੀ ਬਗਾਵਤ ਅਤੇ ਜਵਾਂ ਮਰਦੀ ਦੀਆਂ ਗੱਲਾਂ ਦੂਰ ਤੱਕ ਹੋਣ ਲੱਗੀਆਂ।

ਮੁਗਲਾਂ ਦੇ ਚੌਧਰੀਆਂ ਨੇ ਬਿਜਲੀ ਖਾਂ ਅਤੇ ਉਸ ਦੇ ਪੁੱਤਰ ਫਰੀਦ ਖਾਂ ਨੂੰ ਕਈ ਲਾਲਚ ਦੇਣ ਦੀ ਕੋਸ਼ਿਸ਼ ਕੀਤੀ, ਪਰ ਇਹ ਪਿਉ-ਪੁੱਤ ਮੁਗਲਾਂ ਦੀ ਤੱਕੜੀ ਨਾ ਚੜ੍ਹੇ। ਇਹ ਜਾਗਰੂਕ ਹੋ ਚੁਕੇ ਸਨ ਅਤੇ ਆਪਣੇ ਗਰੀਬਾਂ, ਮ੍ਹਾਤੜਾਂ, ਛੋਟੇ ਕਿਸਾਨਾਂ, ਦੁਕਾਨਦਾਰਾਂ, ਲੁਹਾਰਾਂ, ਤਰਖਾਣਾਂ ਦੇ ਚਿਹਰਿਆਂ ਉਤੇ ਖੁਸ਼ੀਆਂ ਦੇਖਣਾ ਚਾਹੁੰਦੇ ਸਨ। ਜਿਵੇਂ ਹਮੇਸ਼ਾ ਹੁੰਦਾ ਆਇਆ ਹੈ, ਚੁਗੱਤਾਸ਼ਾਹੀ ਦੀਆਂ ਫੌਜਾਂ ਨੇ ਪਿੰਡੀ ਭੱਟੀਆਂ ਦੇ ਦੋ ਸਿਰਲੱਥ ਬਾਗੀਆਂ ਨੂੰ ਫੜ ਕੇ ਲਾਹੌਰ ਲੈ ਆਂਦਾ ਅਤੇ ਸਿਰ ਕਲਮ ਕਰ ਕੇ ਉਨ੍ਹਾਂ ਦੇ ਧੜਾਂ ਅੰਦਰ ਘਾਹ ਫੂਸ ਭਰ ਕੇ ਕਈ ਦਿਨ ਕਿਲ੍ਹੇ ਦੇ ਪਿਛਲੇ ਦਰਵਾਜ਼ੇ ਟੰਗੀ ਰੱਖਿਆ ਤਾਂ ਕਿ ਕੋਈ ਹੋਰ ਐਸਾ ਮਾਈ ਦਾ ਲਾਲ ਪੈਦਾ ਨਾ ਹੋ ਸਕੇ।

ਪਰ ਇੰਜ ਨਾ ਹੋਇਆ, ਤੇ ਪਿਉ ਦਾਦੇ ਦੀ ਸ਼ਹੀਦੀ ਤੋਂ ਬਾਅਦ ਐਸਾ ਲਾਲ ਉਠਿਆ, ਜੋ ਸ਼ਾਇਦ ਆਪਣੇ ਸੀਨੇ ਅੰਦਰ ਕੁਝ ਇਹ ਕਹਿੰਦਾ ਕਹਿੰਦਾ ਬੇੜੀ ਵਿਚ ਬੈਠਾ ਝਨਾਂ ਪਾਰ ਕਰ ਰਿਹਾ ਸੀ:

ਮੈਂ ਢਾਹਵਾਂ ਦਿੱਲੀ ਦੇ ਕਿੰਗਰੇ
ਤੇ ਕਰਾਂ ਲਾਹੌਰ ਤਬਾਹ।

ਝਨਾਂ ਦੇ ਕੰਢੇ ਬਦਰ ਵਿਖੇ ਮਾਈ ਲੱਧੀ ਦੀ ਕੁੱਖੋਂ ਦੁੱਲਾ ਸੰਨ 1547 ਨੂੰ ਪੈਦਾ ਹੋਇਆ। ਥੋੜ੍ਹੇ ਚਿਰਾਂ ਬਾਅਦ ਇਹ ਪਿੰਡ ਦਰਿਆ ਝਨਾਂ ਬੁਰਦ ਹੋ ਜਾਂਦਾ ਅਤੇ ਮਾਈ ਲੱਧੀ ਦਾ ਪਰਿਵਾਰ ਰੋਹੀਵਾਲਾ ਖੂਹ 'ਤੇ ਆ ਗਏ, ਜਿਸ ਨੂੰ ਅੱਜ ਕੱਲ੍ਹ ਪਿੰਡ ਚੂਚਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਲੱਧੀ ਬੇੜੀ ਰਾਹੀਂ ਝਨਾਂ ਪਾਰ ਕਰ ਰਹੀ ਸੀ, ਜਦੋਂ ਦੁੱਲਾ ਪੈਦਾ ਹੋਇਆ, ਤਲਵਾਰ ਨੂੰ ਝਨਾਂ ਦੇ ਵਗਦੇ ਪਾਣੀ ਵਿਚ ਡੋਬ ਕੇ ਦੁੱਲੇ ਨੂੰ ਗੁੜਤੀ ਦਿੱਤੀ ਗਈ।

ਹੁਣ ਗੱਲ ਕਰੀਏ ਪਿੰਡੀ ਭੱਟੀਆਂ ਦੀ, ਜਿਥੇ ਪੰਜਾਬ ਦੀ ਮਿੱਟੀ ਦਾ ਮਾਣ, ਬੇਖੌਫ, ਦਿਲਦਾਰ ਤੇ ਸੁਭਾਅ ਦਾ ਅੜੀਅਲ ਦੁੱਲਾ ਜਵਾਨ ਹੋਇਆ। ਘਰੋਂ ਚੰਗੇ ਵਸਦੇ ਜ਼ਿਮੀਦਾਰ। ਖਾਣ ਪੀਣ ਨੂੰ ਖੁੱਲ੍ਹਾ-ਡੁੱਲ੍ਹਾ। ਤੀਰ-ਅੰਦਾਜ਼ੀ, ਘੁੜ-ਸਵਾਰੀ ਤੇ ਝਨਾਂ ਤੋਂ ਰਾਵੀ ਤੱਕ ਖੁੱਲ੍ਹੀਆਂ ਜੂਹਾਂ ਜਿਥੇ ਆਪਣੇ ਸੰਗੀਆਂ ਸਾਥੀਆਂ ਨਾਲ ਸ਼ਿਕਾਰ ਕਰਦਾ, ਲੜਦਾ ਭਿੜਦਾ, ਰੁਸਦਾ ਫਿਰ ਮੰਨਦਾ। ਇਕ ਪੰਡਿਤ ਨੇ ਕਿਹਾ ਕਿ ਚੰਗੇ ਕੰਮ ਕਰੋ, ਲੋਕ ਯਾਦ ਰੱਖਣਗੇ, ਮਸ਼ਹੂਰ ਬਣ ਜਾਓਗੇ। ਪੁੱਛਿਆ, ਜਲਦੀ ਮਸ਼ਹੂਰ ਕਿੰਜ ਹੋਈਦਾ। ਜੁਆਬ ਆਇਆ, ਮਾੜੇ ਕੰਮੀ! ਪੜ੍ਹਨ ਲਈ ਮਸੀਤੇ ਗਿਆ, ਉਥੇ ਮੌਲਵੀ ਨੂੰ ਕੁੱਟ ਘੱਤਿਆ। ਚਾਰ-ਚੁਫੇਰੇ ਦੁੱਲਾ ਦੁੱਲਾ ਹੋ ਉਠਿਆ, ਪਰ ਅਜੇ ਦੁੱਲਾ ਭੱਟੀ ਬਣਨ ਵਿਚ ਹੋਰ ਵਕਤ ਲੱਗਣਾ ਸੀ।

ਲੋਕਾਂ ਦੇ ਤਾਹਨੇ ਮਿਹਣੇ, ਰਾਹਗੀਰਾਂ ਦੀਆਂ ਵਹੀਰਾਂ ਦਾ ਆਉਣ-ਜਾਣ ਤੇ ਦਰਬਾਰੀ ਠੇਕੇਦਾਰਾਂ, ਅਮੀਰਾਂ, ਮਨਸਬਦਾਰਾਂ, ਸੌਦਾਗਰਾਂ ਦਾ ਮੌਜ-ਮਸਤੀ ਵਾਲਾ ਜੀਵਨ ਵਰਤਾਰਾ ਇਨ੍ਹਾਂ ਮੱਸ-ਫੁੱਟ ਮੁੰਡਿਆਂ ਨੂੰ ਰਾਸ ਨਾ ਆਉਂਦਾ। ਮਾਂ ਲੱਧੀ ਕੋਲੋਂ ਸਭ ਕੁਝ ਜਾਣ ਚੁਕਾ ਸੀ। ਚਿਰਾਂ ਤੋਂ ਬੰਦ ਪਏ ਕੋਠੀਆਂ ਦੇ ਬੂਹੇ ਖੁੱਲ੍ਹੇ। ਅੰਦਰੋਂ ਹਰ ਤਰ੍ਹਾਂ ਦੇ ਹਥਿਆਰ ਲੱਭੇ। ਉਨ੍ਹਾਂ ਨੂੰ ਲੁਹਾਰਾਂ ਦੀਆਂ ਭੱਠੀਆਂ 'ਤੇ ਤਪਾ ਕੇ ਸਾਣ 'ਤੇ ਚਾੜ੍ਹਿਆ ਗਿਆ। ਹੱਥਾਂ ਵਿਚੋਂ ਗੁਲੇਲੇ ਛੁੱਟ ਗਏ ਅਤੇ ਤੀਰ-ਕਮਾਨ ਆ ਗਏ, ਤੇ ਮੋਢਿਆਂ 'ਤੇ ਭੱਥੇ ਲਟਕ ਗਏ।

ਮੁਗਲ ਚੁਗੱਤਾਸ਼ਾਹੀ ਨਾਲ ਸਿੱਧੀ ਟੱਕਰ ਲੈਣ ਤੋਂ ਪਹਿਲਾਂ ਦੁੱਲੇ ਅਤੇ ਉਸ ਦੇ ਸਾਥੀਆਂ ਨੇ ਇਹ ਕੰਮ ਘਰੋਂ ਹੀ ਸ਼ੁਰੂ ਕੀਤਾ। ਆਪਣੇ ਨਾਨਕੇ ਪਿੰਡ ਚਨਿਓਟ ਆਪਣੀ ਹੀ ਬਰਾਦਰੀ ਦੇ ਚੁਗੱਤਿਆਂ ਦੇ ਹੱਥ ਠੋਕਿਆਂ ਨੂੰ ਹੱਥ ਪਾਇਆ। ਉਨ੍ਹਾਂ ਦਾ ਵਾਧੂ ਮਾਲ-ਡੰਗਰ, ਘੋੜੀਆਂ, ਊਠ, ਉਨ੍ਹਾਂ ਦੀਆਂ ਗੋਲਕਾਂ ਭੰਨ ਕੇ ਜੋ ਕੁਝ ਲੱਭਿਆ; ਗਰੀਬਾਂ, ਮਿਹਨਤੀਆਂ ਮਜ਼ਦੂਰਾਂ ਵਿਚ ਵੰਡ ਦਿੱਤਾ। ਫਿਰ ਇਹ ਨਿੱਤ ਦਾ ਵਰਤਾਰਾ ਬਣ ਗਿਆ। ਲਾਗੇ-ਬੰਨੇ ਦੇ ਝਗੜੇ-ਝੇੜੇ, ਚੋਰੀ ਦੀਆਂ ਵਾਰਦਾਤਾਂ ਜਾਂ ਸਰਕਾਰੀ ਤੰਤਰ ਦੀਆਂ ਮਾਲੀਆ ਧੱਕੇ ਨਾਲ ਲੈਣ ਦੀਆਂ ਵਧੀਕੀਆਂ। ਲੋਕ ਕਚਹਿਰੀ ਲੱਗਦੀ। ਫੈਸਲੇ ਵੀ ਤੁਰੰਤ ਹੁੰਦੇ ਤੇ ਤੁਰੰਤ ਲਾਗੂ। ਹਾਕਮਸ਼ਾਹੀ ਨੂੰ ਫਿਕਰ ਹੋਇਆ। ਪਿੰਡੀ ਵਿਚ ਛਾਪੇ ਪੈਣ ਲੱਗੇ। ਦੁੱਲੇ ਨੇ ਹੁਣ ਤੱਕ ਕਈ ਛੋਟੇ-ਛੋਟੇ ਜਥੇ ਬਣਾ ਲਏ ਸਨ। ਇਨ੍ਹਾਂ ਨੇ ਜੰਗਲਾਂ ਅੰਦਰ ਆਪਣੀਆਂ ਛੁਪਣਗਾਹਾਂ ਬਣਾਈਆਂ। ਉਥੇ ਹੀ ਖਾਂਦੇ-ਪੀਂਦੇ ਤੇ ਰਾਤਾਂ ਕੱਟਦੇ। ਆਪਣਾ ਜੰਗੀ ਅਭਿਆਸ ਕਰਦੇ।

ਅਲੀ ਸੌਦਾਗਰ ਚੰਗੀ ਕਿਸਮ ਦੇ ਪੰਜ ਸੌ ਘੋੜੇ ਕੰਧਾਰ ਤੋਂ ਖਰੀਦ ਕੇ ਲਾਹੌਰ ਨੂੰ ਜਾ ਰਿਹਾ ਸੀ। ਰਾਤ ਪਿੰਡ ਭੱਟੀਆਂ ਕੱਟਣੀ ਪਈ। ਦੁੱਲੇ ਹੁਰਾਂ ਸਾਰੇ ਘੋੜੇ ਤਬੇਲੇ ਵਿਚੋਂ ਕੱਢ ਕੇ ਆਪਣੇ ਲੜਾਕੂ ਯੋਧਿਆਂ ਵਿਚ ਵੰਡ ਦਿੱਤੇ। ਅਲੀ ਸੌਦਾਗਰ ਰੋਂਦਾ ਰਿਹਾ ਅਤੇ ਲਾਹੌਰ ਦੇ ਰਾਹੇ ਖਾਲੀ ਹੱਥ ਜਾ ਰਿਹਾ; ਕਹਿੰਦਾ, ਜਾ ਕੇ ਬਾਦਸ਼ਾਹ ਸਲਾਮਤ ਅੱਗੇ ਫਰਿਆਦ ਕਰਾਂਗਾ। ਬਲਖ ਬੁਖਾਰੇ ਤੋਂ ਮੇਦਾ ਖੱਤਰੀ ਖੱਚਰਾਂ ਦੀਆਂ ਛੱਟਾ ਭਰੀ ਪਿੰਡੀ ਦੁੱਲੇ ਹੁਰਾਂ ਕੋਲ ਰਾਤ ਮੁਕਾਮ ਕਰਦਾ। ਦੁੱਲੇ ਦੇ ਸਾਥੀ ਉਸ ਦੀ ਚੰਗੀ ਸੇਵਾ ਵੀ ਕਰਦੇ, ਪਰ ਪਤਾ ਲੱਗਣ 'ਤੇ ਕਿ ਇਹ ਸਾਰਾ ਮਾਲ ਸ਼ਾਹੀ ਕਿਲ੍ਹੇ ਅੰਦਰ ਜਾਣਾ ਹੈ, ਉਹ ਸਭ ਕੁਝ ਲੁਟਾ ਬੈਠਾ। ਗੁੱਸੇ ਵਿਚ ਮੇਦਾ ਦੁੱਲੇ ਦੇ ਬਾਪ ਦਾਦੇ ਦਾ ਵੀ ਮਿਹਣਾ ਮਾਰ ਗਿਆ। ਗੁੱਸੇ ਨਾਲ ਦੁੱਲੇ ਨੇ ਉਸ ਦੀ ਦਾੜ੍ਹੀ ਮੁੱਛ ਕੱਟ ਦਿੱਤੀ। ਕਿਹਾ, ਜਾਹ ਕਹਿ ਦਈਂ ਆਪਣੇ ਰਾਜੇ ਨੂੰ, ਜੋ ਕਰਨਾ ਕਰ ਲਵੇ।

ਬਾਪ-ਦਾਦੇ ਦੀ ਮੌਤ ਮਗਰੋਂ ਸਾਂਦਲਬਾਰ ਵਿਚ ਕੁਝ ਜ਼ਮੀਨੀ ਮਾਲੀਆ ਲਾਹੌਰ ਦਰਬਾਰ ਜਾਣਾ ਸ਼ੁਰੂ ਹੋ ਗਿਆ ਸੀ, ਪਰ ਹੁਣ ਦੁੱਲੇ ਦੇ ਜ਼ਬਰਦਸਤ ਲੜਾਕੂ ਦਸਤਿਆਂ ਨੇ ਉਹ ਵੀ ਬੰਦ ਕਰਵਾ ਦਿੱਤਾ। ਸਾਂਦਲਬਾਰ ਅੰਦਰ ਮੁਗਲਾਂ ਦੀਆਂ ਫੌਜੀ ਟੁਕੜੀਆਂ ਨਾਲ ਰਾਜਪੂਤ ਜੱਟਾਂ ਦੇ ਪੁੱਤਰਾਂ, ਲੁਹਾਰਾਂ, ਤਰਖਾਣਾਂ, ਸੇਪੀਆਂ, ਮਰਾਸੀਆਂ, ਮੁਜਾਰਿਆ ਦੇ ਟਾਕਰੇ ਹੋਣ ਲੱਗੇ। ਆਤੀਜਜ਼ ਅਹਿਸਨ ਨੇ ਇਸੇ ਨੂੰ ਆਪਣੀ ਕਿਤਾਬ 'ਸਿੱਧ ਸਾਗਰ' ਵਿਚ ਕਿਸਾਨ ਅੰਦੋਲਨ ਕਿਹਾ ਹੈ। ਉਹੀ ਕਿਸਾਨ ਅੰਦੋਲਨ, ਜੋ ਬਾਅਦ ਵਿਚ ਸਰਦਾਰ ਅਜੀਤ ਸਿੰਘ ਨੇ 1907 ਨੂੰ 'ਪਗੜੀ ਸੰਭਾਲ ਜੱਟਾ' ਦੇ ਨਾਹਰੇ ਨਾਲ ਚਲਾਇਆ ਸੀ, ਜਿਸ ਦੀ ਵਜ੍ਹਾ ਨਾਲ ਕਿਸਾਨੀ ਦੀ ਹਾਲਤ ਜ਼ਿਆਦਾ ਵਿਗੜਨ ਨੂੰ ਕੁਝ ਸਮਾਂ ਬਚੀ ਰਹੀ।

ਵੱਡੇ-ਵੱਡੇ ਜਗੀਰਦਾਰਾਂ, ਸਰਕਾਰੀ ਅਹਿਲਕਾਰਾਂ ਵੱਲੋਂ ਕਰਵਾਏ ਜਾਂਦੇ ਮੁਫਤ ਕੰਮ ਕਿਸ ਨੂੰ ਵਗਾਰ ਵੀ ਕਿਹਾ ਜਾਂਦਾ, ਬੰਦ ਹੋਏ। 'ਸੁੰਦਰ ਮੁੰਦਰੀਏ ਤੇਰਾ ਕੌਣ ਵਿਚਾਰਾ' ਤਾਂ ਸਭਨਾਂ ਨੇ ਸੁਣਿਆ ਹੋਵੇਗਾ। ਇਹ ਕਿੰਜ ਹੋਇਆ? ਸੁੰਦਰ ਮੁੰਦਰੀ ਗਰੀਬ ਹਿੰਦੂ ਮੂਲ ਚੰਦ ਦੁਕਾਨਦਾਰ ਦੀ ਧੀ ਸੀ, ਪਿੰਡੀ ਲਾਗੇ ਪਿੰਡ ਕੋਟ ਨੱਕਾ ਤੋਂ। ਮੁਸਲਮਾਨ ਜਗੀਰਦਾਰ ਨੂੰ ਚੰਗੀ ਲੱਗੀ। ਬਾਪ ਨੂੰ ਵਿਆਹ ਲਈ ਮਜਬੂਰ ਕਰਨ ਲੱਗਾ। ਬਾਪ ਮੂਲ ਚੰਦ ਦੁੱਲੇ ਕੋਲ ਫਰਿਆਦੀ ਜਾ ਬਣਦਾ। ਦੁੱਲੇ ਨੇ ਉਸ ਦੀ ਧੀ ਨੂੰ ਆਪਣੀ ਧੀ ਬਣਾ ਕੇ ਚੰਗੇ ਹਿੰਦੂ ਪਰਿਵਾਰ ਵਿਚ ਵਿਆਹ ਕੀਤਾ ਅਤੇ ਜਗੀਰਦਾਰ ਨੂੰ ਉਸ ਦੀ ਧੱਕੇਸ਼ਾਹੀ ਦੀ ਸਜ਼ਾ ਦਿੱਤੀ।



ਲਾਹੌਰ ਵਿਚ ਦੁੱਲਾ ਭੱਟੀ ਦੀ ਮਜ਼ਾਰ।

ਦੁੱਲਾ ਭੱਟੀ ਹੁਣ ਆਪਣੇ ਬਾਪ-ਦਾਦੇ ਦੀ ਮੌਤ ਦੇ ਬਦਲੇ ਤੱਕ ਨਹੀਂ ਸੀ ਸੋਚਦਾ, ਹੁਣ ਉਹ ਪੂਰੇ ਸਾਂਦਲਬਾਰ ਦਾ ਰਖਵਾਲਾ ਬਣ ਚੁਕਾ ਸੀ। ਉਸ ਦੀ ਮੰਜ਼ਿਲ ਹੁਣ ਜ਼ੁਲਮੀ ਰਾਜ ਦੀਆਂ ਜੜ੍ਹਾਂ ਉਖਾੜਨਾ ਸੀ। ਇਹ ਉਹ ਵਕਤ ਸੀ, ਜਦੋਂ ਹਿੰਦੋਸਤਾਨ ਦੀ ਰਾਜਧਾਨੀ ਆਗਰਾ ਹੁੰਦੀ ਸੀ, ਜਿਥੇ ਅਕਬਰ ਦਾ ਬਹੁਤਾ ਸਮਾਂ ਮੁਕਾਮ ਰਹਿੰਦਾ ਸੀ। ਪੰਜਾਬ ਦੀ ਵਾਗਡੋਰ (ਗਵਰਨਰੀ) ਸ਼ਮਸ-ਉਦ-ਦੀਨ ਦੇ ਹੱਥਾਂ ਵਿਚ ਸੀ।

ਹੁਣ ਤੱਕ ਹਿੰਦੋਸਤਾਨ 'ਤੇ ਹਕੂਮਤ ਕਰਦਿਆਂ ਅਕਬਰ ਨੂੰ ਕਰੀਬ 33 ਸਾਲ ਹੋ ਚੁਕੇ ਸਨ। ਸੂਹੀਆਂ ਖਬਰਾਂ ਨੇ ਉਸ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ। ਦੁੱਲੇ ਨੂੰ ਜਿਊਂਦਾ ਜਾਂ ਮੁਰਦਾ ਫੜਨ ਦਾ ਹੁਕਮ ਕਰ ਦਿੱਤਾ ਗਿਆ। ਮਿਰਜ਼ਾ ਨਿਜ਼ਾਮੂਦੀਨ 12 ਹਜ਼ਾਰ ਹਥਿਆਰਬੰਦ ਫੌਜ ਨਾਲ ਪਿੰਡੀ ਭੱਟੀਆਂ 'ਤੇ ਧਾਵਾ ਬੋਲਦਾ। ਲੜਾਈ ਕਈ ਦਿਨ ਚਲਦੀ ਰਹੀ। ਇਕ ਸਮਾਂ ਉਹ ਵੀ ਆਇਆ, ਜਦ ਦੁੱਲਾ ਨਿਜ਼ਾਮੂਦੀਨ ਦਾ ਸਿਰ ਕਲਮ ਕਰਨ ਹੀ ਵਾਲਾ ਸੀ ਕਿ ਉਹ ਨਵਾਂ ਦਾਅ ਖੇਡ ਗਿਆ। ਮਾਈ ਲੱਧੀ ਦੇ ਪੈਰੀਂ ਜਾ ਪਿਆ। ਦੁੱਲੇ ਦਾ ਪੱਗ-ਵੱਟ ਭਰਾ ਬਣ ਗਿਆ, ਪਰ ਅੰਦਰੋਂ ਕਿਸੇ ਚੰਗੇ ਮੌਕੇ ਦੀ ਭਾਲ ਵਿਚ ਸੀ। ਦੁੱਲੇ ਨੂੰ ਬੰਦੀ ਬਣਾ ਕੇ ਲਾਹੌਰ ਦਰਬਾਰ ਵਿਚ ਲਿਆਂਦਾ ਗਿਆ। ਇਕ ਛੋਟੇ ਨੀਵੇਂ ਦਰਵਾਜ਼ੇ ਰਾਹੀਂ ਅੰਦਰ ਆਉਣਾ ਸੀ, ਪਰ ਦੁੱਲੇ ਨੇ ਆਪਣੇ ਪੈਰ ਪਹਿਲਾਂ ਅੰਦਰ ਕੀਤੇ, ਸਿਰ ਨਹੀਂ ਝੁਕਾਇਆ। ਸਿਰ ਜੋ ਹੱਕ-ਸੱਚ ਲਈ ਉਠਦੇ ਨੇ, ਉਹ ਕੱਟੇ ਤਾਂ ਜਾਂਦੇ ਨੇ ਪਰ ਛੇਤੀ ਕੀਤਿਆਂ ਜ਼ਾਲਮਾਂ ਅੱਗੇ ਝੁਕਦੇ ਨਹੀਂ। ਜੋ ਸਿਰ ਅੱਜ ਤੱਕ ਝੁਕੇ ਨਹੀਂ, ਉਹ ਸਦਾ ਅਣਲਿਖਤ ਲੋਕ ਹਿਰਦਿਆਂ ਵਿਚ ਪੀੜ੍ਹੀ-ਦਰ-ਪੀੜ੍ਹੀ ਦਰਜ ਹੋਈ ਜਾਂਦੇ ਨੇ। ਉਨ੍ਹਾਂ ਦੀਆਂ ਬਾਤਾਂ ਕਦੇ ਬੁੱਕਲ ਵਿਚ ਲਈ ਪੁੱਤ-ਪੋਤਰਿਆਂ ਨੂੰ ਸੁਣਾਉਂਦੇ ਨੇ, ਤੇ ਜਾਂ ਫਿਰ ਮੈਦਾਨ-ਏ-ਜੰਗ ਵਿਚ ਖੜਕਦੀਆਂ ਢਾਲਾਂ ਤਲਵਾਰਾਂ ਨੇਜਿਆਂ ਵਿਚੋਂ ਗੂੰਜਦੀਆਂ ਨੇ।

ਉਹ ਮੁਗਲ ਤਖਤ ਲਾਹੌਰ ਦਾ ਬਾਗੀ ਨਾਬਰ ਸੀ, ਜਿਸ ਨਾਲ ਰਾਵੀ ਤੋਂ ਝਨਾਂ ਦਾ ਹਰ ਜਣਾ ਨਾਲ ਖਲੋਤਾ। ਉਸ ਨੇ ਹਰ ਇਕ ਨੂੰ ਮਾਣ ਸਤਿਕਾਰ ਨਾਲ ਜੀਣ ਦਾ, ਆਪਣੀ ਪਛਾਣ ਬਣਾਉਣ ਦਾ ਵਿਹਾਰ ਦੱਸਿਆ। ਕਿਸਾਨੀ ਮੁਸੀਬਤਾਂ ਨੂੰ ਆਪ ਹੰਢਾਇਆ ਅਤੇ ਉਸ ਦੇ ਹੱਲ ਲਈ ਖੁਦ ਲੜਿਆ। ਦੁੱਲੇ ਭੱਟੀ ਨੇ ਜਨਤਕ ਲਹਿਰ ਖੜ੍ਹੀ ਕੀਤੀ ਅਤੇ ਗੁਰੀਲਾ ਢੰਗ-ਤਰੀਕੇ ਵਰਤੇ।

ਲਾਹੌਰ ਦਰਬਾਰ ਨੇ ਦੁੱਲਾ ਭੱਟੀ ਨੂੰ ਬਾਗੀ ਸਾਬਤ ਕਰਨਾ ਹੀ ਸੀ, ਸਜ਼ਾ-ਏ-ਮੌਤ ਹੋਈ। ਦੁੱਲੇ ਨੂੰ ਫਾਂਸੀ 'ਤੇ ਚਾੜ੍ਹਨ ਲਈ ਕੋਤਵਾਲ ਮਲਿਕ ਅਲੀ ਨੂੰ ਚੁਣਿਆ ਗਿਆ। ਮੁਹੱਲਾ ਨਖਾਸ ਚੌਕ (ਮੌਜੂਦਾ ਨਾਮ ਲੰਡਾ ਬਾਜ਼ਾਰ) ਲਾਗੇ ਨੌਲੱਖਾ ਬਾਜ਼ਾਰ ਦੁੱਲੇ ਨੂੰ ਬੰਨ ਕੇ ਲਿਜਾਇਆ ਜਾ ਰਿਹਾ ਸੀ, ਜਦੋਂ ਸੂਫੀ ਫੱਕਰ ਸ਼ਾਹ ਹੁਸੈਨ ਆਪਣੇ ਰੰਗ ਵਿਚ ਰੰਗੇ ਝੂਮਦੇ ਹੋਏ ਕੁਝ ਰਮਜ਼ਾਂ ਨਾਲ ਕਹਿੰਦੇ ਹੋਏ ਲਾਗੇ ਆਏ। ਕਿਹਾ ਜਾਂਦਾ ਹੈ ਕਿ ਉਸ ਵਕਤ ਦੁੱਲਾ ਭੱਟੀ ਅਕਬਰ ਨੂੰ ਵੰਗਾਰ ਰਿਹਾ ਸੀ। ਅੱਗੋਂ ਮਲਿਕ ਅਲੀ ਨੇ ਦੁੱਲੇ ਨੂੰ ਮਾੜਾ ਬੋਲਣਾ ਸ਼ੁਰੂ ਕੀਤਾ ਤਾਂ ਸ਼ਾਹ ਹੁਸੈਨ ਨੇ ਕੋਤਵਾਲ ਨੂੰ ਤਾੜਨਾ ਕੀਤੀ ਤਾਂ ਉਸ ਨੇ ਸ਼ਾਹ ਨੂੰ ਵੀ ਨਾ ਬਖਸ਼ਿਆ। ਸ਼ਾਹ ਹੁਸੈਨ ਨੇ ਕੋਤਵਾਲ ਨੂੰ ਕਿਹਾ ਕਿ ਤੂੰ ਵੀ ਆਪਣੀ ਮੌਤ ਦਾ ਸਮਾਨ ਬੰਨ੍ਹ ਲਿਆ ਹੈ। ਦੁੱਲਾ ਭੱਟੀ ਬੇਖੌਫ ਫਾਂਸੀ 'ਤੇ ਚੜ੍ਹ ਗਿਆ, ਉਹ ਦਿਨ 26 ਮਾਰਚ 1589 ਦਾ ਸੀ। ਸ਼ਾਹ ਹੁਸੈਨ ਨੇ ਜੋ ਆਖਰੀ ਬੋਲ ਦੁੱਲੇ ਭੱਟੀ ਨੂੰ ਸੁਣਾਏ, ਉਹ ਸਨ:

ਯਾ ਦਿਲਬਰ ਯਾ ਮਰ ਕੇ ਪਿਆਰਾ
ਦੁੱਲੇ ਦੇ ਲਾਲ ਲਬਾਂ ਦੇ ਲਾਰੇ
ਸੂਲੀ ਪਰ ਚੜ੍ਹ ਲੈ ਹੁਲਾਰੇ
ਆਣ ਮਿਲਾਸੀ ਦਿਲਬਰ ਯਾਰਾ
ਯਾ ਦਿਲਬਰ ਯਾ ਸਰ ਕਰ ਪਿਆਰਾ।

ਕੋਤਵਾਲ ਨੂੰ ਵੀ ਉਸੇ ਸ਼ਾਮ ਕਿੱਲ ਠੁਕਵਾ ਕੇ ਮਾਰ ਦਿੱਤਾ ਗਿਆ, ਦਰਬਾਰ ਵਿਚ ਝੂਠੀ ਰਿਪੋਰਟ ਕਰਨ ਕਰ ਕੇ। ਇਸ ਦੀ ਕਬਰ ਵੀ ਮਿਆਨੀ ਕਬਰਸਤਾਨ ਵਿਚ ਹੈ।

ਇਤਿਹਾਸਕਾਰਾਂ ਦੀਆਂ ਆਪ-ਹੁਦਰੀਆਂ

ਸਾਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅੰਦਰ ਕੁਝ ਇਤਿਹਾਸਕਾਰਾਂ ਵੱਲੋਂ ਲਿਖਿਆ ਗਲਤ ਪੜ੍ਹਾਇਆ ਜਾਂਦਾ ਰਿਹਾ:

1) ਕਿਸੇ ਸ਼ੇਖੂ ਭਾਵ ਅਕਬਰ ਦੇ ਲੜਕੇ ਸਲੀਮ (ਜਹਾਂਗੀਰ) ਨੂੰ ਮਾਈ ਲੱਧੀ ਨੇ ਆਪਣਾ ਦੁੱਧ ਪਿਲਾ ਕੇ ਜੁਆਨ ਨਹੀਂ ਸੀ ਕੀਤਾ। ਦੁੱਲਾ ਸਾਂਦਲਬਾਰ ਵਿਚ 1547 ਨੂੰ ਪੈਦਾ ਹੋਇਆ। ਸਲੀਮ (ਜਹਾਂਗੀਰ) 31 ਅਗਸਤ 1569 ਨੂੰ ਫਤਿਹਪੁਰ ਸੀਕਰੀ ਪੈਦਾ ਹੋਇਆ ਸੀ। ਉਮਰ ਦਾ ਫਰਕ 21-22 ਸਾਲ ਸੀ।

2) ਦੁੱਲੇ ਭੱਟੀ ਦੇ ਬਾਪੂ ਦਾਦੇ ਨੂੰ ਅਕਬਰ ਨੇ ਨਹੀਂ, ਲਾਹੌਰ ਦੇ ਮੁਗਲਸ਼ਾਹੀ ਅਹਿਲਕਾਰਾਂ ਨੇ ਫਾਂਸੀ ਦਿੱਤੀ ਸੀ। ਜਦੋਂ ਇਨ੍ਹਾਂ ਭੱਟੀਆਂ ਨੂੰ ਫਾਂਸੀ ਚਾੜ੍ਹਿਆ ਗਿਆ ਸੀ, ਉਸ ਵਕਤ ਅਕਬਰ ਮਹਿਜ਼ 5 ਸਾਲ (ਜਨਮ 15 ਅਕਤੂਬਰ, 1542) ਦਾ ਸੀ।

3) ਨੰਦੀ ਮਰਾਸਣ ਦੇ ਤਾਹਨੇ-ਮਿਹਣਿਆਂ ਨੇ ਦੁੱਲੇ ਭੱਟੀ ਨੂੰ ਬਦਲਾ ਲੈਣ ਲਈ ਨਹੀਂ ਸੀ ਜਗਾਇਆ। ਪਿੰਡ, ਇਲਾਕੇ, ਜੂਹ ਵਿਚ ਕਤਲ ਹੋਇਆ ਹੋਵੇ ਤੇ ਜੱਟਾਂ ਦੇ ਮੁੰਡਿਆਂ ਨੂੰ ਪਤਾ ਨਾ ਲੱਗੇ, ਇੰਜ ਪੰਜਾਬ ਅੰਦਰ ਤਾਂ ਨਹੀਂ ਸੀ ਹੋ ਸਕਦਾ।

4) ਦੁੱਲਾ ਭੱਟੀ ਫੜਿਆ ਜਾਂਦਾ। ਲਾਹੌਰ ਕਿਲ੍ਹੇ ਅੰਦਰ ਮੁਹਰਾ ਚੱਟ ਕੇ ਆਪਣੇ ਆਪ ਨੂੰ ਖਤਮ ਕਰ ਲੈਂਦਾ। ਜਾਂ ਤਾਂ ਇਤਿਹਾਸਕਾਰ ਰਾਜਪੂਤਾਂ ਦੇ ਇਤਿਹਾਸ ਤੋਂ ਅਣਜਾਣ ਸਨ, ਤੇ ਜਾਂ ਹਾਕਮਾਂ ਵੱਲੋਂ ਦਿੱਤੀਆਂ ਮੋਹਰਾਂ ਦੀ ਚਮਕ ਮੂਹਰੇ ਅੱਖਾਂ ਚੁੰਧਿਆਈਆਂ ਗਈਆਂ ਸਨ।


5. ਦੁੱਲੇ ਭੱਟੀ ਨੂੰ ਡਾਕੂ, ਲੁਟੇਰਾ, ਧਾੜਵੀ ਲਿਖਿਆ ਗਿਆ। ਸ਼ਹੀਦ ਭਗਤ ਸਿੰਘ ਅੱਜ ਵੀ ਸਰਕਾਰੀ ਰਿਕਾਰਡ ਵਿਚ ਅਤਿਵਾਦੀ ਹੈ, ਸ਼ਹੀਦ ਨਹੀਂ।

ਲੇਖਕ ਨੇ ਪਿੰਡੀ ਭੱਟੀਆਂ ਵਿਚ 'ਦੁੱਲਾ ਭੱਟੀ ਸੜਕ' ਬਣਵਾਈ। ਪਿੰਡੀ ਭੱਟੀਆਂ ਦੇ ਲਾਗਲੇ ਪਿੰਡ ਦੁੱਲੇ-ਕੀ ਵਿਚ ਦੁੱਲੇ ਭੱਟੀ ਦਾ ਬੁੱਤ ਲਗਾਇਆ। ਸੰਨ 2008 ਦੇ ਮਾਰਚ ਮਹੀਨੇ 5000 ਲੋਕਾਂ ਨਾਲ ਵੱਡੇ ਮੇਲੇ ਵਿਚ ਪਹਿਲੀ ਵਾਰ ਦੁੱਲੇ ਭੱਟੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ।

ਅੱਜ ਹਿੰਦੋਸਤਾਨ ਅੰਦਰ ਕਿਸਾਨੀ ਅੰਦੋਲਨ ਪਹਿਲਾਂ ਲੜੇ ਗਏ ਸੰਘਰਸ਼ਾਂ ਦਾ ਹੀ ਅਗਲਾ ਪੜਾਅ ਹੈ। ਲੋਕ ਜਿੱਤਣਗੇ।

*ਲਾਹੌਰ ਦਰਬਾਰ ਨੇ ਦੁੱਲਾ ਭੱਟੀ ਨੂੰ ਬਾਗੀ ਸਾਬਤ ਕਰਨਾ ਹੀ ਸੀ, ਸਜ਼ਾ-ਏ-ਮੌਤ ਹੋਈ। ਦੁੱਲੇ ਨੂੰ ਫਾਂਸੀ 'ਤੇ ਚਾੜ੍ਹਨ ਲਈ ਕੋਤਵਾਲ ਮਲਿਕ ਅਲੀ ਨੂੰ ਚੁਣਿਆ ਗਿਆ। ਮੁਹੱਲਾ ਨਖਾਸ ਚੌਕ (ਮੌਜੂਦਾ ਨਾਮ ਲੰਡਾ ਬਾਜ਼ਾਰ) ਲਾਗੇ ਨੌਲੱਖਾ ਬਾਜ਼ਾਰ ਦੁੱਲੇ ਨੂੰ ਬੰਨ ਕੇ ਲਿਜਾਇਆ ਜਾ ਰਿਹਾ ਸੀ, ਜਦੋਂ ਸੂਫੀ ਫੱਕਰ ਸ਼ਾਹ ਹੁਸੈਨ ਆਪਣੇ ਰੰਗ ਵਿਚ ਰੰਗੇ ਝੂਮਦੇ ਹੋਏ ਕੁਝ ਰਮਜ਼ਾਂ ਨਾਲ ਕਹਿੰਦੇ ਹੋਏ ਲਾਗੇ ਆਏ। ਕਿਹਾ ਜਾਂਦਾ ਹੈ ਕਿ ਉਸ ਵਕਤ ਦੁੱਲਾ ਭੱਟੀ ਅਕਬਰ ਨੂੰ ਵੰਗਾਰ ਰਿਹਾ ਸੀ। ਅੱਗੋਂ ਮਲਿਕ ਅਲੀ ਨੇ ਦੁੱਲੇ ਨੂੰ ਮਾੜਾ ਬੋਲਣਾ ਸ਼ੁਰੂ ਕੀਤਾ ਤਾਂ ਸ਼ਾਹ ਹੁਸੈਨ ਨੇ ਕੋਤਵਾਲ ਨੂੰ ਤਾੜਨਾ ਕੀਤੀ ਤਾਂ ਉਸ ਨੇ ਸ਼ਾਹ ਨੂੰ ਵੀ ਨਾ ਬਖਸ਼ਿਆ। ਸ਼ਾਹ ਹੁਸੈਨ ਨੇ ਕੋਤਵਾਲ ਨੂੰ ਕਿਹਾ ਕਿ ਤੂੰ ਵੀ ਆਪਣੀ ਮੌਤ ਦਾ ਸਮਾਨ ਬੰਨ੍ਹ ਲਿਆ ਹੈ। ਦੁੱਲਾ ਭੱਟੀ ਬੇਖੌਫ ਫਾਂਸੀ 'ਤੇ ਚੜ੍ਹ ਗਿਆ, ਉਹ ਦਿਨ 26 ਮਾਰਚ 1589 ਦਾ ਸੀ।*

# ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ 'ਸਿੱਖ ਰਾਜ' ਦਾ ਪ੍ਰਬੰਧਕੀ ਢਾਂਚਾ



**ਸੰਤੋਖ ਸਿੰਘ ਮੰਡੇਰ ਸਰੀ, ਕੈਨੇਡਾ ਵਸਦਾ ਇਕ ਬਹੁਰੰਗੀ ਤੇ ਬਹੁਪੱਖੀ ਪੰਜਾਬੀ ਦਾ ਲੇਖਕ ਹੈ, ਜੋ ਆਪਣੀ ਨਿਵੇਕਲੀ ਸ਼ੈਲੀ ਵਿਚ ਖੇਡਾਂ-ਖਿਡਾਰੀਆਂ, ਸਫਰਨਾਮੇ ਤੇ ਇਤਿਹਾਸ ਦੇ ਜੀਵਨ ਦੀਆਂ ਪਰਤਾਂ ਫਰੋਲਦਿਆਂ ਅਸਲ ਦੀ ਤਲਾਸ਼ ਵਿਚ ਰਹਿੰਦਾ ਹੈ। ਖੇਡਾਂ-ਖਿਡਾਰੀਆਂ ਅੰਦਰ ਵਿਚਰਦਿਆਂ ਅਤੇ ਦੁਨੀਆਂ ਭਰ ਅੰਦਰ ਵੱਖੋ ਵੱਖ ਤਰ੍ਹਾਂ ਦੇ ਸਮਾਗਮਾਂ ਵਿਚ ਘੁੰਮਣ ਤੋਂ ਇਲਾਵਾ ਪਿਛਲੇ 30 ਸਾਲ ਤੋਂ ਉਹ ਸਿੱਖ ਰਾਜ ਦੀ ਰਾਜਧਾਨੀ 'ਲਾਹੌਰ' ਜਾ/ਆ ਰਿਹਾ ਹੈ। ਲਾਹੌਰ ਮੁਗਲਾਂ, ਸਿੱਖਾਂ ਤੇ ਅੰਗਰੇਜ਼ਾਂ ਦਾ ਸ਼ਾਹੀ ਦਰਬਾਰ ਰਿਹਾ। ਲਾਹੌਰ ਦੇ ਸ਼ਾਹੀ ਕਿਲੇ ਅਤੇ ਅੰਦਰੂਨ ਲਾਹੌਰ ਦੇ ਭਾਟੀ ਦਰਵਾਜੇ ਤੋਂ ਲੈ ਕੇ ਲਾਹੌਰ ਦੇ ਸ਼ਾਲਾਮਾਰ ਬਾਗ ਤੱਕ ਸ਼ਾਹੀ ਸਿੱਖ ਰਾਜ ਦਾ ਇਤਿਹਾਸ ਦੱਬਿਆ ਪਿਆ ਹੈ। ਇਸ ਲੇਖ ਵਿਚ ਲੇਖਕ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ 'ਦੇਸ ਪੰਜਾਬ' ਵਿਚ ਸਿੱਖ ਰਾਜ ਦੇ ਢਾਂਚੇ ਬਾਰੇ ਨਿਵੇਕਲੀ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ। ਪੇਸ਼ ਹੈ, ਲੇਖ ਦੀ ਪਹਿਲੀ ਕਿਸ਼ਤ। -ਸੰਪਾਦਕ**

'ਸ਼ੇਰੇ ਪੰਜਾਬ' 'ਵਾਲੀਏ ਪੰਜਾਬ' ਮਹਾਰਾਜਾ ਰਣਜੀਤ ਸਿੰਘ ਦਾ 'ਸਰਕਾਰ-ਏ-ਖਾਲਸਾ' 'ਲਾਹੌਰ ਸਿੱਖ ਦਰਬਾਰ' 'ਸੁਲਤਾਨ-ਉਲ-ਕੌਮ' ਰਾਜਾ-ਏ-ਰਾਜਾਨ 'ਬਾਦਸ਼ਾਹ ਲਾਹੌਰ' ਤੇ 'ਤਖਤ ਖਾਲਸਾ ਰਾਜ' ਸੰਨ 1831 ਵਿਚ 19ਵੀਂ ਸਦੀ ਦੀ ਭਰਵੀਂ ਵਸੋਂ ਵਾਲੀ ਇਕ ਮਹਾਨ 'ਸਿੱਖ ਸਲਤਨਤ' ਸੀ। ਇਹ ਪੱਛਮ ਵਿਚ ਖੈਬਰ ਪਾਸ, ਪੂਰਬ ਵਿਚ ਤਿੱਬਤ ਤੱਕ ਅਤੇ ਦੱਖਣ ਵਲ ਸਿੰਧ ਦੇ ਮਿਠੰਨਕੋਟ ਤੋਂ ਉੱਤਰ ਵਲ ਕਸ਼ਮੀਰ ਤੱਕ ਫੈਲੀ ਹੋਈ ਸੀ। ਇਸ ਸਿੱਖ ਸਲਤਨਤ ਵਿਚ ਵੱਖੋ ਵੱਖ ਧਰਮਾਂ, ਫਿਰਕਿਆਂ ਤੇ ਕਬੀਲਿਆਂ ਦੇ 3.5 ਮਿਲੀਅਨ ਰਹਿੰਦੇ ਲੋਕਾਂ ਉਪਰ ਭਾਈ ਸਾਹਿਬ, ਸਿੰਘ ਸਾਹਿਬ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ।



ਸੰਤੋਖ ਸਿੰਘ ਮੰਡੇਰ, ਕੈਨੇਡਾ
ਵ੍ਹਟਸਐਪ: 1-604-505-7000

ਲਾਹੌਰ, ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਸੀ ਅਤੇ ਇਹ ਆਜ਼ਾਦ ਮੁਲਕ 'ਦੇਸ ਪੰਜਾਬ' ਸੰਸਾਰ ਭਰ ਦੇ ਅੰਦਰੂਨੀ ਅਤੇ ਬਾਹਰੀ ਵਪਾਰ ਲਈ ਇਕ ਬੜੀ ਭਾਰੀ ਮੰਡੀ ਸੀ। ਇਕ ਸਮਕਾਲੀ ਇਸਾਈ ਮਿਸ਼ਨਰੀ ਜੌਨ ਲੌਰੀ ਲਾਹੌਰ ਨੂੰ 'ਪੰਜਾਬ ਦੀ ਦਿੱਲੀ' ਕਹਿੰਦਾ ਸੀ। ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸ਼ਾਲਾਂ ਅਤੇ ਕਸ਼ਮੀਰੀ ਕੇਸਰ ਲਈ ਬੜੀ ਭਾਰੀ ਮੰਡੀ ਵਜੋਂ ਗਿਣਿਆ ਜਾਂਦਾ ਸੀ ਅਤੇ ਬਹੁਤ ਸਾਰੀਆਂ ਵੱਖੋ ਵੱਖ ਅਜੀਬ ਦੁਰਲੱਭ ਚੀਜ਼ਾਂ ਤੇ ਕੀਮਤੀ ਵਸਤਾਂ ਸੰਸਾਰ ਭਰ ਅਤੇ ਭਾਰਤ ਦੇ ਦੱਖਣ ਤੇ ਪੂਰਬੀ ਹਿੱਸਿਆਂ ਵਿਚੋਂ ਆ ਕੇ ਇਥੇ ਵਿਕਦੀਆਂ ਸਨ।

ਭਾਰਤੀ ਉਪ ਮਹਾਂਦੀਪ ਦਾ ਇਹ ਆਖਰੀ ਆਜ਼ਾਦ ਰਾਜ 'ਪੰਜਾਬ' ਸੀ, ਜੋ ਅੰਗਰੇਜ਼ਾਂ ਨੇ ਬਹੁਤ ਮੁਸ਼ਕਿਲਾਂ ਤੇ ਕੋਝੀਆਂ ਚਾਲਾਂ ਨਾਲ 1850 ਵਿਚ ਬ੍ਰਿਟਿਸ਼ ਸਾਮਰਾਜ ਵਿਚ ਮਿਲਾ ਲਿਆ ਸੀ। ਇਹ ਆਜ਼ਾਦ 'ਪੰਜਾਬ ਦੇਸ' 1947 ਵਿਚ ਫਿਰ ਅੰਗਰੇਜ਼ਾਂ ਵਲੋਂ ਟੋਟੇ ਟੁਕੜੇ ਕਰਕੇ ਭਾਰਤ, ਪਾਕਿਸਤਾਨ ਤੇ ਚੀਨ ਵਿਚ ਵੰਡਿਆ ਗਿਆ, ਜੋ ਹੁਣ ਇਨ੍ਹਾਂ ਮੁਲਕਾਂ ਦਾ ਬਹੁਤ ਖੁਸ਼ਹਾਲ ਹਿੱਸਾ ਹੈ। ਸ਼ੁਕਰਚੱਕੀਆ ਮਿਸਲ ਦੇ ਤਾਜ ਰਣਜੀਤ ਸਿੰਘ ਨੂੰ ਬਚਪਨ ਵਿਚ ਗੁਜਰਾਂਵਾਲਾ ਸ਼ਹਿਰ ਅੰਦਰ ਭਾਗੂ ਸਿੰਘ ਦੀ ਧਰਮਸ਼ਾਲਾ ਵਿਚ ਗੁਰਮੁਖੀ ਸਿੱਖਣ ਲਈ ਭੇਜਿਆ ਗਿਆ, ਪਰ ਉਸ ਨੇ ਬਹੁਤਾ ਕੁਝ ਨਹੀਂ ਪੜ੍ਹਿਆ ਲਿਖਿਆ ਸੀ। 'ਖਾਲਸਾ ਰਾਜ' ਦਾ ਬਾਨੀ ਰਣਜੀਤ ਸਿੰਘ ਛੋਟੀ ਉਮਰ ਵਿਚ ਆਪਣੇ ਸਾਥੀ ਮੁੰਡਿਆਂ ਨਾਲ ਦਰਿਆ ਚਨਾਬ ਵਿਚ ਖੂਬ ਤਾਰੀਆਂ ਲਾਉਣ ਵਿਚ ਹੀ ਮਸਤ ਰਿਹਾ। ਘੋੜ ਸਵਾਰੀ, ਤਲਵਾਰ ਚਲਾਉਣੀ ਤੇ ਨਿਸ਼ਾਨੇਬਾਜ਼ੀ ਦਾ ਹੁਨਰ ਉਸ ਨੇ ਅਮੀਰ ਸਿੰਘ ਨਾਮੀ ਇਕ ਬ੍ਰਾਹਮਣ ਤੋਂ ਬੜੀ ਸ਼ਰਧਾ, ਲਗਨ ਤੇ ਮਿਹਨਤ ਨਾਲ ਸਿੱਖਿਆ। ਰਣਜੀਤ ਸਿੰਘ ਆਪਣੇ ਪਿਉ ਸਰਦਾਰ ਮਹਾਂ ਸਿੰਘ ਨਾਲ ਬਚਪਨ ਵਿਚ ਹੀ ਬੜੀ ਬਹਾਦਰੀ ਨਾਲ ਮਿਸਲਾਂ ਦੀਆਂ ਲੜਾਈਆਂ ਵਿਚ ਭਾਗ ਲੈਂਦਾ ਰਿਹਾ ਸੀ। ਬਹਾਦਰ ਪਿਉ ਦਾ ਸਾਇਆ ਉਸ ਦੇ ਸਿਰ ਉਪਰੋਂ 10 ਸਾਲ ਦੀ ਨਿਕੀ ਉਮਰ ਵਿਚ ਹੀ ਉਠ ਗਿਆ ਸੀ, ਜਿਸ ਕਰਕੇ ਉਸ ਦਾ ਬਚਪਨ ਝੱਖੜ ਝਾੜਿਆਂ ਵਿਚ ਹੀ ਬੀਤਿਆ, ਤੇ ਉਹ ਕੋਰਾ ਅਨਪੜ੍ਹ ਵੀ ਰਹਿ ਗਿਆ ਸੀ। ਮਿਸਲਦਾਰ ਗੱਭਰੂ ਰਣਜੀਤ ਸਿੰਘ ਉਸ ਸਮੇਂ ਦਾ ਬਹੁਤ ਬਹਾਦਰ, ਫੁਰਤੀਲਾ, ਜਾਂਬਾਜ਼, ਤਲਵਾਰ ਦਾ ਧਨੀ ਅਤੇ ਨਿਪੁੰਨ ਘੋੜ ਸਵਾਰ ਨੌਜਵਾਨ ਸੀ। ਰਣਜੀਤ ਸਿੰਘ ਦਾ ਸ਼ਹਿਰ ਗੁਜਰਾਂਵਾਲਾ ਪੰਜਾਬ ਦੀ ਜ਼ਰਖੇਜ਼ ਮਿਟੀ 'ਸਾਂਦਲਬਾਰ' ਦਾ ਇਕ ਅਹਿਮ ਇਲਾਕਾ ਹੈ।

ਸੰਨ 1792 ਤੱਕ 12 ਸਾਲ ਦੀ ਨਿਕੀ ਉਮਰ ਵਿਚ ਪੰਜਾਬ ਦੇ ਗੁਜਰਾਂਵਾਲਾ ਸ਼ਹਿਰ ਦੇ ਖਿਆਲੀ ਦਰਵਾਜ਼ੇ ਦੇ ਅੰਦਰ ਦਾ ਵਾਸੀ, ਜੱਟ ਸੰਧਾਵਾਲੀਆ ਘਰਾਣੇ ਨਾਲ ਸਬੰਧਤ ਅਤੇ ਸਿੱਖਾਂ ਦੀ ਤੀਜੀ ਪੀੜ੍ਹੀ ਵਿਚ ਸ਼ੁਕਰਚੱਕੀਆ ਮਿਸਲ ਦੇ ਉਤਰ ਅਧਿਕਾਰੀ ਨੌਜਵਾਨ ਰਣਜੀਤ ਸਿੰਘ ਦਾ ਜਵਾਨੀ ਵਿਚ ਸ਼ਿਕਾਰ ਖੇਡਣਾ ਹੀ ਪਿਤਾ ਪੁਰਖੀ ਸ਼ੌਕ ਸੀ। ਚੇਚਕ ਦੀ ਮਹਾਂਮਾਰੀ ਨਾਲ ਉਸ ਦੀ ਇਕ ਖੱਬੀ ਅੱਖ ਮਾਰੀ ਗਈ ਤੇ ਬੰਦ ਹੋ ਗਈ ਸੀ। ਚਿਹਰੇ ਉਪਰ ਮਾਤਾ ਦੇ ਅਣਗਿਣਤ ਡੂੰਘੇ ਦਾਗ ਵੀ ਪੈ ਗਏ, ਜਿਸ ਨਾਲ ਉਸ ਦਾ ਚਿਹਰਾ ਬਦਸੂਰਤ ਜਿਹਾ ਹੋ ਗਿਆ ਸੀ। ਰਣਜੀਤ ਸਿੰਘ ਦਾ ਕੱਦ ਛੋਟਾ, ਲੱਤਾਂ ਪਤਲੀਆਂ ਤੇ ਸਿਰ ਭਾਰਾ ਹੋਣ ਕਰਕੇ ਆਪ ਭਾਵੇਂ ਸੋਹਣਾ ਨਹੀਂ ਸੀ, ਪਰ ਹਰ ਸੋਹਣੇ ਮਰਦ, ਔਰਤ ਤੇ ਵਸਤੂ ਦਾ ਕਾਇਲ ਸੀ। ਜਰਮਨ ਯਾਤਰੀ 'ਬੈਰਨ ਹਿਊਗਲ', ਜੋ ਲਾਹੌਰ ਆ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਿਆ ਸੀ, ਉਸ ਬਾਰੇ ਲਿਖਦਾ ਹੈ, "ਉਹ ਇਕ ਛੋਟੇ ਕੱਦ ਦਾ ਤੇ ਕਰੂਪ ਮਨੁੱਖ ਹੈ ਅਤੇ ਜੇ ਉਸ ਵਿਚ ਇੰਨੇ ਮਹਾਨ ਗੁਣ ਨਾ ਹੁੰਦੇ ਤਾਂ ਸ਼ਾਇਦ ਉਸ ਵੱਲ ਕੋਈ ਵੇਖਦਾ ਵੀ ਨਾ।"

ਰਣਜੀਤ ਸਿੰਘ ਨੂੰ ਅੱਗੇ ਪਿਛੋਂ 'ਕਾਣਾ' ਵੀ ਕਿਹਾ ਜਾਂਦਾ, ਪਰ ਬਦਸੂਰਤ ਚਿਹਰੇ ਵਾਲਾ ਰਣਜੀਤ ਸਿੰਘ, 20 ਸਾਲ ਦੀ ਛੋਟੀ ਉਮਰ ਵਿਚ ਹੀ ਕੁਦਰਤ ਵਲੋਂ ਬਹੁਤ ਹੀ ਤੀਖਣ ਬੁਧੀ, ਹੌਸਲਾ, ਸਿਆਣਪ, ਬਹਾਦਰੀ ਤੇ ਅਜੀਬ ਸ਼ਕਤੀ ਦਾ ਮਾਲਕ ਸੀ। ਘੋੜੇ ਉਪਰ ਬੈਠਾ ਹੀ ਫੁਰਤੀਲੇ ਜਾਂਬਾਜ਼ ਜਵਾਨਾਂ ਦੇ ਮੁਕਾਬਲਿਆਂ ਵਿਚੋਂ 'ਜਰਨੈਲ' ਲੱਭ ਲੈਂਦਾ, ਵੱਖੋ ਵੱਖ ਵਿਭਾਗਾਂ ਲਈ ਕਾਬਲ 'ਵਜ਼ੀਰ' ਚੁਣਦਾ ਅਤੇ ਚੰਗੇ ਮਾੜੇ ਬੰਦੇ ਦੀ 'ਪਰਖ' ਵੀ ਇਕ ਅੱਖ ਨਾਲ ਹੀ ਕਰ ਜਾਂਦਾ। ਇਸ ਲਈ ਉਸ ਨੂੰ 'ਸਾਹਿਬੇ ਇਲਮ' ਅਤੇ 'ਇਲਮ ਦੋਸਤ' ਕਰਕੇ ਉਸ ਦੇ ਵਜ਼ੀਰਾਂ, ਜਾਗੀਰਦਾਰਾਂ, ਦਰਬਾਰੀਆਂ, ਰਾਣੀਆਂ, ਮਹਾਰਾਣੀਆਂ ਤੇ ਪਰਜਾ ਵਲੋਂ ਜਾਣਿਆ ਜਾਂਦਾ ਸੀ।

> **ਰਣਜੀਤ ਸਿੰਘ ਨੂੰ ਅੱਗੇ ਪਿਛੋਂ 'ਕਾਣਾ' ਵੀ ਕਿਹਾ ਜਾਂਦਾ, ਪਰ ਬਦਸੂਰਤ ਚਿਹਰੇ ਵਾਲਾ ਰਣਜੀਤ ਸਿੰਘ, 20 ਸਾਲ ਦੀ ਛੋਟੀ ਉਮਰ ਵਿਚ ਹੀ ਕੁਦਰਤ ਵਲੋਂ ਬਹੁਤ ਹੀ ਤੀਖਣ ਬੁਧੀ, ਹੌਸਲਾ, ਸਿਆਣਪ, ਬਹਾਦਰੀ ਤੇ ਅਜੀਬ ਸ਼ਕਤੀ ਦਾ ਮਾਲਕ ਸੀ। ਘੋੜੇ ਉਪਰ ਬੈਠਾ ਹੀ ਫੁਰਤੀਲੇ ਜਾਂਬਾਜ਼ ਜਵਾਨਾਂ ਦੇ ਮੁਕਾਬਲਿਆਂ ਵਿਚੋਂ 'ਜਰਨੈਲ' ਲੱਭ ਲੈਂਦਾ, ਵੱਖੋ ਵੱਖ ਵਿਭਾਗਾਂ ਲਈ ਕਾਬਲ 'ਵਜ਼ੀਰ' ਚੁਣਦਾ ਅਤੇ ਚੰਗੇ ਮਾੜੇ ਬੰਦੇ ਦੀ 'ਪਰਖ' ਵੀ ਇਕ ਅੱਖ ਨਾਲ ਹੀ ਕਰ ਜਾਂਦਾ। ਇਸ ਲਈ ਉਸ ਨੂੰ 'ਸਾਹਿਬੇ ਇਲਮ' ਅਤੇ 'ਇਲਮ ਦੋਸਤ' ਕਰਕੇ ਉਸ ਦੇ ਵਜ਼ੀਰਾਂ, ਜਾਗੀਰਦਾਰਾਂ, ਦਰਬਾਰੀਆਂ, ਰਾਣੀਆਂ, ਮਹਾਰਾਣੀਆਂ ਤੇ ਪਰਜਾ ਵਲੋਂ ਜਾਣਿਆ ਜਾਂਦਾ ਸੀ।**

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ 'ਲਾਹੌਰ ਖਾਲਸਾ ਰਾਜ' ਦੇ ਕਿਸਾਨਾਂ ਦਾ ਜ਼ਮੀਨੀ ਪ੍ਰਬੰਧ ਬਿਨਾ ਕਿਸੇ ਭੇਦ ਭਾਵ, ਜਾਤ ਪਾਤ ਤੇ ਉਚ ਨੀਚ ਦੇ ਬਹੁਤ ਸੁਚੱਜਾ, ਸਰਲ ਤੇ ਠੋਸ ਸੀ। ਜਦੋਂ ਸੰਨ 1799 ਤੱਕ ਰਣਜੀਤ ਸਿੰਘ ਹਾਲੇ ਇਕ ਆਮ ਸਿੱਖ ਮਿਸਲਦਾਰ ਸਰਦਾਰ ਸੀ, ਉਸ ਦਾ ਸਾਰਾ ਅਮਲਾ ਫੈਲਾ ਇਕ ਦੀਵਾਨ 'ਲੱਖਪਤ ਰਾਏ' (ਮਾਲੀ ਪ੍ਰਬੰਧਕ) ਇਕ ਤੋਸ਼ਾਖਾਨੀਆ (ਖਜ਼ਾਨਚੀ) ਤੇ ਕੁਝ ਮੁਨਸ਼ੀ (ਕਲਰਕ) ਸਨ। 12 ਅਪਰੈਲ 1801 ਨੂੰ ਵਿਸਾਖੀ ਵਾਲੇ ਦਿਨ, ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰ ਅਧਿਕਾਰੀ ਬਾਬਾ ਸਾਹਿਬ ਸਿੰਘ ਬੇਦੀ ਨੇ, 21 ਸਾਲ ਦੇ ਨੌਜਵਾਨ ਮੁੰਡੇ ਸਰਦਾਰ ਰਣਜੀਤ ਸਿੰਘ ਨੂੰ ਲਾਹੌਰ ਦੇ ਇਤਿਹਾਸਕ ਮੁਗਲਾਂ ਵਾਲੇ ਸ਼ਾਹੀ ਕਿਲੇ ਦੇ 'ਦੀਵਾਨੇ ਆਮ' ਵਿਚ ਮਹਰਾਜੇ ਦਾ ਰਾਜ ਤਿਲਕ ਇਕ ਭਰਵੇਂ ਸ਼ਾਹੀ ਪੰਡਾਲ ਵਿਚ ਦਿਤਾ।

ਸੰਨ 1802 ਵਿਚ ਪੰਜਾਬ ਦਾ ਇਕ ਸ਼ਕਤੀਸ਼ਾਲੀ 'ਸਿੱਖ ਮਹਾਰਾਜਾ' ਬਣਨ ਤੋਂ ਬਾਅਦ ਉਸ ਨੇ ਰਾਜ ਦੀ ਪਰਜਾ ਨੂੰ ਵਧੀਆ ਰਾਜ ਪ੍ਰਬੰਧ ਦੇਣ ਲਈ ਹੌਲੀ ਹੌਲੀ ਇਕ ਵਿਭਾਗੀ ਸੰਗਠਨ ਉਸਾਰਿਆ। ਇਸ ਵਿਚ 15 ਦਫਤਰ ਸਨ; ਜਿਵੇਂ ਕਿ ਸ਼ਰਿਸਤਾ-ਇ-ਹਜ਼ੂਰ, ਦਫਤਰ-ਇ-ਦੇਵੀ ਦਾਸ, ਨਕਲ ਦਫਤਰ, ਸ਼ਰਿਸਤਾ-ਇ-ਦੀਵਾਨੀ, ਸ਼ਰਿਸਤਾ-ਇ-ਭਵਾਨੀਦਾਸ, ਦਫਤਰ-ਇ-ਆਮ, ਦਫਤਰ-ਇ-ਗੰਗਾਰਾਮ, ਸ਼ਰਿਸਤਾ-ਇ-ਦਫਤਰ, ਦਫਤਰ-ਇ-ਤੋਸ਼ਾਖਾਨਾ-ਇ-ਖਾਸ, ਦਸਵਾਂ ਦਫਤਰ, ਦਫਤਰ-ਇ-ਸ਼ਾਹਜ਼ਾਦਾ, ਦਫਤਰ-ਇ-ਦਰੋਗਾ, ਦਫਤਰ-ਇ-ਰੋਜ਼ਨਾਮਚਾ, ਦਫਤਰ-ਇ-ਮੋਹਰਯਾਨੀ, ਦਫਤਰ-ਇ-ਖਾਸ ਜਾਂ ਦਫਤਰ-ਇ-ਮੁਅੱਲਾ। ਸ਼ਰਿਸਤਾ ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮਤਲਬ ਹੈ, ਵਿਭਾਗ ਤੇ ਮਹਿਕਮਾ। ਇਹ ਸਾਰੀ ਤਰਤੀਬ ਦੀਵਾਨ ਭਵਾਨੀ ਦਾਸ ਨੇ ਦਿਤੀ ਸੀ, ਜੋ ਅਫਗਾਨਿਸਤਾਨ ਦੇ ਬਾਦਸ਼ਾਹ, ਮੁਸਲਮਾਨ ਸ਼ਾਸ਼ਕ 'ਸ਼ਾਹ ਸੁਜਾਹ' ਹੇਠ ਇਕ ਉਚੇ ਮਾਮਲਾ ਅਧਿਕਾਰੀ ਦੇ ਤੌਰ 'ਤੇ ਕੰਮ ਕਰ ਚੁਕਾ ਸੀ। ਇਸ ਦੌਰ ਵਿਚ ਆਂਢੀ ਗੁਆਂਢੀ ਮੁਲਕਾਂ ਵਿਚ ਆਉਣ-ਜਾਣ ਖੁੱਲ੍ਹਾ ਹੀ ਹੁੰਦਾ ਸੀ, ਨਾ ਕੋਈ ਪਾਸਪੋਰਟ ਪ੍ਰਚੱਲਤ ਸਨ, ਨਾ ਹੀ ਕੋਈ 'ਵੀਜ਼ਾ ਅਫਸਰ' ਹੁੰਦਾ ਅਤੇ ਨਾ ਹੀ ਕੋਈ ਮੁਲਕਾਂ ਦੀਆਂ ਹੱਦਾਂ ਸਰਹੱਦਾਂ ਲੰਘਣ ਵੇਲੇ ਫਰੋ ਫੱਤਾਈ ਕੀਤੀ ਜਾਂਦੀ ਸੀ।

ਲਾਹੌਰ ਖਾਲਸਾ ਦਰਬਾਰ ਦੇ ਰਾਜ ਦੀ ਸ਼ਾਹੀ ਲਿਖਤੀ ਦਫਤਰੀ ਭਾਸ਼ਾ ਫਾਰਸੀ ਸੀ ਤੇ ਪਰਜਾ ਵਿਚ ਗੁਰਮੁਖੀ ਤੇ ਫਾਰਸੀ-ਦੋਵੇਂ ਭਾਸ਼ਾਵਾਂ ਪ੍ਰਚੱਲਤ ਸਨ। ਸ਼ਾਹੀ ਦੀਵਾਨ ਭਵਾਨੀ ਦਾਸ ਦੀ ਮਦਦ ਲਈ ਦੀਵਾਨ ਗੰਗਾ ਰਾਮ ਸੀ, ਜੋ ਗਵਾਲੀਅਰ ਦੇ ਮਹਾਰਾਜੇ ਮਹਾਦ ਜੀ ਸਿੰਧੀਆ ਅਤੇ ਦੌਲਤ ਰਾਉ ਸਿੰਧੀਆ ਦੀ ਨੌਕਰੀ ਕਰ ਚੁਕਾ ਸੀ। ਇਹ ਦੋਵੇਂ ਅਫਸਰ ਕੁਝ ਦਫਤਰਾਂ ਦੇ ਮੁੱਖ ਅਧਿਕਾਰੀ ਸਨ ਤੇ ਆਪਣੀਆਂ ਨਿਜੀ ਮੋਹਰਾਂ ਵੀ ਵਰਤਦੇ ਸਨ, ਜੋ ਸ਼ਾਹੀ ਮੋਹਰ ਦੇ ਨਾਲ ਨਾਲ ਸਾਰੇ ਸਰਕਾਰੀ ਕਾਗਜ਼ਾਂ ਤੇ ਲਗਦੀਆਂ ਸਨ। ਦੀਵਾਨ ਗੰਗਾ ਰਾਮ ਦੀ ਸੰਨ 1816 ਵਿਚ ਮੌਤ ਤੋਂ ਬਾਦ ਰਾਜਾ ਦੀਨਾ ਨਾਥ ਨੇ ਸ਼ਾਹੀ ਮੋਹਰ ਦਾ ਚਾਰਜ ਲੈ ਲਿਆ। ਸੰਨ 1834 ਵਿਚ ਦੀਵਾਨ ਭਵਾਨੀ ਦਾਸ ਦੀ ਮੌਤ ਤੋਂ ਬਾਦ ਰਾਜਾ ਦੀਨਾ ਨਾਥ ਸਾਰੇ ਦੀਵਾਨੀ ਤੇ ਆਰਥਿਕ ਮਾਮਲਿਆਂ ਦਾ ਮੁਖੀ ਬਣ ਗਿਆ। ਖਾਲਸਾ ਦਰਬਾਰ ਦੇ ਬਾਕੀ 'ਸ਼ਾਹੀ ਵਜ਼ੀਰ' ਭਾਈ ਰਾਮ ਸਿੰਘ, ਭਾਈ ਗੋਬਿੰਦ ਰਾਮ ਤੇ ਫਕੀਰ ਅਜ਼ੀਜ਼ੁਦੀਨ ਵੀ ਕਦੀ ਕਦੀ ਦੀਵਾਨੀ ਮਾਮਲਿਆਂ ਵਿਚ ਦਖਲ ਦਿੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਦੇ ਹਰ ਖਾਸ ਸੁਆਲ ਤੇ ਫੈਸਲੇ ਨੂੰ ਇਕੱਲਿਆਂ ਅਤੇ ਆਜ਼ਾਦ ਤੌਰ 'ਤੇ ਨਜਿੱਠਿਆ ਕਰਦਾ ਸੀ। ਖਾਲਸਾ ਰਾਜ ਵਿਚ ਆਮ ਵਕੀਲਾਂ ਦਾ ਨਾਮੋ ਨਿਸ਼ਾਨ ਨਹੀਂ ਸੀ। ਨਾ ਕੋਈ ਸੁਪਰੀਮ ਕੋਰਟ ਹੁੰਦਾ ਸੀ ਤੇ ਨਾ ਹੀ ਕੋਈ ਹਾਈ ਕੋਰਟ ਸੀ। ਕੋਈ ਹੋਰ ਜੱਜਾਂ ਦਾ ਕਾਫਲਾ ਵੀ ਨਹੀਂ ਹੁੰਦਾ ਸੀ। ਇਨ੍ਹਾਂ ਸਭ ਤੋਂ ਬਿਨਾ ਮਹਾਰਾਜੇ ਦਾ ਇਨਸਾਫ, ਹੱਕ, ਸੱਚ ਤੇ ਧਰਮ ਦਾ 'ਖਾਲਸ ਰਾਜ' ਸੀ। ਸਾਰੇ ਹੁਕਮ ਮਹਾਰਾਜੇ ਦੇ ਖੁੱਲ੍ਹੇਆਮ ਤੇ ਜ਼ਬਾਨੀ ਹੀ ਚੱਲਦੇ ਤੇ ਵੱਜਦੇ ਸਨ। ਲਾਹੌਰ ਸਿੱਖ ਰਾਜ ਵਿਚ ਇਕ ਅਦਾਲਤ-ਏ-ਆਲਾ ਕਾਇਮ ਕੀਤੀ ਹੋਈ ਸੀ, ਜੋ ਖਾਲਸਾ ਰਾਜ ਦੀ ਸਭ ਤੋਂ ਉਚੀ ਅਦਾਲਤ ਸੀ। ਇਸ ਅਦਾਲਤ ਦਾ ਮੁੱਖ ਅਦਾਲਤੀ ਇਕ ਮੁਸਲਮਾਨ ਮਜ਼ਹੱਰ ਅਲੀ ਸੀ। ਮੁੱਖ ਅਦਾਲਤੀ ਦੀ ਤਨਖਾਹ 80 ਰੁਪਏ ਮਹੀਨਾ ਤੇ ਬਾਕੀ ਅਦਾਲਤੀਆਂ ਨੂੰ 45 ਰੁਪਏ ਮਹੀਨਾ ਮਿਲਦਾ ਸੀ। ਮਹਾਰਾਜਾ ਸਭ ਅਪੀਲਾਂ ਲਈ ਅੰਤਿਮ ਅਦਾਲਤ ਸੀ।

ਖਾਲਸਾ ਰਾਜ ਵਿਚ ਜਦੋਂ ਕੋਈ ਫਰਿਆਦੀ ਮਹਾਰਾਜਾ ਨੂੰ ਮਿਲਣਾ ਚਾਹੁੰਦਾ ਸੀ ਤੇ ਮਹਾਰਾਜਾ ਤੱਕ ਪਹੁੰਚ ਵਿਚ ਔਕੜ ਮਹਿਸੂਸ ਕਰਦਾ ਤਾਂ ਉਹ ਦੂਰੋਂ ਹੀ ਬਾਹ ਉਚੀ ਚੁੱਕ ਕੇ ਇਕ ਕੱਪੜਾ ਜ਼ੋਰ ਜ਼ੋਰ ਨਾਲ ਹਿਲਾਉਂਦਾ, ਜਿਸ ਨੂੰ 'ਪੱਲੂ ਫੇਰਨਾ' ਕਿਹਾ ਜਾਂਦਾ ਸੀ। ਰਹਿਮ ਦਿਲ ਮਹਾਰਾਜਾ ਉਸ ਨੂੰ ਆਪਣੇ ਪਾਸ ਬੁਲਾ ਲੈਂਦਾ ਤੇ ਉਸ ਦੀ ਫਰਿਆਦ ਪਹਿਲ ਦੇ ਆਧਾਰ ਉਪਰ ਸੁਣੀ ਜਾਂਦੀ। 'ਖਾਲਸਾ ਰਾਜ' ਵਿਚ ਧਾਰਮਿਕ, ਸਮਾਜਿਕ ਤੇ ਕਿਸਾਨੀ ਮਸਲੇ ਸੁਣਨ ਲਈ ਮਹਾਰਾਜਾ ਨੇ ਕਾਜ਼ੀ ਦਾ ਅਹੁਦਾ ਵੀ ਕਾਇਮ ਰੱਖਿਆ ਹੋਇਆ ਸੀ। ਲਾਹੌਰ ਦਰਬਾਰ ਵਿਚ ਮੁਸਲਮਾਨਾਂ ਤੋਂ ਬਿਨਾ ਹਿੰਦੂ ਤੇ ਸਿੱਖ ਵੀ ਕਾਜ਼ੀ ਹੁੰਦੇ ਸਨ, ਜੋ ਮੁਨਸਿਫ ਜਾਂ ਮੈਜਿਸਟਰੇਟ ਦਾ ਕੰਮ ਕਰਦੇ ਸਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੱਛਮ ਵਲ ਦਰਿਆ ਸਿੰਧ ਤੋਂ ਲੈ ਕੇ ਪੂਰਬ ਵਲ ਦਰਿਆ ਜਮਨਾ ਤੱਕ, ਹਿੰਦੁਸਤਾਨ ਵਿਚ 'ਅੰਗਰੇਜ਼ਾਂ ਦੀ ਦਿੱਲੀ' ਦੀਆਂ ਸਰਹੱਦਾਂ ਤੋਂ ਸ਼ੁਰੂ ਹੁੰਦਾ ਸੀ ਤੇ ਅਫਗਾਨ ਸ਼ਾਸ਼ਕ ਦੀ 'ਰਾਜਧਾਨੀ ਕਾਬਲ' ਦੀਆਂ ਜੜ੍ਹਾਂ ਵਿਚ ਖਤਮ ਹੁੰਦਾ ਸੀ।

ਸ਼ੇਰੇ ਪੰਜਾਬ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾਂ ਸਿੰਘ, ਬਲਦ ਚੜ੍ਹਤ ਸਿੰਘ, ਬਲਦ ਨੌਧ ਸਿੰਘ, ਬਲਦ ਬੁੱਧ ਸਿੰਘ, ਸੰਧਾਵਾਲੀਏ ਸਰਦਾਰ, ਜੱਦੀ ਪੁਸ਼ਤੀ ਵਾਸੀਆਨ ਪਿੰਡ ਰਾਜਾਸਾਂਸੀ ਨੇੜੇ ਅੰਮ੍ਰਿਤਸਰ,ਦੀ ਖਾਨਦਾਨੀ ਸ਼ੁਕਰਚੱਕੀਆ ਮਿਸਲ ਪੰਜਾਬ ਦੇ ਜ਼ਰਖੇਜ਼ ਇਲਾਕੇ ਗੁਜਰਾਂਵਾਲਾ ਤੇ ਇਸ ਦੇ ਨਾਲ ਦੇ ਪਿੰਡਾਂ ਵਿਚ ਰਾਜ ਕਰਦੀ ਸੀ। ਸੰਨ 1730 ਵਿਚ ਸਰਦਾਰ ਨੌਧ ਸਿੰਘ ਸੰਧਾਵਾਲੀਏ ਤੇ ਸਰਦਾਰ ਚੜ੍ਹਤ ਸਿੰਘ ਦੇ ਪਿਉ ਅਤੇ ਰਣਜੀਤ ਸਿੰਘ ਦੇ ਪੜਦਾਦੇ ਨੇ ਗੁਜਰਾਂਵਾਲੇ ਦੇ ਲਾਗੇ ਇਕ ਉਜਾੜ ਪਈ ਪਿੰਡ ਸ਼ੁਕਰਚੱਕ ਦੀ ਥੇਹ 'ਤੇ ਇਕ ਕੱਚੀ ਗੜ੍ਹੀ ਬਣਾ ਕੇ ਸ਼ੁਕਰਚੱਕੀਆ ਮਿਸਲ ਦੀ ਨੀਂਹ ਰਖੀ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਘਰਾਣੇ ਵਿਚ ਮੋਢੀ ਸਰਦਾਰ ਬੁੱਧ ਸਿੰਘ ਨੇ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੇ ਕਰ-ਕਮਲਾਂ ਤੋਂ ਅੰਮ੍ਰਿਤ ਪਾਨ ਕਰਕੇ ਖਾਲਸਾ ਬਣੇ ਤੇ ਸਿੰਘ ਸਜੇ ਸਨ।

ਸਰਦਾਰ ਨੌਧ ਸਿੰਘ ਨੇ ਹੀ ਇਸ ਗੜ੍ਹੀ ਰੂਪੀ ਕਿਲੇ ਦੀ ਰਾਖੀ ਲਈ 30 ਸਿੰਘ ਸਰਦਾਰ ਘੋੜ ਸਵਾਰ ਆਪਣੇ ਨਾਲ ਮਿਲਾ ਲਏ, ਜਿਨ੍ਹਾਂ ਨੂੰ ਸ਼ੁਕਰਚੱਕੀਆ ਮਿਸਲ ਦਾ ਮੂਲ ਆਧਾਰ ਅਤੇ ਖਾਲਸਾ ਸਲਤਨਤ ਦੀ ਨੀਂਹ ਕਿਹਾ ਜਾ ਸਕਦਾ ਹੈ। ਸਰਦਾਰ ਨੌਧ ਸਿੰਘ ਨੇ ਆਪਣੇ ਜਥੇ ਨਾਲ ਇਲਾਕੇ ਵਿਚ ਨਿਰਭੈਤਾ ਦੇ ਅਜਿਹੇ ਕਾਰਨਾਮੇ ਕੀਤੇ, ਜਿਨ੍ਹਾਂ ਦਾ ਦਬਦਬਾ ਇਲਾਕਾ ਪੋਠੋਹਾਰ ਦੇ ਸ਼ਹਿਰ ਰਾਵਲਪਿੰਡੀ ਤੋਂ ਦਰਿਆ ਸਤਲੁਜ ਦੇ ਕੰਢਿਆਂ ਤੱਕ ਮੰਨਿਆ ਜਾਂਦਾ ਸੀ। ਸਮੇਂ ਦੇ ਨਾਲ ਰਣਜੀਤ ਸਿੰਘ ਦਾ ਪੜਦਾਦਾ ਸਰਦਾਰ ਚੜ੍ਹਤ ਸਿੰਘ ਆਪਣੀ ਮਿਸਲ ਨੂੰ ਸ਼ੁਕਰਚੱਕ ਪਿੰਡ ਤੋਂ ਗੁਜਰਾਂਵਾਲੇ ਸ਼ਹਿਰ ਵਿਚ ਲੈ ਆਇਆ। ਸਰਦਾਰ ਚੜ੍ਹਤ ਸਿੰਘ ਆਪਣੇ ਜਥੇ ਵਿਚ ਸ਼ਾਮਲ ਹੋਣ ਵਾਲੇ ਹਰ ਘੋੜ ਸਵਾਰ, ਤੀਰ ਕਮਾਨ ਚਾਲਕ ਤੇ ਤਲਵਾਰ ਦੇ ਧਨੀ ਨੂੰ ਆਪਣੇ ਹੱਥਾਂ ਨਾਲ ਅੰਮ੍ਰਿਤ ਛਕਾਉਂਦਾ ਅਤੇ ਫਿਰ ਮਿਸਲ ਵਿਚ ਮਿਲਣ ਦੀ ਆਗਿਆ ਦਿੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਇਸ 'ਖਾਲਸਾ ਪੰਥ' ਖਾਲਸੇ ਦੀਆਂ ਨਿਰੋਲ ਸਿੱਖ ਫੌਜਾਂ ਨੇ ਅੱਗੇ ਜਾ ਕੇ 'ਮਹਾਨ ਖਾਲਸਾ ਸਿੱਖ ਸਲਤਨਤ' ਦੀ ਬੜੀ ਮਜ਼ਬੂਤ ਨੀਂਹ ਰੱਖੀ।

ਸਰਦਾਰ ਚੜ੍ਹਤ ਸਿੰਘ ਦੇ ਸਮੇਂ ਸਿੱਖਾਂ ਦੀਆਂ 12 ਹੋਰ ਨਾਮੀ ਮਿਸਲਾਂ ਵੀ ਸਨ ਅਤੇ ਇਹ ਸਿੱਖ ਮਿਸਲਾਂ ਕਈ ਹੋਰ ਛੋਟੀਆਂ ਰਿਆਸਤਾਂ ਨਾਲ ਲੜਾਈਆਂ ਭੜਾਈਆਂ ਕਰ ਕੇ ਲੁੱਟ ਮਾਰ ਨਾਲ ਆਪਣਾ ਗੁਜ਼ਾਰਾ ਕਰਦੀਆਂ ਰਹੀਆਂ। ਇਨ੍ਹਾਂ ਰਿਆਸਤਾਂ ਵਿਚੋਂ ਉਸ ਸਮੇਂ ਪ੍ਰਸਿਧ: ਮੁਲਤਾਨ, ਬਹਾਵਲਪੁਰ, ਡੇਰਾ ਗਾਜ਼ੀ ਖਾਂ, ਮਨਕੇਰਾ, ਪਸ਼ੌਰ, ਬੰਨੂੰ, ਹਜ਼ਾਰਾ ਤੇ ਟਾਂਕ, ਜੋ ਅਫਗਾਨ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਨੇ ਅਧੀਨ ਕਰਕੇ ਪਠਾਣ ਸਰਦਾਰਾਂ ਨੂੰ ਕਰ ਵਸੂਲੀ ਦੀ ਸ਼ਰਤ ਉਪਰ ਦਿੱਤੀਆਂ ਸਨ। ਇਸ ਤੋਂ ਬਿਨਾ ਕੁਝ ਪਹਾੜੀ ਇਲਾਕੇ ਸਨ, ਜਿਨ੍ਹਾਂ ਉਪਰ ਰਾਜਪੂਤ ਘਰਾਣਿਆਂ ਦਾ ਆਜ਼ਾਦ ਰਾਜ ਸੀ ਤੇ ਹਿਮਾਲਿਆ ਦੇ ਅੰਦਰਲੀਆਂ ਪਹਾੜੀਆਂ ਵਿਚ ਸਥਿਤ ਸਨ। ਪੰਜਾਬ ਵਿਚ ਹੀ ਕੁਝ ਬਹਾਦਰ ਪੰਜਾਬੀ ਮੁਸਲਮਾਨ ਘਰਾਣਿਆਂ ਤੇ ਕਬੀਲਿਆਂ ਦੇ ਵੀ ਇਲਾਕੇ ਸ਼ਾਮਲ ਸਨ, ਜਿਥੇ ਇਕ ਕਿਸਮ ਦੇ ਸੁਤੰਤਰ ਰਾਜ ਕਾਇਮ ਸਨ। ਜਿਵੇਂ ਕਿ ਕਸੂਰ ਦੇ ਪਠਾਣ, ਰਸੂਲ ਨਗਰ ਦੇ ਚੱਠੇ, ਸ਼ਾਹਪੁਰ ਦੇ ਟਿਵਾਣੇ ਤੇ ਝੰਗ ਦੇ ਸਿਆਲ ਜੱਟ, ਇਹ ਸਾਰੇ ਜੱਦੀ ਪੁਸ਼ਤੀ ਮੁਸਲਮਾਨ ਤਾਕਤਵਰ ਘਰਾਣੇ ਸਨ। ਜਿਹੜੇ ਵੀ ਚੌਧਰੀ, ਮਿਸਲਦਾਰ, ਸਰਦਾਰ ਜਾਂ ਜਥੇਦਾਰ ਦੀਆਂ ਬਾਹਾਂ ਵਿਚ ਜਾਨ ਹੁੰਦੀ ਅਤੇ ਉਸ ਦੀ ਸੈਨਾ ਦੇ ਜਵਾਨ, ਤਾਕਤ ਤੇ ਵਫਾਦਾਰੀ ਦੇ ਨਾਲ ਹੱਥੋ ਹੱਥ ਲੜਾਈ ਵਿਚ ਪੂਰੇ ਮਾਹਿਰ ਹੁੰਦੇ, ਉਹ ਹੋਰਾਂ ਉਪਰ ਕਬਜ਼ਾ ਕਰ ਲੈਂਦੇ।

ਇਸ ਦੌਰ ਵਿਚ ਕਬਜ਼ੇ ਦਾ ਰਾਜ ਸੀ, ਨਾ ਕਿਸੇ ਅੱਗੇ ਮਿੰਨਤ ਤਰਲੇ ਦੀ ਫਰਿਆਦ ਸੁਣੀ ਜਾਂਦੀ ਸੀ। ਇਸ ਜ਼ਮਾਨੇ ਵਿਚ ਨਾ ਹੀ ਕੋਈ ਪੁਲਿਸ ਵਲੋਂ ਅੱਥਰੂ ਗੈਸ ਦੇ ਗੋਲੇ ਸੁੱਟੇ ਜਾਂਦੇ, ਨਾ ਕੋਈ ਠੰਡੇ ਪਾਣੀ ਦੀਆਂ ਤੇਜ਼ ਬੌਛਾੜਾਂ ਮਾਰੀਆਂ ਜਾਂਦੀਆਂ ਸਨ। ਨਾ ਹੀ ਕਿਸੇ ਪਾਰਲੀਮੈਂਟ ਅੱਗੇ ਧਰਨੇ ਦੇਣੇ

(ਬਾਕੀ ਅਗਲੇ ਸਫੇ 'ਤੇ)

# ਇਨਸਾਨੀ ਸੰਤੁਸ਼ਟੀ

***ਸਾਡੀ ਅਤ੍ਰਿਪਤੀ ਦਾ ਸਭ ਤੋਂ ਵੱਢਾ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਦੂਸਰਿਆਂ ਤੋਂ ਵੱਧ ਸਮਝਦਾਰ ਸਮਝਦੇ ਹਾਂ, ਜੋ ਕਿ ਸਰਾਸਰ ਗਲਤ ਸੋਚ ਹੈ। ਬਾਕੀ ਲੋਕਾਂ ਨੂੰ ਸਮਝਾਉਣ ਦਾ ਯਤਨ ਤਾਂ ਸਾਰੇ ਹੀ ਕਰਦੇ ਹਨ, ਪਰ ਆਪਣੇ ਆਪ ਨੂੰ ਸਮਝਾਉਣਾ ਸਾਨੂੰ ਕਿਸੇ ਨੂੰ ਵੀ ਨਹੀਂ ਆਉਂਦਾ। ਕਬੀਰ ਜੀ ਦੇ ਵਚਨ ਵੀ ਚੰਗੇ ਲਗਦੇ ਹਨ, "ਬੋਲਤ ਬੋਲਤ ਬੜੇ ਬਿਕਾਰਾ" ਪਰ ਵਾਹ ਲਗਦੀ ਨੂੰ ਅਸੀਂ ਕਿਸੇ ਨੂੰ ਹੁੰਘਾਰਾ ਵੀ ਨਹੀਂ ਭਰਨ ਦਿੰਦੇ, ਬੋਲੀ ਹੀ ਜਾਂਦੇ ਹਾਂ। ਅਸੀਂ ਆਜ਼ਾਦੀ ਭਾਲਦੇ ਹਾਂ, ਪਰ ਸਭ ਤੋਂ ਵੱਧ ਊਟ ਪਟਾਂਗ ਅਸੀਂ ਉਸ ਵਕਤ ਕਰਦੇ ਹਾਂ, ਜਦ 'ਕੱਲੇ ਹੁੰਦੇ ਹਾਂ।***

ਰਚਨਹਾਰ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕਦੋਂ ਤੇ ਕਿਵੇਂ ਕੀਤੀ? ਇਹ ਸਵਾਲ ਤਾਂ ਸ਼ਾਇਦ ਹਮੇਸ਼ਾ ਸਵਾਲ ਹੀ ਰਹੇਗਾ, ਪਰ ਰੱਬ ਨੇ ਇਨਸਾਨ ਸਾਜ ਕੇ ਧਰਤੀ 'ਤੇ ਸਾਰੇ ਜੀਵ ਜੰਤੂਆਂ ਤੋਂ ਵੱਖਰਾ ਸਾਜ ਕੇ, ਇਨਸਾਨ ਨੂੰ ਦਿਮਾਗ ਦੇ ਕੇ, ਰਚਨਹਾਰ ਬਣਾ ਕੇ, ਬੰਦੇ ਨੂੰ ਸੋਚ ਤੇ ਸ਼ਬਦ ਸ਼ਕਤੀ ਦੇ ਕੇ ਸਭ ਕੁਝ ਭੰਨਣ ਘੜਨ ਦੇ ਸਮਰੱਥ ਬਣਾ ਦਿਤਾ। ਸਾਰੀਆਂ ਸ਼ਕਤੀਆਂ ਦੇ ਕੇ ਸ਼ਾਇਦ ਰੱਬ ਡਰ ਗਿਆ ਕਿ ਇਹ ਬੰਦਾ ਹੁਣ ਰੱਬ ਨੂੰ ਵੀ ਘੜੂ ਭੰਨੂੰ। ਆਦਮੀ ਬਣਾ ਕੇ ਰੱਬ ਨੂੰ ਕਿਤੇ ਲੁਕਣ ਵਾਸਤੇ ਥਾਂ ਨਾ ਮਿਲੇ। ਪਰਬਤਾਂ ਤੋਂ ਵੀ ਬੰਦੇ ਨੇ ਰੱਬ ਲੱਭ ਲੈਣਾ ਸੀ। ਚੰਦ ਤਾਰਿਆਂ ਤੋਂ ਵੀ, ਸਾਰੀ ਧਰਤੀ-ਆਕਾਸ਼ ਤਾਂ ਬੰਦੇ ਨੇ ਗਾਹ ਮਾਰੀ ਹੈ; ਜੇ ਕੁਝ ਰਹਿ ਗਿਆ, ਉਹ ਵੀ ਬੰਦੇ ਨੇ ਭਾਲ ਲੈਣਾਂ।

**ਸੁਰਿੰਦਰ ਸਿੰਘ ਸੁੱਨੜ**
ਫੋਨ: (530) 921 0097

ਇਸ ਵਾਸਤੇ ਸ਼ਾਇਦ ਬੰਦੇ ਤੋਂ ਡਰਦਾ ਰੱਬ ਬੰਦੇ ਦੇ ਅੰਦਰ ਲੁਕ ਗਿਆ। ਪਰਮਾਤਮਾ ਨੂੰ ਇਹ ਪਤਾ ਸੀ ਕਿ ਆਦਮੀ ਨੇ ਸਾਰੇ ਜੰਗਲ ਬੇਲੇ, ਆਕਾਸ਼ ਪਤਾਲ ਤਾਂ ਗਾਹ ਲੈਣੇ ਹਨ, ਪਰ ਆਪਣੇ ਅੰਦਰ ਨਹੀਂ ਝਾਕਣਾ। ਰੱਬ ਨੂੰ ਹੁਣ ਕਿਸੇ ਕਿਸਮ ਦਾ ਖਤਰਾ ਨਹੀਂ, ਕਿਉਂਕਿ 99.9% ਲੋਕਾਂ ਨੇ ਤਾਂ ਆਪਣੇ ਅੰਦਰ ਦੇਖਣਾਂ ਹੀ ਨਹੀਂ ਤੇ ਜੇ ਕਿਤੇ ਲੱਖਾਂ 'ਚੋਂ ਇਕ ਨੇ ਆਪਣੇ ਅੰਦਰ ਝਾਤ ਮਾਰੀ ਤਾਂ ਉਸ ਅੰਤਰਧਿਆਨ ਹੋਣ ਵਾਲੇ ਤੋਂ ਤਾਂ ਰੱਬ ਨੂੰ ਖਤਰਾ ਵੀ ਨਹੀਂ ਹੋਣਾ।

ਆਦਮੀ ਸੱਚ ਪ੍ਰਸਤ ਤਾਂ ਹੋਣਾ ਚਾਹੁੰਦਾ ਹੈ, ਸੱਚ ਦੀ ਭਾਲ ਵੀ ਕਰਦਾ ਹੈ, ਪਰ ਕਦੇ ਬੁੱਧ ਬਣ ਕੇ ਤੇ ਕਦੇ ਮਹਾਂਵੀਰ ਬਣ ਕੇ ਜੰਗਲਾਂ ਬੇਲਿਆਂ ਵੱਲ ਹੋ ਤੁਰਦਾ ਹੈ। ਬਾਬੇ ਫਰੀਦ ਵਰਗਾ ਇਕੜ ਦੁੱਕੜ 'ਵਸੀ ਰਬ ਹਿਆਲੀਇ' ਲਿਖਦਾ ਹੈ, ਨਾਨਕ ਦੀ ਨਜ਼ਰ ਅੰਤਰ ਧਿਆਨ ਹੁੰਦੀ ਹੈ ਤਾਂ ਬਾਹਰਮੁਖੀ ਦੁਨੀਆਂ ਨਾਨਕ ਦੀ ਨਜ਼ਰ ਦੇ ਵਾਰੇ ਵਾਰੇ ਵੀ ਜਾਂਦੀ ਹੈ। ਤਾਰੀਫ ਵੀ ਕਰਦੇ ਹਨ, ਲੋਕ ਨਾਨਕ ਵਿਚਾਰਧਾਰਾ ਦੀ, ਮੱਥਾ ਵੀ ਟੇਕਦੇ ਹਨ ਪਰ ਆਪਣੇ ਅੰਦਰ ਨਹੀਂ ਝਾਕਦੇ। ਆਦਮੀ ਇਹ ਆਖ ਕੇ ਆਪਣਾ ਜ਼ੁੰਮਾ ਦੋਸ਼ਪੋਸ਼ ਕਰ ਲੈਂਦਾ ਹੈ ਕਿ ਬੰਦੇ ਨੇ ਜੋ ਕੁਝ ਵੀ ਲਿਆ, ਉਹ ਦੁਨੀਆਂ ਕੋਲੋਂ ਹੀ ਲਿਆ ਹੈ। ਇਹ ਠੀਕ ਹੈ ਕਿ ਮਾਂ ਦੇ ਗਰਭ ਤੋਂ ਬਿਨਾ ਇਨਸਾਨ ਨੂੰ ਜਨਮ ਨਹੀਂ ਮਿਲ ਸਕਦਾ, ਮਾਂ ਹੀ ਜਨਮਦਾਤਾ ਹੁੰਦੀ ਹੈ, ਪਰ ਜਨਮ ਲੈਣ ਤੋਂ ਬਾਅਦ ਅਸੀਂ ਜੀਵਨ ਵਿਚ ਜੋ ਕੁਝ ਵੀ ਬਣਦੇ ਹਾਂ, ਉਹ ਖੁਦ ਬਣਦੇ ਹਾਂ। ਇਕ ਚੁਵੱਚਾ ਬਣਾ ਲਓ, ਵੱਢਾ ਸਾਰਾ ਗਮਲਾ, ਉਸ ਗਮਲੇ ਵਿਚ ਦੋ ਤਿੰਨ ਕਵਿੰਟਲ ਜ਼ਰਖੇਜ਼ ਮਿੱਟੀ ਪਾ ਦਿਓ ਤੇ ਵਿਚ ਇਕ ਦਰਖਤ ਦਾ ਬੀਜ ਦੱਬ ਦਿਓ। ਕੁਝ ਸਮਾਂ ਪਾ ਕੇ ਉਹ ਬੀਜ਼ ਜਨਮੇਗਾ, ਹੌਲੀ ਹੌਲੀ ਦਰਖਤ ਬਣ ਜਾਵੇਗਾ। ਜੜ੍ਹ, ਤਣਾ, ਟਾਹਣ, ਪੱਤੇ, ਫੁੱਲ ਤੇ ਫਲ ਲੱਗ ਜਾਣਗੇ। ਉਹ ਦਰਖਤ ਵਜ਼ਨ ਵਿਚ ਬਹੁਤ ਭਾਰਾ ਬਣ ਸਕਦਾ ਹੈ, ਪਰ ਜੇ ਉਸ ਦਰਖਤ ਨੂੰ ਚੁਵੱਚੇ ਵਿਚੋਂ ਬਾਹਰ ਕੱਢ ਕੇ ਉਸ ਚੁਵੱਚੇ ਵਿਚਲੀ ਮਿੱਟੀ ਨੂੰ ਤੋਲਿਆ ਜਾਵੇ ਤਾਂ ਉਹ ਜਿੰਨੀ ਸ਼ੁਰੂ ਵਿਚ ਸੀ, ਉਸ ਤੋਂ ਮਾਸਾ ਵੱਧ ਭਾਵੇਂ ਹੋਊ, ਘੱਟ ਨਹੀਂ ਹੋਵੇਗੀ। ਜਿਸ ਜ਼ਮੀਨ ਵਿਚੋਂ ਜਨਮ ਲੈ ਕੇ ਵੱਢਾ ਸਾਰਾ ਦਰਖਤ ਬਣ ਜਾਂਦਾ ਹੈ, ਉਸ ਜ਼ਮੀਨ ਦਾ ਕੁਝ ਘਟਦਾ ਨਹੀਂ ਹੈ। ਬੀਜ ਤੋਂ ਦਰਖਤ ਬਣਨ ਵਿਚ ਜ਼ਮੀਨ ਦਾ ਆਸਰਾ ਜਰੂਰ ਹੋਇਆ, ਪਰ ਦਰਖਤ ਦਾ ਆਕਾਰ ਉਸ ਦਾ ਆਪਣਾ ਹੈ।

ਇਨਸਾਨੀ ਭੁੱਖ ਵਧਦੀ ਰਹਿੰਦੀ ਹੈ। ਸਾਡੀ ਤਮ੍ਹਾਂ ਕਦੇ ਪੂਰੀ ਨਹੀਂ ਹੁੰਦੀ। ਇਕ ਕਹਾਣੀ ਪੜ੍ਹੀ ਮੈਂ ਕਿਧਰੇ ਕਿ ਇਕ ਸੰਤ ਮਹਾਤਮਾ ਸੀ। ਉਸ ਦੀ ਬੜੀ ਹੀ ਸਿੱਖੀ ਸੇਵਕੀ ਸੀ। ਇਕ ਲੜਕਾ ਬਚਪਨ ਤੋਂ ਹੀ ਕਿਸੇ ਵਜ੍ਹਾ ਉਥੇ ਮਹਾਤਮਾ ਦੀ ਸੇਵਾ ਕਰਦਾ ਸੀ। ਇਕ ਦਿਨ ਜਦ ਉਹ ਲੜਕਾ ਮਹਾਤਮਾ ਦੇ ਪੈਰੀਂ ਹੱਥ ਲਾਉਣ ਲੱਗਾ ਤਾਂ ਉਸ ਦੇ ਦੋ ਕੁ ਅੱਥਰੂ ਮਹਾਤਮਾ ਦੇ ਚਰਨਾਂ 'ਤੇ ਡਿੱਗੇ। ਮਹਾਤਮਾ ਨੇ ਲੜਕੇ ਨੂੰ ਉਠਾ ਕੇ ਕਿਹਾ ਕਿ ਤੇਰੀ ਸੇਵਾ ਮਨਜ਼ੂਰ ਹੈ, ਹੁਣ ਤੂੰ ਜਾਹ ਤੇ ਆਪਣਾ ਜੀਵਨ ਜੀਅ। ਤੁਰੇ ਜਾਂਦੇ ਲੜਕੇ ਦੇ ਦਿਲ ਵਿਚ ਖਿਆਲ ਆ ਰਿਹਾ ਸੀ ਕਿ ਜੇ ਮੈਨੂੰ ਕਿਤੋਂ ਵੀ ਕੁਝ ਪੈਸੇ ਮਿਲੇ, ਭਾਵੇਂ ਪੰਜ ਦਮੜੇ ਹੀ ਹੋਣ, ਉਹ ਮੈਂ ਜਾ ਕੇ ਸੰਤ ਮਹਾਤਮਾ ਨੂੰ ਭੇਟ ਕਰਕੇ ਆਵਾਂ। ਉਹ ਤੁਰਦਾ ਤੁਰਦਾ ਕਿਸੇ ਨਗਰ ਵਿਚ ਪਹੁੰਚ ਗਿਆ। ਨਗਰ ਦੇ ਬਾਹਰ ਹੀ ਇਕ ਬੰਦਾ ਧੂਣੀ ਬਾਲ ਕੇ ਸੇਕ ਰਿਹਾ ਸੀ। ਉਸ ਕੋਲ ਜਾ ਕੇ ਲੜਕੇ ਨੇ ਆਪਣੇ ਦਿਲ ਦੀ ਗੱਲ ਦੱਸੀ ਕਿ ਜੇ ਉਸ ਨੂੰ ਪੰਜ ਦਮੜੇ ਕਿਤੋਂ ਮਿਲ ਜਾਣ ਤਾਂ ਉਹ ਮਹਾਤਮਾ ਨੂੰ ਭੇਟ ਕਰਨਾ ਚਾਹੁੰਦਾ ਹੈ। ਧੂਣੀ ਸੇਕ ਰਹੇ ਬੰਦੇ ਨੇ ਦੱਸਿਆ ਕਿ ਸੁਣਿਆਂ ਇਸ ਨਗਰ ਦੇ ਰਾਜੇ ਦਾ ਪ੍ਰਣ ਹੈ ਕਿ ਸਵੇਰ ਨੂੰ ਜੋ ਵੀ ਵਿਅਕਤੀ ਸਵੇਰੇ ਸਵੇਰੇ ਪਹਿਲਾ ਵਿਅਕਤੀ ਰਾਜੇ ਨੂੰ ਮਿਲੇਗਾ, ਉਹ ਉਸ ਨੂੰ ਮੂੰਹੋਂ ਮੰਗਿਆ ਇਨਾਮ ਦੇਵੇਗਾ। ਇਹ ਸੁਣ ਕੇ ਉਹ ਲੜਕਾ ਉਥੇ ਧੂਣੀ 'ਤੇ ਹੀ ਬੈਠ ਗਿਆ ਤੇ ਤੜਕਸਾਰ ਹੀ ਰਾਜੇ ਦੇ ਮਹਿਲਾਂ ਦੇ ਦਰਵਾਜੇ 'ਤੇ ਚਲਾ ਗਿਆ।

ਰਾਜਾ ਮਹਿਲ 'ਚੋਂ ਬਾਹਰ ਨਿਕਲਿਆ। ਆਪਣੇ ਬਗੀਚੇ ਦੇ ਦੁਆਲੇ ਚੱਕਰ ਲਾਉਣ ਤੁਰੇ ਰਾਜੇ ਨੇ ਉਸ ਲੜਕੇ ਨੂੰ ਦੇਖਿਆ ਤਾਂ ਲੜਕੇ ਨੇ ਝੁਕ ਕੇ ਫਤਿਹ ਗੁਜ਼ਾਰੀ। ਰਾਜਾ ਉਸ ਦੇ ਕੋਲ ਚਲਾ ਗਿਆ ਤੇ ਕਹਿਣ ਲੱਗਾ, ਕਿਵੇਂ ਆਉਣਾ ਹੋਇਆ? ਲੜਕਾ ਕਹਿਣ ਲੱਗਾ ਕਿ ਸੁਣਿਆ ਤੁਹਾਡੇ ਕੋਲੋਂ ਸਵੇਰ ਨੂੰ ਜੋ ਪਹਿਲਾ ਵਿਅਕਤੀ ਮਿਲੇ, ਉਸ ਨੂੰ ਜੋ ਮੰਗੇ, ਤੁਸੀਂ ਦੇ ਦਿੰਦੇ ਹੋ। ਰਾਜਾ ਕਹਿੰਦਾ, ਹਾਂ ਇਹ ਗੱਲ ਤਾਂ ਸਹੀ ਹੈ, ਪਰ ਅੱਜ ਤੱਕ ਕਿਸੇ ਨੇ ਕੁਝ ਵੀ ਨਹੀਂ ਮੰਗਿਆ। ਖੈਰ! ਤੈਨੂੰ ਦੱਸ ਕੀ ਚਾਹੀਦਾ? ਮੰਗ ਲੈ, ਮਿਲ ਜਾਵੇਗਾ। ਇਹ ਸੁਣ ਕੇ ਲੜਕਾ ਸੋਚੀਂ ਪੈ ਗਿਆ। ਰਾਜਾ ਬੋਲਿਆ ਕਿ ਤੂੰ ਸੋਚ ਲੈ ਤੈਨੂੰ ਕੀ ਚਾਹੀਦਾ ਤੇ ਮੈਂ ਓਨਾ ਚਿਰ ਬਗੀਚੇ ਦਾ ਚੱਕਰ ਲਾ ਲੈਨਾਂ।

ਰਾਜਾ ਚੱਕਰ ਲਾਉਣ ਚਲਾ ਗਿਆ ਤੇ ਲੜਕਾ ਸੋਚਣ ਲੱਗ ਪਿਆ ਕਿ ਜੋ ਮੰਗਾਂ ਮਿਲ ਸਕਦਾ ਹੈ, ਕਿਉਂ ਨਾਂ ਸੌ, ਦੋ ਸੌ ਦਮੜੇ ਮੰਗ ਲਵਾਂ। ਫਿਰ ਸੋਚਣ ਲੱਗਾ ਕਿ ਰਾਜ ਭਾਗ ਹੀ ਕਿਉਂ ਨਾ ਮੰਗ ਲਵਾਂ! ਅਜੇ ਸੋਚ ਹੀ ਰਿਹਾ ਸੀ ਕਿ ਰਾਜਾ ਚੱਕਰ ਕੱਟ ਕੇ ਆ ਗਿਆ। ਦੱਸ ਤੈਨੂੰ ਕੀ ਦੇ ਦੇਵਾਂ? ਕਹੇਂ ਤਾਂ ਅੱਧਾ ਰਾਜ ਹੀ ਦੇ ਦੇਵਾਂ? ਉਹ ਲੜਕਾ ਸੋਚੀਂ ਪੈ ਗਿਆ ਕਿ ਅੱਧਾ ਕਿਓਂ ਫਿਰ ਸਾਰਾ ਹੀ ਰਾਜ ਕਿਉਂ ਨਾ ਮੰਗਿਆ ਜਾਵੇ। ਉਸ ਨੂੰ ਸੋਚਦਾ ਦੇਖ ਕੇ ਰਾਜਾ ਕਹਿਣ ਲੱਗਾ ਕਿ ਮਨ ਬਣਾ ਲੈ ਤੈਨੂੰ ਕੀ ਚਾਹੀਦਾ ਤੇ ਮੈਂ ਇਕ ਚੱਕਰ ਹੋਰ ਲਾ ਕੇ ਆਉਂਦਾਂ। ਰਾਜਾ ਚੱਕਰ ਲਾਉਣ ਚਲਾ ਗਿਆ, ਪਰ ਜਦ ਵਾਪਿਸ ਆ ਕੇ ਦੇਖਿਆ ਤਾਂ ਉਹ ਲੜਕਾ ਉਥੇ ਨਹੀਂ ਸੀ।

ਸਾਡੀ ਅਤ੍ਰਿਪਤੀ ਦਾ ਸਭ ਤੋਂ ਵੱਢਾ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਦੂਸਰਿਆਂ ਤੋਂ ਵੱਧ ਸਮਝਦਾਰ ਸਮਝਦੇ ਹਾਂ, ਜੋ ਕਿ ਸਰਾਸਰ ਗਲਤ ਸੋਚ ਹੈ। ਬਾਕੀ ਲੋਕਾਂ ਨੂੰ ਸਮਝਾਉਣ ਦਾ ਯਤਨ ਤਾਂ ਸਾਰੇ ਹੀ ਕਰਦੇ ਹਨ, ਪਰ ਆਪਣੇ ਆਪ ਨੂੰ ਸਮਝਾਉਣਾ ਸਾਨੂੰ ਕਿਸੇ ਨੂੰ ਵੀ ਨਹੀਂ ਆਉਂਦਾ। ਕਬੀਰ ਜੀ ਦੇ ਵਚਨ ਵੀ ਚੰਗੇ ਲਗਦੇ ਹਨ, "ਬੋਲਤ ਬੋਲਤ ਬੜੇ ਬਿਕਾਰਾ" ਪਰ ਵਾਹ ਲਗਦੀ ਨੂੰ ਅਸੀਂ ਕਿਸੇ ਨੂੰ ਹੁੰਘਾਰਾ ਵੀ ਨਹੀਂ ਭਰਨ ਦਿੰਦੇ, ਬੋਲੀ ਹੀ ਜਾਂਦੇ ਹਾਂ। ਅਸੀਂ ਆਜ਼ਾਦੀ ਭਾਲਦੇ ਹਾਂ, ਪਰ ਸਭ ਤੋਂ ਵੱਧ ਊਟ ਪਟਾਂਗ ਅਸੀਂ ਉਸ ਵਕਤ ਕਰਦੇ ਹਾਂ, ਜਦ 'ਕੱਲੇ ਹੁੰਦੇ ਹਾਂ। ਆਪਣੇ ਗੁਸਲਖਾਨੇ ਵਿਚ ਇਕੱਲਾ ਨਹਾ ਰਿਹਾ ਹਰ ਇਨਸਾਨ ਬਹੁਤ ਕੁਝ ਕਰਦਾ ਹੈ ਜੋ ਕਿ ਕਿਸੇ ਦੇ ਦੇਖਦਿਆਂ ਨਹੀਂ ਕਰਦੇ। ਸਾਡੀ ਜੀਵਨ ਅਵਸਥਾ ਭਾਵੇਂ ਜਿੰਨੀ ਮਰਜ਼ੀ ਵਧੀਆ ਹੋ ਜਾਵੇ, ਪਰ ਫਿਰ ਵੀ ਅਸੀਂ ਆਪਣੇ ਨਾਲੋਂ ਦੂਸਰੇ ਬੰਦੇ ਬਾਰੇ ਜ਼ਿਆਦਾ ਫਿਕਰਮੰਦ ਰਹਿੰਦੇ ਹਾਂ।

ਇਕ ਵਾਰ ਇਕ ਬਹੁਤ ਹੀ ਪਹੁੰਚੇ ਹੋਏ ਤੀਵੀਂ-ਆਦਮੀ ਦੁਨਿਆਵੀ ਲਾਲਚ ਤਿਆਗ ਕੇ ਬਹੁਤ ਹੀ ਸਾਧਾਰਨ ਜੀਵਨ ਬਤੀਤ ਕਰ ਰਹੇ ਸਨ। ਉਹ ਰੋਜ਼ ਸਵੇਰੇ ਘਰੋਂ ਨਿਕਲਦੇ ਤੇ ਸ਼ਾਮ ਤੀਕ ਉਸ ਦਿਨ ਦੇ ਗੁਜ਼ਾਰੇ ਵਾਸਤੇ ਪ੍ਰਬੰਧ ਕਰ ਲਿਆਉਂਦੇ। ਜੇ ਕਿਤੇ ਵੱਧ ਗੱਫਾ ਲੱਗ ਜਾਣਾ ਤਾਂ ਵਧਿਆ ਕਿਸੇ ਨਾ ਕਿਸੇ ਲੋੜਵੰਦ ਨੂੰ ਦੇ ਦਿੰਦੇ ਤੇ ਅਗਲੇ ਦਿਨ ਫਿਰ ਆਪਣਾ ਜੁਗਾੜ ਬਣਾ ਲੈਂਦੇ। ਇਕ ਸ਼ਾਮ ਜਦ ਉਹ ਘਰ ਨੂੰ ਪਰਤ ਰਹੇ ਸਨ, ਆਦਮੀ ਅੱਗੇ ਅੱਗੇ ਸੀ ਤੇ ਉਸ ਦੀ ਤੀਵੀਂ ਕੁਝ ਦੂਰ ਪਿਛੇ ਪਿਛੇ ਆ ਰਹੀ ਸੀ। ਆਦਮੀ ਨੇ ਦੇਖਿਆ ਕਿ ਸੋਨੇ ਦੀਆਂ ਮੋਹਰਾਂ ਦੀ ਗੁਥਲੀ ਰਾਹ ਵਿਚ ਡਿੱਗੀ ਪਈ ਹੈ। ਉਸ ਨੇ ਟੋਆ ਜਿਹਾ ਪੁੱਟ ਕੇ ਤੇ ਉਹ ਸੋਨੇ ਦੀਆਂ ਮੋਹਰਾਂ ਟੋਏ ਵਿਚ ਰੱਖ ਕੇ ਦੱਬ ਹੀ ਰਿਹਾ ਸੀ ਕਿ ਉਸ ਦੀ ਪਤਨੀ ਆ ਰਲੀ।

ਕੀ ਦੱਬੀ ਜਾਂਦੇ ਹੋ? ਪਤਨੀ ਪੁੱਛਣ ਲੱਗੀ। ਉਹ ਝੂਠ ਵੀ ਨਹੀਂ ਸੀ ਬੋਲ ਸਕਦਾ ਤੇ ਸੱਚੋ ਸੱਚ ਹੀ ਦੱਸ ਦਿੱਤਾ ਕਿ ਸੋਨੇ ਦੀਆਂ ਮੋਹਰਾਂ ਉਹ ਇਸ ਕਰਕੇ ਦੱਬ ਰਿਹਾ ਸੀ ਕਿ ਕਿਤੇ ਤੇਰੇ ਦਿਲ ਵਿਚ ਸੋਨਾ ਦੇਖ ਕੇ ਲਾਲਚ ਨਾ ਆ ਜਾਵੇ, ਪਰ ਪਤਨੀ ਬੜੀ ਹੈਰਾਨੀ ਨਾਲ ਕਹਿਣ ਲੱਗੀ, "ਅੱਛਾ ਤੁਹਾਨੂੰ ਹਾਲੇ ਸੋਨੇ ਦੀ ਪਛਾਣ ਹੈ!"

ਜੀਵਨ ਜੀਵਿਆ ਜਾਂਦਾ ਹੈ, ਪਾਣੀ ਪੀਵਿਆ ਜਾਂਦਾ ਹੈ। ਪਾਣੀ ਨੂੰ ਦੇਖਣ ਨਾਲ ਪਿਆਸ ਨਹੀਂ ਮਿਟਦੀ। ਜਿੰਨਾ ਚਿਰ ਪਾਣੀ ਪੀਂਦੇ ਨਹੀਂ, ਪਿਆਸ ਮਿਟ ਹੀ ਨਹੀਂ ਸਕਦੀ। ਸੱਚ ਸਿਰਫ ਸਿਮਰਨ ਨਾਲ ਸਚਿਆਰਾ ਨਹੀਂ ਬਣਿਆ ਜਾ ਸਕਦਾ। ਸੱਚ ਦੀ ਪਿਆਸ ਲੱਗੇ ਤਾਂ ਸੱਚ ਤੋਂ ਬਿਨਾ ਹੋਰ ਕੁਝ ਪੀਣ ਨਾਲ ਨਹੀਂ ਬੁਝ ਸਕਦੀ। ਸੱਚ ਜੀਵਿਆ ਜਾਂਦਾ ਹੈ। ਕਬੀਰ ਜੀ ਨੇ ਸੱਚ ਪੀ ਕੇ ਵੇਖਿਆ, ਸੱਚ ਜੀਅ ਕੇ ਵੇਖਿਆ, ਨਹੀਂ ਤਾਂ ਬਿਨਾ ਵਜ੍ਹਾ ਤਾਂ 'ਰਾਮ ਕਬੀਰਾ ਇਕ ਭਇ ਹੈ' ਨਾ ਲਿਖ ਸਕਦੇ।

ਸਵਾਲ ਇਹ ਨਹੀਂ ਕਿ ਠੀਕ ਕੀ ਹੈ, ਸਵਾਲ ਇਹ ਹੈ ਕਿ ਸਾਨੂੰ ਕੀ ਠੀਕ ਲਗਦਾ ਹੈ? ਅਸੀਂ ਫਿਲਮ ਦੇਖਣ ਜਾਂਦੇ ਹਾਂ। ਸਾਨੂੰ ਪਤਾ ਹੈ ਕਿ ਕਹਾਣੀ ਹੈ, ਅਸਲ ਨਹੀਂ ਹੋਇਆ ਇਸ ਤਰ੍ਹਾਂ, ਪਰ ਫਿਰ ਵੀ ਅਸੀਂ ਕੁਝ ਸੀਨ ਦੇਖ ਕੇ ਰੋ ਪੈਂਦੇ ਹਾਂ, ਕਿਉਂਕਿ ਉਹ ਗੱਲ ਸਾਨੂੰ ਸਾਡੇ ਮੇਚਦੀ ਲਗਦੀ ਹੈ। ਪਹਿਲੀ ਗੱਲ ਤਾਂ ਅਸੀਂ ਕਦੇ ਪੂਰੇ ਸੰਤੁਸ਼ਟ ਹੁੰਦੇ ਹੀ ਨਹੀਂ, ਕਿਉਂਕਿ ਸਾਡੀ ਤਸਬੀ ਵਿਚ ਛੇਕ ਹਨ। ਉਸ ਤਸਬੀ ਨੂੰ ਭਰਿਆ ਹੀ ਨਹੀਂ ਜਾ ਸਕਦਾ, ਜਿਸ ਵਿਚੋਂ ਸਮੱਗਰੀ ਕਿਰੀ ਜਾਵੇ। ਸਾਡੀ ਅਤ੍ਰਿਪਤੀ ਦਾ ਕਾਰਨ ਸਾਡਾ ਛੇਦਾਂ ਵਾਲਾ ਠੂਠਾ ਹੈ, ਜੋ ਭਰਿਆ ਹੀ ਨਹੀਂ ਜਾ ਸਕਦਾ। ਇਹ ਕਿਸੇ ਇਕ ਦੀ ਗੱਲ ਨਹੀਂ ਹੈ, "ਜੋ ਜੋ ਦਿਸੈ ਸੋ ਸੋ ਰੋਗੀ ਰੋਗ ਰਹਿਤ ਮੇਰਾ ਸਤਿਗੁਰ ਯੋਗੀ॥"

# ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ 'ਸਿੱਖ ਰਾਜ' ਦਾ ਪ੍ਰਬੰਧਕੀ ਢਾਂਚਾ

***(ਪਿਛਲੇ ਸਫੇ ਦੀ ਬਾਕੀ)***

ਪੈਂਦੇ ਸਨ, ਨਾ ਹੀ ਕੋਈ ਮੁਲਕ ਦੀਆਂ ਸਰਹੱਦਾਂ ਉਪਰ ਕਿਸਾਨ ਅੰਦੋਲਨ ਚਲਦੇ ਅਤੇ ਨਾ ਕੋਈ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਚੁਣਨ ਲਈ ਵੋਟਾਂ ਪੈਂਦੀਆਂ ਸਨ। ਇਹ ਇਕ ਗੋਰਖ ਧੰਦਾ ਜਿਹਾ ਸੀ, ਜਿਸ ਦੇ ਟੁਕੜਿਆਂ ਨੂੰ ਖਾਲਸਾ ਦਰਬਾਰ ਲਾਹੌਰ ਦੇ ਖਾਲਸ ਸਿੱਖ ਸਰਦਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਤੀਖਣ ਬੁੱਧੀ, ਭਾਈਚਾਰਕ ਰਿਸ਼ਤਿਆਂ ਦੀ ਸਾਂਝ ਤੇ ਤੇਗ ਤਲਵਾਰ ਦੇ ਜੋਰ ਨਾਲ ਇਕੱਠਾ ਕਰਕੇ ਇਕ ਮਹਾਨ ਅਨੋਖੇ ਸੈਕੂਲਰ ਰਾਜ 'ਸਰਕਾਰ-ਏ-ਖਾਲਸਾ' ਦੀ ਸਥਾਪਨਾ ਕੀਤੀ ਸੀ। ਮਹਾਰਾਜਾ ਰਣਜੀਤ ਸਿੰਘ ਆਪਣੇ ਦਰਬਾਰ ਵਿਚ 'ਸਿੰਘ ਸਾਹਿਬ' ਤੇ 'ਸਰਕਾਰ' ਦੇ ਨਾਂ ਨਾਲ ਆਪਣੇ ਆਪ ਨੂੰ ਬੁਲਾਉਣ ਵਿਚ ਤਰਜੀਹ ਦਿੰਦਾ ਸੀ, ਪਰ ਵੱਡੀ ਉਮਰ ਦੇ ਸਰਦਾਰ ਲੋਕ ਉਸ ਨੂੰ 'ਭਾਈ ਸਾਹਿਬ ਜੀ' ਦੇ ਨਾਮ ਨਾਲ ਬੁਲਾ ਕੇ ਵੀ ਸਤਿਕਾਰ ਦਿੰਦੇ ਸਨ। ਖਾਲਸਾ ਦਰਬਾਰ ਦੇ ਇਸ 'ਭਾਈ ਸਾਹਿਬ ਜੀ' ਤੋਂ ਉਸ ਸਮੇਂ ਦੀ ਸੰਸਾਰ ਵਿਚ ਸਭ ਤੋਂ ਤਾਕਤਵਰ ਹਕੂਮਤ ਭਾਰਤ ਦੀ 'ਅੰਗਰੇਜ਼ ਸਰਕਾਰ' ਵੀ ਭੈਅ ਖਾਂਦੀ ਸੀ। ਅੰਗਰੇਜ਼ਾਂ ਨੇ ਸਾਰੇ ਹਿੰਦੁਸਤਾਨ ਦੇ 'ਹਿੰਦੂਆਂ' ਨੂੰ ਆਪਣੀ 'ਤਲਵਾਰ' ਤੇ 'ਤੋਪ' ਦੀ ਸ਼ਕਤੀ ਨਾਲ ਅਧੀਨ ਕਰ ਲਿਆ ਸੀ। ਦਿੱਲੀ ਦੇ ਪੱਛਮ ਵਲ ਆਜ਼ਾਦ 'ਖਾਲਸਾ ਸਰਕਾਰ' ਦਾ 'ਪੰਜਾਬ ਦੇਸ' ਉਨ੍ਹਾਂ ਦੀ ਹਿੱਕ ਉਪਰ ਭਾਰੇ ਪੱਥਰ ਵਾਂਗ ਰੜਕਦਾ ਤੇ ਚੁਭਦਾ ਸੀ।

ਲਾਹੌਰ ਦੇ ਸਿੱਖ ਰਾਜ, ਖਾਲਸਾ ਦਰਬਾਰ 'ਸਰਕਾਰ-ਏ-ਖਾਲਸਾ' ਵਿਚ ਇਹ ਦਫਤਰ ਇਸ ਤਰ੍ਹਾਂ ਕੰਮ ਕਰਦੇ ਸਨ ਕਿ ਜਦੋਂ ਮਹਾਰਾਜਾ ਆਪਣੇ ਅਧਿਕਾਰੀਆਂ ਦੀ ਤਨਖਾਹ ਦੀ ਅਦਾਇਗੀ ਦਾ ਹੁਕਮ ਦਿੰਦਾ ਸੀ, ਇਹ ਸਦਾ ਜ਼ਬਾਨੀ ਤੇ ਪੰਜਾਬੀ ਵਿਚ ਹੁੰਦਾ ਸੀ, ਜੋ ਵੀ ਕੋਈ ਮੁਨਸ਼ੀ ਉਥੇ ਹੁੰਦਾ ਤਾਂ ਉਹ ਉਸ ਨੂੰ ਫਾਰਸੀ ਵਿਚ ਲਿਖ ਦਿੰਦਾ ਤੇ ਆਪਣੇ ਮਹਿਕਮੇ ਦੀ ਮੋਹਰ ਲਾ ਦਿੰਦਾ; ਫਿਰ ਇਹ ਹੁਕਮ ਅੱਗੇ ਮਹਾਰਾਜੇ ਦੀ ਮਨਜ਼ੂਰੀ ਲਈ ਪੇਸ਼ ਕੀਤਾ ਜਾਂਦਾ। ਮਹਾਰਾਜਾ ਭਾਵੇਂ ਅਨਪੜ੍ਹ ਸੀ, ਫਿਰ ਵੀ ਉਸ ਨੂੰ ਫਾਰਸੀ ਦੀ ਇੰਨੀ ਸਮਝ ਜਰੂਰ ਆ ਗਈ ਸੀ ਕਿ ਉਹ ਉਸ ਦਾ ਤਰਜਮਾ ਠੀਕ ਸਮਝ ਲੈਂਦਾ ਸੀ। ਕਈ ਵਾਰ ਜਦੋਂ ਮੁਨਸ਼ੀ ਦਾ ਬਣਾਇਆ ਖਰੜਾ ਮਹਾਰਾਜੇ ਦੇ ਅਸਲੀ ਹੁਕਮ ਨਾਲ ਮੇਲ ਨਹੀਂ ਸੀ ਖਾਂਦਾ ਤਾਂ ਉਹ ਉਸ ਵਿਚ ਅਦਲਾ-ਬਦਲੀ ਕਰਵਾ ਦਿੰਦਾ ਸੀ ਜਾਂ ਦੁਬਾਰਾ 'ਮਜਮੂਨ' ਬਣਾ ਕੇ ਪੇਸ਼ ਕਰਨ ਦਾ ਹੁਕਮ ਦਿੰਦਾ ਸੀ। ਹੁਕਮ ਦੀ ਪ੍ਰਵਾਨਗੀ ਦੇਣ ਤੋਂ ਬਾਅਦ ਦੋ ਮੋਹਰਾਂ ਲਾਈਆਂ ਜਾਂਦੀਆਂ ਸਨ। ਇਕ ਮੋਹਰ ਦੇ ਅਰਥ ਸਨ, 'ਅਕਾਲ ਸਹਾਇ ਰਣਜੀਤ ਸਿੰਘ।' ਇਹ ਮੋਹਰ ਗੁਰਮੁਖੀ ਵਿਚ ਹੁੰਦੀ ਸੀ। ਦੂਜੀ ਮੋਹਰ 'ਮੁਲਾਹਿਜਾ ਸ਼ੁਦ' ਫਾਰਸੀ ਵਿਚ ਹੁੰਦੀ ਸੀ, ਜਿਸ ਦਾ ਅਰਥ 'ਪ੍ਰਵਾਨ ਹੈ ਜੀ।' ਜਿਵੇਂ ਜਿਵੇਂ ਵਕਤ ਲੰਘਦਾ ਗਿਆ, ਇਕ ਇਕ ਕਰਕੇ ਇਨ੍ਹਾਂ ਵਿਭਾਗਾਂ ਦਾ ਘੁੰਮ ਘੁੰਮਾ ਤਿਆਗ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਆਖਰੀ ਸਮੇਂ ਵਿਚ ਸਿਰਫ ਇਕ ਮੋਹਰ ਦੀ ਹੀ ਵਰਤੋਂ ਹੁੰਦੀ ਸੀ। ਇਹ ਦੀਵਾਨ ਕਿਰਪਾ ਰਾਮ ਦੀ ਮੋਹਰ ਸੀ ਜਾਂ ਦੀਵਾਨ ਹਰਸੁੱਖ ਰਾਇ ਦੀ, ਜੋ ਸ਼ਾਹੀ ਮੋਹਰ ਦਾ ਇੰਚਾਰਜ ਸੀ।

ਖਾਲਸਾ ਦਰਬਾਰ ਸਥਾਨਕ ਰਾਜ ਪ੍ਰਬੰਧ ਵਿਚ ਪੰਜਾਬ ਦੇ ਚਾਰ ਪ੍ਰਾਂਤ ਹੁੰਦੇ ਸਨ: ਲਾਹੌਰ, ਮੁਲਤਾਨ, ਕਸ਼ਮੀਰ ਤੇ ਪਿਸ਼ੌਰ। ਇਨ੍ਹਾਂ ਤੋਂ ਬਿਨਾ ਕੁਝ ਪਹਾੜੀ ਇਲਾਕੇ ਸਨ, ਜਿਨ੍ਹਾਂ ਉਪਰ ਮਹਾਰਾਜੇ ਦਾ ਸਿੱਧਾ ਪ੍ਰਬੰਧ ਨਹੀਂ ਸੀ, ਪਰ ਇਹ ਉਸ ਨੂੰ ਸਾਲਾਨਾ ਕਰ ਦਿੰਦੇ ਸਨ। ਹਰ ਪ੍ਰਾਂਤ ਦੇ ਪਰਗਨੇ ਸਨ, ਹਰ ਪਰਗਨੇ ਵਿਚ ਤੁਅਲਕੇ ਤੇ ਹਰ ਤੁਅਲਕੇ ਵਿਚ 50 ਤੋਂ 100 ਤੱਕ ਪਿੰਡ ਹੁੰਦੇ ਸਨ। ਹਰ ਪ੍ਰਾਂਤ ਦੇ ਪ੍ਰਬੰਧ ਦਾ ਮੁਖੀ 'ਨਾਜ਼ਮ' (ਗਵਰਨਰ) ਹੁੰਦਾ ਸੀ, ਜਿਸ ਹੇਠਾਂ ਕੁਝ 'ਕਾਰਦਾਰ' (ਜਿਲਾ ਅਫਸਰ) ਹੁੰਦੇ ਸਨ। ਕਾਰਦਾਰ ਕੇਂਦਰੀ ਸਰਕਾਰ ਦਾ ਉਸ ਇਲਾਕੇ ਲਈ ਨੁਮਾਇੰਦਾ ਹੁੰਦਾ ਸੀ ਤੇ ਉਹ ਆਮ ਲੋਕਾਂ ਦੀ ਭਲਾਈ ਦਾ ਜ਼ਿੰਮੇਵਾਰ ਸੀ। ਉਹ ਮਾਲੀਆ ਅਫਸਰ, ਬੰਦੋਬਸਤ ਅਫਸਰ, ਖਜਾਨਾ ਅਫਸਰ, ਜੱਜ, ਮੈਜਿਸਟ੍ਰੇਟ, ਚੁੰਗੀ ਟੈਕਸ ਤੇ ਅਮਨ ਸ਼ਾਂਤੀ ਅਫਸਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਸੀ। ਇਹ ਨਾਜ਼ਮ ਤੇ ਕਾਰਦਾਰ ਚੰਗੇ ਧਨਾਢ, ਉਚੀ ਪਦਵੀ ਤੇ ਅਸਰ ਰਸੂਖ ਵਾਲੇ ਭੱਦਰ ਪੁਰਸ਼ ਹੁੰਦੇ ਸਨ, ਜਿਨ੍ਹਾਂ ਨੂੰ ਮਹਾਰਾਜਾ ਆਪ ਮੁਕੱਰਰ ਕਰਦਾ ਸੀ। ਜਿਵੇਂ ਹਰੀ ਸਿੰਘ ਨਲੂਆ, ਦੀਵਾਨ ਸਾਵਣ ਮੱਲ, ਸਰਦਾਰ ਲਹਿਣਾ ਸਿੰਘ, ਜਮਾਂਦਾਰ ਖੁਸ਼ਹਾਲ ਸਿੰਘ, ਇਟਾਲੀਅਨ ਜਰਨੈਲ ਐਵਾ-ਤਬੀਲ ਜਾਂ ਸਥਾਨਕ ਫੌਜੀ ਸਰਦਾਰ, ਜਿਨ੍ਹਾਂ ਨੂੰ ਇਸ ਸ਼ਰਤ 'ਤੇ ਪਦਵੀਆਂ ਮਿਲਦੀਆਂ ਸਨ ਕਿ ਉਹ ਲੜਾਈ ਦੇ ਸਮੇਂ ਮਹਾਰਾਜੇ ਨੂੰ ਫੌਜੀ ਦਸਤੇ ਦਿਆ ਕਰਨਗੇ। ਮਹਾਰਾਜੇ ਵਿਚ ਕੁਦਰਤ ਦਾ ਇਕ ਮਹਾਨ ਗੁਣ ਸੀ ਕਿ ਉਹ ਠੀਕ ਆਦਮੀ ਦੀ ਚੋਣ ਕਰਨ ਦੀ ਅਦੁਭੁਤ ਮੁਹਾਰਤ ਰਖਦਾ ਸੀ ਅਤੇ ਫਿਰ ਉਸ ਵਿਚ ਸਵੈਮਾਨ, ਲਗਨ, ਹੌਸਲਾ ਤੇ ਕੌਮੀ ਉਤਸ਼ਾਹ ਪੈਦਾ ਕਰਨ ਦੀ ਹਿੰਮਤ ਲਗਾਤਾਰ ਕਰਦਾ ਸੀ। ਰਣਜੀਤ ਸਿੰਘ ਸਮੇਂ ਸਮੇਂ ਜਦੋਂ ਵੀ ਲਾਹੌਰ ਦਰਬਾਰ ਤੋਂ ਬਾਹਰ ਜਾਂਦਾ, ਉਹ ਖੁੱਲ੍ਹੇ ਤੌਰ 'ਤੇ ਆਪਣੇ ਅਫਸਰਾਂ ਦੀ ਪੜਤਾਲ ਕਰਦਾ ਰਹਿੰਦਾ ਸੀ। ਸ਼ੁਰੂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਆਰਥਿਕ ਅਵਸਥਾ ਦੀ ਸਫਲਤਾ ਦਾ ਵੱਡਾ ਸਾਧਨ ਉਸ ਦੀ ਕਮਾਲ ਦੀ ਯਾਦਾਸ਼ਤ ਸੀ।

ਰਣਜੀਤ ਸਿੰਘ ਇਕ ਦਲੇਰ, ਨਿੱਡਰ, ਧਰਮੀ, ਬਹਾਦਰ ਤੇ ਸਿਦਕੀ ਸਿੱਖ ਸੀ। ਭਾਰਤ ਵਿਚ ਅੰਗਰੇਜ਼ ਸਰਕਾਰ ਦੀ ਲੁਧਿਆਣਾ ਏਜੰਸੀ ਦਾ ਪੁਲੀਟੀਕਲ ਏਜੈਂਟ 'ਕੈਪਟਨ ਵੇਡ', ਜੋ ਰਣਜੀਤ ਸਿੰਘ ਨੂੰ ਲਾਹੌਰ ਜਾ ਕੇ ਅਕਸਰ ਮਿਲਦਾ ਰਹਿੰਦਾ ਸੀ, ਉਸ ਦੇ ਨਿਤ ਦੇ ਪ੍ਰੋਗਰਾਮ ਬਾਰੇ ਲਿਖਦਾ ਹੈ, "ਮਹਾਰਾਜਾ ਸਵੇਰੇ 5 ਵਜੇ ਉਠਦਾ, ਇਸ਼ਨਾਨ ਕਰਕੇ ਤਿਆਰ ਹੋ ਕੇ, ਇਕ ਜਾਂ ਦੋ ਘੰਟੇ ਘੋੜੇ ਦੀ ਸਵਾਰੀ ਕਰਦਾ ਅਤੇ ਆਪਣੀ ਸੈਨਾ ਦਾ ਨਿਰੀਖਣ ਕਰਨ ਤੋਂ ਬਾਅਦ, ਘੋੜੇ ਉਪਰ ਬੈਠਾ ਹੋਇਆ ਹੀ ਸਵੇਰ ਦਾ ਨਾਸ਼ਤਾ ਕਰ ਲੈਂਦਾ। ਮਹਾਰਾਜਾ ਨੌਂ ਵਜੇ ਦੇ ਕਰੀਬ ਵਾਪਸ ਮੁੜਦਾ ਅਤੇ ਦਰਬਾਰ ਲਾਉਂਦਾ, ਜਿਸ ਵਿਚ ਸਰਕਾਰੀ ਰਿਪੋਰਟਾਂ, ਦੇਸੀ-ਵਿਦੇਸ਼ੀ ਮਸਲੇ ਤੇ ਰਾਜ ਦੇ ਅੰਦਰੂਨੀ ਮਸਲਿਆਂ ਦੀ ਘੋਖ ਕਰਦਾ ਅਤੇ ਸਬੰਧਤ ਸਰਕਾਰੀ ਅਫਸਰਾਂ ਨੂੰ ਹੁਕਮ ਜਾਰੀ ਕਰਦਾ। ਦੁਪਹਿਰ ਨੂੰ ਇਕ ਘੰਟੇ ਲਈ ਆਰਾਮ ਕਰਦਾ। ਇਕ ਵਜੇ ਬਾਅਦ ਦੁਪਹਿਰ ਉਹ ਆਰਾਮ ਤੋਂ ਉੱਠ ਪੈਂਦਾ ਅਤੇ ਕੁਝ ਸਮੇਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਬਾਣੀ ਵਿਚੋਂ ਸ਼ਬਦ ਸੁਣਦਾ। ਇਸ ਤੋਂ ਬਾਅਦ ਮਹਾਰਾਜਾ ਫਿਰ ਸ਼ਾਹੀ ਦਰਬਾਰ ਲਾ ਲੈਂਦਾ, ਜੋ ਸ਼ਾਮ ਤਕ ਜਾਰੀ ਰਹਿੰਦਾ। ਮਹਾਰਾਜਾ ਆਪਣੇ ਰਾਜ ਪ੍ਰਬੰਧ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਕੋਈ ਢਿੱਲ ਨਹੀਂ ਸੀ ਕਰਦਾ। ਮਹਾਰਾਜਾ ਰਣਜੀਤ ਸਿੰਘ ਨਿੱਤ ਦਾ ਕੰਮ ਉਸੇ ਦਿਨ ਹੀ ਖਤਮ ਕਰਕੇ ਉਠਦਾ ਸੀ, ਭਾਵੇਂ ਉਸ ਨੂੰ ਕਿੰਨੀ ਦੇਰ ਤਕ ਰਾਤ ਨੂੰ ਕਿਉਂ ਨਾ ਬੈਠਣਾ ਪੈਂਦਾ।

ਮਹਾਰਾਜਾ ਰਣਜੀਤ ਸਿੰਘ ਪਾਸ ਆਮਦਨ ਖਰਚ ਦੇ ਗੁੰਝਲਦਾਰ ਹਿਸਾਬ-ਕਿਤਾਬ ਆਪਣੇ ਦਿਮਾਗ ਵਿਚ ਰੱਖਣ ਦੀ ਕੁਦਰਤੀ ਬਹੁਤ ਵੱਡੀ ਸ਼ਕਤੀ ਮੌਜੂਦ ਸੀ। ਦੀਵਾਨ ਭਵਾਨੀ ਦਾਸ ਦੀ ਮਦਦ ਨਾਲ ਹਿਸਾਬ-ਕਿਤਾਬ ਦੀ ਪਰਖ ਪੜਤਾਲ ਕਰਨ ਦਾ ਇਕ ਵੱਖਰਾ ਸਾਧਨ ਵੀ ਲਾਗੂ ਕੀਤਾ ਗਿਆ, ਜੋ ਬਹੁਤ ਸਫਲ ਰਿਹਾ। ਮੁਲਕ ਦੇ ਮਾਲੀ ਮਾਮਲਿਆਂ ਵਿਚ ਗੜਬੜ ਕਰਨ ਵਾਲਿਆਂ ਨੂੰ ਭਾਰੀ ਜੁਰਮਾਨੇ, ਜਾਇਦਾਦ ਦੀ ਕੁਰਕੀ ਤੇ ਨੌਕਰੀਓਂ ਜਵਾਬ ਦੀ ਸਜ਼ਾ ਦਿਤੀ ਜਾਂਦੀ ਸੀ। ਖਾਲਸਾ ਦਰਬਾਰ ਦੀ ਆਮਦਨ ਦਾ ਬਹੁਤਾ ਹਿਸਾ ਸਥਾਨਕ ਟੈਕਸਾਂ, ਨਜ਼ਰਾਨਿਆਂ ਤੇ ਜਮੀਨ ਦੇ ਮਾਲੀਏ ਤੋਂ ਵਸੂਲ ਹੁੰਦਾ ਸੀ। ਕੋਈ ਗੋਲ ਐਨਕਾਂ ਤੇ ਧੋਤੀ ਵਾਲੇ ਮਹਾਤਮਾ ਗਾਂਧੀ ਦੀ ਫੋਟੋ ਵਾਲਾ ਨੀਲਾ ਪੀਲਾ ਨੋਟ ਜਾਂ ਟੋਪੀ ਵਾਲੇ ਕਾਇਦੇ ਆਜ਼ਮ ਜਿਨਾਹ ਦਾ ਹਰਾ ਰੁਪਿਆ ਨਹੀਂ ਹੁੰਦਾ ਸੀ, ਸਿਰਫ 'ਨਾਨਕ ਸ਼ਾਹੀ' ਸਿੱਕਾ ਹੀ ਚਲਦਾ ਸੀ। 'ਨਾਨਕ ਸ਼ਾਹੀ' ਸਿੱਕੇ ਦੇ ਇਕ ਪਾਸੇ ਫਾਰਸੀ ਵਿਚ "ਦਾਰਲ ਸਲਤਨਤ ਲਾਹੌਰ-ਸੰਮਤ 1808" ਤੇ ਦੂਜੇ ਪਾਸੇ ਗੁਰਮੁਖੀ ਵਿਚ "ਵਾਹਿਗੁਰੂ ਜੀ-ਵਾਹਿਗੁਰੂ ਜੀ" ਸ਼ਬਦ ਉਕਰੇ ਹੁੰਦੇ ਸਨ। ਸ਼ੁੱਧ ਸੋਨੇ ਦਾ ਸਿੱਕਾ, ਜਿਸ ਨੂੰ 'ਮੋਹਰ' ਕਿਹਾ ਜਾਂਦਾ ਸੀ, 10 ਮਾਸੇ 2 ਰੱਤੀ ਦਾ, ਰੁਪਿਆ ਖਾਲਸ ਚਾਂਦੀ ਦਾ ਤੋਲ 11 ਮਾਸੇ 2 ਰੱਤੀ ਅਤੇ 'ਨਾਨਕ ਸ਼ਾਹੀ ਸਿੱਕੇ' ਤਾਂਬੇ ਦੇ ਪੈਸੇ ਹੁੰਦੇ ਸਨ। ਸ਼ਾਹੀ ਫੌਜਾਂ ਤੇ ਸਰਕਾਰੀ ਕਰਮਚਾਰੀਆਂ ਨੂੰ ਤਨਖਾਹਾਂ ਇਸੇ ਸਿੱਕੇ 'ਚ ਦਿਤੀਆਂ ਜਾਂਦੀਆਂ ਸਨ। ਕਸ਼ਮੀਰ ਸੂਬੇ ਵਿਚ ਇਕ ਤੀਜੀ ਕਿਸਮ ਦਾ ਰੁਪਿਆ ਵੀ ਚਲਦਾ ਸੀ, ਜਿਸ ਨੂੰ 'ਹਰੀ ਸਿੰਘੀ' ਕਹਿੰਦੇ ਸਨ। ਹਰ 'ਨਾਨਕ ਸ਼ਾਹੀ' ਰੁਪਿਆ 16 ਆਨੇ ਦਾ ਸੀ ਅਤੇ ਇਕ ਆਨਾ 4 ਪੈਸੇ ਦਾ ਸੀ। ਇਕ ਪੁਰਾਣਾ ਰੁਪਿਆ ਵੀ ਚਲਦਾ ਸੀ, ਜਿਸ ਦੇ ਉਤੇ ਦਿੱਲੀ ਦੇ ਮੁਗਲ ਬਾਦਸ਼ਾਹ ਦਾ ਨਾਂ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਸਾਰੇ ਮੁਲਕ ਦੇ ਪਿੰਡ ਦੋ ਭਾਗਾਂ 'ਖਾਲਸਾ ਪਿੰਡ' ਤੇ 'ਜਾਗੀਰਦਾਰੀ ਪਿੰਡ' ਵਿਚ ਵੰਡੇ ਹੋਏ ਸਨ। ਖਾਲਸਾ ਪਿੰਡ ਉਹ ਸਨ, ਜਿਨ੍ਹਾਂ ਦੀ ਜਮੀਨ ਦਾ ਮਾਲੀਆ ਤੇ ਕਰ ਸਰਕਾਰ ਇਕੱਠਾ ਕਰਦੀ ਸੀ ਅਤੇ ਜਾਗੀਰਦਾਰੀ ਪਿੰਡ ਉਹ ਸਨ, ਜਿਨ੍ਹਾਂ ਦਾ ਮਾਲੀਆ ਜਾਗੀਰਦਾਰ ਇਕੱਠਾ ਕਰਕੇ ਸਰਕਾਰ ਨੂੰ ਦਿੰਦੇ ਸਨ। ਅੱਜ ਦੇ ਸਮੇ ਵਾਂਗ ਕੋਈ ਬਜਟ ਨਹੀਂ ਸੀ ਹੁੰਦਾ, ਫਿਰ ਵੀ ਪੜਤਾਲ ਰਾਹੀਂ ਆਮਦਨ ਤੇ ਖਰਚ ਵਿਚ ਸਮਤੋਲ ਰਖਿਆ ਜਾਂਦਾ ਸੀ। ਲਾਹੌਰ ਰਾਜ ਵਿਚ ਚੁੰਗੀ ਮਸੂਲ ਉਗਰਾਹੁਣ ਲਈ ਚੁੰਗੀ ਖਾਨਿਆਂ ਦਾ ਜਾਲ ਵਿਛਿਆ ਹੋਇਆ ਸੀ। ਕੋਈ 48 ਚੀਜ਼ਾਂ ਵਸਤਾਂ ਅਜਿਹੀਆਂ ਸਨ, ਜਿਨ੍ਹਾਂ ਉਪਰ ਨਕਦ ਪੈਸਿਆਂ ਦੀ ਸ਼ਕਲ ਵਿਚ ਕਰ ਭਰਨਾ ਪੈਂਦਾ ਸੀ। ਹਰ ਚੀਜ ਉਤੇ ਮਹਿਸੂਲ ਚੁੰਗੀ ਲਗਦੀ ਸੀ, ਭਾਵੇਂ ਕਿਤੇ ਬਣੀ ਹੋਵੇ ਤੇ ਕਿਤੇ ਵਿਕਣੀ ਹੋਵੇ। ਐਸ਼ੋ ਇਸ਼ਰਤ ਦਾ ਸਾਮਾਨ ਜਾਂ ਜਰੂਰੀ ਸਾਮਾਨ, ਇਨ੍ਹਾਂ ਦੋਹਾਂ ਵਿਚ ਕੋਈ ਅੰਤਰ ਨਹੀਂ ਸੀ। ਕਰ-ਟੈਕਸ ਦਾ ਨਿਰਖ ਆਧਾਰ ਸਾਰੇ ਰਾਜ ਵਿਚ ਇਕ ਸਾਰ ਹੁੰਦਾ ਸੀ। ਇਤਿਹਾਸਕਰ ਐਨ. ਕੇ. ਸਿਨਹਾ ਅਨੁਸਾਰ ਖਾਲਸਾ ਰਾਜ ਵਿਚ ਇਨ੍ਹਾਂ ਚੁੰਗੀ ਕਰਾਂ ਤੋਂ ਰਾਜ ਨੂੰ ਕੁਲ ਆਮਦਨ 16 ਲੱਖ 36 ਹਜਾਰ ਰੁਪਏ ਦੇ ਨੇੜੇ ਹੁੰਦੀ ਸੀ।

***(ਬਾਕੀ ਅਗਲੇ ਅੰਕ ਵਿਚ)***

## ਸ਼ਬਦ ਜੋਤ

# ਪ੍ਰਾਰਥਨਾ ਦੀ ਪ੍ਰਖਤਗੀ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਇਸ ਲੇਖ ਲੜੀ ਦੇ ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਰੋਨਾ ਕਾਲ ਦੌਰਾਨ ਲੱਗੇ ਲਾਕ ਡਾਊਨ ਦੇ ਸੰਤਾਪ ਦੀ ਗੱਲ ਛੇੜਦਿਆਂ ਸੁਜੱਗ ਸੁਨੇਹਾ ਲਾਇਆ ਸੀ ਕਿ ਲਾਕ ਡਾਊਨ ਨਾਲ ਜੀਵਨ ਖਤਮ ਨਹੀਂ ਹੁੰਦਾ ਅਤੇ ਨਾ ਹੀ ਜ਼ਿੰਦਗੀ ਵਿਚ ਅਜਿਹੀ ਖੜੋਤ ਪੈਣੀ, ਜਿਸ ਨੇ ਇਸ ਨੂੰ ਅਪੰਗ ਬਣਾਉਣਾ। ਇਹ ਤਾਂ ਵਕਤੀ ਦੌਰ ਹੁੰਦੈ, ਜਲਦੀ ਬੀਤ ਜਾਂਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਪ੍ਰਾਰਥਨਾ ਦੀ ਸੁੱਚਮ ਬਿਆਨਦਿਆਂ ਕਿਹਾ ਹੈ ਕਿ ਪ੍ਰਾਰਥਨਾ ਸਿਰਫ ਨੇਕਨੀਅਤੀ, ਇਨਸਾਨੀਅਤ, ਆਸਥਾ, ਨਿਰਮਾਣਤਾ, ਨਿਆਰੇਪਣ ਅਤੇ ਨਿਰਪੱਖਤਾ ਨਾਲ ਕੀਤੀ ਜਾਵੇ ਤਾਂ ਇਸ ਦੀਆਂ ਰਹਿਮਤਾਂ ਤੇ ਨਿਆਮਤਾਂ ਵਿਚੋਂ ਜੀਵਨ-ਮੋਤੀ ਨਸੀਬ ਹੁੰਦੇ।...ਪ੍ਰਾਰਥਨਾ ਕਰਨ ਵਾਲੇ ਦੇ ਹੋਠਾਂ 'ਤੇ ਤਰ ਰਹੇ ਸੁੱਚੇ ਬੋਲਾਂ ਵਿਚਲਾ ਅਵੇਸ਼ ਤੇ ਅਗੰਮਤਾ ਨੂੰ ਨਿਹਾਰਨਾ। ਇਸ ਨੂੰ ਆਪਣੇ ਅੰਤਰੀਵ ਵਿਚ ਉਤਾਰਨਾ, ਰੂਹ ਰੌਸ਼ਨ ਰੌਸ਼ਨ ਹੋ ਜਾਵੇਗਾ। ਪਰ ਨਾਲ ਹੀ ਡਾ. ਭੰਡਾਲ ਕਹਿੰਦੇ ਹਨ, "ਪ੍ਰਾਰਥਨਾ ਹਰੇਕ ਨਹੀਂ ਕਰ ਸਕਦਾ। ਪ੍ਰਾਰਥਨਾ ਲਈ ਖੁਦ ਨਾਲ ਜੁੜਨਾ ਜਰੂਰੀ, ਕਿਉਂਕਿ ਖੁਦ ਦੀ ਇਕਸਾਰਤਾ ਵਿਚੋਂ ਹੀ ਕਿਸੇ ਲਈ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ਜਾ ਸਕਦੀ।...ਲੋੜ ਹੈ, ਪ੍ਰਾਰਥਨਾ ਨੂੰ ਸੀਮਤ ਤੇ ਸਥਾਪਤ ਦਾਇਰਿਆਂ ਵਿਚੋਂ ਬਾਹਰ ਕੱਢ, ਇਸ ਦੀ ਵਸੀਹਤਾ ਅਨੁਸਾਰ ਇਸ ਨੂੰ ਜੀਵਨ-ਸ਼ੈਲੀ ਬਣਾਈਏ।...ਸੁੱਚੀ ਚੇਤਨਾ ਵਿਚੋਂ ਉਗੀ ਹੋਈ ਸੂਖਮ-ਧਾਰਾ ਨੂੰ ਜੀਵਨ ਵਹਾਅ ਦਾ ਹਿੱਸਾ ਬਣਦਾ ਦੇਖ ਕੇ ਗਦ ਗਦ ਹੋਣਾ ਹੀ ਪ੍ਰਾਰਥਨਾ ਦਾ ਪ੍ਰਤੱਖ ਪ੍ਰਮਾਣ।" -ਸੰਪਾਦਕ***

ਪ੍ਰਾਰਥਨਾ, ਮਨ ਵਿਚ ਉਠੀਆਂ ਤਰੰਗਾਂ ਦੀ ਰਾਗਣੀ। ਕੁਝ ਚੰਗੇਰਾ ਹੋਣ ਦੀ ਧਾਰਨਾ। ਕਿਸੇ ਦੇ ਕੰਮ ਆਉਣ ਦੀ ਭਾਵਨਾ। ਕਿਸੇ ਦੀਆਂ ਸੋਚਾਂ ਵਿਚ ਆਲ੍ਹਣਾ ਪਾਉਣ ਦਾ ਵਿਚਾਰ, ਮਨ 'ਤੇ ਦਸਤਕ ਦੇਣ ਦੀ ਤਮੰਨਾ ਅਤੇ ਕਰਮਸ਼ੈਲੀ ਵਿਚ ਚੰਗਿਆਈ ਤੇ ਭਲਿਆਈ ਬੀਜਣ ਦਾ ਚਾਅ।

ਪ੍ਰਾਰਥਨਾ, ਇਕ ਅਹਿਸਾਸ ਜਿਸ ਵਿਚ ਉਗਦਾ ਉਤਸ਼ਾਹ, ਉਮੰਗ, ਉਪਕਾਰ, ਉਮੀਦ ਅਤੇ ਉਮਦਾ ਵਿਚਾਰਾਂ ਦੀ ਬਗੀਚੀ। ਭਾਵਨਾਵਾਂ ਨੂੰ ਦਿਤੀ ਸੂਖਮ ਸੇਧ। ਕਿਸੇ ਦੀ ਜੀਵਨ-ਸ਼ੈਲੀ ਨੂੰ ਬਦਲਣਾ ਅਤੇ ਉਸ ਦੀ ਤਰਜ਼ੀਹਾਂ ਵਿਚ ਤਕਦੀਰ ਉਗਾਉਣ ਦੀ ਲਾਲਸਾ। ਤਦਬੀਰਾਂ ਨੂੰ ਭਾਗ ਲੱਗਣ ਦੀ ਲੋਚਾ ਅਤੇ ਸੁੱਚੀਆਂ ਸਾਰਥਿਕਤਾਵਾਂ ਨੂੰ ਫਲ ਪੈਣ ਦੀ ਚਾਹਨਾ।

ਪ੍ਰਾਰਥਨਾ ਇਕ ਸੋਚ ਕਿ ਮਨੁੱਖ ਕੀ, ਕਿਵੇਂ ਅਤੇ ਕਿਹੋ ਜਿਹਾ ਸੋਚਦਾ? ਇਸ ਸੋਚ ਦੇ ਕੀ ਅਰਥ? ਇਸ ਵਿਚੋਂ ਕਿਹੜੇ ਵਿਚਾਰਾਂ ਨੇ ਮੌਲਣਾ? ਕਿਹੜੇ ਕਰਮਾਂ ਨੇ ਧਰਮ ਦੀ ਖੇਤੀ ਕਰਨੀ? ਕਿਹੜੀਆਂ ਧਾਰਨਾਵਾਂ ਨੇ ਨਵੀਆਂ ਪਗਡੰਡੀਆਂ ਨੂੰ ਸਿਰਜਣਾ? ਕਿਹੜੇ ਰਾਹਾਂ ਵਿਚ ਦੀਵੇ ਜਗਣੇ? ਕਿਸ ਬਨੇਰੇ ਨੂੰ ਮੋਮਬੱਤੀਆਂ ਦਾ ਵਰਦਾਨ ਮਿਲਣਾ? ਕਿਹੜੇ ਵਿਹੜੇ ਵਿਚ ਰੌਣਕਾਂ ਦੇ ਮੇਲੇ ਲੱਗਣੇ? ਕਿਹੜੇ ਚੌਂਕਿਆਂ ਨੇ ਵੱਸਦੇ ਘਰ ਦਾ ਨਾਮ ਬਣਨਾ? ਕਿਹੜੀ ਛੱਤ 'ਤੇ ਪ੍ਰੇਮੀ ਪਰਿੰਦਿਆਂ ਨੇ ਅੰਬਰ ਦਾ ਰੁੱਗ ਭਰਨਾ ਅਤੇ ਖੁਦ ਨੂੰ ਅੰਬਰਾਂ ਦਾ ਹਾਣੀ ਕਰਨਾ।

ਪ੍ਰਾਰਥਨਾ, ਪਿਆਰ ਦੀ ਆਵਾਜ਼, ਮੁਹੱਬਤ ਦਾ ਅੰਦਾਜ਼, ਸ਼ੁਭ-ਚੇਤਨਾ ਦੀ ਪਰਵਾਜ਼, ਮਿੱਠੜੇ ਬੋਲਾਂ ਦਾ ਰਿਆਜ਼ ਅਤੇ ਜੀਵਨ-ਰਾਗਾਂ 'ਚ ਰੱਤਿਆ, ਸਾਹਾਂ ਦਾ ਸਾਜ਼। ਕਿਸੇ ਦੀ ਛੋਹ ਨਾਲ ਕੁਝ ਕੁਝ ਹੋਣ ਦਾ ਅਹਿਸਾਸ। ਪ੍ਰਾਰਥਨਾ ਤਾਂ ਕਿਸੇ ਨੂੰ ਆਪਣਾ ਬਣਾਉਣ ਜਾਂ ਕਿਸੇ ਦਾ ਬਣਨ ਵਿਚੋਂ ਵੀ ਪੈਦਾ ਹੁੰਦੀ।

ਪ੍ਰਾਰਥਨਾ, ਪਾਕੀਜ਼, ਪਹੁਲ ਜਿਹੀ, ਪੌਣ ਦੀ ਰਵਾਨਗੀ, ਪੋਲੀ ਪੋਲੀ ਸਰਸਰਹਾਟ। ਮਨ ਵਿਚ ਹੌਲੀ ਹੌਲੀ ਉਤਰਦੀ ਦੁਆ, ਜੋ ਖੜਾਕ ਨਹੀਂ ਕਰਦੀ, ਪਰ ਇਸ ਦਾ ਜਾਦੂਈ ਪ੍ਰਭਾਵ ਸੋਚਾਂ ਵਿਚੋਂ ਸੰਕੀਰਤਾ ਨੂੰ ਬਾਹਰ ਕੱਢ, ਸੱਚ, ਸੰਵੇਦਨਾ, ਸਦਭਾਵਨਾ, ਸਦਸੋਚ ਅਤੇ ਸਦ-ਕਰਮਨ ਉਗਾਉਂਦਾ।

ਕਦੇ ਪ੍ਰਾਰਥਨਾ ਵਿਚ ਜੁੜੇ ਹੋਏ ਹੱਥ ਨੂੰ ਕਿਆਸਣਾ। ਇਨ੍ਹਾਂ ਵਿਚੋਂ ਪੈਦਾ ਹੋ ਰਹੀਆਂ ਮਾਨਵਵਾਦੀ ਤਰੰਗਾਂ ਵਿਚ ਖੁਦ ਨੂੰ ਸ਼ਰਸ਼ਾਰ ਕਰਨਾ। ਪ੍ਰਾਰਥਨਾ ਕਰਨ ਵਾਲੇ ਦੇ ਹੋਠਾਂ 'ਤੇ ਤਰ ਰਹੇ ਸੁੱਚੇ ਬੋਲਾਂ ਵਿਚਲਾ ਅਵੇਸ਼ ਤੇ ਅਗੰਮਤਾ ਨੂੰ ਨਿਹਾਰਨਾ। ਇਸ ਨੂੰ ਆਪਣੇ ਅੰਤਰੀਵ ਵਿਚ ਉਤਾਰਨਾ, ਰੂਹ ਰੌਸ਼ਨ ਰੌਸ਼ਨ ਹੋ ਜਾਵੇਗਾ।

ਪ੍ਰਾਰਥਨਾ ਕਰਨ ਵਾਲੀਆਂ ਪਾਕ ਰੂਹਾਂ, ਖੁਦ ਵਿਚੋਂ ਖੁਦਾਈ ਨੂੰ ਭਾਲਣ ਦੀਆਂ ਤਲਬਗਾਰ। ਰੱਬ ਦੀਆਂ ਰਹਿਮਤਾਂ ਦੀਆਂ ਸ਼ੁਕਰਗੁਜਾਰ, ਮਸਤੀ ਦੇ ਆਲਮ ਵਿਚ ਜ਼ਿੰਦਗੀ ਦੀ ਸੁਚੱਜਤਾ ਦਾ ਮਾਣ ਅਤੇ ਆਪਣੀਆਂ ਤਮੰਨਾਵਾਂ ਤੇ ਪੂਰਨ ਕੰਟਰੋਲ। ਉਨ੍ਹਾਂ ਦੀ ਸੋਚ ਵਿਚ 'ਸਰਬੱਤ ਦਾ ਭਲਾ' ਗੂੰਜਦਾ ਅਤੇ ਉਹ ਕਦੇ ਵੀ ਨਿੱਜ ਨੂੰ ਸਾਹਮਣੇ ਨਹੀਂ ਰੱਖਦੇ।

ਪ੍ਰਾਰਥਨਾ ਹਰੇਕ ਨਹੀਂ ਕਰ ਸਕਦਾ। ਪ੍ਰਾਰਥਨਾ ਲਈ ਖੁਦ ਨਾਲ ਜੁੜਨਾ ਜਰੂਰੀ, ਕਿਉਂਕਿ ਖੁਦ ਦੀ ਇਕਸਾਰਤਾ ਵਿਚੋਂ ਹੀ ਕਿਸੇ ਲਈ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ਜਾ ਸਕਦੀ।

ਕੁਝ ਲੋਕ ਖੁਦ ਲਈ ਪ੍ਰਾਰਥਨਾ ਕਰਦੇ। ਕੁਝ ਦੂਸਰਿਆਂ ਲਈ ਪ੍ਰਾਰਥਨਾ ਕਰਦੇ। ਕੁਝ ਖੁਦ ਦੇ ਨਾਲ ਦੂਸਰਿਆਂ ਲਈ ਵੀ ਪ੍ਰਾਰਥਨਾ ਕਰਦੇ, ਪਰ ਸਭ ਤੋਂ ਅਹਿਮ ਉਹ ਹੁੰਦੇ ਜਿਨ੍ਹਾਂ ਦੀ ਪ੍ਰਾਰਥਨਾ ਵਿਚ ਖੁਦਾ ਆਪ ਬਿਰਾਜਮਾਨ ਹੋਵੇ। ਉਨ੍ਹਾਂ ਦੇ ਹੱਥ ਸਿਰਫ ਸ਼ੁਕਰਗੁਜਾਰੀ ਵਿਚ ਜੁੜਨ ਅਤੇ ਉਹ ਨਿਆਮਤਾਂ ਤੇ ਰਹਿਮਤਾਂ ਵਿਚੋਂ ਜੀਵਨ ਦੀ ਭਰਪੂਰਤਾ ਦਾ ਅਨੰਦ ਮਾਣਨ।

ਭਾਈਆਂ, ਪੰਡਿਤਾਂ ਜਾਂ ਮੌਲਵੀਆਂ ਵਲੋਂ ਕੀਤੀਆਂ ਪ੍ਰਾਰਥਨਾਵਾਂ ਦੇ ਕੋਈ ਅਰਥ ਨਹੀਂ। ਪ੍ਰਾਰਥਨਾ ਆਪ ਕਰੋ। ਪਹਿਲਾਂ ਇਸ ਦੇ ਕਾਬਲ ਹੋਣਾ ਚਾਹੀਦਾ। ਮਨ ਦੀ ਮਲੀਨਤਾ ਵਿਚ ਗ੍ਰੱਸੇ ਹੋਇਆਂ ਕੋਲੋਂ ਕਿਹੜੀ ਪਵਿੱਤਰ ਪ੍ਰਾਰਥਨਾ ਦੀ ਆਸ ਕੀਤੀ ਜਾ ਸਕਦੀ?

ਪ੍ਰਾਰਥਨਾ, ਵਰਤਾਰਾ ਜਾਂ ਕਿਰਿਆ ਨਹੀਂ। ਕੋਈ ਰੋਜ਼ਨਾਮਚਾ ਨਹੀਂ ਅਤੇ ਨਾ ਹੀ ਕਿਸੇ ਖਾਸ ਥਾਂ 'ਤੇ ਵਿਸ਼ੇਸ਼ ਵਿਅਕਤੀ ਵਲੋਂ ਖਾਸ ਕਾਰਜ ਲਈ ਕੀਤੀ ਜਾਣ ਵਾਲੀ ਦੁਆ। ਪ੍ਰਾਰਥਨਾ ਤਾਂ ਹਰ ਸਾਹ ਵਿਚੋਂ ਪੈਦਾ ਹੋਈ ਉਹ ਸੰਵੇਦਨਾ, ਜਿਸ ਨੇ ਸੋਚ ਨੂੰ ਨਵੇਂ ਸ਼ਬਦ, ਅਰਥ ਅਤੇ ਨਵੇਂ ਸਿਰਿਉਂ ਪਰਿਭਾਸ਼ਤ ਕਰਨਾ ਹੁੰਦਾ। ਲੋੜ ਹੈ, ਪ੍ਰਾਰਥਨਾ ਨੂੰ ਸੀਮਤ ਤੇ ਸਥਾਪਤ ਦਾਇਰਿਆਂ ਵਿਚੋਂ ਬਾਹਰ ਕੱਢ, ਇਸ ਦੀ ਵਸੀਹਤਾ ਅਨੁਸਾਰ ਇਸ ਨੂੰ ਜੀਵਨ-ਸ਼ੈਲੀ ਬਣਾਈਏ।

ਪ੍ਰਾਰਥਨਾ ਸਿਰਫ ਕਰਨ ਲਈ ਹੀ ਨਹੀਂ। ਇਸ ਨੂੰ ਤਾਂ ਪਲ ਪਲ ਜਿਊਣਾ ਅਤੇ ਇਸ ਅਨੁਸਾਰ ਸੁਪਨਿਆਂ ਨੂੰ ਸਿਰਜਣਾ ਅਤੇ ਇਨ੍ਹਾਂ ਦੀ ਪੂਰਨਤਾ ਲਈ ਨਵੀਆਂ ਤਰਕੀਬਾਂ ਨੂੰ ਤਸ਼ਬੀਹਾਂ ਦੇਣਾ ਪੈਂਦਾ।

ਪ੍ਰਾਰਥਨਾ ਤਾਂ ਹਰ ਸਾਹ ਲਈ ਸ਼ੁਕਰਗੁਜ਼ਾਰੀ, ਮੂੰਹ ਵਿਚ ਪੈ ਰਹੀ ਹਰੇਕ ਬੁਰਕੀ, ਤਨ 'ਤੇ ਪਹਿਨੇ ਲਿਬਾਸ, ਸਿਰ 'ਤੇ ਲਿਆ ਦੁਪੱਟਾ ਜਾਂ ਬੰਨਿਆਂ ਪਰਨਾ, ਪੈਰਾਂ 'ਚ ਪਾਏ ਸਲੀਪਰ, ਸਿਰ ਲਈ ਮਿਲੀ ਹੋਈ ਛੱਤ। ਅਰਥੀ 'ਤੇ ਪਏ ਹੋਏ ਕਫਨ ਲਈ ਵੀ ਪ੍ਰਾਰਥਨਾ ਅਹਿਮ। ਕਦੇ ਭੁੱਖੇ ਪੇਟ ਸੌਣ ਵਾਲੇ, ਤਾਰਿਆਂ ਹੇਠ ਕੱਟ ਰਹੇ ਰਾਤਾਂ, ਨੰਗੇ ਪੈਰਾਂ ਵਿਚ ਉਗੀਆਂ ਬਿਆਈਆਂ ਅਤੇ ਸੜਕ 'ਤੇ ਰੁਲਦੀਆਂ ਲਾਸ਼ਾਂ ਨੂੰ ਦੇਖਣ 'ਤੇ ਪਤਾ ਲੱਗੇਗਾ ਕਿ ਬੰਦੇ ਨੂੰ ਮਿਲੀਆਂ ਸਹੂਲਤਾਂ ਜਾਂ ਪੂਰੀਆਂ ਹੋ ਰਹੀਆਂ ਲੋੜਾਂ ਦੇ ਕੀ ਅਰਥ ਨੇ? ਕਿਹੜੀਆਂ ਅਰਦਾਸਾਂ ਕਾਰਨ ਮਨੁੱਖ ਨੂੰ ਇਹ ਹਾਸਲ ਹੋਈਆਂ?

ਪ੍ਰਾਰਥਨਾ ਤਾਂ ਮਿੱਤਰਤਾ ਵਿਚੋਂ ਵੀ ਆਪਣਾ ਸੁੰਦਰ ਮੁਹਾਂਦਰਾ ਸਿਰਜਦੀ, ਕਿਉਂਕਿ ਮੁਹੱਬਤ ਵਿਚੋਂ ਹੀ ਸੱਚੇ ਸੁੱਚੇ ਖਾਬਾਂ ਨੂੰ ਅੰਗੜਾਈਆਂ ਭਰਨ, ਉਮਰ ਜੇਡੀਆਂ ਸਾਂਝਾਂ ਦੀਆਂ ਨੀਂਹਾਂ ਬਣਨ ਦਾ ਸਬੱਬ ਮਿਲਦਾ। ਮਿੱਤਰਾਂ ਦੇ ਮਾਣਮੱਤੇ ਗੂੜ੍ਹੇ ਸਬੰਧਾਂ ਵਿਚੋਂ ਹੀ ਜੀਵਨ ਨੂੰ ਨਵੀਆਂ ਪੇਸ਼ਕਦਮੀਆਂ, ਨਰੋਏ ਹਿਲੋਰੇ ਅਤੇ ਹਲੂਸ ਮਿਲਦਾ। ਰੂਹ ਦਾ ਰੂਹ ਨਾਲ ਮਿਲਣਾ ਤੇ ਕਿਸੇ ਦੀਆਂ ਭਾਵਨਾਵਾਂ ਨੂੰ ਸਮਝਣਾ। ਪਿਆਰੇ 'ਚ ਉਤਰਨ ਦਾ ਅਭਿਆਸ, ਇਕ ਦੂਸਰੇ ਦੀ ਮਿਟੀ ਹੋਈ ਪਿਆਸ, ਰੱਬ ਵਰਗਾ ਵਿਸ਼ਵਾਸ ਅਤੇ ਤਿੜਕਦੇ ਪਲਾਂ ਵਿਚ ਯੁੱਗ ਜਿਊਣ ਦਾ ਧਰਵਾਸ ਮਿਲਦਾ। ਮਿੱਤਰਤਾ ਭਰੀ ਪ੍ਰਾਰਥਨਾ ਤੋਂ ਬਗੈਰ ਸੁੰਨਾ ਹੋ ਜਾਵੇਗਾ ਇਹ ਜਹਾਨ ਅਤੇ ਮਨੁੱਖ ਲਈ ਆਖਰੀ ਜਗਾ ਸਿਰਫ ਰਹਿ ਜਾਵੇਗਾ ਸ਼ਮਸ਼ਾਨ।

ਪ੍ਰਾਰਥਨਾ ਤਾਂ ਰਿਸ਼ਤਿਆਂ ਵਿਚ ਵੀ ਰੰਗ ਭਰਦੀ, ਜਦ ਰਿਸ਼ਤੇਦਾਰੀ ਵਿਚੋਂ ਪੁਰਖਲੂਸੀ ਅਤੇ ਅਪਣੱਤ ਦਾ ਆਪ-ਮੁਹਾਰਾ ਵਹਾਅ, ਜ਼ਿੰਦਗੀ ਲਈ ਬਣਦਾ ਸਦਾਅ। ਸਾਹਾਂ ਵਿਚਲੀ ਸੰਦਲੀ ਭਾਅ ਅਤੇ ਜੀਵਨ ਦਾ ਵਗਦਾ ਦਰਿਆ ਬਣਦਾ। ਇਸ ਨਾਲ ਰਿਸ਼ਤਈ ਤੰਦਾਂ ਦੀ ਪਕਿਆਈ ਅਤੇ ਸਦੀਵਤਾ ਵਿਚੋਂ ਜੀਵਨ ਨੂੰ ਆਪਣੀ ਉਮਰ 'ਤੇ ਮਾਣ ਹੁੰਦਾ। ਮਨੁੱਖ ਨੂੰ ਉਤਮ ਸਮਾਜਿਕ ਪ੍ਰਾਣੀ ਹੋਣ ਦਾ ਅਨੁਭਵ ਵੀ ਹੁੰਦਾ, ਪਰ ਅਫਸੋਸ ਕਿ ਅਜੋਕੇ ਰਿਸ਼ਤਿਆਂ ਵਿਚ ਪਨਪੀ ਬੇਵਿਸ਼ਵਾਸੀ, ਬੇਈਮਾਨੀ, ਬੇਭਰੋਸਗੀ, ਬੇਗਾਨਗੀ ਨੇ ਪ੍ਰਾਰਥਨਾ ਨੂੰ ਵੀ ਪਲੀਤ ਕਰ ਦਿਤਾ ਏ।

ਅਲਹਾਮੀ ਚੁੱਪ ਵੀ ਪ੍ਰਾਰਥਨਾ, ਜੋ ਸ਼ੁਭ ਸੋਚਾਂ ਵਿਚ ਗਲਤਾਨ। ਬਹੁਤ ਛੋਟੀ ਪੈ ਜਾਂਦੀ ਏ ਜ਼ੁਬਾਨ। ਚੁੱਪ ਉਹ ਕੁਝ ਕਹਿ ਜਾਂਦੀ, ਜਿਸ ਨੂੰ ਉਲਥਾਉਣਾ ਅਸੰਭਵ। ਇਸ ਦੀ ਅਸੀਮਤਾ ਨੂੰ ਕਿਆਸਣਾ ਔਖਾ। ਇਸ ਚੁੱਪ ਵਿਚ ਭਿੱਜੇ ਹੋਏ ਆਲਮ, ਆਤਮਿਕ ਰਸ ਨਾਲ ਭਰੀਆਂ ਸੁਰਾਂ ਅਤੇ ਖਾਮੋਸ਼ ਹੋਈ ਜੀਵਨੀ ਭੱਜ-ਦੌੜ ਨੂੰ ਆਪਣੇ ਅੰਤਰੀਵ ਵਿਚ ਉਤਾਰਨਾ, ਤੁਹਾਨੂੰ ਜੀਵਨ ਦਾ ਸੁੱਚਮ ਤੇ ਉਚਮ ਦੀ ਹਾਸਲਤਾ ਦਾ ਗਿਆਨ ਹੋ ਜਾਵੇਗਾ। ਚੁੱਪ ਦਰਅਸਲ ਪ੍ਰਾਰਥਨਾ ਦਾ ਸਭ ਤੋਂ ਉਚਤਮ ਰੂਪ ਬਸ਼ਰਤੇ ਇਸ ਚੁੱਪ ਵਿਚ ਕੋਈ ਖਲਲ ਨਾ ਪਵੇ।

ਪ੍ਰਾਰਥਨਾ ਸਿਰਫ ਉਹ ਨਹੀਂ ਹੁੰਦੀ, ਜਦ ਤੁਸੀਂ ਕਿਸੇ ਧਾਰਮਿਕ ਅਸਥਾਨ 'ਤੇ ਹੱਥ ਜੋੜ, ਅੱਖਾਂ ਮੀਟ, ਸਿਰ ਝੁਕਾਉਂਦੇ ਅਤੇ ਆਪਣੇ ਜਾਂ ਆਪਣੇ ਪਰਿਵਾਰ ਲਈ ਰੱਬ ਕੋਲੋਂ ਕੁਝ ਮੰਗਦੇ। ਇਹ ਤਾਂ ਨਿਰਾ ਲਾਲਚ ਜਾਂ ਸੌਦੇਬਾਜ਼ੀ। ਮੱਥਾ ਟੇਕ ਕੇ ਇਵਜ਼ ਵਿਚ ਬਹੁਤ ਕੁਝ ਮੰਗ ਲੈਣਾ ਜਾਂ ਕਿਸੇ ਮੰਨਤ ਦੇ ਪੂਰਾ ਹੋਣ 'ਤੇ ਚੜ੍ਹਾਵਾ ਚੜ੍ਹਾਉਣ ਦਾ ਵਾਅਦਾ। ਸੌਦੇਬਾਜ਼ੀ ਵਿਚੋਂ ਸਿਰਫ ਵਪਾਰ। ਵਪਾਰਕ ਮਾਨਸਿਕਤਾ ਵਾਲੇ ਲੋਕਾਂ ਦਾ ਹੀ ਕਸਬ। ਅਸਲ ਵਿਚ ਅੱਜ ਕੱਲ੍ਹ ਧਾਰਮਿਕ ਦੁਆਰੇ ਸਿਰਫ ਵਪਾਰ ਦਾ ਕੇਂਦਰ। ਦਿਲੋਂ ਪ੍ਰਾਰਥਨਾ ਕਰਨ ਵਾਲਿਆਂ ਲਈ ਧਾਰਮਿਕ ਦੁਆਰਿਆਂ ਦੇ ਕੋਈ ਲੋੜ ਨਹੀਂ ਅਤੇ ਨਾ ਹੀ ਇਨ੍ਹਾਂ ਦੀ ਮੁਥਾਜੀ ਵਿਚੋਂ ਆਪਣੀ ਪ੍ਰਾਰਥਨਾ ਨੂੰ ਜ਼ਲੀਲ ਕਰਨਾ ਚਾਹੀਦਾ। ਲੋਭੀ ਪ੍ਰਾਰਥਨਾ ਹੋਛੀ, ਹੀਣੀ ਅਤੇ ਹਲਕੀ, ਜੋ ਕਦੇ ਵੀ ਕਬੂਲ ਨਹੀਂ ਹੁੰਦੀ। ਦੁਆ ਕਰਨੀ ਏ ਤਾਂ ਕਿਸੇ ਉਜਾੜ ਵਿਚਲੀ ਫੱਕਰ ਦੀ ਮਜਾਰ 'ਤੇ ਬਹਿ ਕੇ ਖੁਦ ਨੂੰ ਸੋਧੋ ਅਤੇ ਫਿਰ ਸੱਚੇ ਦਿਲ ਨਾਲ ਸੁੱਚੀਆਂ ਕਾਮਨਾਵਾਂ ਲਈ ਅਰਦਾਸ ਕਰੋ, ਸਦਾ ਪੂਰੀ ਹੋਵੇਗੀ।

ਪ੍ਰਾਰਥਨਾ ਦਾ ਇਹ ਵੀ ਸੁੰਦਰ ਰੂਪ, ਜਦ ਸਾਡੀ ਸੋਚ ਸਕਾਰਾਤਮਿਕ ਹੁੰਦੀ। ਹਰੇਕ ਲਈ ਸ਼ੁਭ ਭਾਵਨਾਵਾਂ ਦਾ ਦਾਨ-ਪ੍ਰਦਾਨ। ਸੁੱਚੀ ਚੇਤਨਾ ਵਿਚੋਂ ਉਗੀ ਹੋਈ ਸੂਖਮ-ਧਾਰਾ ਨੂੰ ਜੀਵਨ ਵਹਾਅ ਦਾ ਹਿੱਸਾ ਬਣਦਾ ਦੇਖ ਕੇ ਗਦ ਗਦ ਹੋਣਾ ਹੀ ਪ੍ਰਾਰਥਨਾ ਦਾ ਪ੍ਰਤੱਖ ਪ੍ਰਮਾਣ। ਕਿਸੇ ਦੀ ਸਿਹਤਯਾਬੀ, ਸਫਲਤਾ, ਸੁਘੜਤਾ, ਸਦੀਵਤਾ, ਸੁਪਨ-ਪ੍ਰਾਪਤੀ ਲਈ ਦੁਆ ਕਰੋਗੇ ਤਾਂ ਇਸ ਦਾ ਪ੍ਰਵਰਤਿਤ ਅਸਰ ਤੁਹਾਡੇ 'ਤੇ ਜਰੂਰ ਹੋਵੇਗਾ।

ਜਦ ਅਸੀਂ ਮਿੱਤਰ ਪਿਆਰੇ ਨੂੰ ਗਲਵੱਕੜੀ ਪਾਉਂਦੇ, ਨਿੱਕੇ ਜਿਹੇ ਬੱਚੇ ਨੂੰ ਪਿਆਰ ਕਰਦੇ, ਸੱਜਣ ਨੂੰ ਗਲੇ ਮਿਲਦੇ, ਮਾਪਿਆਂ ਦੇ ਪੈਰੀਂ ਹੱਥ ਲਾਉਂਦੇ ਜਾਂ ਬਜੁਰਗਾਂ ਦੀ ਸੁਹਬਤੀ ਸੰਗਤ ਮਾਣਨ ਲਈ ਕੋਲ ਢੁੱਕ ਕੇ ਬਹਿੰਦੇ ਤਾਂ ਇਹ ਪ੍ਰਾਰਥਨਾ ਦਾ ਹੀ ਸਾਧਨਾ ਭਰਿਆ ਰੂਪ। ਖੁਸ਼ੀਆਂ ਤੇ ਖੇੜਿਆਂ ਨੂੰ ਸਾਂਝਾ ਕਰਨ ਅਤੇ ਇਕ ਦੂਜੇ ਦੀਆਂ ਭਾਵਨਾਵਾਂ ਵਿਚੋਂ ਜੀਵਨ-ਬਨੇਰਿਆਂ 'ਤੇ ਸੂਰਜਾਂ ਨੂੰ ਪ੍ਰਕਾਸ਼ਮਾਨ ਕਰਨ ਜਿਹਾ ਅਨੁਭਵ।

ਜਦ ਕੋਈ ਸਵਾਣੀ ਆਪਣੇ ਬੱਚਿਆਂ ਤੇ ਪਰਿਵਾਰ ਲਈ ਮਨਪਸੰਦ ਖਾਣਾ ਬਣਾਉਂਦੀ ਤੇ ਪਰੋਸਦੀ, ਉਨ੍ਹਾਂ ਦੇ ਖਿੜੇ ਚਿਹਰਿਆਂ ਨੂੰ ਨਿਹਾਰਨਾ ਅਤੇ ਉਨ੍ਹਾਂ ਦੇ ਰੱਜ ਵਿਚੋਂ ਰੱਜਤਾ ਤੇ ਭਰਪੂਰਤਾ ਦਾ ਅਹਿਸਾਸ, ਸਵਾਣੀ ਦੇ ਮਨ ਦੀ ਪ੍ਰਾਰਥਨਾ ਦੀ ਪੂਰਨਤਾ। ਅਜਿਹੀ ਅਰਦਾਸ ਦੇ ਬਹੁਤ ਵੱਡੇ ਅਰਥ। ਇਸ ਵਿਚੋਂ ਤੰਦਰੁਸਤੀ, ਮਿਲਵਰਤਨ ਅਤੇ ਆਪਸੀ ਪਿਆਰ ਦਾ ਨਿਉਂਦਾ, ਘਰ ਦੀ ਝੋਲੀ ਪੈਂਦਾ।

ਜਦ ਅਸੀਂ ਘਰ ਤੋਂ ਬਾਹਰ ਜਾਂਦੇ ਤਾਂ ਦਿਲਦਾਰ ਕਹਿੰਦਾ ਕਿ ਯਾਤਰਾ ਸਫਲ ਹੋਵੇ, ਸੁਖਾਵੀਂ ਹੋਵੇ, ਸੰਪੂਰਨ ਹੋਵੇ ਅਤੇ ਸੁੱਖੀ ਸਾਂਦੀ ਜਲਦੀ ਜਲਦੀ ਘਰ ਪਰਤ ਆਵੋ। ਮਾਂ ਕਹੇ ਕਿ ਪੁੱਤ, ਰੱਬ ਤੈਨੂੰ ਰਾਹ ਦੀਆਂ ਰੁਕਾਵਟਾਂ ਤੋਂ ਬਚਾਵੇ, ਤੇਰੇ ਕਦਮਾਂ ਵਿਚ ਸਫਰ ਉਗਾਵੇ। ਮਾਂ ਜ਼ਿੱਦ ਕਰੇ ਕਿ ਦੁੱਧ ਪੀਣ ਤੋਂ ਬਾਅਦ ਮੂੰਹ ਨੂੰ ਲੂਣ ਲਾ ਕੇ ਘਰ ਤੋਂ ਬਾਹਰ ਜਾ ਜਾਂ ਬੱਚਾ ਕਹੇ ਕਿ ਪਾਪਾ ਜਲਦੀ ਘਰ ਆ ਜਾਣਾ ਤਾਂ ਇਹ ਪ੍ਰਾਰਥਨਾ ਦਿਲ ਵਿਚ ਨਿਕਲੀ ਉਹ ਦੁਆ ਹੁੰਦੀ ਹੈ, ਜਿਹੜੇ ਸਿਰਫ ਆਪਣੇ ਹੀ ਆਪਣਿਆਂ ਲਈ ਰੂਹ ਤੋਂ ਕਰਦੇ।

ਪ੍ਰਾਰਥਨਾ ਕਦੇ ਵੀ ਦਿਮਾਗ ਤੋਂ ਨਹੀਂ ਕੀਤੀ ਜਾਂਦੀ। ਇਹ ਤਾਂ ਦਿਲ ਦਾ ਮਾਮਲਾ। ਰੂਹ ਦੀ ਰਵਾਨਗੀ, ਰੂਹਾਨੀਅਤ ਦਾ ਆਲਮ ਅਤੇ ਆਪ-ਮੁਹਾਰਾ ਆਵੇਸ਼, ਜਿਸ ਵਿਚ ਬੰਦਾ ਖੁਦ-ਬ-ਖੁਦ ਬਣ ਜਾਂਦਾ ਦਰਵੇਸ਼ ਅਤੇ ਉਸ ਦੇ ਬੋਲਾਂ ਵਿਚ ਖੁਦਾਈ ਹੁੰਦੀ ਅਭੇਦ।

ਦੁਆ ਕਰੋ ਕਿ ਐ ਜ਼ਿੰਦਗੀ! ਮੁਸ਼ਕਿਲਾਂ ਦਾ ਕੋਈ ਹੱਲ ਦੇ, ਭੱਜ-ਦੌੜ ਨਾਲ ਥੱਕਿਆਂ ਨੂੰ ਫੁਰਸਤ ਦੇ ਕੁਝ ਪਲ ਦੇ ਅਤੇ ਅਤੇ ਹਰੇਕ ਨੂੰ, ਅੱਜ ਨਾਲੋਂ ਬਿਹਤਰ ਆਉਣ ਵਾਲਾ ਕੱਲ੍ਹ ਦੇ।

ਪ੍ਰਾਰਥਨਾ ਸਿਰਫ ਨੇਕਨੀਅਤੀ, ਇਨਸਾਨੀਅਤ, ਆਸਥਾ, ਨਿਰਮਾਣਤਾ, ਨਿਆਰੇਪਣ ਅਤੇ ਨਿਰਪੱਖਤਾ ਨਾਲ ਕੀਤੀ ਜਾਵੇ ਤਾਂ ਇਸ ਦੀਆਂ ਰਹਿਮਤਾਂ ਤੇ ਨਿਆਮਤਾਂ ਵਿਚੋਂ ਜੀਵਨ-ਮੋਤੀ ਨਸੀਬ ਹੁੰਦੇ।

ਪ੍ਰਾਰਥਨਾ ਧਨ ਨਾਲ ਖਰੀਦੀ ਨਹੀਂ ਜਾ ਸਕਦੀ। ਰੁਤਬਿਆਂ ਤੋਂ ਉਚੀ। ਸ਼ਾਨੋ-ਸ਼ੌਕਤ ਤੋਂ ਅਲੱਗ। ਮਾਣ-ਮਰਿਆਦਾਵਾਂ ਤੋਂ ਵੱਖਰੀ। ਪ੍ਰਾਰਥਨਾ ਸਿਰਫ ਪ੍ਰਾਥਨਾ। ਇਹ ਕੋਈ ਅਡੰਬਰ ਨਹੀਂ।

ਪ੍ਰਾਰਥਨਾ ਸਮੇਂ ਵਿਚ ਨਹੀਂ ਬੱਝੀ ਅਤੇ ਨਾ ਹੀ ਸਮਾਂ-ਸਾਰਣੀ ਦੀ ਗੁਲਾਮ। ਇਕ ਨੌਜਵਾਨ ਨੇ ਕਿਸੇ ਬਜੁਰਗ ਨੂੰ ਪੁੱਛਿਆ ਕਿ ਪ੍ਰਾਰਥਨਾ ਕਦੋਂ ਕਰਨੀ ਚਾਹੀਦੀ ਹੈ? ਬਜੁਰਗ ਨੇ ਕਿਹਾ ਕਿ ਮਰਨ ਤੋਂ ਇਕ ਦਿਨ ਪਹਿਲਾਂ। ਨੌਜਵਾਨ ਹੈਰਾਨ ਹੋ ਕੇ ਕਹਿਣ ਲੱਗਾ ਕਿ ਮੈਨੂੰ ਕੀ ਪਤਾ ਕਿ ਮੈਂ ਕਦੋਂ ਮਰਨਾ ਹੈ? ਤਾਂ ਬਜੁਰਗ ਕਹਿਣ ਲੱਗਾ ਕਿ ਜਦ ਤੈਨੂੰ ਪਤਾ ਹੀ ਨਹੀਂ ਕਿ ਕਦੋਂ ਮਰਨਾ ਹੈ ਤਾਂ ਹਰ ਰੋਜ਼ ਹੀ ਪ੍ਰਾਰਥਨਾ ਕਰੋ।


ਜਦ ਅਸੀਂ ਕਿਸੇ ਲੋੜਵੰਦ ਦੀ ਮਦਦ ਕਰਦੇ, ਕਿਸੇ ਲਈ ਟੁੱਕ ਦਾ ਆਹਰ ਬਣਦੇ। ਕਿਸੇ ਨੰਗੇ ਤਨ ਨੂੰ ਕੱਜਣ ਦਾ ਬੰਦੋਬਸਤ ਕਰਦੇ, ਕਿਸੇ ਲਈ ਬਸਤਾ, ਕਾਪੀ, ਕਿਤਾਬ ਅਤੇ ਕਲਮ ਦਾ ਇੰਤਜਾਮ ਕਰਦੇ, ਅੱਖਰ ਗਿਆਨ ਵੰਡਦੇ ਜਾਂ ਕਿਸੇ ਬਜੁਰਗ ਦਾ ਹੱਥ ਫੜ ਕੇ ਸੜਕ ਪਾਰ ਕਰਵਾਉਂਦੇ ਤਾਂ ਪ੍ਰਾਰਥਨਾ ਹੀ ਕਰਦੇ। ਇਸ ਪ੍ਰਾਰਥਨਾ ਦਾ ਫਲ, ਸਭ ਤੋਂ ਅਣਮੋਲ।

ਇਹ ਵੀ ਪ੍ਰਾਰਥਨਾ ਹੀ ਹੁੰਦੀ, ਜਦ ਅਸੀਂ ਆਪਣੇ ਬਜੁਰਗ ਮਾਪਿਆਂ ਦੀ ਮੰਜੀ 'ਤੇ ਬਹਿੰਦੇ, ਗੱਲਾਂ ਕਰਦੇ, ਹੁੰਗਾਰਾ ਭਰਦੇ, ਲੋੜਾਂ ਦੀ ਪੂਰਤੀ ਕਰਦੇ ਤੇ ਝੁਰੜੀਆਂ ਵਾਲੇ ਹੱਥਾਂ ਨੂੰ ਸਹਿਲਾਉਂਦੇ ਹਾਂ। ਉਨ੍ਹਾਂ ਦੇ ਜੀਵਨ ਦੇ ਬੇਸ਼ਕੀਮਤੀ ਪਲਾਂ ਦਾ ਬਿਰਤਾਂਤ ਸੁਣਦੇ, ਨਸੀਹਤਾਂ ਨੂੰ ਸੁਣਦੇ। ਘਰ ਤੋਂ ਬਾਹਰ ਜਾਣ ਜਾਂ ਆਉਣ ਵੇਲੇ ਸਲਾਮ-ਦੁਆ ਕਰਦੇ। ਇਹ ਖੂਬਸੂਰਤ ਪ੍ਰਾਰਥਨਾ ਹੁੰਦੀ ਬਜੁਰਗਾਂ ਲਈ, ਜਿਨ੍ਹਾਂ ਨੇ ਸਾਰੀ ਉਮਰ ਸਾਡੇ ਲਈ ਹੀ ਦੁਆਵਾਂ ਕੀਤੀਆਂ ਹੁੰਦੀਆਂ। ਉਨ੍ਹਾਂ ਦੇ ਬੁੱਢੇ ਹੱਥ ਤਾਂ ਹੁਣ ਵੀ ਔਲਾਦ ਦੀਆਂ ਸੁੱਖਣਾਂ ਸੁੱਖਦਿਆਂ ਹੀ ਜੁੜਦੇ।

ਜਦ ਅਸੀਂ ਕਿਸੇ ਨੂੰ ਗੁਸਤਾਖੀਆਂ ਲਈ ਮੁਆਫ ਕਰਦੇ; ਕਿਸੇ ਦੀਆਂ ਗਲਤੀਆਂ ਭੁੱਲ ਜਾਂਦੇ। ਅਵੱਗਿਆਵਾਂ ਨੂੰ ਦਰਕਿਨਾਰ ਕਰਦੇ; ਬੇਈਮਾਨੀਆਂ, ਬੇਰੁਖੀਆਂ, ਬੇਹੂਦਗੀਆਂ ਨੂੰ ਦਿਲ ਵਿਚੋਂ ਕੱਢ ਮੁਆਫ ਕਰਦੇ ਤਾਂ ਅਸੀਂ ਅਜਿਹੀ ਪ੍ਰਾਰਥਨਾ ਦਾ ਹਿੱਸਾ ਬਣਦੇ, ਜਿਸ ਵਿਚੋਂ ਸਦਾ ਹੀ ਸੁੱਖਾਂ ਦੀ ਦਸਤਕ ਹੁੰਦੀ। ਮਨ ਨੂੰ ਸ਼ਾਂਤੀ ਮਿਲਦੀ। ਪ੍ਰੇਮ-ਭਾਵ ਵਧਦਾ। ਤਲਖੀਆਂ ਘਟਦੀਆਂ। ਕੁਦਰਤੀ ਪ੍ਰਵਾਹ ਜੀਵਨ ਸਾਹਾਂ ਦੀ ਸੰਗੀਤਕਤਾ ਨੂੰ ਮਾਣਦੇ। ਕਿਸੇ ਦੇ ਗੁਨਾਹਾਂ ਦੀ ਗਠੜੀ ਦਾ ਭਾਰ ਨਾ ਚੁੱਕੀ ਫਿਰੋ, ਤੁਸੀਂ ਕੁੱਬੇ ਹੋ ਜਾਵੋਗੇ। ਭਾਰ-ਮੁਕਤ ਹੋ ਕੇ ਜਿਊਣ ਦਾ ਤਾਂ ਵੱਖਰਾ ਤੇ ਵਿਕੋਲਿਤਰਾ ਹੀ ਅਨੁਭਵ। ਬੇਲਾਗਤਾ ਵਿਚੋਂ ਹੀ ਫੱਕਰਤਾ ਤੇ ਫਕੀਰੀ ਜਨਮ ਲੈਂਦੀ। ਫਿਕਰ ਨਾ ਪੱਲੇ ਬੰਨਦੇ, ਫੱਕਰਾਂ ਜਿਹੇ ਲੋਕ। ਸਾਹ-ਸੁੱਖਨਤਾ ਮਾਣਦੇ, ਬਿਨਾ ਰੋਕ ਤੇ ਟੋਕ।

ਸਦਾ ਹੀ ਸਦਭਾਵੀ, ਸੱਚੀ-ਸੁੱਚੀ, ਸਨੇਹਪੂਰਵਕ ਅਤੇ ਸਾਰਥਿਕ ਪ੍ਰਾਰਥਨਾ ਕਰਦੇ ਰਹੋ, ਕਿਉਂਕਿ ਇਸ ਨਾਲ ਤੁਹਾਡਾ ਕੋਈ ਨੁਕਸਾਨ ਨਹੀਂ। ਸਗੋਂ ਤੁਸੀਂ ਵੀ ਫਾਇਦੇ 'ਚ ਤੇ ਇਨਸਾਨੀਅਤ ਆਪਣੀ ਰੰਗਤ ਨੂੰ ਹੋਰ ਨਿਖਾਰੇਗੀ।

ਪ੍ਰਾਰਥਨਾ ਕਰਦਿਆਂ ਕਦੇ ਕਿਸੇ ਨੂੰ ਦੇਖਣਾ ਹੋਵੇ ਤਾਂ ਮਾਂਵਾਂ ਨੂੰ ਦੇਖਣਾ। ਕਿਵੇਂ ਲਾਡਲਿਆਂ ਦੀਆਂ ਬਲਾਵਾਂ ਉਤਾਰਦੀਆਂ? ਕਿਵੇਂ ਉਨ੍ਹਾਂ ਦੇ ਸਦਕੇ ਜਾਂਦੀਆਂ, ਬਲਿਹਾਰੇ ਜਾਂਦੀਆਂ? ਮੱਥੇ ਰਗੜ ਕੇ ਉਹ ਤਾਂ ਰੱਬ ਕੋਲੋਂ ਵੀ ਮੰਨਤਾਂ ਮੰਨਵਾ ਲੈਂਦੀਆਂ, ਕਿਉਂਕਿ ਦੁਆ ਕਰਦੀਆਂ ਮਾਂਵਾਂ ਤਾਂ ਰੱਬ ਤੋਂ ਵੀ ਵੱਡੀਆਂ ਹੁੰਦੀਆਂ। ਮਾਂਵਾਂ ਦੀਆਂ ਪ੍ਰਾਰਥਨਾਵਾਂ ਵਿਚੋਂ ਕਦੇ ਵੀ ਮਨਫੀ ਨਾ ਹੋਣਾ। ਮਾਂਵਾਂ ਤਾਂ ਰੁੱਸ ਕੇ ਗਏ ਬੱਚਿਆਂ ਦੀ ਰਾਜ਼ੀ ਖੁਸ਼ੀ ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਹਰਦਮ ਦੁਆਵਾਂ ਕਰਦੀਆਂ। ਕੌਣ ਦੇਣਾ ਦੇ ਸਕਦਾ ਏ ਮਾਂਵਾਂ ਦਾ, ਧੁੱਪਾਂ ਵਿਚ ਠੰਢੀਆਂ ਛਾਂਵਾਂ ਦਾ, ਜ਼ਿੰਦਗੀ ਦੀਆਂ ਸੁੰਦਰ ਰਾਹਾਂ ਦਾ ਅਤੇ ਸਿਰ 'ਤੇ ਅੰਬਰ ਵਰਗੀਆਂ ਦੁਆਵਾਂ ਦਾ? ਮਾਂ ਦੀ ਪ੍ਰਾਰਥਨਾ, ਹਰ ਪ੍ਰਾਪਤੀ ਦਾ ਮੁੱਢ। ਉਚੇ ਦਿਸਹੱਦਿਆਂ ਵਿਚ ਉਕਰਿਆ ਨਾਮਕਰਨ ਵੀ ਮਾਂ ਦਾ ਹੀ ਹੁੰਦਾ।



***ਪ੍ਰਾਰਥਨਾ ਤਾਂ ਰਿਸ਼ਤਿਆਂ ਵਿਚ ਵੀ ਰੰਗ ਭਰਦੀ, ਜਦ ਰਿਸ਼ਤੇਦਾਰੀ ਵਿਚੋਂ ਪੁਰਖਲੂਸੀ ਅਤੇ ਅਪਣੱਤ ਦਾ ਆਪ-ਮੁਹਾਰਾ ਵਹਾਅ, ਜ਼ਿੰਦਗੀ ਲਈ ਬਣਦਾ ਸਦਾਅ। ਸਾਹਾਂ ਵਿਚਲੀ ਸੰਦਲੀ ਭਾਅ ਅਤੇ ਜੀਵਨ ਦਾ ਵਗਦਾ ਦਰਿਆ ਬਣਦਾ। ਇਸ ਨਾਲ ਰਿਸ਼ਤਈ ਤੰਦਾਂ ਦੀ ਪਕਿਆਈ ਅਤੇ ਸਦੀਵਤਾ ਵਿਚੋਂ ਜੀਵਨ ਨੂੰ ਆਪਣੀ ਉਮਰ 'ਤੇ ਮਾਣ ਹੁੰਦਾ। ਮਨੁੱਖ ਨੂੰ ਉਤਮ ਸਮਾਜਿਕ ਪ੍ਰਾਣੀ ਹੋਣ ਦਾ ਅਨੁਭਵ ਵੀ ਹੁੰਦਾ, ਪਰ ਅਫਸੋਸ ਕਿ ਅਜੋਕੇ ਰਿਸ਼ਤਿਆਂ ਵਿਚ ਪਨਪੀ ਬੇਵਿਸ਼ਵਾਸੀ, ਬੇਈਮਾਨੀ, ਬੇਭਰੋਸਗੀ, ਬੇਗਾਨਗੀ ਨੇ ਪ੍ਰਾਰਥਨਾ ਨੂੰ ਵੀ ਪਲੀਤ ਕਰ ਦਿਤਾ ਏ।***

# ਦਲੇਰੀ ਤੇ ਦ੍ਰਿੜਤਾ ਦਾ ਮੁਜੱਸਮਾ: ਪ੍ਰੋ. ਤਰਸੇਮ ਬਾਹੀਆ

ਸਿੱਖ ਨੈਸ਼ਨਲ ਕਾਲਜ, ਬੰਗੇ ਪੜ੍ਹਦਿਆਂ ਮੇਰੇ ਅੰਗਰੇਜ਼ੀ ਦੇ ਅਧਿਆਪਕ ਪ੍ਰੋ. ਐਚ. ਕੇ. ਸੁਰਮਾ ਆਪਣੇ ਵਿਖਿਆਨ ਵਿਚ ਦੋ ਜਾਣਿਆਂ ਦਾ ਅਕਸਰ ਜ਼ਿਕਰ ਕਰਦੇ ਸਨ-ਇਕ ਉਨ੍ਹਾਂ ਦਾ ਹਮਜਮਾਤੀ ਪ੍ਰੋ. ਦਰਸ਼ਨ ਸਿੰਘ ਤੇ ਦੂਜਾ ਪ੍ਰੋ. ਤਰਸੇਮ ਬਾਹੀਆ। ਇਹ ਦੋਵੇਂ ਏ. ਐਸ. ਕਾਲਜ, ਖੰਨੇ ਵਿਚ ਅੰਗਰੇਜ਼ੀ ਦੇ ਅਧਿਆਪਕ ਸਨ ਤੇ ਪ੍ਰੋ. ਐਚ. ਕੇ. ਸੁਰਮਾ ਵੀ ਉਸੇ ਕਾਲਜ ਵਿਚ ਪੜ੍ਹੇ ਹੋਏ ਸਨ। ਉਨ੍ਹਾਂ ਦੇ ਮੂੰਹੋਂ ਤਰਸੇਮ ਬਾਹੀਆ ਬਾਬਤ ਸੁਣੀਆਂ ਹੋਈਆਂ ਗੱਲਾਂ ਦੀ ਮੇਰੇ ਮਨ ਵਿਚ ਧੁੰਦਲੀ ਜਿਹੀ ਯਾਦ ਸੀ।



ਮੈਂ 1992 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸਿੱਧਾ ਰਾਮਗੜ੍ਹੀਏ ਕਾਲਜ, ਫਗਵਾੜੇ ਆਣ ਲੱਗਾ। ਰੈਗੂਲਰ ਸਟਾਫ ਵਿਚ ਮੈਂ ਸਭ ਤੋਂ ਛੋਟਾ ਸੀ ਤੇ ਮੈਨੂੰ ਇਸ ਗੁਰ ਅਤੇ ਗੁਣ ਦਾ ਪਤਾ ਸੀ ਕਿ ਵੱਡਿਆਂ ਦੀ ਇੱਜ਼ਤ ਕਰਕੇ ਮੁਹੱਬਤ ਮਿਲਦੀ ਹੈ। ਮੇਰੇ ਐਕਟਿਵਿਜ਼ਮ ਕਰਕੇ ਤੇ ਹਮੇਸ਼ਾ ਕੁਝ ਨਾ ਕੁਝ ਪੜ੍ਹਦੇ, ਲਿਖਦੇ ਤੇ ਸੋਚਦੇ ਰਹਿਣ ਕਰਕੇ ਮੈਨੂੰ ਉਨ੍ਹਾਂ ਨੇ ਪ੍ਰੋਬੇਸ਼ਨ ਵਿਚ ਹੀ ਯੂਨੀਅਨ ਦਾ ਮੈਂਬਰ ਬਣਾ ਲਿਆ ਤੇ ਮੈਂ ਯੂਨੀਅਨ ਦੀ ਹਰ ਕਾਲ 'ਤੇ ਦਿੱਤੇ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨੀ ਸ਼ੁਰੂ ਕਰ ਦਿੱਤੀ। ਯੂਨੀਅਨ ਵਿਚ ਵੀ ਮੇਰਾ ਗੁਰ ਅਤੇ ਗੁਣ ਇਹੀ ਰਿਹਾ ਕਿ ਪਿੱਛੇ ਰਹਿ ਕੇ ਤੇ ਵਧ-ਚੜ੍ਹ ਕੇ ਕੰਮ ਕਰਦੇ ਰਹਿਣਾ ਹੈ ਤੇ ਅਹੁਦਿਆਂ ਵੱਲ ਦੇਖਣਾ ਤੱਕ ਨਹੀਂ। ਇਹ ਵੀ ਕਿ ਪਿਆਰ ਸਤਿਕਾਰ ਹਰੇਕ ਦਾ ਕਰਨਾ ਹੈ, ਝੇਪ ਕਿਸੇ ਦੀ ਨਹੀਂ ਮੰਨਣੀ।

**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਉਨ੍ਹਾਂ ਦਿਨੀਂ ਆਪਣੀ ਯੂਨੀਅਨ ਦੇ ਪ੍ਰਧਾਨ ਤਰਸੇਮ ਬਾਹੀਆ ਸਨ ਤੇ ਉਨ੍ਹਾਂ ਦੀਆਂ ਤਕਰੀਰਾਂ ਸੁਣ ਕੇ ਮੇਰੇ ਮਨ ਵਿਚ ਪ੍ਰੋ. ਐਚ. ਕੇ. ਸੁਰਮਾ ਤੋਂ ਸੁਣੀਆਂ ਹੋਈਆਂ ਧੁੰਦਲੀਆਂ ਯਾਦਾਂ ਇੰਨ-ਬਿੰਨ ਤਾਜ਼ਾ ਹੋ ਗਈਆਂ। ਮੈਂ ਉਨ੍ਹਾਂ ਦੀਆਂ ਤਕਰੀਰਾਂ ਦੇ ਪ੍ਰਭਾਵ ਵਿਚ ਆ ਗਿਆ ਤੇ ਸੋਚਣ ਲੱਗਾ ਕਿ ਉਨ੍ਹਾਂ ਨੂੰ ਕਿਉਂ ਨਾ ਆਪਣੇ ਕਾਲਜ ਬੁਲਾਇਆ ਜਾਵੇ! ਕਿਵੇਂ ਨਾ ਕਿਵੇਂ ਕਿਸੇ ਨੂੰ ਕਹਿ-ਸੁਣ ਕੇ ਬਾਹੀਆ ਜੀ ਨਾਲ ਗੱਲ ਹੋ ਗਈ ਤੇ ਉਨ੍ਹਾਂ ਨੇ ਸਾਡੇ ਕਾਲਜ ਆਉਣਾ ਮੰਨ ਲਿਆ। ਉਹ ਆਏ ਤੇ ਉਨ੍ਹਾਂ ਨੇ ਸਾਡੇ ਕਾਲਜ ਦੇ ਸਟਾਫ-ਰੂਮ ਵਿਚ ਬੜੀ ਹੀ ਦਲੇਰੀ ਨਾਲ ਸੁਲਝਿਆ ਹੋਇਆ ਅਤੇ ਵਿਦਵਤਾ ਭਰਪੂਰ ਭਾਸ਼ਣ ਕੀਤਾ। ਮੈਂ ਨੋਟ ਕੀਤਾ ਕਿ ਉਨ੍ਹਾਂ ਦੀ ਅੰਗਰੇਜ਼ੀ ਤੇ ਪੰਜਾਬੀ ਡਿਕਸ਼ਨ ਇੱਕੋ ਜਿਹੀ ਕਮਾਲ ਵਾਲੀ ਸੀ। ਦਲੇਰੀ ਤੇ ਦ੍ਰਿੜਤਾ ਦੇ ਤਾਂ ਕਹਿਣੇ ਹੀ ਕੀ!

ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਹਾਵ-ਭਾਵ ਅਤੇ ਬੜੇ ਹੀ ਕਟਾਕਸ਼ੀ ਅੰਦਾਜ਼ ਵਿਚ ਦੱਸਿਆ ਕਿ ਸਰਕਾਰ ਸਿਰਫ ਹਰਲ ਹਰਲ ਕਰਦੀਆਂ ਗੱਡੀਆਂ ਦੇ ਹੂਟਰ ਵਜਾਉਣ ਲਈ ਨਹੀਂ ਹੁੰਦੀ, ਸਗੋਂ ਸਰਕਾਰ ਦੀ ਕੋਈ ਜ਼ਿੰਮੇਵਾਰੀ ਹੁੰਦੀ ਹੈ, ਜਿਹੜੀ ਉਹਨੇ ਨਿਭਾਉਣੀ ਹੁੰਦੀ ਹੈ। ਉਨ੍ਹਾਂ ਨੇ ਕਾਲਜ ਕਮੇਟੀਆਂ ਨੂੰ ਵੀ ਚਿਤਾਵਨੀ ਦਿੱਤੀ ਕਿ "ਆਏ ਸਾਲ ਅਡਹਾਕ ਸਟਾਫ ਨੂੰ ਅਟੈਚੀਆਂ ਚੁਕਾਉਣ ਵਾਲੇ ਹੁਣ ਆਪਣੇ ਅਟੈਚੀ ਤਿਆਰ ਰੱਖਣ।"

ਮੈਨੂੰ ਯਾਦ ਹੈ ਕਿ ਉਨ੍ਹਾਂ ਨੂੰ ਸੁਣ ਕੇ ਸਾਡੇ ਸਟਾਫ ਦੀ ਯੂਨੀਅਨ ਪੱਖੋਂ "ਓਇ ਚਲੋ... ਓਇ ਆਹੋ" ਵਾਲੀ ਢਿਲਮ ਢਿਲਮ ਨੀਤੀ "ਕੁਝ ਕਰੋ" ਵਿਚ ਤਬਦੀਲ ਹੋ ਗਈ ਸੀ। ਫਿਰ ਰਿਟਾਇਰਮੈਂਟ ਦੇ ਨੇੜੇ ਢੁੱਕੇ ਮੈਂਬਰ ਵੀ ਹੁੰਮਹੁਮਾ ਕੇ ਧਰਨਿਆਂ 'ਤੇ ਜਾਣ ਲੱਗ ਪਏ ਸਨ। ਬਾਹੀਆ ਜੀ ਦਾ ਵਿਖਿਆਨ ਇਹੋ ਜਿਹਾ ਪਾਵਰ-ਹਾਊਸ ਸਾਬਤ ਹੋਇਆ ਕਿ ਸਾਡੇ ਸਟਾਫ ਦੀਆਂ ਨਰਮ, ਗਰਮ ਅਤੇ ਸਰਦ ਤਾਰਾਂ ਜੁੜ ਕੇ ਕਰੰਟ ਮਾਰਨ ਲੱਗ ਪਈਆਂ ਸਨ।

ਮੈਂ ਫਿਰ ਯੂਨੀਅਨ ਦੇ ਸੱਦਿਆਂ 'ਤੇ ਹਮੇਸ਼ਾ ਜਾਣਾ ਤੇ ਹਰ ਵਾਰ ਬਾਹੀਆ ਜੀ ਨੂੰ ਸਪੈਸ਼ਲ ਮਿਲ ਕੇ ਆਉਣਾ। ਉਨ੍ਹਾਂ ਨੂੰ ਵੀ ਮੇਰਾ ਨਾਂ ਯਾਦ ਹੋ ਗਿਆ ਤੇ ਉਹ ਮੈਨੂੰ ਨਾਂ ਲੈ ਕੇ ਹੀ ਬੁਲਾਉਂਦੇ। ਉਨ੍ਹਾਂ ਦੀ ਦੇਖਾ-ਦੇਖੀ ਤਿਵਾੜੀ ਜੀ ਨਾਲ ਵੀ ਮੇਰਾ ਗੂੜ੍ਹਾ ਰਿਸ਼ਤਾ ਬਣ ਗਿਆ ਸੀ। ਹਰ ਇਲੈਕਸ਼ਨ ਤੋਂ ਪਹਿਲਾਂ ਤਿਵਾੜੀ ਜੀ ਮੇਰੇ ਘਰ ਜ਼ਰੂਰ ਆਉਂਦੇ ਤੇ ਕਾਫੀ ਉਤਸ਼ਾਹ ਭਰ ਜਾਂਦੇ। ਇਹ ਗੱਲ ਕਹਿਣੀ ਓਪਰੀ ਜਿਹੀ ਲੱਗਦੀ ਹੈ ਕਿ ਇਕ ਵਾਰ ਉਹ ਕਾਲਜ ਆਏ ਹੋਏ ਸਨ ਤੇ ਉਨ੍ਹਾਂ ਦੀ ਲਾਲ ਮਾਰੂਤੀ ਰੇਲਵੇ ਫਾਟਕ ਦੇ ਪਰਲੇ ਪਾਸੇ ਖੜ੍ਹੀ ਸੀ। ਮੈਂ ਉਨ੍ਹਾਂ ਨੂੰ ਆਪਣੇ ਸਾਇਕਲ ਪਿੱਛੇ ਬਿਠਾਲ ਕੇ ਕਾਰ ਤੱਕ ਛੱਡਣ ਗਿਆ ਤਾਂ ਉਨ੍ਹਾਂ ਨੇ ਮੈਨੂੰ "ਗੁਣਾ ਦੀ ਗੁਥਲੀ" ਕਿਹਾ ਸੀ। ਅਸਲ ਵਿਚ ਮੈਂ ਆਪਣੇ ਕਾਲਜ ਦੇ ਯੂਨਿਟ ਦੀ ਮੀਟਿੰਗ ਕੰਡਕਟ ਕੀਤੀ ਸੀ ਤੇ ਮੈਂ ਉਦੋਂ ਉਸ ਮੀਟਿੰਗ ਵਿਚ ਕਾਫੀ ਗਿਆਨ ਘੋਟਿਆ ਸੀ।

ਇਕ ਵਾਰੀ ਕਿਸੇ ਨੇ ਤਿਵਾੜੀ ਜੀ ਨੂੰ ਫੋਨ 'ਤੇ ਧਮਕੀ ਦਿੱਤੀ ਤੇ ਉਨ੍ਹਾਂ ਨੇ ਧਮਕਾਉਣ ਵਾਲੇ ਦਾ ਖੁਰਾ ਲੱਭ ਲਿਆ। ਉਹ ਸ਼ਖਸ ਮੈਨੂੰ ਵੀ ਜਾਣਦਾ ਸੀ ਤੇ ਤਿਵਾੜੀ ਜੀ ਨੂੰ ਵੀ ਇਸ ਗੱਲ ਦਾ ਪਤਾ ਸੀ। ਉਨ੍ਹਾਂ ਨੇ ਬੜੀ ਸਿਆਣਪ ਕੀਤੀ, ਉਹ ਮੇਰੇ ਕੋਲ ਆਏ ਤੇ ਉਸ ਸ਼ਖਸ ਬਾਬਤ ਸਾਰੀ ਜਾਣਕਾਰੀ ਹਾਸਲ ਕੀਤੀ ਤੇ ਉਹਦਾ ਮਕਸਦ ਵੀ ਸਮਝ ਗਏ। ਮੇਰੇ ਘਰੋਂ ਉਨ੍ਹਾਂ ਨੇ ਉਸ ਧਮਕੱਈਏ ਨੂੰ ਏਨੇ ਸਲੀਕੇ ਨਾਲ ਫੋਨ ਕੀਤਾ ਕਿ ਉਹ ਮਾਇਲ ਹੋ ਗਿਆ ਤੇ ਗੱਲ ਰਫਾ-ਦਫਾ ਹੋ ਗਈ।

ਇਕ ਵਾਰੀ ਬਾਹੀਆ ਜੀ ਤੇ ਤਿਵਾੜੀ ਜੀ, ਦਸ ਬਾਰਾਂ ਜਾਣੇ, ਅਚਾਨਕ ਮੇਰੇ ਘਰੇ ਆ ਗਏ ਤੇ ਮੈਂ ਸ਼ਸ਼ੋਪੰਜ ਵਿਚ ਪੈ ਗਿਆ ਕਿ ਉਨ੍ਹਾਂ ਨੂੰ



ਖੁਆਵਾਂ ਪਿਆਵਾਂ ਕੀ! ਮੈਨੂੰ ਸਿਰਫ ਦੋ ਕੱਪ ਚਾਹ ਬਣਾਉਣੀ ਆਉਂਦੀ ਸੀ, ਪਰ ਮੈਂ ਜਿਵੇਂ ਕਿਵੇਂ ਬਾਰਾਂ-ਤੇਰਾਂ ਕੱਪ ਚਾਹ ਦੇ ਬਣਾ ਧਰੇ। ਫਟਾ ਫਟ ਨੌਵਲਟੀ ਵਾਲਿਆਂ ਦਿਓਂ ਪਕੌੜੇ ਤੇ ਵੇਸਣ ਵੀ ਲੈ ਆਇਆ। ਮੇਰੀ ਬਣਾਈ ਚਾਹ ਤਾਂ ਨਿਰੀ ਪੱਤੀ ਹੀ ਸੀ, ਪਰ ਉਨ੍ਹਾਂ ਨੇ ਦੇਸੀ ਘਿਓ ਦਾ ਵੇਸਣ ਬੜੇ ਖੁਸ਼ ਹੋ ਕੇ ਖਾਧਾ। ਸ਼ਾਮ ਨੂੰ ਮੇਰੀ ਹੋਮ-ਸੁਪਰਡੰਟ ਨੇ ਬੈਂਕ ਤੋਂ ਆ ਕੇ ਸਿੰਕ ਵਿਚ ਵੰਨ-ਸਵੰਨੇ ਕੱਪ ਅਤੇ ਚਾਹ ਪੱਤੀ ਤੋਂ ਮੇਰੀ ਬਣਾਈ ਚਾਹ ਦੀ ਕਿਸਮ ਦਾ ਕਿਆਫਾ ਲਾ ਲਿਆ ਤੇ ਕਿਸੇ ਅਣਹੋਣੀ ਬੇਇੱਜ਼ਤੀ ਕਾਰਨ ਮੈਨੂੰ ਕਾਫੀ ਝਾੜ-ਝੰਬ ਦਾ ਸਾਹਮਣਾ ਕਰਨਾ ਪਿਆ।

ਫਿਰ ਯੂਨੀਅਨ ਦੇ ਲੀਡਰ ਬਦਲ ਗਏ ਤੇ ਯੂਨੀਅਨ ਦੀ ਤੋਰ, ਤੌਰ ਅਤੇ ਤੇਵਰ ਵੀ ਉਹ ਨਾ ਰਹੇ। ਸਾਡੇ ਸਟਾਫ ਦੇ ਪੁਰਾਣੇ ਬੰਦੇ ਇਕ ਇਕ ਕਰਕੇ ਕਿਰ ਗਏ ਤੇ ਨਾਲ ਹੀ ਯੂਨੀਅਨ ਦੀਆਂ ਉਹ ਗੱਲਾਂ ਖਤਮ ਹੋ ਗਈਆਂ, ਜਿਨ੍ਹਾਂ ਦੇ ਚਰਚੇ ਕਦੇ ਪੰਜਾਬ ਦੇ ਵੱਡੇ ਵੱਡੇ ਕਾਲਜਾਂ ਵਿਚ ਹੁੰਦੇ ਸਨ। ਖੱਬਿਆਂ ਬਾਝੋਂ ਨਰਮ, ਗਰਮ ਤੇ ਸਰਦ ਤਾਰਾਂ ਕਿਸੇ ਕੰਮ ਦੀਆਂ ਨਾ ਰਹੀਆਂ। ਨਵਿਆਂ ਵਿਚ ਯੂਨੀਅਨਿਜ਼ਮ ਦੇ 'ਜਰਾਸੀਮ' ਨਾਂ-ਮਾਤਰ ਹੀ ਸਨ, ਜਿਸ ਕਰਕੇ ਮੈਂ ਵੀ ਯੂਨੀਅਨ ਦੇ ਐਕਟਿਵਿਜ਼ਮ ਵਿਚੋਂ ਖੁਦ ਨੂੰ ਮਨਫੀ ਕਰ ਲਿਆ ਤੇ ਆਪਣੀ ਪੜ੍ਹਾਈ-ਲਿਖਾਈ ਵੱਲ ਮੂੰਹ ਮੋੜ ਲਿਆ। ਹੋਰ ਕਰਦਾ ਵੀ ਕੀ?

ਸ਼ਹਿਰ ਦੇ ਮਿੱਤਰ ਸੱਜਣ ਗੁਰਬਚਨ ਸਿੰਘ ਸਾਗਰੀ ਨੇ ਮੈਨੂੰ ਪ੍ਰੀਤਲੜੀ ਰਸਾਲੇ ਦੀਆਂ ਪੁਰਾਣੀਆਂ ਜਿਲਦਾਂ ਦੇ ਦਿੱਤੀਆਂ। ਮੈਂ ਦੇਖਿਆ, ਉਨ੍ਹਾਂ ਵਿਚ ਕਿਤੇ ਕਿਤੇ ਤਰਸੇਮ ਬਾਹੀਆ ਦੇ ਲੇਖ ਛਪੇ ਹੋਏ ਸਨ। ਮੈਂ ਉਹ ਪੜ੍ਹੇ ਤੇ ਬਾਹੀਆ ਜੀ ਨੂੰ ਫੋਨ ਕਰਕੇ ਦੱਸਿਆ। ਉਹ ਬੜੇ ਖੁਸ਼ ਹੋਏ ਤੇ ਉਨ੍ਹਾਂ ਦੀ ਫੋਟੋਸਟੈਟ ਭੇਜਣ ਲਈ ਕਹਿਣ ਲੱਗੇ। ਅਗਲੇ ਦਿਨ ਹੀ ਮੈਂ ਉਹ ਫੋਟੋਸਟੈਟ ਕਰਾ ਕੇ ਭੇਜ ਦਿੱਤੀਆਂ। ਮਿਲਣ 'ਤੇ ਉਨ੍ਹਾਂ ਨੇ ਮੈਨੂੰ ਧੰਨਵਾਦੀ ਫੋਨ ਕੀਤਾ ਤੇ ਬੜੀਆਂ ਹੀ ਪੁਰਾਣੀਆਂ, ਦਿਲਚਸਪ ਅਤੇ ਮਾਰਮਿਕ ਗੱਲਾਂ ਸੁਣਾਈਆਂ।

ਉਹ ਫੇਸਬੁੱਕ 'ਤੇ ਮੇਰੀਆਂ ਲਿਖਤਾਂ ਪੜ੍ਹਦੇ ਰਹਿੰਦੇ ਤੇ ਕਦੇ ਕਦੇ ਕੁਮੈਂਟ ਵੀ ਕਰਦੇ। ਮੈਂ ਉਨ੍ਹਾਂ ਨੂੰ ਫੋਨ ਕਰਦਾ ਤਾਂ ਉਹ ਬੜੇ ਖੁਸ਼ ਹੁੰਦੇ, ਨਵੀਆਂ ਨਵੀਆਂ ਗੱਲਾਂ ਦੱਸਦੇ ਤੇ ਮੈਨੂੰ ਉਤਸ਼ਾਹਿਤ ਕਰਦੇ। ਇਕ ਦਿਨ ਬੜੀ ਹੈਰਾਨੀ ਹੋਈ, ਜਦ ਉਨ੍ਹਾਂ ਨੇ ਮੈਨੂੰ ਯੂਨੀਅਨਿਜ਼ਮ ਤੋਂ ਦੂਰ ਰਹਿਣ ਦੀ ਨਸੀਹਤ ਦੇ ਦਿੱਤੀ। ਕਹਿਣ ਲੱਗੇ, "ਯੂਨੀਅਨ ਦਾ ਝੰਡਾ ਤਾਂ ਜਿਹਨੂੰ ਮਰਜ਼ੀ ਚੁਕਾ ਦਿਓ, ਪਰ ਪੜ੍ਹਨ-ਲਿਖਣ ਦਾ ਕੰਮ ਹਰ ਕੋਈ ਨਹੀਂ ਕਰ ਸਕਦਾ।" ਮੈਂ ਉਨ੍ਹਾਂ ਦੀ ਇਸ ਨਸੀਹਤ ਦੀ ਹੋਰ ਤਫਸੀਲ ਪੁੱਛੀ ਤਾਂ ਕਹਿਣ ਲੱਗੇ, "ਕਿਤਾਬ ਪੜ੍ਹਨ ਵਾਲਾ ਜਦ ਝੰਡਾ ਚੁੱਕਦਾ ਤਾਂ ਉਹਦਾ ਕੋਈ ਅਰਥ ਹੁੰਦਾ, ਪਰ ਝੰਡਾ ਚੁੱਕਣ ਵਾਲਾ ਜਦ ਕਿਤੇ ਕਿਤਾਬ ਚੁੱਕਦਾ ਤਾਂ ਉਹ ਸਿਰਫ ਫੋਟੋ ਖਿਚਾਉਣ ਤੱਕ ਸੀਮਤ ਹੁੰਦਾ।" ਉਨ੍ਹਾਂ ਦੀ ਇਸ ਗੱਲ ਵਿਚੋਂ ਮੈਨੂੰ ਅਨੇਕ ਅੰਦੋਲਨਾਂ ਦੇ ਫੇਲ੍ਹ ਹੋਣ ਦੇ ਅੰਦਰੂਨੀ ਕਾਰਨਾਂ ਦੀ ਕਨਸੋਅ ਮਿਲੀ ਤੇ ਮੈਂ ਬਾਹੀਆ ਜੀ ਦੀ ਨਸੀਹਤ ਵਿਚਲੀ ਤੀਖਣ ਸੂਝ-ਬੂਝ ਤੇ ਉਨ੍ਹਾਂ ਦੀ ਗੱਲਬਾਤ ਦੇ ਮਿਕਨਾਤੀਸੀ ਅੰਦਾਜ਼ ਤੋਂ ਹੈਰਾਨ ਹੋ ਗਿਆ।

ਮੈਨੂੰ ਚੇਤਾ ਆਇਆ ਕਿ ਸਾਡੇ ਸਟਾਫ-ਰੂਮ ਵਿਚ ਵੀ ਉਨ੍ਹਾਂ ਨੇ ਇਹ ਗੱਲ ਕਹੀ ਸੀ, "ਆਪਣੇ ਦਰ 'ਤੇ ਆਉਣ ਵਾਲੀ ਡਾਕ ਤੋਂ ਅੰਦਾਜ਼ਾ ਲਾਇਆ ਕਰੋ ਕਿ ਤੁਹਾਡੇ ਰੁਝਾਨ ਕਿਹੋ ਜਿਹੇ ਹਨ।" ਉਨ੍ਹਾਂ ਨੇ ਬੜੇ ਗੁੱਸੇ ਵਿਚ ਕਿਹਾ ਸੀ, "ਅੱਜ ਕੱਲ੍ਹ ਟੀਚਰਾਂ ਨੂੰ ਸਿਰਫ ਡੀਮੈਟ ਅਕਾਊਂਟ ਖੋਲ੍ਹਣ ਦੀਆਂ ਚਿੱਠੀਆਂ ਹੀ ਆਉਂਦੀਆਂ ਹਨ।" ਉਨ੍ਹਾਂ ਨੇ ਵਿਅੰਗ ਕੱਸਿਆ ਸੀ, "ਡੀਮੈਟ ਵਾਲੇ ਕਦੇ ਕਿਸੇ ਤਰ੍ਹਾਂ ਦੀ ਵੀ ਕੁਰਬਾਨੀ ਨਹੀਂ ਕਰ ਸਕਦੇ।"

ਪਿਛਲੇ ਵਰ੍ਹੇ ਕਰੋਨਾ ਕਾਲ ਤੇ ਭਰ ਗਰਮੀ ਦੌਰਾਨ ਉਨ੍ਹਾਂ ਦਾ ਫੋਨ ਆਇਆ ਕਿ ਉਹ ਮੇਰੇ ਕੋਲ ਆ ਰਹੇ ਹਨ ਤੇ ਉਨ੍ਹਾਂ ਨੇ ਮੈਨੂੰ ਘਰ ਦੇ ਬਾਹਰ ਮਿਲਣ ਦੀ ਕੋਈ ਠੀਹ ਪੁੱਛੀ। ਮੈਂ ਆਪਣੇ ਘਰ ਦੇ ਨੇੜੇ ਪੱਕੀ ਨਿਸ਼ਾਨੀ ਗਲੋਰੀ ਸਿਲਾਈ ਮਸ਼ੀਨ ਦੇ ਸ਼ੋਅ-ਰੂਮ ਕੋਲ ਚਲਿਆ ਗਿਆ। ਉਹ ਪਲਾਂ ਵਿਚ ਹੀ ਆ ਗਏ ਤੇ ਕਾਰ ਵਿਚੋਂ ਬਾਹਰ ਆ ਕੇ ਹੱਥ ਜੋੜ ਕੇ ਹੀ ਮਿਲੇ ਤੇ ਮੈਨੂੰ ਆਪਣੀ ਸ੍ਵੈ-ਜੀਵਨੀ ਦੇ ਕੇ ਕਹਿਣ ਲੱਗੇ, "ਪੜ੍ਹਨਾ ਤੇ ਜੇ ਹੋ ਸਕੇ ਤਾਂ ਇਸ ਬਾਰੇ ਕੁਝ ਲਿਖਣਾ।"

'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ' ਟਾਈਟਲ ਦੇਖ ਕੇ ਮੈਂ ਕੁਝ ਹੈਰਾਨ ਹੋਇਆ ਤੇ ਉਨ੍ਹਾਂ ਨਾਲ ਖੁਸ਼ੀ ਜਾਹਰ ਕੀਤੀ। ਉਨ੍ਹਾਂ ਨੂੰ ਘਰ ਆਉਣ ਲਈ ਕਿਹਾ, ਪਰ ਹਾਲਾਤ ਇਹੋ ਜਿਹੇ ਸਨ ਕਿ ਮੈਂ ਵੀ ਜ਼ੋਰ ਨਾ ਪਾਇਆ ਤੇ ਉਹ ਵੀ ਸਮਝਦੇ ਸਨ ਤੇ ਜਲਦੀ ਜਾਣ ਦਾ ਬਹਾਨਾ ਲਾ ਕੇ ਚਲੇ ਗਏ। ਉਹ ਹਲਕੇ ਜਿਹੇ ਬਦਾਮੀ ਰੰਗੇ ਸਫਾਰੀ ਸੂਟ ਵਿਚ ਸਨ, ਜੋ ਉਸ ਰੁੱਤ ਵਿਚ ਉਨ੍ਹਾਂ ਨੂੰ ਬੜਾ ਹੀ ਫੱਬਦਾ ਸੀ।

ਸਰਦੀਆਂ ਵਿਚ ਉਹ ਹਮੇਸ਼ਾ ਕੋਟ ਪੈਂਟ ਤੇ ਟਾਈ ਲਾਉਂਦੇ। ਲਾਲ ਟਾਈ, ਚਿੱਟੀ ਕਮੀਜ਼ ਤੇ ਨੇਵੀ ਰੰਗ ਦਾ ਕੋਟ ਪੈਂਟ ਉਨ੍ਹਾਂ ਦੀ ਖਾਸ ਪਸੰਦ ਅਤੇ ਪਛਾਣ ਸੀ। ਉਨ੍ਹਾਂ ਨੂੰ ਦੇਖਦੇ ਹੀ ਪਤਾ ਲੱਗ ਜਾਂਦਾ ਸੀ ਕਿ ਇਹ ਕੋਈ ਸਿਰਕੱਢ ਯੂਨੀਅਨਿਸਟ ਹੈ ਤੇ ਕਿਸੇ ਵੱਡੇ ਕਾਲਜ ਦਾ ਅੰਗਰੇਜ਼ੀ ਅਧਿਆਪਕ ਹੈ। ਉਨ੍ਹਾਂ ਦੀ ਆਵਾਜ਼ ਵਿਚ ਏਨਾ ਦਮ ਸੀ ਅਤੇ ਅੰਦਾਜ਼ ਵਿਚ ਅਜਿਹਾ ਖਮ ਸੀ, ਜੋ ਉਨ੍ਹਾਂ ਦੀ ਸ਼ਖਸੀਅਤ ਨੂੰ ਚਾਰ ਚੰਨ ਲਾਉਣ ਦਾ ਕੰਮ ਕਰਦਾ ਸੀ ਤੇ ਜਿਹਦੇ ਕਰਕੇ ਉਨ੍ਹਾਂ ਦੀ ਸ਼ਕਲ-ਸੂਰਤ ਬੜੀ ਹੀ ਪ੍ਰਭਾਵਸ਼ਾਲੀ ਲਗਦੀ ਸੀ। ਉਨ੍ਹਾਂ ਦੇ ਚਿਹਰੇ 'ਤੇ ਕਦੀ ਕੋਈ ਸ਼ਿਕਨ ਨਜ਼ਰ ਨਹੀਂ ਸੀ ਆਉਂਦਾ, ਸਗੋਂ ਇਕ ਡੂੰਘੀ ਅਤੇ ਗੰਭੀਰ ਕਿਸਮ ਦੀ ਮੁਸਕਰਾਹਟ ਉਨ੍ਹਾਂ ਦੇ ਚਿਹਰੇ 'ਤੇ ਸਦਾ ਛਾਈ ਰਹਿੰਦੀ ਸੀ। ਇਹੋ ਜਿਹੇ ਸਦਾਚਾਰੀ ਬੰਦੇ ਸਦਾ ਨਹੀਂ ਹੁੰਦੇ।

ਖੈਰ, ਮੈਂ ਉਹ ਕਿਤਾਬ ਘਰੇ ਲੈ ਆਇਆ ਤੇ ਉਸ ਵੇਲੇ ਦੇ ਹਾਲਾਤ ਮੁਤਾਬਕ ਵਿਹੜੇ ਵਿਚ ਪਏ ਮੇਜ਼ 'ਤੇ ਰੱਖ ਦਿੱਤੀ ਕਿ ਕਰੋਨਾ ਦੀ ਸਰਕਾਰੀ ਦਹਿਸ਼ਤ ਕਾਰਨ ਅਤੇ ਡਾਕਟਰੀ ਹਦਾਇਤਾਂ ਅਨੁਸਾਰ ਦੋ ਤਿੰਨ ਦਿਨ ਬਾਅਦ ਅੰਦਰ ਰੱਖਾਂਗਾ। ਉਸ ਰਾਤ ਅਚਾਨਕ ਭਾਰਾ ਮੀਂਹ ਪਿਆ। ਸਵੇਰੇ ਉੱਠ ਕੇ ਦੇਖਿਆ ਤਾਂ ਕਿਤਾਬ ਬੁਰੀ ਤਰ੍ਹਾਂ ਗਲ ਗਈ ਸੀ। ਮੈਂ ਉਹ ਕਿਤਾਬ ਕਈ ਦਿਨ ਧੁੱਪੇ ਸੁੱਕਣੀ ਪਾਉਂਦਾ ਰਿਹਾ ਤੇ ਪਤਾ ਹੀ ਨਾ ਲੱਗਾ ਅਚਾਨਕ ਕਿਤਾਬ ਕਿੱਥੇ ਗਈ। ਕਰੋਨਾ ਦੇ ਰੌਲੇ ਗੌਲੇ ਵਿਚ ਮੈਨੂੰ ਉਸ ਕਿਤਾਬ ਦਾ ਕਦੀ ਚੇਤਾ ਹੀ ਨਾ ਆਇਆ। ਨਾ ਮੈਂ ਕਿਤਾਬ ਪੜ੍ਹ ਸਕਿਆ ਤੇ ਨਾ ਕੁਝ ਲਿਖ ਸਕਿਆ। ਇੱਥੋਂ ਤੱਕ ਕਿ ਕਰੋਨਾ ਦੇ ਕਹਿਰ ਨੇ ਬਾਹੀਆ ਜੀ ਦੀਆਂ ਯਾਦਾਂ ਨੂੰ ਵੀ ਧੁੰਦਲੀਆਂ ਕਰ ਦਿੱਤਾ।

ਫਿਰ ਉਨ੍ਹਾਂ ਦਾ ਵੀ ਕਦੇ ਫੋਨ ਨਾ ਆਇਆ ਤੇ ਮੈਂ ਵੀ ਫੋਨ ਨਾ ਕੀਤਾ। ਹੋ ਸਕਦਾ ਹੈ ਉਹ ਉਡੀਕਦੇ ਹੋਣਗੇ ਕਿ ਮੈਂ ਕਿਤਾਬ ਬਾਬਤ ਕੁਝ ਲਿਖਾਂਗਾ ਤੇ ਉਨ੍ਹਾਂ ਨੂੰ ਦੱਸਾਂਗਾ, ਪਰ ਅਜਿਹਾ ਹੋ ਨਾ ਸਕਿਆ। ਅਖੀਰ ਉਨ੍ਹਾਂ ਦੇ ਤੁਰ ਜਾਣ ਦੀ ਖਬਰ ਆਈ ਤਾਂ ਮਨ ਉਦਾਸ ਹੋ ਗਿਆ ਕਿ ਕਿਸ ਤਰ੍ਹਾਂ ਪੰਜਾਬ ਦੇ ਹੀਰੇ ਚੁੱਪ-ਚੁਪੀਤੇ ਤੁਰੀ ਜਾ ਰਹੇ ਹਨ, ਸਾਰ ਤਾਂ ਕੀ ਲੈਣੀ, ਕਿਸੇ ਨੂੰ ਖਬਰ ਤੱਕ ਨਹੀਂ ਹੈ। ਮੈਂ ਸੋਚਦਾ ਹਾਂ ਕਿ ਹੋ ਸਕਦਾ ਹੈ ਉਹ ਮੇਰੇ ਨਾਲ ਨਾਰਾਜ਼ ਵੀ ਹੋਏ ਹੋਣ; ਪਰ ਕਿਆ ਕਹਿ ਸਕਦੇ ਹਾਂ...!

# ਕੌਣ ਸੀ ਹਰਦਿੱਤ ਸਿੰਘ ਮਲਕ?

ਚਲੋ ਸੌ ਸਾਲ ਬਾਅਦ ਹੀ ਸਹੀ, ਸਾਨੂੰ ਉਸ ਮਹਾਨ ਸ਼ਖਸੀਅਤ ਦੀ ਯਾਦ ਤਾਂ ਆਈ ਕਿ ਕੋਈ ਹਰਦਿੱਤ ਸਿੰਘ ਮਲਕ ਵੀ ਹੁੰਦਾ ਸੀ, ਜਿਸ ਨੇ ਇੱਕ ਪੂਰਨ ਸਿੱਖ ਰਹਿੰਦਿਆਂ ਵਿਸ਼ਵ ਪੱਧਰ 'ਤੇ ਅਨੇਕਾਂ ਉਹ ਕਾਰਜ ਕਰ ਵਿਖਾਏ, ਜੋ ਆਪਣੇ ਆਪ ਵਿਚ ਅਚੰਭਾਮਈ ਹਨ। ਸੰਨ 2019 ਵਿਚ ਭਾਰਤੀ ਡਾਕ ਸੇਵਾ ਨੇ ਉਸ ਦੀ ਯਾਦ ਵਿਚ ਡਾਕ ਟਿਕਟ ਜਾਰੀ ਕਰਕੇ ਆਪਣਾ ਫਰਜ਼ ਨਿਭਾਇਆ। ਹੁਣ ਇੰਗਲੈਂਡ ਵੱਲੋਂ ਪਹਿਲੇ ਵਿਸ਼ਵ ਯੁੱਧ ਵਿਚ ਉਸ ਦੀਆਂ ਬਤੌਰ ਪਾਇਲਟ ਨਿਭਾਈਆਂ ਸੇਵਾਵਾਂ ਕਰਕੇ ਬਰਤਾਨਵੀ ਬੰਦਰਗਾਹ, ਸਾਊਥੈਂਪਟਨ ਵਿਖੇ ਉਸ ਦਾ 17 ਫੁੱਟ ਉਚਾ ਬੁੱਤ ਬਣਾਇਆ ਜਾ ਰਿਹਾ ਹੈ, ਜਿਸ ਦੀ 2023 ਵਿਚ ਸੰਪੂਰਨ ਹੋਣ ਦੀ ਉਮੀਦ ਹੈ। ਇਸ ਬੁੱਤ ਵਿਚ ਮਲਕ ਬਤੌਰ ਪਾਇਲਟ ਦਸਤਾਰਧਾਰੀ ਸਰੂਪ ਵਿਚ ਨਜ਼ਰ ਆਉਣਗੇ।




**ਡਾ: ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਫੋਨ: 91-97798-53245

ਅਸਲ ਵਿਚ ਹਰਦਿੱਤ ਸਿੰਘ ਮਲਕ ਰੌਇਲ ਫਲਾਇੰਗ ਕੋਰ ਦੇ ਪਾਇਲਟ ਬਣਨ ਵਾਲੇ ਸਭ ਤੋਂ ਪਹਿਲੇ ਭਾਰਤੀ ਸਨ। ਉਨ੍ਹਾਂ ਨੇ ਆਪਣੇ ਦਸਤਾਰਧਾਰੀ ਰਹਿਣ ਅਤੇ ਲੋਹ-ਟੋਪ ਨਾ ਪਾਉਣ ਦੀ ਸ਼ਰਤ ਸਭ ਤੋਂ ਪਹਿਲਾਂ ਰੱਖੀ। ਹੋਇਆ ਇਸ ਤਰ੍ਹਾਂ ਕਿ ਬਰਤਾਨਵੀ ਸਰਕਾਰ ਨੇ ਪਹਿਲੇ ਮਹਾਂ-ਯੁੱਧ ਵਿਚ ਭਾਵੇਂ ਹਜ਼ਾਰਾਂ ਭਾਰਤੀ ਭਰਤੀ ਕੀਤੇ, ਪਰ ਲੜਾਕੂ ਜਹਾਜਾਂ ਦੇ ਪਾਇਲਟ ਰੱਖਣ ਵੇਲੇ ਬਰਤਾਨਵੀ ਸਰਕਾਰ ਸ਼ੱਕੀ ਹੋ ਜਾਂਦੀ।

ਮਲਕ 1916 ਵਿਚ ਫਰਾਂਸੀਸੀ ਫੌਜ ਵਿਚ ਚਲੇ ਗਏ, ਜਿੱਥੇ ਉਨ੍ਹਾਂ ਰੈੱਡ ਕਰਾਸ ਵਿਚ ਆਪਣੀਆਂ ਸੇਵਾਵਾਂ ਨਿਭਾਉਣੀਆਂ ਸ਼ੁਰੂ ਕਰ ਦਿੱਤੀਆਂ। ਪਤਾ ਲੱਗਣ 'ਤੇ ਉਸ ਦੇ ਉਸਤਾਦ ਨੇ ਰੌਇਲ ਫੋਰਸ ਦੇ ਕਮਾਂਡਰ ਨੂੰ ਚਿੱਠੀ ਲਿਖੀ ਕਿ ਉਹ ਮਲਕ ਵਰਗੇ ਨੌਜੁਆਨ ਦੀ ਯੋਗਤਾ ਤੇ ਨਿਪੁੰਨਤਾ ਦਾ ਫਾਇਦਾ ਉਠਾਉਣ। ਸਿੱਟੇ ਵਜੋਂ ਉਸ ਨੂੰ ਸੈਕੰਡ ਲੈਫਟੀਨੈਂਟ ਦੇ ਤੌਰ 'ਤੇ ਨਵੀਂ ਬਣਾਈ ਯੂਨਿਟ ਵਿਚ ਭਰਤੀ ਕਰ ਲਿਆ ਗਿਆ। ਉਸ ਨੂੰ ਬਹੁਤ ਪ੍ਰਬੀਨ ਅਤੇ ਕੁਸ਼ਲ ਪਾਇਲਟ ਸਮਝਦਿਆਂ ਸਿੰਗਲ ਸੀਟਰ ਲੜਾਕੂ ਜਹਾਜ ਦਿੱਤਾ ਗਿਆ। ਉਸ ਦੀ ਇਹ ਸ਼ਰਤ ਮੰਨ ਲਈ ਗਈ ਕਿ ਉਸ ਨੂੰ ਦਸਤਾਰ ਉਤਾਰਨ ਲਈ ਮਜਬੂਰ ਨਹੀਂ ਕੀਤਾ ਜਾਵੇਗਾ। ਉਸ ਲਈ ਅਜਿਹਾ ਲੋਹ ਟੋਪ ਬਣਵਾਇਆ ਗਿਆ, ਜੋ ਦਸਤਾਰ ਦੇ ਉਪਰ ਫਿੱਟ ਹੋ ਸਕੇ।

ਹਰਦਿੱਤ ਸਿੰਘ ਇੰਗਲੈਂਡ ਵਿਚ ਪੜ੍ਹਦਿਆਂ ਵੀ ਆਪਣੀ ਵਿਰਾਸਤ ਪ੍ਰਤੀ ਸੁਚੇਤ ਸਨ। ਉਹ ਉਨ੍ਹਾਂ ਨੌਜੁਆਨਾਂ ਵਿਚੋਂ ਸਨ, ਜੋ ਬੇਹੱਦ ਰਈਸੀ ਪਿਛੋਕੜ ਹੋਣ ਦੇ ਬਾਵਜੂਦ ਬਾਹਰਲੀਆਂ ਧਰਤੀਆਂ ਤੇ ਆਪਣੇ ਧਰਮ ਤੇ ਕਰਮ ਪ੍ਰਤੀ ਪਾਬੰਦ ਰਹਿੰਦੇ ਹਨ। ਸੰਨ 1984 ਵਿਚ ਰਾਵਲਪਿੰਡੀ ਦੇ ਸਰਦਾਰ ਮੋਹਨ ਸਿੰਘ ਦੇ ਘਰ ਪੈਦਾ ਹੋਏ ਹਰਦਿੱਤ ਸਿੰਘ 14 ਸਾਲ ਦੀ ਉਮਰ ਤੱਕ ਘਰ ਹੀ ਪੜ੍ਹਦੇ ਰਹੇ। ਸੰਨ 1908-15 ਤੱਕ ਸਕੂਲ-ਕਾਲਜ ਦੇ ਦਿਨਾਂ ਵਿਚ ਉਹ ਸਕੂਲ-ਕਾਲਜ ਦੀ ਟੀਮ ਦੇ ਜੂੜੇ ਵਾਲੇ ਕ੍ਰਿਕਟ-ਕਪਤਾਨ ਸਨ। ਲੜਾਕੂ ਪਾਇਲਟ ਹੁੰਦਿਆਂ ਆਪਣੇ ਵਧੀਆ ਫਰਜ਼ ਨਿਭਾਉਣ ਉਪਰੰਤ ਉਹ 1919 ਵਿਚ ਹਿੰਦੁਸਤਾਨ ਵਾਪਸ ਆ ਗਏ ਅਤੇ ਆਈ. ਏ. ਐਸ. ਦੀ ਪ੍ਰੀਖਿਆ ਪਾਸ ਕਰਕੇ ਸ਼ੇਖੂਪੁਰਾ ਜਿਲੇ ਦੇ ਡੀ. ਸੀ. ਬਣ ਗਏ। ਬਾਅਦ ਵਿਚ ਕੈਨੇਡਾ, ਅਮਰੀਕਾ ਭਾਰਤੀ ਟਰੇਡ ਕਮਿਸ਼ਨਰ ਬਣੇ।




ਇਹੋ ਜਿਹੇ ਬੰਦਿਆਂ ਦੇ ਬਥੇਰੇ ਕਦਰਦਾਨ ਹੁੰਦੇ ਹਨ। ਸੰਨ 1944 ਵਿਚ ਮਹਾਰਾਜਾ ਪਟਿਆਲਾ ਨੇ ਬਰਤਾਨਵੀ ਸਰਕਾਰ ਕੋਲੋਂ ਉਨ੍ਹਾਂ ਦੀਆਂ ਸੇਵਾਵਾਂ ਮੰਗ ਲਈਆਂ ਤੇ ਆਪਣਾ ਪ੍ਰਧਾਨ ਮੰਤਰੀ ਬਣਾ ਲਿਆ। ਇਥੇ ਉਨ੍ਹਾਂ ਮਾਰਚ 1947 ਵਿਚ ਪੋਠੋਹਾਰ ਵਿਚ ਹੋਏ ਦੰਗਿਆਂ ਤੋਂ ਪੀੜਤ ਸਿੱਖਾਂ ਅਤੇ ਹਿੰਦੂਆਂ ਨੂੰ ਆਪਣੀ ਰਿਆਸਤ ਵਿਚ ਸ਼ਰਨ ਦੇਣ ਲਈ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਪ੍ਰੇਰਿਤ ਕਰਕੇ ਆਪਣੇ ਮਾਨਵਵਾਦੀ ਵਤੀਰੇ ਰਾਹੀਂ ਕਈਆਂ ਦਾ ਫਾਇਦਾ ਕੀਤਾ। ਆਜ਼ਾਦੀ ਤੋਂ ਬਾਅਦ ਉਹ ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਬਣੇ। ਇਥੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਉਥੇ ਦੇ ਭਾਰਤੀ ਆਬਾਦਕਾਰਾਂ ਨੂੰ ਉਥੋਂ ਦੇ ਨਾਗਰਿਕ ਬਣਨ ਦਾ ਅਧਿਕਾਰ ਪ੍ਰਾਪਤ ਹੋ ਗਿਆ।

ਸੰਨ 1985 ਵਿਚ ਉਹ ਨਵੀਂ ਦਿੱਲੀ ਵਿਖੇ ਸਾਲ ਕੁ ਦੀ ਲੰਬੀ ਬੀਮਾਰੀ ਉਪਰੰਤ 90 ਸਾਲ ਦੀ ਉਮਰ ਵਿਚ ਸੁਰਗਵਾਸ ਹੋ ਗਏ। ਕਿਹਾ ਜਾਂਦਾ ਹੈ ਕਿ ਉਹ 88 ਸਾਲ ਦੀ ਉਮਰ ਤੱਕ ਗੌਲਫ ਖੇਡਦੇ ਰਹੇ।

# ਕੁਸ਼ਤੀ ਲੇਖਕ ਐੱਚ. ਐੱਮ. ਬਿਲਗਾ ਤੇ ਪੀ. ਆਰ. ਸੋਂਧੀ

ਪੰਜਾਬੀ ਖੇਡ ਸਾਹਿਤ

37



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕੁਸ਼ਤੀ ਬਾਰੇ ਲਿਖਣ-ਬੋਲਣ ਵਾਲਿਆਂ ਵਿਚ ਹਰੀ ਮਿੱਤਰ ਬਿਲਗਾ ਤੇ ਪਿਆਰਾ ਰਾਮ ਸੋਂਧੀ ਵਿਸ਼ੇਸ਼ ਨਾਂ ਹਨ। ਦੋਹਾਂ ਨੇ ਰਲ ਕੇ ਐੱਚ. ਐੱਮ. ਬਿਲਗਾ ਤੇ ਪੀ. ਆਰ. ਸੋਂਧੀ ਨਾਂਵਾਂ ਹੇਠ 'ਕੁਸ਼ਤੀ ਅੰਬਰ ਦੇ ਤਾਰੇ' ਤੇ 'ਕੁਸ਼ਤੀ ਦੇ ਧਨੰਤਰ' ਦੋ ਕਿਤਾਬਾਂ ਲਿਖੀਆਂ ਹਨ। 'ਕੁਸ਼ਤੀ ਦੇ ਧਨੰਤਰ' ਪੰਜ ਸੌ ਪੰਨਿਆਂ ਦੀ ਵਡਆਕਾਰੀ ਪੁਸਤਕ ਹੈ, ਜਿਸ ਨੂੰ ਭਾਰਤੀ ਕੁਸ਼ਤੀ ਦਾ ਵਿਸ਼ਵਕੋਸ਼ ਕਿਹਾ ਜਾ ਸਕਦੈ। ਪੰਜਾਬੀ ਖੇਡ ਸਾਹਿਤ ਦੀ ਇਹ ਅਹਿਮ ਪੁਸਤਕ ਹੈ। ਇਸ ਵਿਚ ਭਾਰਤੀ ਕੁਸ਼ਤੀ, ਅੰਤਰਰਾਸ਼ਟਰੀ ਕੁਸ਼ਤੀ, ਛਿੰਝਾਂ, ਡੇਰੇ ਅਤੇ ਕਲੱਬ, ਦਰੋਣਾਚਾਰੀਆ ਅਵਾਰਡ ਜੇਤੂ, ਪਦਮ ਸ੍ਰੀ ਅਵਾਰਡ ਜੇਤੂ, ਅਰਜਨ ਪੁਰਸਕਾਰ ਅਵਾਰਡ ਜੇਤੂ, ਓਲੰਪੀਅਨ ਅਵਾਰਡ ਜੇਤੂ, ਮਹਾਰਾਜਾ ਰਣਜੀਤ ਸਿੰਘ ਅਵਾਰਡ ਜੇਤੂ, ਭਾਰਤ ਦੀਆਂ ਰੁਸਤਮ ਮੁਟਿਆਰਾਂ, ਕੋਚ, ਖੇਡ ਬੁਲਾਰੇ, ਕੁਸ਼ਤੀ ਦੇ ਰਹਿਬਰ, ਕੁਸ਼ਤੀਆਂ ਅਤੇ ਪਹਿਲਵਾਨਾਂ ਬਾਰੇ ਅਨੇਕ ਅਧਿਆਏ ਹਨ।

ਪਹਿਲੇ ਅਧਿਆਏ ਵਿਚ ਭਾਰਤੀ ਕੁਸ਼ਤੀ ਦਾ ਸਫਰ, ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ, ਹਿੰਦ ਦੇ ਪਹਿਲਵਾਨ ਤੇ ਉਨ੍ਹਾਂ ਦੇ ਕੱਦ ਕਾਠ, ਕੁਸ਼ਤੀ ਦੇ ਅਭਿਆਸ ਬਾਰੇ ਅਤੇ ਭਾਰਤ ਦੇ ਓਲੰਪਿਕ ਕੁਸ਼ਤੀਆਂ ਵਿਚ ਭਾਗ ਲੈਣ ਦਾ ਪੂਰਾ ਵੇਰਵਾ ਹੈ। ਅੰਤਰਰਾਸ਼ਟਰੀ ਕੁਸ਼ਤੀ ਅਧਿਆਏ ਵਿਚ ਓਲੰਪਿਕ ਕੁਸ਼ਤੀ, ਏਸ਼ੀਅਨ ਖੇਡਾਂ ਅਤੇ ਭਾਰਤੀ ਪਹਿਲਵਾਨ, ਰਾਸ਼ਟਰਮੰਡਲ ਕੁਸ਼ਤੀ ਚੈਂਪੀਅਨਸ਼ਿਪ, ਕਾਮਨਵੈਲਥ ਖੇਡਾਂ ਅਤੇ ਆਧੁਨਿਕ ਕੁਸ਼ਤੀ ਦਾ ਲੇਖਾ-ਜੋਖਾ ਹੈ। ਛਿੰਝਾਂ, ਡੇਰੇ ਤੇ ਕਲੱਬਾਂ ਦੇ ਯੋਗਦਾਨ ਦਾ ਭਰਪੂਰ ਵਰਣਨ ਹੈ। ਦਰੋਣਾਚਾਰੀਆ ਅਵਾਰਡ ਜੇਤੂਆਂ ਤੋਂ ਲੈ ਕੇ ਪਦਮਸ੍ਰੀ, ਅਰਜਨ ਅਵਾਰਡ, ਓਲੰਪੀਅਨ ਅਵਾਰਡ ਅਤੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਜੇਤੂ ਪਹਿਲਵਾਨਾਂ ਦੀਆਂ ਮੁਕੰਮਲ ਸੂਚੀਆਂ ਹਨ। ਖੇਡ ਬੁਲਾਰਿਆਂ ਤੇ ਖੇਡ ਰਹਿਬਰਾਂ ਦੀ ਜਾਣਕਾਰੀ ਹੈ। ਕਿੱਸਾਕਾਰਾਂ ਦੇ ਕੁਸ਼ਤੀਆਂ ਬਾਰੇ ਅਨੇਕਾਂ ਕਾਵਿ-ਬੰਦਾਂ 'ਚੋਂ ਇਕ ਕਾਵਿ-ਬੰਦ ਹੈ:

ਕਿੱਕਰ ਸਿੰਘ ਤੇ ਕੱਲੂ ਭਲਵਾਨ ਦਾ ਜੀ
ਕਿੱਸਾ ਜੋੜਿਆ ਨਾਲ ਧਿਆਨ ਯਾਰੋ,
ਰੁਸਤਮ ਹਿੰਦ ਹੋ ਕੇ ਏਸ ਜਹਾਨ ਵਿਚੋਂ
ਗੁਜ਼ਰ ਗਿਆ ਗੁਲਾਮ ਭਲਵਾਨ ਯਾਰੋ।
ਕੱਲੂ ਗੁਲਾਮ ਦਾ ਸਕਾ ਭਰਾ ਹੈਸੀ
ਦਿਸਦਾ ਬੱਬਰ ਦੇ ਵਾਂਗ ਬਲਵਾਨ ਯਾਰੋ।
ਕਿੱਕਰ ਸਿੰਘ ਦੇ ਨਾਲ ਹੁਣ ਲੜਾਂਗਾ ਮੈਂ
ਕੱਲੂ ਆਖਿਆ ਨਾਲ ਜ਼ਬਾਨ ਯਾਰੋ…।

ਕੁਸ਼ਤੀਆਂ ਬਾਰੇ ਜੁੜੇ ਲੋਕ ਗੀਤਾਂ 'ਚੋਂ ਲੋਕ ਗੀਤ ਹੈ:

ਕੱਲੂ ਨੂੰ ਗੁਲਾਮ ਕਹਿ ਗਿਆ
ਬੀਬਾ ਜੱਟ ਨੂੰ ਹੱਥ ਨਾ ਪਾਵੀਂ
ਕੱਲੂ ਨੂੰ ਗੁਲਾਮ ਕਹਿ ਗਿਆ…।

ਕੱਲੂ ਨੂੰ ਗੁਲਾਮ ਆਖਿਆ
ਜੱਟ ਦੇ ਜ਼ੋਰ ਦਾ ਪਤਾ ਨਾ ਹੱਥ ਆਇਆ
ਕੱਲੂ ਨੂੰ ਗੁਲਾਮ ਆਖਿਆ…।

ਕੱਲੂ ਨੂੰ ਗੁਲਾਮ ਆਖਿਆ
ਮੈਂ ਰਲ ਕੇ ਵਕਤ ਲੰਘਾਇਆ
ਕੱਲੂ ਨੂੰ ਗੁਲਾਮ ਆਖਿਆ…।

ਇਸ ਪੁਸਤਕ ਦੇ ਮੁੱਖਬੰਦ 'ਖੇਡ ਸਾਹਿਤ ਦੀ ਵਡਮੁੱਲੀ ਕਿਰਤ' ਸਿਰਲੇਖ ਹੇਠ ਸੁਰਜੀਤ ਜੱਜ ਨੇ ਲਿਖਿਆ: ਲੰਮੇ ਸਮੇਂ ਤਕ ਸਿਰਜਣਾਤਮਕ ਕਵਿਤਾਵਾਂ ਤੇ ਕਹਾਣੀਆਂ ਨਾਲ ਭਰਪੂਰ ਹੁੰਦੀ ਰਹੀ ਪੰਜਾਬੀ ਭਾਸ਼ਾ ਪਿਛਲੇ ਕੁਝ ਦਹਾਕਿਆਂ ਤੋਂ ਬਾਕੀ ਖੇਤਰਾਂ ਨਾਲ ਸੰਬੰਧਿਤ ਲਿਖਤਾਂ ਨਾਲ ਵੀ ਸ਼ਿੰਗਾਰੀ ਜਾਣ ਲੱਗ ਪਈ ਹੈ। ਗਿਆਨ-ਵਿਗਿਆਨ ਤੇ ਸਮਾਜਿਕ ਵਿਗਿਆਨ ਸਮੇਤ ਜੀਵਨ ਨਾਲ ਜੁੜੇ ਹਰ ਖਿੱਤੇ ਤੇ ਕਿੱਤੇ ਦੀਆਂ ਲੋੜਾਂ ਪੂਰੀਆਂ ਕਰਨ ਹਿਤ ਪੰਜਾਬੀ ਵਿਚ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਇਸ ਧਾਰਾ ਵਿਚ ਖੇਡ ਖੇਤਰ ਨਾਲ ਸੰਬੰਧਿਤ ਸਾਹਿਤ ਵੀ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਪਿਛਲੇ ਕੁਝ ਸਾਲਾਂ ਤੋਂ ਇਸ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਐੱਚ. ਐੱਮ. ਬਿਲਗਾ ਤੇ ਪੀ. ਆਰ. ਸੋਂਧੀ ਦਾ ਨਾਂ ਵਿਸ਼ੇਸ਼ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ ਹੈ, ਜਿਨ੍ਹਾਂ ਨੇ ਬੜੀ ਸਿਦਕਦਿਲੀ ਨਾਲ ਪੰਜਾਬ ਦੀ ਰੂਹ ਕਹੀ ਜਾਣ ਵਾਲੀ ਖੇਡ 'ਕੁਸ਼ਤੀ' ਸੰਬੰਧੀ ਨਿੱਠ ਕੇ ਖੋਜ ਕੀਤੀ ਹੈ। ਇਹ ਪੁਸਤਕ, ਕੁਸ਼ਤੀ ਵਰਗੀ ਸਦੀਆਂ ਪੁਰਾਣੀ, ਪਰ ਨਿੱਤ ਨਵੀਂ-ਨਵੇਲੀ ਰਹਿਣ ਵਾਲੀ ਲੋਕ ਖੇਡ, ਜੋ ਸਮਕਾਲੀ ਸਮੇਂ ਸੰਸਾਰ ਭਰ 'ਚ ਪ੍ਰਮੁੱਖ ਖੇਡ ਵਜੋਂ ਆਪਣਾ ਸਥਾਨ ਰੱਖਦੀ ਹੈ, ਬਾਰੇ ਬਹੁਤ ਭਰੋਸੇਯੋਗ, ਵਿਸਤ੍ਰਿਤ ਤੇ ਦਿਲਚਸਪ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।

ਡਾ. ਜਗੀਰ ਸਿੰਘ ਨੂਰ ਨੇ ਹਰੀ ਮਿੱਤਰ ਬਿਲਗਾ ਦੀ ਜਾਣ-ਪਛਾਣ ਕਰਾਉਂਦਿਆਂ ਲਿਖਿਆ: 'ਸਾਹਿਤ' ਅਤੇ 'ਸਿਹਤ' ਦੋਵੇਂ ਨਿਆਮਤਾਂ ਕਿਸੇ ਵਿਰਲੇ ਵਾਂਝੇ ਨੂੰ ਹੀ ਇਕ ਥਾਂਵੇਂ ਨਸੀਬ ਹੁੰਦੀਆਂ ਹਨ। ਮੇਰੀ ਜਾਚੇ ਇਹ ਦੋਵੇਂ ਨਿਆਮਤਾਂ ਕਿਸੇ ਕੋਲ ਹਨ ਤਾਂ ਉਨ੍ਹਾਂ ਸਿਰਮੌਰ ਨਾਂਵਾਂ ਵਿਚੋਂ ਪ੍ਰਿੰ. ਸਰਵਣ ਸਿੰਘ ਤੋਂ ਬਾਅਦ ਸ੍ਰੀ ਐੱਚ. ਐੱਮ. ਬਿਲਗਾ ਜੀ ਦਾ ਨਾਮ ਆਉਂਦਾ ਹੈ। ਬਿਲਗਾ ਜੀ ਦਾ ਸਰੀਰ ਖੇਡ ਖੇਤਰ ਦੇ ਮੁਜੱਸਮੇ ਦਾ ਪ੍ਰਗਟਾਵਾ ਹੈ ਅਤੇ ਸੀਰਤ ਸਾਹਿਤਕਾਰ ਦੀ ਹੈ। ਅਜਿਹੀ ਬਹੁਪੱਖੀ ਸ਼ਖਸੀਅਤ ਦੇ ਮਾਲਕ ਨੇ ਆਪਣੇ ਕੈਰੀਅਰ ਦਾ ਅਰੰਭ 1975 ਵਿਚ ਫਗਵਾੜੇ ਦੇ ਮਾਡਲ ਸਕੂਲ ਵਿਚ ਬਤੌਰ ਖੇਡ ਅਧਿਆਪਕ ਕੀਤਾ ਸੀ। ਬਾਅਦ ਵਿਚ ਆਰੀਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ ਨੂੰ ਆਪਣੀ ਕਰਮਭੂਮੀ ਬਣਾਇਆ ਅਤੇ ਨਿਧੜਕ ਪੱਤਰਕਾਰ ਵਜੋਂ ਵਿਚਰਨਾ ਅਰੰਭ ਕੀਤਾ। ਉਸ ਨੇ 'ਚੈਂਪੀਅਨ ਜੋ ਹਾਰ ਗਏ' ਵਰਗੇ ਲੇਖ ਲਿਖ ਕੇ ਖੇਡ ਲੇਖਕਾਂ ਵਿਚ ਆਪਣੀ ਥਾਂ ਬਣਾਈ…।



ਐੱਚ. ਐੱਮ. ਬਿਲਗਾ




ਪੀ. ਆਰ. ਸੋਂਧੀ

ਡਾ. ਜਵਾਹਰ ਧੀਰ ਨੇ ਪਿਆਰਾ ਰਾਮ ਸੋਂਧੀ ਬਾਰੇ ਲਿਖਿਆ: ਦੁਸਹਿਰਾ ਹੋਵੇ ਜਾਂ ਦੀਵਾਲੀ, ਲੋਹੜੀ ਹੋਵੇ ਜਾਂ ਵਿਸਾਖੀ, ਜਿਸ ਸ਼ਖਸ ਲਈ ਇਨ੍ਹਾਂ ਤਿਉਹਾਰਾਂ ਦਾ ਨਾਮ ਸਿਰਫ ਤੇ ਸਿਰਫ ਕੁਸ਼ਤੀ ਹੋਵੇ, ਕੁਸ਼ਤੀ ਹੀ ਜਿਸ ਦਾ ਮਜ਼੍ਹਬ ਹੋਵੇ, ਉਸ ਨੂੰ ਕੀ ਨਾਂ ਦਿੱਤਾ ਜਾ ਸਕਦਾ ਹੈ? ਅਜਿਹਾ ਸ਼ਖਸ ਜਿਸ ਲਈ ਕਿਸੇ ਵੀ ਤਿਉਹਾਰ ਜਾਂ ਰਿਸ਼ਤੇ ਨਾਲੋਂ ਕੁਸ਼ਤੀ ਦਾ ਮਹੱਤਵ ਵਧੇਰੇ ਹੈ ਅਤੇ ਜੋ ਜਾਗਦੇ-ਸੌਂਦੇ ਤੇ ਖਾਂਦੇ-ਪੀਂਦੇ ਹਰ ਸਮੇਂ ਕੁਸ਼ਤੀ ਬਾਰੇ ਸੋਚਦੈ, ਉਸ ਨੂੰ ਕੁਸ਼ਤੀ ਪ੍ਰੇਮੀ, ਕੋਚ ਪੀ. ਆਰ. ਸੋਂਧੀ ਦੇ ਨਾਂ ਨਾਲ ਜਾਣਦੇ ਹਨ। ਜਿਥੇ ਉਹ ਕੁਸ਼ਤੀ ਦਾ ਵਧੀਆ ਕੋਚ ਹੈ, ਉਥੇ ਪੰਜਾਬ ਕੁਸ਼ਤੀ ਐਸੋਸੀਏਸ਼ਨ ਦਾ ਕੈਸ਼ੀਅਰ ਵੀ ਹੈ। ਪਿੰਡ ਰਾਏਪੁਰ ਡੱਬਾ ਦੇ ਜੰਮਪਲ ਪਿਆਰਾ ਰਾਮ ਸੋਂਧੀ ਨੂੰ ਇਸੇ ਪਿੰਡ ਦੇ ਰੁਸਤਮੇ ਹਿੰਦ ਪਹਿਲਵਾਨ ਹਰਬੰਸ ਸਿੰਘ ਨੇ ਬਚਪਨ ਵਿਚ ਹੀ ਕੁਸ਼ਤੀ ਦੇ ਲੜ ਲਾਇਆ ਸੀ। ਕਾਲਜ ਵਿਚ ਪੜ੍ਹਦਿਆਂ ਉਸ ਨੇ ਪਹਿਲਵਾਨ ਹਰਬੰਸ ਸਿੰਘ ਦੇ ਸਪੁੱਤਰ ਪ੍ਰੋ. ਕਸ਼ਮੀਰਾ ਸਿੰਘ ਤੋਂ ਕੁਸ਼ਤੀ ਦੀਆਂ ਬਾਰੀਕੀਆਂ ਸਿੱਖੀਆਂ। 1971 ਵਿਚ ਐਨ. ਆਈ. ਐਸ. ਪਟਿਆਲਾ ਤੋਂ ਕੁਸ਼ਤੀ ਦਾ ਡਿਪਲੋਮਾ ਤੇ ਜਰਮਨੀ ਤੋਂ ਕੁਸ਼ਤੀ ਦਾ ਵਿਸ਼ੇਸ਼ ਕੋਚਿੰਗ ਕੋਰਸ ਪਾਸ ਕੀਤਾ। ਫਿਰ ਉਸ ਨੇ ਅੰਤਰਰਸ਼ਟਰੀ ਕੁਸ਼ਤੀ ਮੁਕਾਬਲਿਆਂ ਲਈ ਭਾਰਤੀ ਕੁਸ਼ਤੀ ਟੀਮਾਂ ਨੂੰ ਕੋਚਿੰਗ ਦੇਣੀ ਸ਼ੁਰੀ ਕੀਤੀ। ਕਦੇ ਏਸ਼ੀਅਨ ਜੂਨੀਅਰ ਚੈਂਪੀਅਨਸ਼ਿਪ ਹਿਸਾਰ, ਕਦੇ ਏਸ਼ੀਅਨ ਚੈਂਪੀਅਨਸ਼ਿਪ ਤਹਿਰਾਨ, ਕਦੇ ਵਿਸ਼ਵ ਚੈਂਪੀਅਨਸ਼ਿਪ ਰੂਸ, ਕਦੇ ਏਸ਼ੀਅਨ ਗੇਮਜ਼ ਬੈਂਕਾਕ, ਕਦੇ ਵਿਸ਼ਵ ਚੈਂਪੀਅਨਸ਼ਿਪ ਵੈਨਕੂਵਰ ਤੇ ਕਦੇ ਓਲੰਪਿਕ ਖੇਡਾਂ ਵਿਚ ਭਾਰਤੀ ਟੀਮ ਦਾ ਕੋਚ ਬਣ ਕੇ ਸੇਵਾਵਾਂ ਨਿਭਾਈਆਂ। ਉਹ ਨੈਸ਼ਨਲ ਚੀਫ ਕੁਸ਼ਤੀ ਕੋਚ ਰਹਿ ਕੇ ਰਿਟਾਇਰ ਹੋਇਆ…।

ਹਰੀ ਮਿੱਤਰ ਬਿਲਗੇ ਦਾ ਜਨਮ ਸ੍ਰੀ ਸੰਤ ਰਾਮ ਦੇ ਘਰ ਸ੍ਰੀਮਤੀ ਭਾਗਵੰਤੀ ਦੀ ਕੁੱਖੋਂ 19 ਦਸੰਬਰ 1949 ਨੂੰ ਨਾਨਕੇ ਪਿੰਡ ਬਜੂਹਾ ਖੁਰਦ, ਜਿਲਾ ਜਲੰਧਰ ਵਿਚ ਹੋਇਆ ਸੀ। ਉਹ ਬੀ. ਏ., ਡੀ.ਪੀ. ਐੱਡ ਸੀ ਤੇ ਫਗਵਾੜੇ ਰਹਿੰਦਾ ਸੀ, ਜਿਥੇ ਉਸ ਦਾ ਦੇਹਾਂਤ ਹੋਇਆ। ਪਿਆਰਾ ਰਾਮ ਸੋਂਧੀ ਦਾ ਜਨਮ ਪਿਤਾ ਸ੍ਰੀ ਜਗਤ ਰਾਮ ਤੇ ਮਾਤਾ ਸ੍ਰੀਮਤੀ ਧਾਂਤੀ ਦੇਵੀ ਦੇ ਗ੍ਰਿਹ ਵਿਖੇ ਨਾਨਕੇ ਪਿੰਡ ਜਗਤਪੁਰ, ਜਿਲਾ ਜਲੰਧਰ ਵਿਚ ਹੋਇਆ। ਉਹ ਅੱਜ ਕੱਲ੍ਹ ਫਗਵਾੜੇ ਰਹਿੰਦਾ ਹੈ ਤੇ ਕੁਸ਼ਤੀ ਅਖਾੜਾ ਚਲਾ ਰਿਹਾ ਹੈ। ਦੂਰ-ਨੇੜੇ ਦੀਆਂ ਛਿੰਝਾਂ 'ਤੇ ਜਾ ਕੇ ਕੁਸ਼ਤੀ ਕੋਚ ਤੇ ਰੈਫਰੀ ਦੀਆਂ ਸੇਵਾਵਾਂ ਨਿਭਾਉਣੀਆਂ ਉਹਦਾ ਕਰਮ-ਧਰਮ ਹੈ।

ਇਕ ਸਮਾਂ ਸੀ ਜਦੋਂ ਪੰਜਾਬ ਦੀ ਹਵਾ ਵਿਚ ਮੱਲਾਂ ਦੀਆਂ ਗੱਲਾਂ ਤਾਰੀ ਸਨ। ਮੇਲਿਆਂ ਮੁਸਾਹਬਿਆਂ ਵਿਚ ਛਿੰਝਾਂ ਪੈਂਦੀਆਂ ਤੇ ਪਰ੍ਹਿਆਂ 'ਚ ਉਨ੍ਹਾਂ ਦੀਆਂ ਗੱਲਾਂ ਹੁੰਦੀਆਂ। ਉਨ੍ਹਾਂ ਦੇ ਕੀਤੇ ਜ਼ੋਰ ਤੇ ਘੁਲੇ ਘੋਲਾਂ ਦੇ ਕਿੱਸੇ ਛਿੜਦੇ। ਭਲਵਾਨਾਂ ਦੇ ਦਾਅ, ਛਿੰਝਾਂ ਦੀਆਂ ਝੰਡੀਆਂ ਤੇ ਜਿੱਤੀਆਂ ਗੁਰਜਾਂ ਦੀਆਂ ਕਥਾ ਕਹਾਣੀਆਂ ਤੁਰਦੀਆਂ। ਭਾਰਤ ਦੇ ਪ੍ਰਾਚੀਨ ਗ੍ਰੰਥ ਰਿਗ ਵੇਦ, ਰਾਮਾਇਣ ਤੇ ਮਹਾਂਭਾਰਤ ਵਿਚ ਕੁਸ਼ਤੀਆਂ ਦਾ ਜ਼ਿਕਰ ਆਉਂਦਾ ਹੈ। ਮੱਲਾਂ ਦੇ ਘੋਲ ਭਾਰਤ ਦੀ ਪੁਰਾਤਨ ਖੇਡ ਕਲਾ ਹੈ। ਪੁਰਾਤਨ ਭਾਰਤੀ ਸਾਹਿਤ ਵਿਚ ਸ਼ਤਰੂਆਂ ਦੇ ਮੱਲ ਯੁੱਧ ਦੁਆਰਾ ਜਿੱਤ ਹਾਰ ਦਾ ਨਿਰਣਾ ਕਰਨ ਦੇ ਪ੍ਰਸੰਗ ਮਿਲਦੇ ਹਨ। ਭੀਮਸੈਨ ਨੇ ਜਰਾਸੰਧ ਨੂੰ ਮੱਲ ਯੁੱਧ ਦੁਆਰਾ ਮਾਰਿਆ ਸੀ। ਭੀਮਸੈਨ ਅਤੇ ਬਲਰਾਮ ਜੋਧੇ ਵੀ ਸਨ ਤੇ ਬਾਹੂਬਲੀ ਵੀ। ਮਿਥਿਹਾਸਕ ਕਥਾਵਾਂ ਮੁਤਾਬਿਕ ਉਨ੍ਹਾਂ ਦੇ ਅਸਮਾਨਾਂ ਵਿਚ ਵਗਾਹੇ ਹਾਥੀ ਅਜੇ ਤਕ ਨਹੀਂ ਮੁੜੇ!




ਯੂਨਾਨ, ਮਿਸਰ ਤੇ ਭਾਰਤ ਦੀ ਸੱਭਿਅਤਾ ਸਭ ਤੋਂ ਪੁਰਾਣੀ ਗਿਣੀ ਜਾਂਦੀ ਹੈ। ਇਨ੍ਹਾਂ ਦੇਸ਼ਾਂ ਦੀਆਂ ਇਤਿਹਾਸਕ ਤੇ ਮਿਥਿਹਾਸਕ ਕਹਾਣੀਆਂ ਵਿਚ ਪਹਿਲਵਾਨਾਂ ਦਾ ਉਚੇਚਾ ਜ਼ਿਕਰ ਆਉਂਦਾ ਹੈ। ਯੂਨਾਨੀ ਕਵੀ ਹੋਮਰ ਦੀ ਪੁਸਤਕ 'ਇਲੀਅਦ' ਬੀਰ ਕਥਾਵਾਂ ਨਾਲ ਭਰੀ ਪਈ ਹੈ। ਯੂਨਾਨੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਦੇਵ ਨਾਇਕ ਐਟਲਸ ਨੇ ਧਰਤੀ ਨੂੰ ਹੀ ਮੋਢਿਆਂ 'ਤੇ ਚੁੱਕ ਲਿਆ ਸੀ। ਬਾਅਦ ਵਿਚ ਉਹਦੇ ਨਾਂ ਉਤੇ ਬਹੁਤ ਸਾਰੀਆਂ ਵਸਤਾਂ ਦੇ ਨਾਂ 'ਐਟਲਸ' ਰੱਖੇ ਗਏ, ਜਿਵੇਂ ਐਟਲਸ ਬਾਈਸਾਈਕਲ। ਤਿੰਨ ਹਜ਼ਾਰ ਸਾਲ ਪਹਿਲਾਂ ਲਿਖੀ ਗਈ ਪੁਸਤਕ ਇਲੀਅਦ ਵਿਚ ਐਟਲਸ ਤੋਂ ਬਿਨਾ ਹਰਕੂਲੀਸ, ਜਿਊਅਸ, ਯੂਲੀਸਿਸ ਤੇ ਅਜੈਕਸ ਆਦਿ ਦੈਵੀ ਨਾਇਕਾਂ ਦਾ ਵੇਰਵਾ ਮਿਲਦਾ ਹੈ। ਉਨ੍ਹਾਂ ਦੀ ਬੀਰਤਾ ਦੀਆਂ ਕਥਾਵਾਂ ਸਰੋਤਿਆਂ ਨੂੰ ਤਾਕਤਵਰ, ਪਹਿਲਵਾਨ, ਸੂਰਮੇ ਤੇ ਦੀਨ ਦੁਨੀ ਦੇ ਰਾਖੇ ਬਣਨ ਲਈ ਪ੍ਰੇਰਦੀਆਂ ਹਨ। ਪਲੈਟੋ ਦੀਆਂ ਲਿਖਤਾਂ ਵਿਚ ਜਿਸਮਾਨੀ ਤਾਕਤ ਦਾ ਉਚੇਚਾ ਬਿਰਤਾਂਤ ਹੈ। ਯੂਨਾਨੀ ਦਾਰਸ਼ਨਿਕਾਂ ਨੇ ਸਰੀਰਕ ਬਲ ਨੂੰ ਬੜਾ ਵਡਿਆਇਆ ਅਤੇ ਕਰਾਮਾਤੀ ਕਿਹਾ ਹੈ। ਸਰੀਰਕ ਬਲ ਬਿਨਾ ਜਿੱਤਾਂ ਨਹੀਂ ਜਿੱਤ ਹੁੰਦੀਆਂ। ਸਪਾਰਟਾ ਵਾਸੀ ਸਰੀਰਕ ਬਲ ਨੂੰ ਧਾਰਮਿਕ ਤੌਰ 'ਤੇ ਵੀ ਜੀਵਨ ਦਾ ਜ਼ਰੂਰੀ ਉਦੇਸ਼ ਮੰਨਦੇ ਸਨ।

ਹੋਮਰ ਨੇ ਆਪਣੇ ਮਹਾਨ ਕਾਵਿ ਇਲੀਅਦ ਵਿਚ ਓਡੀਸਿਸ ਤੇ ਅਜੈਕਸ ਵਰਗੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਦਾ ਵਰਣਨ ਕੀਤਾ ਹੈ। ਛੇਵੀਂ ਪੂਰਵ ਈਸਵੀ ਵਿਚ ਪੁਰਾਤਨ ਓਲੰਪਿਕ ਖੇਡਾਂ ਵਿਚ ਇਕ ਅਜਿਹੀ ਕੁਸ਼ਤੀ ਘੁਲੀ ਜਾਂਦੀ ਸੀ, ਜਿਸ ਵਿਚ ਹਾਰ ਰਿਹਾ ਖਿਡਾਰੀ ਜਦੋਂ ਤਕ ਹੱਥ ਖੜ੍ਹਾ ਨਾ ਕਰੇ, ਉਦੋਂ ਤਕ ਉਹ ਹਾਰਿਆ ਨਹੀਂ ਸੀ ਸਮਝਿਆ ਜਾਂਦਾ। ਇਸ ਕੁਸ਼ਤੀ ਨੂੰ ਪੰਕਰਾਜਨ ਕਹਿੰਦੇ ਸਨ। ਇਹਦੇ ਵਿਚ ਅੱਖਾਂ ਕੱਢਣ, ਉਂਗਲਾਂ ਤੋੜਨ ਤੇ ਚੱਕ ਮਾਰਨ ਦੀ ਹੀ ਮਨਾਹੀ ਸੀ, ਬਾਕੀ ਸਭ ਕੁਝ ਜਾਇਜ਼ ਸੀ। ਯੂਨਾਨੀ ਪਹਿਲਵਾਨ ਅਰੈਚਨ ਇਕ ਘੋਲ ਵਿਚ ਆਪਣੇ ਵਿਰੋਧੀ ਨਾਲ ਅਜਿਹਾ ਗੁੱਥਮਗੁਥਾ ਹੋਇਆ ਕਿ ਦੋਵੇਂ ਮਰਨਹਾਰੇ ਹੋ ਗਏ। ਅਰੈਚਨ ਮਰਨੀ ਮਰ ਗਿਆ, ਪਰ ਹੱਥ ਨਾ ਚੁੱਕਿਆ। ਅਰੈਚਨ ਦੀ ਜਾਨ ਨਿਕਲਣ ਲੱਗੀ ਤਾਂ ਅਰੈਚਨ ਦੇ ਵਿਰੋਧੀ ਨੇ ਹੱਥ ਖੜ੍ਹਾ ਕਰ ਦਿੱਤਾ। ਜਦੋਂ ਉਹ ਅੱਡੋ ਅੱਡ ਕੀਤੇ ਤਾਂ ਅਰੈਚਨ ਲਾਸ਼ ਬਣਿਆ ਹੋਇਆ ਸੀ। ਉਸ ਨੇ ਹੱਥ ਉਠਾ ਕੇ ਹਾਰ ਨਹੀਂ ਸੀ ਮੰਨੀ, ਇਸ ਲਈ ਜੱਜਾਂ ਨੇ ਮੋਏ ਅਰੈਚਨ ਨੂੰ ਜੇਤੂ ਕਰਾਰ ਦਿੱਤਾ ਤੇ ਉਸ ਦੇ ਸਿਰ ਉਤੇ ਜੈਤੂਨ ਦੀਆਂ ਲਗਰਾਂ ਦਾ ਮੁਕਟ ਸਜਾਇਆ ਗਿਆ।

ਕੁਸ਼ਤੀ ਸਦੀਆਂ ਪੁਰਾਣੀ ਖੇਡ ਹੈ। ਮਿਸਰ ਵਿਚ ਪਹਿਲਵਾਨੀ ਕਰਨ ਦੇ ਪੰਜ ਹਜ਼ਾਰ ਸਾਲ ਪੁਰਾਣੇ ਸਬੂਤ ਮਿਲਦੇ ਹਨ। ਖੋਜੀਆਂ ਨੇ ਕੁਸ਼ਤੀ ਦਾ ਇਤਿਹਾਸ ਪੰਜ ਹਜ਼ਾਰ ਵਰ੍ਹੇ ਪਹਿਲਾਂ ਦਾ ਖੋਜਿਆ ਹੈ। ਮੈਸੋਪੋਟਾਮੀਆ ਵਿਚੋਂ 3000 ਪੂ: ਈ: ਦੀ ਬਣੀ ਤਾਂਬੇ ਦੀ ਇਕ ਤਸ਼ਤਰੀ ਮਿਲੀ ਹੈ, ਜਿਸ ਉਤੇ ਦੋ ਪਹਿਲਵਾਨ ਕੁਸ਼ਤੀ ਕਰਦੇ ਉਕਰੇ ਹੋਏ ਹਨ। ਮਿਸਰ ਵਿਚ ਨੀਲ ਨਦੀ ਦੇ ਕੰਢੇ ਬੇਨੀ ਹਸਨ ਦੇ ਇਕ ਮਕਬਰੇ ਦੀਆਂ ਕੰਧਾਂ ਉਤੇ ਕੁਸ਼ਤੀ ਕਰਦੇ ਮੱਲਾਂ ਦੇ ਚਿੱਤਰ ਵਾਹੇ ਮਿਲੇ ਹਨ। ਇਨ੍ਹਾਂ ਚਿੱਤਰਾਂ ਦੀ ਉਮਰ ਸਾਢੇ ਚਾਰ ਹਜ਼ਾਰ ਸਾਲ ਅੰਕੀ ਗਈ ਹੈ। ਭਾਰਤ ਦੇ ਪ੍ਰਾਚੀਨ ਗ੍ਰੰਥ ਰਿਗ ਵੇਦ, ਰਾਮਾਇਣ ਤੇ ਮਹਾਂਭਾਰਤ ਵਿਚ ਵੀ ਬਾਹੂਬਲੀਆਂ ਦੀ ਮਹਿਮਾ ਤੇ ਮੱਲ-ਯੁੱਧ ਦਾ ਜ਼ਿਕਰ ਆਉਂਦਾ ਹੈ। ਮੈਦਾਨਿ ਜੰਗ ਵਿਚ ਉਨ੍ਹਾਂ ਦੀਆਂ ਗੁਰਜਾਂ/ਗਦਾਵਾਂ ਖੜਕਦੀਆਂ ਸਨ।

ਚੀਨ 'ਚ 700 ਪੂ: ਈ: ਵਿਚ ਕੁਸ਼ਤੀ ਪ੍ਰਚਲਿਤ ਸੀ। 704 ਪੂ: ਈ: ਵਿਚ ਪੁਰਾਤਨ ਓਲੰਪਿਕ ਖੇਡਾਂ ਦੀ 18ਵੀਂ ਓਲਿੰਪੀਅਦ ਵਿਚ ਕਰੋਟੋਨ ਦਾ ਦਿਓ ਕੱਦ ਪਹਿਲਵਾਨ ਮੀਲੋ ਓਲੰਪਿਕ ਚੈਂਪੀਅਨ ਬਣਿਆ। ਮਿੱਥ ਹੈ ਕਿ ਮੀਲੋ ਮੁੱਕਾ ਮਾਰ ਕੇ ਸਾਨ੍ਹ ਮਾਰ ਦਿੰਦਾ ਸੀ ਤੇ ਅੱਠਾਂ ਪਹਿਰਾਂ 'ਚ ਉਹਨੂੰ ਖਾ ਵੀ ਜਾਂਦਾ ਸੀ। ਭਾਰਤ 'ਚ ਸਾਢੇ ਤਿੰਨ ਹਜ਼ਾਰ ਸਾਲ ਪਹਿਲਾਂ ਕੁਸ਼ਤੀਆਂ ਸ਼ੁਰੂ ਹੋ ਚੁਕੀਆਂ ਸਨ।

ਛਿੰਝ ਸ਼ਬਦ ਮੱਲ ਅਖਾੜਾ, ਮੱਲ ਯੁੱਧ, ਘੋਲ, ਦੰਗਲ, ਕੁਸ਼ਤੀ ਲਈ ਵਰਤਿਆ ਜਾਂਦਾ ਹੈ। ਗੁਰਮਤਿ ਦੇ ਕਵੀਆਂ ਨੇ ਤੇ ਸੂਫੀ ਕਵੀਆਂ ਨੇ ਆਪਣੇ ਕਲਾਮ ਵਿਚ ਅਤੇ ਕਿੱਸਾਕਾਰਾਂ ਨੇ ਆਪਣੇ ਕਿੱਸਿਆਂ ਵਿਚ ਇਸ ਸ਼ਬਦ ਦੀ ਵਰਤੋਂ ਆਪੋ ਆਪਣੇ ਅੰਦਾਜ਼ ਵਿਚ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਛਿੰਝ ਸ਼ਬਦ ਵਰਤਿਆ ਗਿਆ ਹੈ। ਛਿੰਝ ਮੇਲਿਆਂ ਦਾ ਇਤਿਹਾਸ ਕੁਸ਼ਤੀ ਦੇ ਜਨਮ ਨਾਲ ਹੀ ਮੰਨਿਆ ਗਿਆ ਹੈ। ਭਾਰਤ ਵਿਚ ਇਸ ਨੂੰ ਕਈ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਪੰਜਾਬ ਵਿਚ ਛਿੰਝ, ਹਰਿਆਣਾ ਵਿਚ ਛੁੱਟੀ ਬੋਲਣਾ, ਮਹਾਰਾਸ਼ਟਰ ਵਿਚ ਹਗਾਮਾ, ਹਿਮਾਚਲ ਵਿਚ ਮਾਲੀ ਦੀ ਕੁਸ਼ਤੀ ਅਤੇ ਭਾਰਤ ਦੇ ਵਧੇਰੇ ਹਿੱਸਿਆਂ ਵਿਚ ਇਸ ਨੂੰ ਦੰਗਲ ਕਿਹਾ ਜਾਂਦਾ ਹੈ। ਦੰਗਲ ਟਿਕਟ ਰੱਖ ਕੇ ਕਰਵਾਏ ਜਾਂਦੇ ਹਨ, ਜਦ ਕਿ ਛਿੰਝ ਬਿਨਾ ਟਿਕਟ ਤੋਂ ਪੁਆਈ ਜਾਂਦੀ ਹੈ। ਛਿੰਝਾਂ ਵਿਚ ਬਦਾਮਾਂ ਦੀਆਂ ਬੋਰੀਆਂ ਤੋਂ ਲੈ ਕੇ ਘਿਉ ਦੇ ਘੜੇ, ਮੱਝਾਂ, ਘੋੜੀਆਂ, ਸੋਨੇ ਦੇ ਕੜੇ ਕੈਂਠੇ, ਮੁੰਦਰੀਆਂ ਤੇ ਨਕਦ ਇਨਾਮ ਦਿੱਤੇ ਜਾਂਦੇ ਹਨ।

ਪੰਜਾਬ ਵਿਚ ਲੋਕਾਂ ਨੇ ਛਿੰਝ ਨੂੰ ਕਿਸੇ ਨਾ ਕਿਸੇ ਰੀਤੀ-ਰਿਵਾਜ ਨਾਲ ਵੀ ਜੋੜਿਆ ਹੋਇਆ ਹੈ। ਜਦੋਂ ਔੜ ਲੱਗ ਜਾਵੇ ਤਾਂ ਬਹੁਤ ਸਾਰੇ ਪਿੰਡਾਂ ਦੇ ਲੋਕ ਵਰਖਾ ਦੀ ਕਾਮਨਾ ਕਰਦੇ ਹੋਏ ਛਿੰਝ ਸੁੱਖਦੇ ਹਨ। ਬਹੁਤ ਸਾਰੇ ਪਿੰਡਾਂ ਦੇ ਲੋਕ ਆਪਣੇ ਡੰਗਰਾਂ ਦੀ ਸੁੱਖ ਲਈ ਛਿੰਝ ਪੁਆਂਦੇ ਹਨ। ਪੁਰਾਣੇ ਬੰਦੇ ਪਹਿਲਵਾਨਾਂ ਨੂੰ ਸਾਧਾਂ ਸੰਤਾਂ ਦਾ ਰੂਪ ਮੰਨਦੇ ਸਨ ਅਤੇ ਛਿੰਝ ਵਿਚ ਘੁਲਣ ਆਏ ਪਹਿਲਵਾਨਾਂ ਦੀ ਗੋਦੀ ਵਿਚ ਆਪਣੀ ਨਵਜੰਮੀ ਸੰਤਾਨ ਨੂੰ ਪਾ ਕੇ ਬੱਚਿਆਂ ਦੀ ਸੁੱਖ ਮੰਗਦੇ ਸਨ। ਛਿੰਝਾਂ ਵਿਚ ਝੰਡੀ ਦੀ ਕੁਸ਼ਤੀ ਨਾਲ ਰੁਪਏ ਬੰਨ੍ਹ ਕੇ ਪਿੜ ਵਿਚ ਘੁਮਾਇਆ ਜਾਂਦਾ ਹੈ ਤੇ ਜਿਹੜੇ ਦੋ ਪਹਿਲਵਾਨ ਇਸ ਨੂੰ ਹੱਥ ਲਾ ਦੇਣ, ਉਨ੍ਹਾਂ ਨੂੰ ਝੰਡੀ ਦੀ ਕੁਸ਼ਤੀ ਲਈ ਘੁਲਾ ਦਿੱਤਾ ਜਾਂਦਾ ਹੈ। ਭਾਰਤੀ ਕੁਸ਼ਤੀ ਨੂੰ ਪ੍ਰਫੁੱਲਤ ਕਰਨ ਵਿਚ ਛਿੰਝ ਮੇਲਿਆਂ ਦੀ ਅਹਿਮ ਭੂਮਿਕਾ ਰਹੀ ਹੈ। ਦੁਆਬੇ ਵਿਚ ਪੈਣ ਵਾਲੀਆਂ ਮਸ਼ਹੂਰ ਛਿੰਝਾਂ ਵਿਚ ਰੂਪੋਵਾਲ, ਸਰੀਂਹ, ਸ਼ੰਕਰ, ਕੋਟ ਬਾਦਲ ਖਾਂ, ਨੂਰਮਹਿਲ, ਹਕੀਮਪੁਰ, ਗੜ੍ਹੀ ਅਜੀਤ ਸਿੰਘ ਤੇ ਬਿਲਗਾ ਆਦਿ ਦੀਆਂ ਛਿੰਝਾਂ ਸ਼ਾਮਲ ਹਨ। ਮਾਝੇ ਵਿਚ ਬੱਬੇਹਾਲੀ ਦੀ ਛਿੰਝ ਬਹੁਤ ਮਸ਼ਹੂਰ ਹੈ। ਕਰੀਬ ਤਿੰਨ ਸੌ ਸਾਲ ਪਹਿਲਾਂ ਬਾਬਾ ਲੱਖ ਦਾਤਾ ਨਾਂ ਦਾ ਫਕੀਰ ਪਿੰਡ ਬੱਬੇਹਾਲੀ ਵਿਚ ਆ ਵਸਿਆ। ਪਿੰਡ ਦੇ ਬਾਹਰਵਾਰ ਉਸ ਨੇ ਇਕ ਅਖਾੜਾ ਤਿਆਰ ਕਰਵਾ ਦਿੱਤਾ, ਜਿਥੇ ਪਿੰਡ ਦੇ ਛੋਟੇ ਬੱਚੇ ਤੇ ਗਭਰੀਟ ਕੁਸ਼ਤੀ ਲੜਦੇ ਸਨ। ਫਿਰ ਇਸ ਜਗ੍ਹਾ ਛਿੰਝ ਪੈਣੀ ਸ਼ੁਰੂ ਹੋ ਗਈ, ਜਿਸ ਬਾਰੇ ਕਿਹਾ ਜਾਂਦਾ ਹੈ: ਬੱਬੇਹਾਲੀ ਦੀ ਛਿੰਝ ਮਸ਼ਹੂਰ ਜੱਗ 'ਤੇ, ਜਿਥੇ ਮੁੱਲ ਪੈਂਦਾ ਮਰਦਾਂ ਘੋੜਿਆਂ ਦਾ। ਮਾਝੇ ਵਿਚ ਕਿਰਲਗੜ੍ਹ, ਬੱਚੀ ਪਿੰਡ, ਸੁਰਸਿੰਘ, ਭਾਗੋਵਾਲ, ਪਿੱਦੀ, ਸੇਰੋਂ, ਮਹਿਲ ਬੁਖਾਰੀ ਤੇ ਗੁਰੂਸਰ ਸੁਲਤਾਨੀ ਦੀਆਂ ਛਿੰਝਾਂ ਵੀ ਅੱਵਲ ਦਰਜੇ ਦੀਆਂ ਮੰਨੀਆਂ ਜਾਂਦੀਆਂ ਹਨ। ਮਾਲਵੇ ਵਿਚ ਸਮਰਾਲਾ, ਜਗਰਾਓਂ, ਅਕਬਰਪੁਰ, ਰਾੜਾ ਸਾਹਿਬ, ਤੱਖਰਾ ਭਰਤਗੜ੍ਹ, ਬੜਾ ਪਿੰਡ, ਖਿਜਰਾਬਾਦ, ਆਲਮਗੀਰ ਤੇ ਹੋਰ ਬਹੁਤ ਸਾਰੀਆਂ ਛਿੰਝਾਂ ਪ੍ਰਸਿੱਧ ਹਨ।

'ਕੁਸ਼ਤੀ ਦੇ ਧਨੰਤਰ' ਪੁਸਤਕ ਨੂੰ ਬਰੈਕਟ ਵਿਚ 'ਕੁਸ਼ਤੀ ਦਾ ਸਫਰਨਾਮਾ' ਲਿਖਿਆ ਗਿਆ ਹੈ। ਪੁਰਾਣੇ ਜ਼ਮਾਨੇ ਵਿਚ ਹਿੰਦੋਸਤਾਨ 'ਚ ਰੁਸਤਮੇ ਜਮਾਂ, ਕੁਤਬਿ ਜਮਾਂ, ਦੇਵੇ ਹਿੰਦ, ਰੁਸਤਮੇ ਹਿੰਦ, ਆਫਤਾਬੇ ਹਿੰਦ, ਸ਼ੇਰੇ ਹਿੰਦ, ਸ਼ਾਨੇ ਹਿੰਦ ਆਦਿ ਖਿਤਾਬ ਹੁੰਦੇ ਸਨ। ਪ੍ਰੇਮ ਸਿੰਘ ਉਰਫ ਪਹਿਲਵਾਨ ਕਿੱਕਰ ਸਿੰਘ ਦੇਵੇ ਹਿੰਦ ਸੀ। ਰਮਜ਼ੀ ਪਹਿਲਵਾਨ ਦਹਿਰ ਉਲ ਹੱਕ ਸੀ। ਹਿੰਦ ਵਿਚ ਵਰਤਮਾਨ ਕੁਸ਼ਤੀ ਦਾ ਮੋਢੀ ਉਸਤਾਦ ਨੂਰਉਦੀਨ ਨੂੰ ਮੰਨਿਆ ਜਾਂਦਾ ਹੈ। ਉਹ ਕੁਤਬਿ ਜਮਾ ਸੀ। ਦੰਦ ਕਥਾ ਤੁਰੀ ਆਉਂਦੀ ਹੈ ਕਿ ਉਹ ਨਿੱਤ ਪੰਜ ਹਜ਼ਾਰ ਡੰਡ ਤੇ ਪੰਜ ਹਜ਼ਾਰ ਬੈਠਕਾਂ ਕੱਢਦਾ ਸੀ ਤੇ ਘੰਟਿਆਂ ਬੱਧੀ ਖੂਹ ਗੇੜਦਾ ਸੀ। ਖਲੀਫਾ ਅਬਦੁੱਰਹੀਮ ਨੇ ਰਾਹ ਜਾਂਦਿਆਂ ਰੁੱਖ ਪੁੱਟ ਦਿੱਤਾ ਸੀ, ਜਿਥੇ ਹਰ ਸਾਲ ਮੇਲਾ ਲੱਗਦਾ ਹੈ ਤੇ ਭਲਵਾਨ ਦੀਆਂ ਵਸਤਾਂ ਦੇ ਦਰਸ਼ਨ ਕਰਾਏ ਜਾਂਦੇ ਹਨ।

ਖਲੀਫਾ ਚਰਾਗਉਦੀਨ ਦੇਵੇ ਹਿੰਦ ਸਾਢੇ ਸੱਤ ਫੁੱਟਾ ਤੇ ਰਮਜ਼ੀ ਅੱਠ ਫੁੱਟਾ ਭਲਵਾਨ ਸੀ। ਉਨ੍ਹਾਂ ਨੂੰ ਛਿੰਝਾਂ 'ਤੇ ਲਿਜਾਂਦਿਆਂ ਘੋੜੀਆਂ ਬਦਲਣੀਆਂ ਪੈਂਦੀਆਂ ਸਨ। ਬਾਬਾ ਫਤਿਹ ਸਿੰਘ ਰੁਸਤਮੇ ਹਿੰਦ ਨੇ ਖੂਹ 'ਚ ਡਿੱਗੀ ਡਾਚੀ 'ਕੱਲੇ ਨੇ ਬਾਹਰ ਖਿੱਚ ਲਈ ਸੀ। ਪਹਿਲਵਾਨ ਅਲੀਏ ਨੇ ਖੁਦ ਜੂਲੇ ਜੁੜ ਕੇ ਖੁੱਭਿਆ ਗੱਡਾ ਕੱਢ ਲਿਆ ਸੀ। ਸਦੀਕਾ ਅੰਬਰਸਰੀਆ ਬੜਾ ਤਕੜਾ ਪਹਿਲਵਾਨ ਸੀ। ਮਹਾਰਾਜਾ ਸ਼ੇਰ ਸਿੰਘ ਨੂੰ ਕੁਸ਼ਤੀਆਂ ਦਾ ਸ਼ੌਕ ਸੀ ਤੇ ਖੁਦ ਮੂੰਗਲੀਆਂ ਫੇਰਦਾ ਹੁੰਦਾ ਸੀ। ਜਿੱਦਣ ਸੰਧਾਵਾਲੀਆਂ ਨੇ ਬੰਦੂਕ ਭੇਟ ਕਰਦਿਆਂ ਸ਼ੇਰ ਸਿੰਘ ਦੇ ਗੋਲੀ ਮਾਰੀ, ਉੱਦਣ ਮਹਾਰਾਜਾ ਸ਼ਾਹ

(ਬਾਕੀ ਅਗਲੇ ਸਫੇ 'ਤੇ)

# ਪਾਕਿਸਤਾਨੀ ਪੰਜਾਬੀ ਕਹਾਣੀ ਦੀ ਸਤਰੰਗੀ

## ਲਹਿੰਦੇ ਪੰਜਾਬ ਦੀਆਂ ਚੋਣਵੀਆਂ ਪੰਜਾਬੀ ਕਹਾਣੀਆਂ

**ਪੁਸਤਕ ਚਰਚਾ**

**ਰਵਿੰਦਰ ਸਿੰਘ ਸੋਢੀ, ਕੈਨੇਡਾ**
ravindersodhi51@gmail.com

ਪਾਕਿਸਤਾਨ ਵਿਚ ਵੀ ਪੰਜਾਬੀ ਭਾਸ਼ਾ ਦਾ ਵਧੀਆ ਸਾਹਿਤ ਰਚਿਆ ਜਾ ਰਿਹਾ ਹੈ। ਕਵਿਤਾ, ਕਹਾਣੀ, ਨਾਵਲ, ਨਾਟਕ ਆਦਿ ਸਭ ਲਿਖਿਆ ਜਾ ਰਿਹਾ ਹੈ। ਸਾਡੇ ਪੰਜਾਬ ਦੀ ਪੰਜਾਬੀ ਨਾਲੋਂ ਪੱਛਮੀ ਪੰਜਾਬ ਦੀ ਪੰਜਾਬੀ ਜ਼ਿਆਦਾ ਠੇਠ ਹੈ। ਉਨ੍ਹਾਂ ਦੇ ਮੂੰਹੋਂ ਪੰਜਾਬੀ ਸੁਣ ਕੇ ਵੀ ਮਜਾ ਆਉਂਦਾ ਹੈ ਅਤੇ ਉਨ੍ਹਾਂ ਦੀ ਪੰਜਾਬੀ ਪੜ੍ਹ ਕੇ ਵੀ। ਜੇ ਸਾਡੀ ਪੰਜਾਬੀ ਵਿਚ ਹਿੰਦੀ ਅਤੇ ਅੰਗਰੇਜ਼ੀ ਦੇ ਸ਼ਬਦ ਰੜਕਦੇ ਹਨ ਤਾਂ ਉਨ੍ਹਾਂ ਦੀ ਪੰਜਾਬੀ ਵਿਚ ਉਰਦੂ ਕੁਝ ਭਾਰੀ ਹੁੰਦਾ ਹੈ; ਪਰ ਅਜੋਕੇ ਸਮੇਂ ਵਿਚ ਭਾਸ਼ਾਵਾਂ ਵਿਚ ਅਜਿਹੇ ਰਲਾ ਤੋਂ ਬਚਣਾ ਮੁਸ਼ਕਿਲ ਹੀ ਹੈ।

ਮੇਰੇ ਸਾਹਮਣੇ ਡਾ. ਹਰਬੰਸ ਸਿੰਘ ਧੀਮਾਨ ਦੀ ਲਿਪੀਅੰਤਰ ਅਤੇ ਸੰਪਾਦਕ ਕੀਤੀ ਲਹਿੰਦੇ ਪੰਜਾਬ ਦੇ ਕਹਾਣੀਕਾਰਾਂ ਦੀ ਕਿਤਾਬ ਪਈ ਹੈ, ਜੋ ਮੈਨੂੰ ਨਿਊ ਵੈਸਟਮਿੰਸਟਰ (ਵੈਨਕੂਵਰ) ਦੀ ਪਬਲਿਕ ਲਾਇਬ੍ਰੇਰੀ ਵਿਚੋਂ ਮਿਲੀ। ਮੈਂ ਬੱਚਿਆਂ ਨਾਲ ਲਾਇਬ੍ਰੇਰੀ ਗਿਆ। ਉਹ ਆਪਣੀਆਂ ਕਿਤਾਬਾਂ ਲੱਭ ਰਹੇ ਸਨ। ਮੈਂ ਵੀ ਲਾਇਬ੍ਰੇਰੀ ਦਾ ਚੱਕਰ ਲਾਉਣ ਲੱਗਿਆ। ਲਾਇਬ੍ਰੇਰੀ ਬਹੁਤੀ ਵੱਡੀ ਤਾਂ ਨਹੀਂ, ਪਰ ਫਿਰ ਵੀ ਪੜ੍ਹਨ ਯੋਗ ਬਹੁਤ ਕਿਤਾਬਾਂ ਹਨ। ਮੈਨੂੰ ਪਤਾ ਸੀ ਕਿ ਕੈਨੇਡਾ ਦੀ ਕਰੀਬ ਹਰ ਲਾਇਬ੍ਰੇਰੀ ਵਿਚ ਹੀ ਪੰਜਾਬੀ ਦੀਆਂ ਕਿਤਾਬਾਂ ਜਰੂਰ ਹੁੰਦੀਆਂ ਹਨ। ਮੈਂ ਪੰਜਾਬੀ ਕਿਤਾਬਾਂ ਦੀ ਅਲਮਾਰੀ ਕੋਲ ਪਹੁੰਚ ਗਿਆ। ਉਥੇ ਪਈਆਂ ਕੁਝ ਕਿਤਾਬਾਂ ਮੈਂ ਪੜ੍ਹੀਆਂ ਹੋਈਆਂ ਹਨ। ਕਿਤਾਬਾਂ ਦੇਖਦੇ ਦੇਖਦੇ ਮੇਰੀ ਨਜ਼ਰ ਲਹਿੰਦੇ ਪੰਜਾਬ ਦੀਆਂ ਕਹਾਣੀਆਂ ਵਾਲੀ ਪੁਸਤਕ 'ਤੇ ਗਈ। ਮੈਂ ਕਿਤਾਬ ਦਾ ਤਤਕਰਾ ਪੜ੍ਹਨ ਲੱਗਿਆ। ਮੈਨੂੰ ਹੈਰਾਨੀ ਹੋਈ ਕਿ ਸੰਪਾਦਕ ਨੇ 224 ਪੰਨਿਆਂ ਦੀ ਪੁਸਤਕ ਵਿਚ ਛੇ ਕਹਾਣੀਕਾਰਾਂ ਦੀਆਂ ਛੇ-ਛੇ ਕਹਾਣੀਆਂ ਦਰਜ ਕੀਤੀਆਂ ਹਨ। ਸੋ ਇਕ ਕਿਤਾਬ ਪੜ੍ਹ ਕੇ ਹੀ ਛੱਤੀ ਕਹਾਣੀਆਂ ਦਾ ਅਨੰਦ ਮਾਣਿਆ ਜਾ ਸਕਦਾ ਸੀ। ਇਨ੍ਹਾਂ ਛੇ ਕਹਾਣੀਕਾਰਾਂ 'ਚੋਂ ਮੈਂ ਕਿਸੇ ਦੀ ਵੀ ਕੋਈ ਕਹਾਣੀ ਨਹੀਂ ਸੀ ਪੜ੍ਹੀ ਹੋਈ। ਸੋ ਮੈਂ ਵੀ ਇਹ ਕਿਤਾਬ ਆਪਣੇ ਪੜ੍ਹਨ ਲਈ ਲੈ ਆਇਆ। ਸੰਪਾਦਕ ਦੀ ਦਰਜ ਇਹ ਟਿੱਪਣੀ ਨੇ ਵੀ ਮੈਨੂੰ ਪ੍ਰਭਾਵਿਤ ਕੀਤਾ, "ਇਸ ਸੰਗ੍ਰਹਿ ਵਿਚ ਉਹ ਕਹਾਣੀਕਾਰ ਲਏ ਗਏ ਹਨ, ਜਿਹੜੇ ਆਪਣੀਆਂ ਕਹਾਣੀਆਂ ਵਿਚ ਆਪਣੇ ਹੀ ਛੇ ਰੰਗ ਪੇਸ਼ ਕਰਦੇ ਹਨ; ਜਿਸ ਵਿਚੋਂ ਇਕ ਨਵੀਂ ਅਤੇ ਇਕ ਨਿੱਘਰ ਸੋਚ ਬਣਾਈ ਜਾ ਸਕੇ, ਕਿਉਂ ਜੋ ਪੌਣਾ ਸਦੀ ਦੇ ਵਕਫੇ ਬਾਅਦ ਇਕ ਨਵੀਂ ਸੋਚ, ਆਲੋਚਨਾ ਦ੍ਰਿਸ਼ਟੀ ਅਤੇ ਸਭਿਆਚਾਰਕ ਸਾਂਝ ਪੈਦਾ ਕਰਕੇ ਇਸ ਖਿੱਤੇ ਵਿਚ ਵੰਡੇ ਦੋ ਧਰਾਤਲਾਂ ਦੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਸਮਝਣ ਅਤੇ ਨਵੇਂ ਪੈਂਡੇ ਉਸਾਰਨ ਵਿਚ ਮਦਦ ਮਿਲੇ।"

ਪ੍ਰਸਤੁਤ ਕਹਾਣੀ ਸੰਗ੍ਰਹਿ ਵਿਚ ਪਰਵੀਨ ਮਲਿਕ (ਲੰਮੀਆਂ ਵਾਟਾਂ, ਰੋਟੀ ਮੇਰੀ ਕਾਠ ਦੀ, ਜ਼ਾਤ ਬਰਾਦਰੀ, ਬਾਰਾਂ ਵਰਿਆਂ ਦਾ ਪੰਧ, ਏਥੇ ਕਿਵੇਂ ਗੁਜ਼ਾਰਨੇ ਜ਼ਿੰਦਗੀ ਨੂੰ, ਤਾਰੇ ਲਾਹਣੀ); ਜਮੀਲ ਅਹਿਮਦ ਪਾਲ (ਸ਼ਰੀਕੇ ਦੀ ਕਾਰ, ਆਪੋ ਆਪਣ ਖੂਹ, ਤਲਾਕ, ਬੱਜਲ, ਮਾਮੇ ਦੀ ਧੀ, ਰਾਇਲਟੀ); ਮਕਸੂਦ ਸਾਹਿਬ (ਸ਼ਹੀਦ, ਸੁੱਚਾ ਤਿੱਲਾ, ਲੂਹ, ਚੂ ਚੂ, ਸਵੈਟਰਾਂ ਵਾਲਾ, ਮੋਰਨੀ); ਫਰਹਾਦ ਖਾਲਿਦ ਧਾਰੀਵਾਲ (ਖਾਲੀ ਬੰਦਾ, ਮਾਸ, ਮਿੱਟੀ ਤੇ ਮਾਇਆ, ਘਰ, ਕਥਾ ਕਲਯੁੱਗ ਦੀ, ਵਟਾਂਦਰਾ); ਮਲਿਕ ਮਿਹਰ ਅਲੀ (ਹਿਜਰਤ, ਤਾਂਘ, ਕਬਰਸਤਾਨ ਦੀ ਭੀੜ, ਚਿੱਟਾ ਲਹੂ, ਪੁੱਠੀ ਤਾਰੀ, ਮਿੱਟੀ ਦੇ ਸੰਗਲ); ਕਰਾਮਾਤ ਅਲੀ ਮੁਗਲ (ਨਬੇੜਾ, ਤੂੰ, ਕਹਾਣੀ ਤੇ ਮੈਂ, ਭਾਰ, ਬੋਟੀ, ਮੁਅਜਜ਼ਾ, ਗੁੰਝਲਾਂ) ਦੀਆਂ ਕਹਾਣੀਆਂ ਸ਼ਾਮਲ ਹਨ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਕਈ ਰੰਗਾਂ ਦੀਆਂ ਕਹਾਣੀਆਂ ਹਨ। ਸਧਾਰਨ ਕਹਾਣੀਆਂ, ਵਧੀਆ, ਬਹੁਤ ਵਧੀਆ, ਪੜ੍ਹਨ ਤੋਂ ਬਾਅਦ ਯਾਦ ਰਹਿਣ ਵਾਲੀਆਂ, ਪ੍ਰਤੀਕਆਤਮਕ, ਮਨੋਵਿਗਿਆਨਕ, ਐਬਸਰਡ ਸ਼ੈਲੀ ਦੀਆਂ, ਚੇਤਨ ਪ੍ਰਵਾਹ ਵਿਧੀ ਦੀਆਂ। ਇਸ ਤੋਂ ਸਹਿਜੇ ਹੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪਾਕਿਸਤਾਨ ਦੀ ਪੰਜਾਬੀ ਕਹਾਣੀ ਪ੍ਰੋੜ ਅਵਸਥਾ 'ਤੇ ਪਹੁੰਚ ਚੁਕੀ ਹੈ ਅਤੇ ਕਹਾਣੀਕਾਰਾਂ ਦੀ ਸ਼ੈਲੀ ਪ੍ਰਭਾਵਸ਼ਾਲੀ ਹੈ। ਸੰਪਾਦਕ ਨੇ ਵੀ ਕਹਾਣੀਆਂ ਦੀ ਚੋਣ ਵੇਲੇ ਕਹਾਣੀਕਲਾ ਦੇ ਮਾਪਦੰਡਾਂ ਨੂੰ ਸਾਹਮਣੇ ਰੱਖਿਆ ਹੈ। ਇਨ੍ਹਾਂ ਕਹਾਣੀਆਂ ਤੋਂ ਇਕ ਗੱਲ ਹੋਰ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬੀਆਂ ਦੀਆਂ ਸਮੱਸਿਆਵਾਂ ਕਰੀਬ ਕਰੀਬ ਇਕੋ ਹਨ ਤੇ ਇਨ੍ਹਾਂ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਵੀ ਇਕੋ ਜਿਹਾ ਹੀ ਹੈ। ਮਸਲਨ ਊਚ-ਨੀਚ (ਜ਼ਾਤ-ਬਰਾਦਰੀ), ਮਰੀਜ ਨੂੰ ਬਚਾਉਣ ਲਈ ਖੂਨ ਵੀ ਆਪਣੇ ਧਰਮ ਦੇ ਆਦਮੀ ਦਾ ਲੈਣ ਦੀ ਜ਼ਿਦ (ਗੁੰਝਲਾਂ), ਔਰਤ ਪ੍ਰਤੀ ਰਵੱਈਆ (ਰੋਟੀ ਮੇਰੀ ਕਾਠ ਦੀ, ਵਟਾਂਦਰਾ), ਛੋਟੀ ਕਿਰਸਾਨੀ ਦਾ ਕਰਜ਼ ਹੇਠ ਦੱਬੇ ਹੋਣਾ, ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖੁਦਕਸ਼ੀ ਦੇ ਰਾਹ ਪੈਣ ਦੀ ਸੋਚ/ਡਰ (ਕਥਾ ਇਕ ਕਲਯੁੱਗ ਦੀ), ਜ਼ਿਆਦਾ ਦਿਖਾਵਾ ਕਰਨ ਦਾ ਨੁਕਸਾਨ (ਸ਼ਰੀਕੇ ਦੀ ਕਾਰ), ਬੁਢਾਪੇ ਵਿਚ ਘਰ ਦੀ ਵਾਗ-ਡੋਰ ਨੂੰਹ ਦੇ ਹੱਥ ਆ ਜਾਣ ਕਰਕੇ ਮਾਪੇ ਆਪਣੀਆਂ ਧੀਆਂ ਨੂੰ ਵੀ ਆਪਣੀ ਮਰਜੀ ਨਾਲ ਕੁਝ ਦੇ ਨਹੀਂ ਸਕਦੇ (ਘਰ), ਬਿਲਡਰਾਂ ਵੱਲੋਂ ਮਕਾਨ ਬਣਾਉਣ ਵੇਲੇ ਘਟੀਆ ਸਮਾਨ ਦੀ ਵਰਤੋਂ ਕਰਨੀ, ਪਰ ਧਾਰਮਿਕ ਸਥਾਨ ਦੀ ਉਸਾਰੀ ਲਈ ਦਿਲ ਖੋਲ੍ਹ ਕੇ ਪੈਸਾ ਲਾਉਣਾ, ਮੀਡੀਆ ਵੱਲੋਂ ਵੀ ਕੁਦਰਤੀ ਆਫਤ ਸਮੇਂ ਅਡੋਲ ਖੜ੍ਹੇ ਅਜਿਹੇ ਸਥਾਨ ਨੂੰ ਕਰਾਮਾਤ ਦੱਸਿਆ ਜਾਣਾ (ਮੁਅਜਜ਼ਾ) ਆਦਿ।

ਉਪਰੋਕਤ ਵਿਸ਼ੇ ਤਾਂ ਪੱਛਮੀ ਅਤੇ ਪੂਰਬੀ ਪੰਜਾਬ ਦੇ ਵੱਖ ਹੋਣ ਤੋਂ ਪਹਿਲਾਂ ਵੀ ਮੌਜੂਦ ਸਨ, ਪਰ ਕਮਾਲ ਦੀ ਗੱਲ ਤਾਂ ਇਹ ਹੈ ਕਿ ਪਿਛਲੇ ਕੁਝ ਸਮੇਂ ਪਹਿਲਾਂ ਆਇਆ ਇਕ ਰੁਝਾਨ ਵੀ ਦੋਵੇਂ ਪਾਸੇ ਇਕੋ ਜਿਹਾ ਹੀ ਹੈ। ਉਹ ਹੈ, ਪ੍ਰਕਾਸ਼ਕਾਂ ਵੱਲੋਂ ਲੇਖਕਾਂ ਦਾ ਸ਼ੋਸ਼ਣ। ਦੋਹਾਂ ਪੰਜਾਬ ਦੇ ਪ੍ਰਕਾਸ਼ਕ ਲੇਖਕਾਂ ਨੂੰ ਪੁਸਤਕਾਂ ਦਾ ਮਿਹਨਤਾਨਾ ਦੇਣ ਨਾਲੋਂ ਉਨ੍ਹਾਂ ਤੋਂ ਹੀ ਪੈਸੇ ਲੈ ਕੇ ਕਿਤਾਬਾਂ ਛਾਪਦੇ ਹਨ। ਜਮੀਲ ਅਹਿਮਦ ਨੇ ਆਪਣੀ ਕਹਾਣੀ 'ਰਾਇਲਟੀ' ਵਿਚ ਇਸ ਮੁੱਦੇ ਨੂੰ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ।




ਕਈ ਕਹਾਣੀਆਂ ਵਿਚ ਅਛੋਹ ਵਿਸ਼ੇ ਪ੍ਰਗਟਾਏ ਗਏ ਹਨ ਅਤੇ ਕੁਝ ਕਹਾਣੀਆਂ ਦੇ ਅੰਤ ਵਿਚ ਅਜਿਹਾ ਮੋੜ ਆਉਂਦਾ ਹੈ ਕਿ ਪੜ੍ਹਨ ਵਾਲਾ ਹੈਰਾਨ ਰਹਿ ਜਾਂਦਾ ਹੈ। ਮਸਲਨ ਪਰਵੀਨ ਮਲਿਕ ਦੀ ਕਹਾਣੀ 'ਬਾਰਾਂ ਵਰਿਆਂ ਦਾ ਪੰਧ' ਵਿਚ ਇਕ ਅਜਿਹੀ ਮੁਟਿਆਰ ਦੀ ਕਹਾਣੀ ਦਰਸਾਈ ਗਈ ਹੈ, ਜਿਸ ਦਾ ਰਿਸ਼ਤਾ ਉਸ ਨਾਲੋਂ ਬਾਰਾਂ ਸਾਲ ਛੋਟੇ ਲੜਕੇ ਨਾਲ ਤਹਿ ਹੋ ਜਾਂਦਾ ਹੈ, ਪਰ ਮੁੰਡਾ ਜਵਾਨ ਹੋ ਕੇ ਆਪਣੀ ਤੋਂ ਵੱਡੀ ਕੁੜੀ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੰਦਾ ਹੈ। ਮੁੰਡੇ-ਕੁੜੀ ਦੀਆਂ ਮਾਂਵਾਂ ਨੂੰ ਇਹ ਨਹੀਂ ਸਮਝ ਲੱਗਦੀ ਕਿ ਕੀਤਾ ਕੀ ਜਾਵੇ!

ਕਹਾਣੀ ਦਾ ਅੰਤ ਭਾਵੁਕ ਕਰ ਦੇਣ ਵਾਲਾ ਹੈ ਅਤੇ ਪਾਠਕਾਂ ਨੂੰ ਝੰਜੋੜਦਾ ਵੀ ਹੈ। "ਆਇਸ਼ਾ ਦੇ ਅੰਦਰ ਧੁਖਦੇ ਧੂੰਏਂ ਵਿਚੋਂ ਇਕਦਮ ਭਾਂਬੜ ਨਿਕਲੇ ਤੇ ਉਹ ਸੜਦੀ ਬਲਦੀ ਮਾਂ ਤੇ ਮਾਮੀ ਦੇ ਸਾਹਮਣੇ ਜਾ ਖਲੋਤੀ। ਉਹਨੇ ਕਹਿਰਵਾਨ ਅੱਖੀਆਂ ਨਾਲ ਉਨ੍ਹਾਂ ਵੱਲ ਵੇਖਿਆ ਤੇ ਬੋਲੀ, ਏਹ ਤੇ ਮੁੱਕਰ ਗਿਆ ਏ! ਤੁਸੀਂ ਦੱਸੋ ਮੇਰੇ ਬਾਰਾਂ ਵਰਿਆਂ ਦੇ ਪੰਧ ਦਾ ਹਿਸਾਬ ਕੌਣ ਦੇਵੇਗਾ?"

ਇਸ ਕਹਾਣੀ ਦੀ ਪਾਤਰ ਤਾਂ ਏਨੀ ਦਲੇਰ ਹੈ ਕਿ ਉਹ ਆਪਣੀ ਮਾਂ ਤੇ ਮਾਮੀ ਤੋਂ ਅਜਿਹਾ ਪ੍ਰਸ਼ਨ ਪੁੱਛ ਸਕਦੀ ਹੈ, ਪਰ ਇਸ ਦੇ ਉਲਟ ਫਰਹਾਦ ਖਾਲਿਦ ਧਾਰੀਵਾਲ ਦੀ ਕਹਾਣੀ ਦੀ ਨਾਇਕਾ ਕਹਾਣੀ ਦੇ ਅੰਤ ਵਿਚ ਬਹੁਤ ਹੀ ਲਾਚਾਰ ਦਿਖਾਈ ਗਈ ਹੈ ਅਤੇ ਉਸ ਦੀ ਮਾਂ ਹੀ ਉਸ ਨੂੰ ਹਾਲਾਤ ਨਾਲ ਸਮਝੌਤਾ ਕਰਨ ਲਈ ਪ੍ਰੇਰਦੀ ਹੈ। ਕਹਾਣੀ ਦੀ ਨਾਇਕਾ ਅਧਰੰਗ ਦਾ ਸ਼ਿਕਾਰ ਹੋ ਕੇ ਮੰਜੇ 'ਤੇ ਪੈ ਜਾਂਦੀ ਹੈ। ਕੁਝ ਸਮਾਂ ਤਾਂ ਉਸ ਦੀ ਮਾਂ ਲੰਘਾ ਜਾਂਦੀ ਹੈ। ਫਿਰ ਇਕ ਨੌਕਰਾਣੀ ਰੱਖਣੀ ਪੈਂਦੀ ਹੈ। ਇਸ ਨਾਲ ਘਰ ਦਾ ਕੰਮ ਤਾਂ ਸੁਖਾਲਾ ਹੋ ਗਿਆ, ਪਰ ਉਸ ਦਾ ਖਾਵੰਦ ਨੌਕਰਾਣੀ ਨਾਲ ਸੰਬੰਧ ਬਣਾ ਲੈਂਦਾ ਹੈ। ਨਾਇਕਾ ਜਦੋਂ ਪਤੀ ਨੂੰ ਪੁੱਛਦੀ ਹੈ ਤਾਂ ਗਾਲ੍ਹਾਂ ਸੁਣਦੀ ਹੈ। ਉਹ ਆਪਣੀ ਮਾਂ ਨੂੰ ਬੁਲਾਉਂਦੀ ਹੈ। ਮਾਂ ਆਪਣੀ ਧੀ ਨੂੰ ਸਮਝਾਉਂਦੀ ਹੈ, "ਭੁੱਖੇ ਬਘਿਆੜ ਨੂੰ ਛੇੜ ਕੇ ਘਰ ਉਜਾੜਨਾ ਈ ਆਪਣਾ? ਭਲਾ ਹੋਵੇ ਉਸ ਦਾ ਜਿੰਨੇ ਘਰ ਦੇ ਚੁੱਲੇ ਨਾਲ ਜੁੱਲਾ ਵੀ ਸੰਭਾਲਿਆ ਹੋਇਆ ਏ।"

ਨਾਇਕਾ ਨੂੰ ਦਿਲ ਮਾਰ ਕੇ ਹਾਲਾਤ ਨਾਲ ਸਮਝੌਤਾ ਕਰਨਾ ਪੈਂਦਾ ਹੈ। ਪਾਠਕ ਨੂੰ ਇਹ ਸਮਝ ਨਹੀਂ ਪੈਂਦੀ ਕਿ ਉਹ ਅਧਰੰਗ ਦੀ ਮਾਰ ਝੱਲ ਰਹੀ ਔਰਤ ਨਾਲ ਹਮਦਰਦੀ ਜਤਾਵੇ ਜਾਂ ਉਸ ਦੇ ਪਤੀ ਨਾਲ, ਜੋ ਪਤਨੀ ਦੀ ਬਿਮਾਰੀ ਕਾਰਨ ਮਾਨਸਿਕ ਦੁਖ ਭੋਗ ਰਿਹਾ ਹੈ ਅਤੇ ਕੁਦਰਤੀ ਸਰੀਰਕ ਭੁੱਖ ਤੋਂ ਵੀ ਪ੍ਰੇਸ਼ਾਨ ਹੈ ਅਤੇ ਜਾਂ ਉਸ ਨੌਕਰਾਣੀ ਨਾਲ, ਜਿਸ ਨੂੰ ਮਾਲਕ ਦੀ ਹਵਸ ਦਾ ਸ਼ਿਕਾਰ ਹੋਣਾ ਪਿਆ?

ਫਰਹਾਦ ਖਾਲਿਦ ਦੀ ਹੀ ਇਕ ਹੋਰ ਕਹਾਣੀ 'ਵਟਾਂਦਰਾ' ਵਿਚ ਵੀ ਦੋ ਸੋਹਣੀਆਂ ਮੁਟਿਆਰਾਂ ਨੂੰ ਆਪਣੇ ਭਰਾਵਾਂ ਕਰਕੇ ਦਿਲ ਦੇ ਅਰਮਾਨਾਂ ਨੂੰ ਮਾਰਨਾ ਪੈਂਦਾ ਹੈ ਅਤੇ ਵੱਟੇ ਦੇ ਵਿਆਹ ਲਈ ਆਪਣੇ ਤੋਂ ਊਣੇ ਆਦਮੀਆਂ ਨਾਲ ਵਿਆਹ ਕਰਵਾਉਣ ਲਈ ਰਾਜ਼ੀ ਹੋਣਾ ਪੈਂਦਾ ਹੈ। ਤੇਜੋ ਨੂੰ ਇਕ ਵਾਰ ਨਹੀਂ, ਦੋ ਵਾਰ ਇਹ ਅੱਕ ਚੱਬਣਾ ਪੈਂਦਾ ਹੈ। ਲੇਖਕ ਨੇ ਤੇਜੋ ਦੇ ਦੁਖਾਂਤ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਖਾਲਿਦ ਦੀਆਂ ਸਾਰੀਆਂ ਕਹਾਣੀਆਂ ਹੀ ਮਨੁੱਖੀ ਮਨ ਦੀਆਂ ਡੂੰਘੀਆਂ ਰਮਜ਼ਾਂ ਨੂੰ ਸਾਕਾਰ ਕਰਨ ਵਾਲੀਆਂ ਹਨ। ਅਜਿਹਾ ਸਾਹਿਤ ਸਦਾ ਹੀ ਆਪਣੀ ਮਹਿਕ ਖਿਲਾਰਦਾ ਰਹਿੰਦਾ ਹੈ।

ਭਾਰਤ-ਪਾਕਿ ਵੰਡ ਨੇ ਦੋਵੇਂ ਪਾਸੇ ਹੀ ਦੁੱਖਾਂ ਦੀ ਹਨੇਰੀ ਝੁਲਾਈ। ਲੋਕਾਂ ਨੂੰ ਭਰੇ-ਭਕੁੰਨੇ ਘਰ ਛੱਡ ਕੇ ਘਰੋਂ ਬੇਘਰ ਹੋਣਾ ਪਿਆ, ਪਰ ਉਨ੍ਹਾਂ ਦੇ ਦਿਲ ਵਿਚ ਆਪਣੇ ਪੁਰਾਣੇ ਘਰ ਦੀ ਯਾਦ ਰੜਕਦੀ ਰਹੀ। ਜੇ ਕਿਸੇ ਨੂੰ ਆਪਣੇ ਇਲਾਕੇ ਦਾ ਕੋਈ ਬੰਦਾ ਟੱਕਰ ਜਾਣਾ ਤਾਂ ਉਸ ਤੋਂ ਸਾਰੇ ਇਲਾਕੇ ਦਾ ਹਾਲ ਪੁੱਛਣਾ। ਜੇ ਕਿਤੇ ਆਪਣੇ ਘਰ ਦੇ ਨੇੜੇ ਰਹਿਣ ਵਾਲਾ ਮਿਲ ਜਾਣਾ ਤਾਂ ਇਹ ਪੁੱਛਣਾ ਕਿ ਹੁਣ ਉਥੇ ਕੌਣ ਰਹਿੰਦਾ ਹੈ, ਕੀ ਘਰ ਉਸੇ ਤਰ੍ਹਾਂ ਹੀ ਜਾਂ ਬਦਲ ਗਿਆ ਹੈ?

ਮਕਸੂਦ ਸਾਹਿਬ ਦੀ ਕਹਾਣੀ 'ਸੁੱਚਾ ਤਿੱਲਾ' ਵੀ ਇਹੋ ਜਿਹੀ ਕਹਾਣੀ ਹੈ। ਕਹਾਣੀ ਦਾ ਪਾਤਰ ਆਪਣੇ ਸਾਥੀ ਨੂੰ ਆਪਣੀ ਪੁਰਾਣੀ ਕਹਾਣੀ ਸੁਣਾਉਂਦਾ ਹੋਇਆ ਦੱਸਦਾ ਹੈ ਕਿ ਵੰਡ ਤੋਂ ਬਾਅਦ ਉਨ੍ਹਾਂ ਨੂੰ ਪਾਕਿਸਤਾਨ ਆਉਣਾ ਪਿਆ। ਉਨ੍ਹਾਂ ਦਾ ਜੁੱਤੀਆਂ ਬਣਾਉਣ ਦਾ ਕੰਮ ਸੀ। ਪਾਕਿਸਤਾਨ ਵਿਚ ਜੁੱਤੀਆਂ ਦੀ ਕਢਾਈ ਲਈ ਸੁੱਚਾ ਤਿੱਲਾ ਨਹੀਂ ਸੀ ਮਿਲਦਾ। ਕੁਝ ਸਾਥੀਆਂ ਨੇ ਚੋਰੀ-ਛਿਪੇ ਬਾਰਡਰ ਟੱਪ ਕੇ ਅੰਮ੍ਰਿਤਸਰ ਚਲੇ ਜਾਣਾ ਅਤੇ ਸੁੱਚਾ ਤਿੱਲਾ ਲੈ ਆਉਣਾ, ਪਰ ਇਕ ਵਾਰ ਉਹ ਪਕੜਿਆ ਗਿਆ। ਜਿਹੜੇ ਜੱਜ ਦੇ ਕੇਸ ਲੱਗਿਆ, ਉਹ ਕੁਦਰਤੀ ਪਾਕਿਸਤਾਨ ਦੇ ਉਸ ਮੁਹੱਲੇ ਵਿਚ ਹੀ ਰਹਿੰਦਾ ਸੀ, ਜਿਸ ਵਿਚ ਇਹ ਦੋਸ਼ੀ। ਜਦੋਂ ਜੱਜ ਨੂੰ ਗੱਲਾਂ ਗੱਲਾਂ ਵਿਚ ਇਹ ਪਤਾ ਲੱਗਿਆ ਕਿ ਇਹ ਆਦਮੀ ਉਨ੍ਹਾਂ ਦੇ ਘਰ ਵਿਚ ਹੀ ਰਹਿੰਦਾ ਹੈ ਤਾਂ ਉਸ ਨੇ ਦੋਸ਼ੀ ਨੂੰ ਛੱਡ ਦਿੱਤਾ। ਇਹੋ ਨਹੀਂ, ਕਈ ਦਿਨ ਆਪਣੇ ਘਰ ਰੱਖਿਆ, ਉਸ ਦੇ ਕਾਗਜ਼-ਪੱਤਰ ਬਣਵਾ ਕੇ ਉਸ ਨੂੰ ਬਾਰਡਰ ਤੱਕ ਛੱਡ ਕੇ ਆਇਆ ਅਤੇ ਬਹੁਤ ਸਾਰਾ ਸੁੱਚਾ ਤਿੱਲਾ ਵੀ ਲੈ ਕੇ ਦਿੱਤਾ। ਇਹੋ ਨਹੀਂ, ਬਾਅਦ ਵਿਚ ਵੀ ਤਿੱਲਾ ਭੇਜਦਾ ਰਿਹਾ। ਇਹ ਕਹਾਣੀ ਪੜ੍ਹ ਕੇ ਉਨ੍ਹਾਂ ਅਣਗਿਣਤ ਲੋਕਾਂ ਦੇ ਦਿਲ ਦਾ ਦਰਦ ਪਾਠਕ ਵੀ ਮਹਿਸੂਸ ਕਰਦੇ ਹਨ, ਜਿਨ੍ਹਾਂ ਨੂੰ ਹਾਲਾਤ ਨੇ ਹਿਜਰਤ ਕਰਨ ਲਈ ਮਜਬੂਰ ਕੀਤਾ ਸੀ। ਜਦੋਂ ਪਾਠਕਾਂ ਦੀ ਅਜਿਹੀ ਭਾਵਨਾਤਮਕ ਸਾਂਝ ਕਿਸੇ ਸਾਹਿਤਕ ਕਿਰਤ ਨਾਲ ਪੈ ਜਾਵੇ ਤਾਂ ਅਜਿਹਾ ਸਾਹਿਤ ਚਿਰ ਜੀਵੀ ਹੋ ਜਾਂਦਾ ਹੈ।

ਇਸ ਸੰਗ੍ਰਹਿ ਦੀ ਕਈ ਹੋਰ ਕਹਾਣੀਆਂ ਜਿਵੇਂ: ਮਾਮੇ ਦੀ ਧੀ, ਖਾਲੀ ਬੰਦਾ, ਚਿੱਟਾ ਲਹੂ, ਬੱਜਲ ਆਦਿ ਵੀ ਚਰਚਾ ਯੋਗ ਕਹਾਣੀਆਂ ਹਨ। ਕਹਾਣੀਆਂ ਵਿਚ ਵਰਤੇ ਛੋਟੇ ਛੋਟੇ ਵਾਰਤਾਲਾਪ ਕਹਾਣੀਆਂ ਦੀ ਤੋਰ ਨੂੰ ਤੇਜ਼ ਕਰਦੇ ਹਨ। ਕਿਤੇ ਕਿਤੇ ਵਿਅੰਗ ਵੀ ਵਧੀਆ ਹੈ। 'ਮੁਅਜਜ਼ਾ' ਕਹਾਣੀ ਦਾ ਇਹ ਬਿਆਨ:

ਮਸੀਤ ਦੀ ਇਮਾਰਤ ਉਸਰ ਗਈ।
ਕਬਰਿਸਤਾਨ ਖਾਲੀ ਪਿਆ ਏ।
ਨਾ ਕੋਈ ਸਕੂਲ ਬਣਿਆ ਏ, ਨਾ ਲਾਇਬ੍ਰੇਰੀ ਦੀ ਸੋਚ ਏ।

ਪੁਸਤਕ ਦੇ ਮੁੱਢ ਵਿਚ ਡਾ. ਧੀਮਾਨ ਨੇ ਪਾਕਿਸਤਾਨ ਦੀ ਪੰਜਾਬੀ ਕਹਾਣੀ ਨਾਲ ਵਿਸਤਾਰ ਨਾਲ ਜਾਣਕਾਰੀ ਦਿੱਤੀ ਹੈ। 'ਲਹਿੰਦੇ ਪੰਜਾਬ ਦੀ ਕਹਾਣੀ ਦਾ ਸਫਰ' ਪੜ੍ਹ ਕੇ ਪਾਠਕਾਂ ਨੂੰ ਸੰਬੰਧਤ ਵਿਸ਼ੇ 'ਤੇ ਕਾਫੀ ਪੁਖਤਾ ਜਾਣਕਾਰੀ ਮਿਲ ਜਾਂਦੀ ਹੈ। ਪੁਸਤਕ ਦੇ ਅੰਤ ਵਿਚ ਲੇਖਕਾਂ ਸੰਬੰਧੀ ਸੰਖੇਪ ਵਿਚ ਜਾਣਕਾਰੀ ਦਿੱਤੀ ਗਈ ਹੈ। ਕਹਾਣੀਆਂ ਵਿਚ ਥਾਂ ਪੁਰ ਥਾਂ ਉਰਦੂ ਦੇ ਅਜਿਹੇ ਸ਼ਬਦ ਹਨ, ਜਿਨ੍ਹਾਂ ਦੇ ਅਰਥ ਸਾਡੇ ਪਾਠਕਾਂ ਨੂੰ ਨਹੀਂ ਪਤਾ। ਅਜਿਹੇ ਸ਼ਬਦਾਂ ਦੇ ਅਰਥ ਫੁਟ-ਨੋਟ ਵਿਚ ਦੇ ਦਿੱਤੇ ਜਾਂਦੇ ਤਾਂ ਹੋਰ ਵੀ ਵਧੀਆ ਹੁੰਦਾ।

ਪੰਜਾਬੀ ਦੇ ਜਿਹੜੇ ਪਾਠਕ ਲਹਿੰਦੇ ਪੰਜਾਬ ਦੀ ਪੰਜਾਬੀ ਕਹਾਣੀ ਦੀ ਜਾਣਕਾਰੀ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਪੁਸਤਕ ਜਰੂਰ ਪੜ੍ਹਨੀ ਚਾਹੀਦੀ ਹੈ। ਡਾ. ਹਰਬੰਸ ਸਿੰਘ ਧੀਮਾਨ ਨੇ ਸ਼ਾਹਮੁਖੀ ਵਿਚ ਰਚੇ ਸਾਹਿਤ ਦਾ ਲਿਪੀਅੰਤਰ ਕਰਨ ਵਿਚ ਪ੍ਰਸ਼ੰਸਾਯੋਗ ਕੰਮ ਕੀਤਾ ਹੈ। ਗੁਰਮੁਖੀ ਲਿਪੀ ਅਤੇ ਸ਼ਾਹਮੁਖੀ ਲਿਪੀ ਵਿਚ ਰਚੇ ਸਾਹਿਤ ਦਾ ਲਿਪੀਅੰਤਰ ਕਰਕੇ ਦੋਹਾਂ ਪੰਜਾਬਾਂ ਦੇ ਪਾਠਕਾਂ ਨੂੰ ਨੇੜੇ ਲਿਆਉਣ ਲਈ ਅਜਿਹੇ ਉੱਦਮ ਲਗਾਤਾਰ ਹੁੰਦੇ ਰਹਿਣੇ ਚਾਹੀਦੇ ਹਨ। ਇਹ ਪੁਸਤਕ ਨੈਸ਼ਨਲ ਬੁੱਕ ਸ਼ਾਪ ਦਿੱਲੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

# ਕੁਸ਼ਤੀ ਲੇਖਕ ਐੱਚ. ਐੱਮ. ਬਿਲਗਾ ਤੇ ਪੀ. ਆਰ. ਸੋਂਧੀ

*(ਪਿਛਲੇ ਸਫੇ ਦੀ ਬਾਕੀ)*

ਬਲਾਵਲ ਦੇ ਮਕਬਰੇ ਸਦੀਕੇ ਦਾ ਭੁਚਾਲ ਨਾਲ ਘੋਲ ਵੇਖ ਕੇ ਫੌਜ ਦੀ ਸਲਾਮੀ ਲੈ ਰਿਹਾ ਸੀ। ਸਦੀਕੇ ਬਾਰੇ ਕਿਹਾ ਜਾਂਦੈ ਕਿ ਉਹ ਮੌਰਾਂ ਉਤੇ ਝੋਟੇ ਨੂੰ ਚੁੱਕ ਕੇ ਇਕ ਮੀਲ ਤੁਰ ਸਕਦਾ ਸੀ। ਇਕ ਵਾਰ ਖੋਤੇ ਦੇ ਅਜਿਹਾ ਮੁੱਕਾ ਮਾਰਿਆ ਕਿ ਖੋਤਾ ਥਾਂਏਂ ਮਰ ਗਿਆ। ਲਾਹੌਰ ਦੇ ਬੂਟੇ ਭਲਵਾਨ 'ਚ ਹਾਥੀ ਜਿੰਨਾ ਜ਼ੋਰ ਸੀ, ਜਿਸ ਨੂੰ ਕਿੱਕਰ ਸਿੰਘ ਨੇ ਉਸਤਾਦ ਧਾਰਿਆ। ਕਿੱਕਰ ਸਿੰਘ ਦਾ ਕੱਦ ਸੱਤ ਫੁੱਟ ਤੇ ਭਾਰ ਸਾਢੇ ਸੱਤ ਮਣ ਸੀ। ਉਹ ਗਲ 'ਚ ਦੋ ਮਣ ਦਾ ਪੁੜ ਪਾ ਕੇ ਆਪਣੇ ਪਿੰਡ ਘਣੀਏਕੇ ਤੋਂ ਕਰਬਾਠ ਪਿੰਡ ਤਕ ਦੌੜਿਆ ਕਰਦਾ ਸੀ, ਜਿਸ ਕਰਕੇ ਉਹਦੀ ਧੌਣ ਉਤੇ ਕੰਨ੍ਹਾ ਪਿਆ ਹੋਇਆ ਸੀ।

ਆਪਣੇ ਅੜਬ ਸੁਭਾਅ ਕਾਰਨ ਕਿੱਕਰ ਸਿੰਘ ਵਿਦੇਸ਼ ਵਿਚ ਕੁਸ਼ਤੀ ਲੜਨ ਨਾ ਜਾ ਸਕਿਆ। 1889 'ਚ ਪੰਡਿਤ ਮੋਤੀ ਲਾਲ ਨਹਿਰੂ ਨੇ ਪੈਰਿਸ ਦੀ ਨੁਮਾਇਸ਼ 'ਤੇ ਜਾਣਾ ਸੀ, ਜਿਥੇ ਕੁਸ਼ਤੀਆਂ ਵੀ ਹੋਣੀਆਂ ਸਨ। ਉਸ ਨੇ ਕਿੱਕਰ ਸਿੰਘ ਨੂੰ ਚੱਲਣ ਲਈ ਕਿਹਾ, ਪਰ ਕਿੱਕਰ ਸਿੰਘ ਅਗਾਊਂ ਇਕ ਲੱਖ ਰੁਪਿਆ ਲੈਣ ਲਈ ਅੜ ਗਿਆ। ਅਖੀਰ ਨਹਿਰੂ ਨੇ ਪਹਿਲਵਾਨ ਗੁਲਾਮ ਨੂੰ ਨਾਲ ਤੋਰ ਲਿਆ, ਜਿਸ ਨੇ ਪੈਰਿਸ ਵਿਚ ਰੁਸਤਮੇ ਜ਼ਮਾਂ ਦਾ ਖਿਤਾਬ ਜਿੱਤਿਆ। ਗੁਲਾਮ ਕੱਲੂ ਦਾ ਵੱਡਾ ਭਰਾ ਸੀ, ਜੋ ਏਨਾ ਨਿਮਰ ਸੀ ਕਿ ਹਰ ਆਏ ਗਏ ਨੂੰ ਕਹਿੰਦਾ, "ਮੈਂ ਹੀ ਤੁਹਾਡਾ ਗੁਲਾਮ ਆਂ, ਸੇਵਾ ਦੱਸੋ।" ਕਲਕੱਤੇ ਦੀ ਮਸ਼ਹੂਰ ਗਾਇਕਾ ਗੌਹਰ ਜਾਨ, ਗੁਲਾਮ 'ਤੇ ਮਰਦੀ ਸੀ, ਪਰ ਗੁਲਾਮ ਦੇ ਦਿਲ ਵਿਚ ਮੈਲ ਨਹੀਂ ਸੀ। ਗੁਲਾਮ ਦਰਬਾਰ ਸਾਹਿਬ ਮੱਥਾ ਟੇਕ ਕੇ ਕੁਸ਼ਤੀ ਲੜਨ ਜਾਂਦਾ ਸੀ ਤੇ ਮੁੜ ਕੇ ਸ਼ੁਕਰਾਨਾ ਕਰਨ ਆਉਂਦਾ ਸੀ।

ਗੁਲਾਮ ਦੇ ਉਲਟ ਕੱਲੂ ਚੱਕਵੀਂ ਗੱਲ ਕਰਦਾ ਸੀ। ਉਹਨੇ ਪੇਲੜੇ ਭਲਵਾਨ ਦੇ ਪੁੱਤਰ ਕਰੀਮ ਨੂੰ ਤਨਜ਼ ਮਾਰੀ ਸੀ ਕਿ ਔਹ ਪੇਲੜੇ ਦੀ ਬੁਲਬੁਲ ਚੱਲੀ ਏ। ਫਿਰ ਉਹੀ ਕਰੀਮ ਬਖਸ਼ 1892 'ਚ ਇੰਗਲੈਂਡ ਦੇ ਟੌਮ ਕੈਨਨ ਨੂੰ ਢਾਹ ਕੇ ਰੁਸਤਮੇ ਜ਼ਮਾਂ ਬਣਿਆ। ਕੱਲੂ ਨੇ ਮੰਨ੍ਹੀ ਪਹਿਲਵਾਨ ਰੈਣੀ ਵਾਲੇ ਨੂੰ ਲਾਹੌਰੀਆਂ ਦੀ ਬੁਲਬੁਲ ਕਹਿ ਕੇ ਗਲ ਪੁਆ ਲਿਆ ਸੀ ਤੇ ਚੰਗੀ ਖੁੰਭ ਠਪਾਈ ਸੀ। ਮੰਨ੍ਹੀ ਦੀਆਂ ਉਂਗਲਾਂ ਸਰੀਏ ਵਰਗੀਆਂ ਸਨ, ਜਿਸ ਕਰਕੇ ਜਿਥੇ ਹੱਥ ਪਾਉਂਦਾ ਸੀ, ਜੰਬੂਰ ਵਾਂਗ ਮਾਸ ਉਧੇੜ ਦਿੰਦਾ ਸੀ। ਉਹ ਬਾਈ ਸਾਲ ਦੀ ਉਮਰ ਵਿਚ ਮਰ ਗਿਆ। ਗੂੰਗਾ ਤੇ ਹਮੀਦਾ ਵੀ ਜੁਆਨ ਉਮਰੇ ਮਰੇ। ਗੂੰਗਾ ਅੰਮ੍ਰਿਤਸਰੋਂ ਲਾਹੌਰ ਨੂੰ ਬੱਸ ਚੜ੍ਹਿਆ ਸੀ ਤੇ ਬੱਸ ਦੀ ਅਗਲੀ ਸੀਟ 'ਤੇ ਬੈਠਾ ਸੀ। ਅੱਗੋਂ ਇਕ ਬੱਚੀ ਸੜਕ 'ਤੇ ਭੁਕਾਨਾ ਉਡਾਉਂਦੀ ਆ ਗਈ। ਗੂੰਗੇ ਨੇ ਬੱਚੀ ਦੀ ਜਾਨ ਬਚਾਉਣ ਲਈ ਉੱਚੀ ਦੇਣੇ ਆਂ...ਆਂ ਕੀਤੀ। ਘਬਰਾਹਟ 'ਚ ਡਰਾਈਵਰ ਤੋਂ ਬੱਸ ਟਾਹਲੀ ਨਾਲ ਜਾ ਵੱਜੀ। ਗੂੰਗਾ ਗੰਭੀਰ ਜਖ਼ਮੀ ਹੋ ਗਿਆ। ਉਥੋਂ ਉਸ ਨੂੰ ਹਸਪਤਾਲ ਲੈ ਗਏ, ਪਰ ਉਹ ਬਚ ਨਾ ਸਕਿਆ। ਗੂੰਗੇ ਦੇ ਵਿਯੋਗ ਵਿਚ ਉਹਦਾ ਪਹਿਲਵਾਨ ਪਿਓ ਗਾਮੂੰ ਰੋ ਰੋ ਕੇ ਅੰਨ੍ਹਾ ਹੋ ਗਿਆ ਤੇ ਛੇਤੀ ਮਰ ਗਿਆ।

ਗਾਮੇ ਦਾ ਕੱਦ ਤਾਂ ਪੰਜ ਫੁੱਟ ਸੱਤ ਇੰਚ ਸੀ, ਪਰ ਭਾਰ 250 ਪੌਂਡ ਸੀ। ਉਹਦੀ ਛਾਤੀ ਦਾ ਘੇਰਾ 56 ਇੰਚ ਤੇ ਡੌਲੇ 17 ਇੰਚ ਸਨ। ਉਹ 1910 ਵਿਚ ਲੰਡਨ ਗਿਆ ਤੇ ਜਾਨ੍ਹ ਬੁੱਲ ਵਿਸ਼ਵ ਚੈਂਪੀਅਨਸ਼ਿਪ ਜਿੱਤ ਕੇ ਵਿਸ਼ਵ ਵਿਜੇਤਾ ਬਣਿਆ। ਉਹ ਮਹਾਰਾਜਾ ਪਟਿਆਲਾ ਦਾ ਪਹਿਲਵਾਨ ਸੀ, ਜੋ ਦੇਸ਼ ਦੀ ਵੰਡ ਪਿਛੋਂ ਲਾਹੌਰ ਚਲਾ ਗਿਆ। ਉਥੇ ਉਹ 23 ਮਈ 1960 ਨੂੰ ਬੜੀ ਮੰਦੀ ਹਾਲਤ ਵਿਚ ਗੁਜ਼ਰਿਆ। ਉਸ ਨੇ 1928 'ਚ ਵਿਸ਼ਵ ਚੈਂਪੀਅਨ ਜ਼ਬਿਸਕੋ ਨੂੰ ਤੇ 1929 'ਚ ਸਵੀਡਨ ਦੇ ਨਾਮੀ ਪਹਿਲਵਾਨ ਪੀਟਰਸਨ ਨੂੰ ਪਟਿਆਲੇ ਵਿਚ ਪਟਕਾ ਕੇ ਆਪਣੀ ਤਾਕਤ ਦਾ ਲੋਹਾ ਮੰਨਵਾਇਆ। ਉਹਦਾ ਭਰਾ ਇਮਾਮ ਬਖਸ਼ ਵੀ ਬੜਾ ਤਕੜਾ ਪਹਿਲਵਾਨ ਹੋ ਗੁਜ਼ਰਿਆ। ਗੁੱਜਰਾਂਵਾਲੇ ਦਾ ਗਾਮਾ ਸਣੇ ਸਵਾਰੀਆਂ ਯੱਕਾ ਮੋਢਿਆਂ 'ਤੇ ਚੁੱਕ ਲੈਂਦਾ ਸੀ, ਜਿਸ ਕਰਕੇ ਲੋਕ ਉਸ ਨੂੰ ਯੱਕਾ ਭਲਵਾਨ ਕਹਿਣ ਲੱਗ ਪਏ ਸਨ।

ਦਾਰੇ ਜੇਲ੍ਹਰ ਨੂੰ ਜੇਲ੍ਹ 'ਚੋਂ ਹੱਥਕੜੀਆਂ ਜੜ ਕੇ ਅਖਾੜੇ 'ਚ ਲਿਆਂਦਾ ਜਾਂਦਾ ਸੀ ਤੇ ਕੁਸ਼ਤੀ ਲੜਾਉਣ ਪਿੱਛੋਂ ਮੁੜ ਹੱਥਕੜੀਆਂ ਲਾ ਲਈਆਂ ਜਾਂਦੀਆਂ ਸਨ। ਉਹ ਕਤਲ ਦੇ ਜੁਰਮ ਵਿਚ ਸਜ਼ਾ ਭੁਗਤ ਰਿਹਾ ਸੀ। ਰਾਮਾਇਣ 'ਚ ਹਨੂੰਮਾਨ ਦਾ ਰੋਲ ਕਰਨ ਵਾਲਾ ਐਕਟਰ ਦੀਦਾਰ ਸਿੰਘ ਉਰਫ ਦਾਰਾ ਸੀ। ਉਹ ਵੱਡੇ ਦਾਰੇ ਨਾਲੋਂ ਦਸ ਸਾਲ ਛੋਟਾ ਸੀ। ਵੱਡਾ ਦਾਰਾ ਦੁਲਚੀਪੁਰ ਦਾ ਸਿੱਧੂ ਸੀ, ਜਦੋਂ ਕਿ ਛੋਟਾ ਦਾਰਾ ਧਰਮੂਚੱਕ ਦਾ ਰੰਧਾਵਾ ਸੀ। ਵੱਡੇ ਦਾ ਕੱਦ ਛੇ ਫੁੱਟ ਦਸ ਇੰਚ ਸੀ, ਛੋਟੇ ਦਾ ਛੇ ਫੁੱਟ ਦੋ ਇੰਚ। ਰੁਸਤਮੇ ਹਿੰਦ ਕੇਸਰ ਸਿੰਘ ਦਾ ਛੇ ਫੁੱਟ ਚਾਰ ਇੰਚ ਤੇ ਉਹਦੇ ਪੋਤੇ ਪਲਵਿੰਦਰ ਚੀਮੇ ਦਾ ਛੇ ਫੁੱਟ ਛੇ ਇੰਚ। ਸੁਖਵੰਤ ਸਿੰਘ ਸਿੱਧੂ ਦਾ ਛੇ ਫੁੱਟ ਚਾਰ ਇੰਚ, ਮੇਹਰਦੀਨ ਤੇ ਚੰਦਗੀ ਰਾਮ ਦਾ ਛੇ ਫੁੱਟ ਤਿੰਨ ਇੰਚ, ਇਮਾਮ ਬਖਸ਼ ਦਾ ਛੇ ਫੁੱਟ ਦੋ ਇੰਚ, ਕੱਲੂ ਦਾ ਛੇ ਫੁੱਟ ਇਕ ਇੰਚ ਜਦ ਕਿ ਰੁਸਤਮੇ ਜਮਾਂ ਗਾਮੇ ਦਾ ਕੇਵਲ ਪੰਜ ਫੁੱਟ ਸੱਤ ਇੰਚ ਹੀ ਸੀ।

# ਬੈਚ ਫੁੱਲ ਕਰੈਬ ਐਪਲ-ਆਤਮਗਿਲਾਨੀ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਕਰੈਬ ਐਪਲ (Crab Apple) ਇਕ ਅਤਿਅੰਤ ਮਹੱਤਵਪੂਰਣ ਬੈਚ ਫੁੱਲ ਦਵਾਈ ਹੈ। ਇਹ ਸੇਬ ਪਰਜਾਤੀ ਦੇ ਬੂਟੇ ਮਾਲੁਸ ਪੁਮੀਲਾ (Malus Pumila) ਦੇ ਫੁੱਲ ਤੋਂ ਤਿਆਰ ਹੁੰਦੀ ਹੈ, ਪਰ ਇਸ ਬੂਟੇ ਦੇ ਸੇਬਾਂ ਤੇ ਇਸ ਦੇ ਫੁੱਲ ਤੋਂ ਬਣੀ ਇਸ ਦਵਾਈ ਦੇ ਗੁਣਾਂ ਵਿਚ ਕੁਝ ਵੀ ਸਾਂਝਾ ਨਹੀਂ ਹੈ। ਕਈ ਲੋਕ ਇਸ ਦਾ ਨਾਂ 'ਕਰੂਪ ਐਪਲ' ਦੱਸ ਕੇ ਇਸ ਦੇ ਨੁਕਸਾਂ ਨੂੰ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਵੀ ਸਹੀ ਨਹੀਂ ਹੈ। ਕਈ ਵਾਰ ਇਸ ਦੀ ਸ਼ਾਬਦਿਕ ਬਣਤਰ ਨੂੰ ਲੈ ਕੇ ਇਸ ਨੂੰ ਸੇਬ ਦੇ ਕੇਕੜੇ ਭਾਵ ਸੇਬ ਦੇ ਕੀੜੇ ਨਾਲ ਵੀ ਜੋੜਿਆ ਜਾਂਦਾ ਹੈ, ਪਰ ਇਹ ਵੀ ਇਕ ਅਤਿਕਥਨੀ ਹੀ ਹੈ। ਸਿਰਲੇਖ ਕੋਈ ਵੀ ਦਿਓ, ਕਰੈਬ ਐਪਲ ਦਾ ਮਰੀਜ਼ ਆਤਮ-ਗਿਲਾਨੀ ਦਾ ਸ਼ਿਕਾਰ ਹੁੰਦਾ ਹੈ ਤੇ ਅੰਦਰੋਂ ਬਾਹਰੋਂ ਆਪਣੀ 'ਸਫਾਈ' ਭਾਲਦਾ ਹੈ।

ਡਾ. ਬੈਚ ਦੇ ਸ਼ਬਦਾਂ ਵਿਚ 'ਇਹ ਸਵੱਛਤਾ ਦੀ ਦਵਾਈ ਹੈ। ਇਹ ਉਨ੍ਹਾਂ ਲਈ ਹੈ, ਜੋ ਆਪਣੇ ਆਪ ਨੂੰ ਸਾਫ ਨਾ ਸਮਝਣ। ਬਹੁਤ ਵਾਰ ਕਈਆਂ ਨੂੰ ਕੋਈ ਬਹੁਤ ਹੀ ਛੋਟੀ ਗੱਲ ਪ੍ਰੇਸ਼ਾਨ ਕਰਦੀ ਹੈ ਤੇ ਉਹ ਇਸ ਨੂੰ ਆਪਣੀ ਮੁੱਖ ਬਿਮਾਰੀ ਤੋਂ ਵੀ ਵੱਧ ਅਹਿਮ ਸਮਝਦੇ ਹਨ। ਉਹ ਆਪਣੇ ਗੰਭੀਰ ਰੋਗ ਦੇ ਇਲਾਜ ਤੋਂ ਪਹਿਲਾਂ ਆਪਣੀ ਇਕ ਤੁੱਛ ਜਿਹੀ ਤਕਲੀਫ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਜੇ ਕੁਝ ਚਿਰ ਲਈ ਉਨ੍ਹਾਂ ਦਾ ਇਲਾਜ ਸਫਲ ਨਾ ਹੋਵੇ ਉਹ ਅਧੀਰ ਹੋ ਜਾਂਦੇ ਹਨ। ਜੇ ਉਹ ਸਮਝਣ ਕਿ ਉਨ੍ਹਾਂ ਦੇ ਸਰੀਰ ਵਿਚ ਕੋਈ ਜ਼ਹਿਰ ਦਾਖਲ ਹੋ ਗਈ ਹੈ, ਜਿਸ ਕਾਰਨ ਉਨ੍ਹਾਂ ਦੇ ਜ਼ਖਮ ਰਾਜੀ ਨਹੀਂ ਹੁੰਦੇ, ਤਾਂ ਇਹ ਦਵਾਈ ਉਨ੍ਹਾਂ ਦੇ ਜ਼ਹਿਰ ਦਾ ਵਹਿਮ ਕੱਢ ਕੇ ਉਨ੍ਹਾਂ ਦੇ ਜ਼ਖਮਾਂ ਨੂੰ ਠੀਕ ਕਰਦੀ ਹੈ।'

ਕਰੈਬ ਐਪਲ ਦੇ ਮਰੀਜ਼ ਦਾ ਧਿਆਨ ਆਪਣੇ 'ਤੇ ਲੱਗਾ ਹੁੰਦਾ ਹੈ। ਉਹ ਆਪਣੇ ਅੰਦਰ ਤੇ ਆਪਣੇ ਬਾਹਰ ਦੀ ਗੰਦਗੀ ਤੋਂ ਪੀੜਤ ਹੁੰਦਾ ਹੈ। ਅੰਦਰੋਂ ਉਹ ਆਤਮ-ਘ੍ਰਿਣਾ ਨੇ ਘੇਰਿਆ ਹੁੰਦਾ ਹੈ। ਉਹ ਸਮਝਦਾ ਹੈ ਕਿ ਉਹ ਇਕ ਸਾਫ ਦਿਲ ਇਨਸਾਨ ਨਹੀਂ ਹੈ। ਉਸ ਨੇ ਬਹੁਤ ਪਾਪ ਤੇ ਬੇਈਮਾਨੀਆਂ ਕੀਤੀਆਂ ਹੋਈਆਂ ਹਨ। ਉਹ ਦੂਜਿਆਂ ਨੂੰ ਦੁਖ ਦੇਣ ਵਾਲਾ ਪਾਪੀ ਹੈ। ਉਹ ਸਾਫ ਤੇ ਪਵਿੱਤਰ ਨਹੀਂ ਹੈ। ਜਿਸ ਦਿਨ ਉਸ ਦੇ ਕੀਤੇ ਕਾਲੇ ਕਾਰਨਾਮੇ ਜੱਗ ਜਾਹਰ ਹੋਏ ਉਸ ਦਾ ਬਦਸੂਰਤ ਅਕਸ ਲੋਕਾਂ ਸਾਹਮਣੇ ਜਾਹਰ ਹੋ ਜਾਵੇਗਾ। ਉਸ ਦੀ ਸਫੈਦਪੋਸ਼ੀ ਤੇ ਕਾਲਖ ਫਿਰ ਜਾਵੇਗੀ ਤੇ ਉਹ ਕਿਸੇ ਨੂੰ ਮੂੰਹ ਦਿਖਾਉਣ ਦੇ ਕਾਬਲ ਨਹੀਂ ਰਹੇਗਾ। ਲੋਕ ਉਸ ਨੂੰ ਝੂਠਾ ਤੇ ਮੱਕਾਰ ਸਮਝਣਗੇ। ਉਸ ਨੂੰ ਆਪਣਾ ਅਕਸ ਖਰਾਬ ਹੁੰਦਾ ਦਿਸਦਾ ਹੈ ਤੇ ਉਹ ਪ੍ਰੇਸ਼ਾਨ ਰਹਿੰਦਾ ਹੈ। ਨਾ ਉਹ ਆਪਣੀ ਧਾਰਨਾ 'ਤੇ ਕਾਬੂ ਪਾ ਸਕਦਾ ਹੈ ਤੇ ਨਾ ਹੀ ਇਸ 'ਤੇ ਪਰਦਾ ਪਾ ਸਕਦਾ ਹੈ। ਉਹ ਪਛਤਾਵਾ ਕਰਦਾ ਹੈ ਕਿ ਉਸ ਨੇ ਅਜਿਹੇ ਕਾਰਨਾਮੇ ਕੀਤੇ ਹੀ ਕਿਉਂ ਹਨ! ਉਸ ਦਾ ਮਨ ਉਸ ਦੇ ਨਾਲ ਇਕਸਾਰ ਨਹੀਂ ਹੁੰਦਾ। ਉਹ ਸਮਝਦਾ ਹੈ ਕਿ ਉਹ ਗੰਦ ਵਿਚ ਰਹਿ ਰਿਹਾ ਹੈ। ਉਹ ਆਪਣੇ ਅੰਦਰੂਨ ਨੂੰ ਇਕ ਦਮ ਸ਼ੀਸ਼ੇ ਵਾਂਗ ਸਾਫ ਦੇਖਣਾ ਚਾਹੁੰਦਾ ਹੈ। ਉਹ ਆਪਣੇ ਅੰਦਰ ਦੀ ਮੈਲ ਲਾਹੁਣ ਲਈ ਬਿਲਬਿਲਾਉਂਦਾ ਹੈ। ਉਹ ਚਾਹੁੰਦਾ ਹੈ ਕਿ ਉਹ ਜ਼ਲਾਲਤ ਦੀ ਇਸ ਅੰਤਰ-ਪੀੜਾ ਤੋਂ ਫੌਰਨ ਛੁਟਕਾਰਾ ਪਾਵੇ ਤੇ ਤੰਦਰੁਸਤੀ ਨਾਲ ਸੁਖਾਵੀਂ ਜ਼ਿੰਦਗੀ ਬਤੀਤ ਕਰੇ। ਕਰੈਬ ਐਪਲ ਉਸ ਦੀ ਅੰਤਿਹਕਰਣ ਦੀ ਮੈਲ ਲਾਹ ਕੇ ਉਸ ਨੂੰ ਸ਼ਾਂਤੀ ਬਖਸ਼ੇਗੀ। ਇਹ ਉਸ ਨੂੰ ਭਵਿਖ ਵਿਚ ਭੈੜੇ ਕੰਮ ਕਰਨ ਤੋਂ ਦੂਰ ਰੱਖੇਗੀ।

ਕਰੈਬ ਐਪਲ ਦੇ ਮਰੀਜ਼ਾਂ ਨੂੰ ਅੰਦਰ ਹੀ ਨਹੀਂ, ਬਾਹਰ ਵੀ ਗੰਦਗੀ ਦਿਖਾਈ ਦਿੰਦੀ ਹੈ। ਉਹ ਬਾਹਰ ਦੀ ਖੂਬਸੂਰਤੀ ਨਹੀਂ ਦੇਖਦੇ, ਇਸ ਵਿਚਲਾ ਕਬਾੜ ਦੇਖਦੇ ਹਨ। ਉਹ ਆਪਣੇ ਕੱਪੜਿਆਂ ਦੀ ਸਫਾਈ ਨਹੀਂ ਦੇਖਦੇ, ਉਨ੍ਹਾਂ ਵਿਚ ਪਏ ਵੱਟ ਦੇਖਦੇ ਹਨ। ਉਹ ਫਲ ਨਹੀਂ ਖਾਂਦੇ, ਕਿਉਂਕਿ ਉਹ ਇਨ੍ਹਾਂ ਨੂੰ ਕੀੜਿਆਂ ਦੇ ਭਰੇ ਸਮਝਦੇ ਹਨ। ਉਹ ਮੀਟ-ਅੰਡਾ ਨਹੀਂ ਖਾਂਦੇ, ਕਿਉਂਕਿ ਇਨ੍ਹਾਂ ਵਿਚ ਇਨ੍ਹਾਂ ਪਿਛਲਾ ਜਾਨਵਰ ਦੇਖਦੇ ਹਨ। ਕਣਕ ਦੇ ਆਟੇ ਵਿਚ ਸੁੱਸਰੀ ਦਾ ਜੀਵ ਦੇਖ ਕੇ ਉਹ ਸਮੁੱਚਾ ਆਟਾ ਸੁੱਟ ਦਿੰਦੇ ਹਨ। ਉਹ ਕਿਸੇ ਦਾ ਹੱਥ ਲੱਗਿਆ ਖਾਣਾ ਨਹੀਂ ਖਾਂਦੇ, ਇੱਥੋਂ ਤੀਕ ਕਿ ਕੜਾਹ-ਪ੍ਰਸਾਦਿ ਵਰਤਾਉਣ ਵਾਲੇ ਗ੍ਰੰਥੀ ਨੂੰ ਵੀ ਚਮਚ ਦੀ ਵਰਤੋਂ ਕਰਨ ਲਈ ਕਹਿੰਦੇ ਹਨ। ਉਹ ਖਾਣਾ ਬਣਾਉਣ ਵਾਲੇ ਤੇ ਪਰੋਸਣ ਵਾਲੇ ਦੇ ਹੱਥਾਂ ਵਲ ਦੇਖਦੇ ਰਹਿੰਦੇ ਹਨ। ਇਹ ਮਰੀਜ਼ ਹੱਥਾਂ ਨਾਲ ਤਿਆਰ ਕੀਤੇ ਜਾਣ ਵਾਲੇ ਖਾਣਿਆਂ ਤੋਂ ਗਲਿਆਣ ਮੰਨਦੇ ਹਨ। ਆਟਾ ਗੁੰਨ੍ਹਣਾ, ਚੂਰੀ ਕੁੱਟਣਾ, ਲੱਡੂ ਵੱਟਣਾ ਤੇ ਮੱਖਣ ਕੱਢਣਾ ਆਦਿ ਇਨ੍ਹਾਂ ਲਈ ਖਾਦ ਪਦਾਰਥਾਂ ਨੂੰ ਪਲੀਤ ਕਰਨ ਵਾਲੀ ਗੱਲ ਹੈ। ਲੱਸੀ ਨੂੰ ਤਾਂ ਇਹ ਤ੍ਰੀਮਤਾਂ ਦੇ ਹੱਥਾਂ ਦਾ ਧੋਣ ਸਮਝਦੇ ਹਨ। ਹੱਥ-ਘਚੋਲੂ ਪ੍ਰਕਿਰਿਆਵਾਂ ਨੂੰ ਸੋਚ ਕੇ ਹੀ ਉਨ੍ਹਾਂ ਨੂੰ ਖਾਧਾ ਪੀਤਾ ਬਾਹਰ ਨੂੰ ਆਉਂਦਾ ਲਗਦਾ ਹੈ। ਕਰੈਬ ਐਪਲ ਅਜਿਹੇ ਲੋਕਾਂ ਦੇ ਕਲਿਆਣ ਲਈ ਬਣੀ ਹੈ, ਪਰ ਇਸ ਦਾ ਭਾਵ ਇਹ ਨਹੀਂ ਕਿ ਇਸ ਦਵਾਈ ਦੇ ਸੇਵਨ ਨਾਲ ਠੀਕ ਹੋਏ ਮਰੀਜ਼ਾਂ ਵਿਚ ਸਫਾਈ ਦੀ ਭਾਵਨਾ ਖਤਮ ਹੋ ਜਾਂਦੀ ਹੈ। ਇਹ ਤਾਂ ਉਨ੍ਹਾਂ ਦੇ ਮਨਾਂ ਵਿਚੋਂ ਗੰਦਗੀ ਬਾਰੇ ਉਲਾਰ ਭਾਵਨਾ ਨੂੰ ਸਮਤਲ ਕਰਦੀ ਹੈ।

ਸਫਾਈ ਦੀ ਹੀ ਇਕ ਤੀਬਰ ਕਿਸਮ 'ਸੁੱਚਮ' ਹੈ। ਜਦੋਂ ਕਿਸੇ ਵਿਅਕਤੀ ਨੂੰ ਇਹ ਵਹਿਮ ਹੋ ਜਾਵੇ ਕਿ ਉਸ ਦੇ ਖਾਣ ਵਰਤਣ ਵਾਲੀ ਕੋਈ ਚੀਜ਼ ਸਾਫ ਨਹੀਂ ਹੈ ਤੇ ਉਹ ਉਸ ਨੂੰ ਵਾਰ ਵਾਰ ਸਾਫ ਕਰੀ ਜਾਵੇ ਤਾਂ ਉਸ ਨੂੰ ਸੁੱਚਮ ਕਰਨ ਵਾਲਾ ਕਹਿੰਦੇ ਹਨ। ਜਿਨ੍ਹਾਂ ਨੂੰ ਸੁੱਚਮ ਦਾ ਭੂਤ ਸਵਾਰ ਹੋਵੇ, ਉਹ ਆਪਣੇ ਭਾਂਡਿਆਂ, ਕੱਪੜਿਆਂ ਤੇ ਫਰਸ਼ਾਂ ਨੂੰ ਸਾਫ ਕਰਨ ਲਈ ਘੜੀ ਮੁੜੀ ਧੋਈ ਜਾਂਦੇ ਹਨ। ਉਹ ਸਮਝਦੇ ਹਨ ਕਿ ਉਨ੍ਹਾਂ ਦੀ ਮੈਲ ਹਾਲੇ ਪੂਰੀ ਤਰ੍ਹਾਂ ਗਈ ਨਹੀਂ ਹੈ। ਕਈ ਤਾਂ ਸਾਰਾ ਦਿਨ ਖੜ੍ਹੇ ਸਾਬਣ ਨਾਲ ਆਪਣੇ ਪਲੇਟ ਕੌਲੀਆਂ ਧੋ ਧੋ ਆਪਣੇ ਹੱਥ ਫਾੜ ਲੈਂਦੇ ਹਨ। ਉਹ ਫਿਰ ਵੀ ਸਮਝਦੇ ਹਨ ਕਿ ਇਹ ਸਾਫ ਨਹੀਂ ਹੋਏ। ਕਈ ਸਮਝਦੇ ਹਨ ਕਿ ਬਰਤਨ ਤਾਂ ਸਰਫ ਨਾਲ ਸਾਫ ਹੋ ਗਿਆ, ਪਰ ਹੁਣ ਇਸ ਨਾਲ ਸਰਫ ਚੰਬੜਿਆ ਹੋਇਆ ਹੈ, ਜੋ ਜੇ ਪੂਰੀ ਤਰ੍ਹਾਂ ਨਾ ਉਤਾਰਿਆ ਗਿਆ, ਅੰਦਰ ਜਾ ਕੇ ਉਨ੍ਹਾਂ ਦਾ ਮਿਹਦਾ ਜਾਂ ਗੁਰਦਾ ਖਰਾਬ ਕਰ ਦੇਵੇਗਾ। ਇਸ ਲਈ ਉਹ ਉਸ ਨੂੰ ਸੌ ਸੌ ਵਾਰ ਪਾਣੀ ਵਿਚ ਪਲਟਦੇ ਹਨ।

ਕਈ ਔਰਤਾਂ ਨੌਕਰਾਂ ਦੇ ਧੋਏ ਬਰਤਨਾਂ ਨੂੰ ਦੁਬਾਰਾ ਧੋ ਕੇ ਸੁੱਚੇ ਕਰਦੀਆਂ ਹਨ। ਕਈ ਆਪਣੇ ਧੋਏ ਬਰਤਨਾਂ ਨੂੰ ਵੀ ਵਰਤਣ ਤੋਂ ਪਹਿਲਾਂ ਇਕ ਵਾਰ ਫਿਰ ਧੋਂਦੀਆਂ ਹਨ। ਉਨ੍ਹਾਂ ਦੇ ਵਿਚਾਰ ਵਿਚ ਕੋਈ ਦੂਰ ਦੁਰਾਡੇ ਫਿਰਦੀ ਮੱਖੀ, ਛਿਪਕਲੀ, ਭੱਬੂ, ਕੀੜਾ ਆਦਿ ਵੀ ਬੈਠ ਕੇ ਇਨ੍ਹਾਂ ਨੂੰ ਗੰਦਾ ਕਰ ਸਕਦਾ ਹੈ। ਇਨ੍ਹਾਂ ਕੇਸਾਂ ਵਿਚ ਗੰਦਗੀ ਬਰਤਨਾਂ ਜਾਂ ਕੱਪੜਿਆਂ ਵਿਚ ਨਹੀਂ ਹੁੰਦੀ, ਸਗੋਂ ਸਫਾਈ ਦੀ ਭਾਲ ਕਰਦੇ ਵਿਅਕਤੀ ਦੇ ਮਨ ਵਿਚ ਹੁੰਦੀ ਹੈ। ਉਹ ਆਪਣੇ ਧੁਲਾਈ ਦੇ ਕਾਰਜ ਦੀ ਕੀਮਤ ਨਾ ਪਾਉਂਦਾ ਹੋਇਆ ਸਿਰ ਚੜ੍ਹੇ ਵਹਿਮ ਨੂੰ ਪੱਠੇ ਪਾਈ ਜਾਂਦਾ ਹੈ। ਉਹ ਯਥਾਰਥ ਨੂੰ ਨਾ ਦੇਖ ਕੇ ਕਲਪਨਾ ਵਿਚ ਡੁੱਬਿਆ ਹੁੰਦਾ ਹੈ। ਉਸ ਦਾ ਇਕੋ ਇਕ ਇਲਾਜ ਡਾ. ਬੈਚ ਦੀ ਫੁੱਲ ਦਵਾਈ ਕਰੈਬ ਐਪਲ ਹੈ।

ਮੇਰੇ ਕੋਲ ਸੈਨ ਹੋਜ਼ੇ ਤੋਂ ਇਕ ਮਾਤਾ ਦਾ ਫੋਨ ਆਇਆ। ਉਸ ਨੇ ਆਪਣੇ 19 ਸਾਲ ਦੇ ਕਾਲਜ ਪੜ੍ਹਦੇ ਲੜਕੇ ਦੀ ਸਿਹਤ ਬਾਰੇ ਫਿਕਰ ਕਰਦਿਆਂ ਦੱਸਿਆ ਕਿ ਉਹ ਦੋ ਦੋ ਘੰਟੇ ਬਾਥਰੂਮ ਵਿਚੋਂ ਨਹੀਂ ਨਿਕਲਦਾ, ਜਿਸ ਨਾਲ ਆਪ ਲੇਟ ਹੁੰਦਾ ਹੈ ਤੇ ਦੂਜਿਆਂ ਨੂੰ ਵੀ ਲੇਟ ਕਰਦਾ ਹੈ। ਮੈਂ ਉਸ ਨੂੰ ਕਿਹਾ ਕਿ ਲੜਕੇ ਨੂੰ ਮੇਰੇ ਪਾਸ ਭੇਜੇ। ਜਦੋਂ ਲੜਕਾ ਮੇਰੇ ਕੋਲ ਆਇਆ, ਮੈਂ ਉਸ ਨੂੰ ਪੁੱਛਿਆ, 'ਕੀ ਤੈਨੂੰ ਕਬਜ਼ ਰਹਿੰਦੀ ਹੈ, ਜੋ ਘੰਟਿਆਂ ਬੱਧੀ ਬਾਥ-ਰੂਮ ਵਿਚ ਬੈਠਿਆ ਰਹਿੰਦਾ ਹੈ?' ਉਹ ਬੋਲਿਆ, 'ਸਰ, ਕਬਜ ਤਾਂ ਜੋ ਹੈ ਸੋ ਹੈ, ਪਰ ਮੈਂ ਬਹੁਤਾ ਸਮਾਂ ਆਪਣੇ ਹੱਥ ਤੇ ਅੰਡਰਵੀਅਰ ਸਾਬਣ ਲਾ ਲਾ ਸਾਫ ਕਰੀ ਜਾਂਦਾ ਹਾਂ। ਹੱਥਾਂ ਤੇ ਅੰਦਰੂਨੀ ਕੱਪੜਿਆਂ ਨਾਲ ਛੋਟੇ ਛੋਟੇ ਜਰਮ ਲੱਗੇ ਹੁੰਦੇ ਹਨ, ਜੋ ਇਕ ਦੋ ਵਾਰ ਧੋਤਿਆਂ ਨਹੀਂ ਉੱਤਰਦੇ। ਇਸ ਲਈ ਮੇਰੇ ਮਨ ਵਿਚ ਵਿਚਾਰ ਆਈ ਜਾਂਦਾ ਹੈ ਕਿ ਇਕ ਵਾਰ ਹੋਰ ਧੋ ਲਵਾਂ ਤਾਂ ਜੋ ਕੋਈ ਰਹਿੰਦਾ ਖੂੰਹਦਾ ਵੀ ਉਤਰ ਜਾਵੇ।'

ਮੈਂ ਉਸ ਨੂੰ ਪੁੱਛਿਆ, 'ਤੂੰ ਜਰਮ ਦੇਖਿਆ ਹੈ, ਕਾਕਾ?' ਉਹ ਬੋਲਿਆ, 'ਜੀ ਦੇਖਿਆ ਤਾਂ ਨਹੀਂ, ਪਰ ਬਾਇਆਲੋਜੀ ਦੀ ਪੁਸਤਕ ਵਿਚ ਉਸ ਬਾਰੇ ਪੜ੍ਹਿਆ ਹੈ।' ਮੈਂ ਉਸ ਨੂੰ ਕਿਹਾ ਕਿ ਬਾਇਆਲੋਜੀ ਦੀ ਪੁਸਤਕ ਵਿਚ ਤਾਂ ਇਹ ਵੀ ਲਿਖਿਆ ਹੈ ਕਿ ਇਕ ਵਾਰ ਸਾਬਣ ਨਾਲ ਹੱਥ ਧੋਣ ਨਾਲ ਹੱਥ ਸਾਫ ਹੋ ਜਾਂਦੇ ਹਨ।' ਉਸ ਨੇ ਹਾਂ ਵਿਚ ਸਿਰ ਹਿਲਾਇਆ। ਦਰਅਸਲ ਉਹ ਯਥਾਰਥ ਨਾਲੋਂ ਟੁੱਟ ਕੇ ਹਵਾਈ ਘੜ੍ਹਤਾਂ ਬੁਣਤਾਂ ਵਿਚ ਪੈ ਗਿਆ ਸੀ। ਕਰੈਬ ਐਪਲ ਦੇ ਇਕ ਮਹੀਨਾ ਸੇਵਨ ਕਰਨ ਨਾਲ ਉਹ ਕਬਜ ਤੇ ਵਹਿਮ-ਦੋਹਾਂ 'ਤੇ ਫਤਹਿ ਪਾ ਗਿਆ। ਆਖਰੀ ਵਾਰ ਆਇਆ ਤਾਂ ਉਸ ਦੀ ਸੋਚ ਵੀ ਬਦਲੀ ਹੋਈ ਸੀ। ਕਹਿਣ ਲੱਗਾ, 'ਸਾਨੂੰ ਜਿੰਨਾ ਦਿਸਦਾ ਹੈ, ਉਨਾ ਹੀ ਦੇਖਣਾ ਚਾਹੀਦਾ ਹੈ। ਵਾਧੂ ਦੇਖਣ ਨਾਲ ਅਸੀਂ ਚੱਕਰ ਖਾ ਜਾਂਦੇ ਹਾਂ।'

ਸ਼ਿਕਾਗੋ ਸ਼ਹਿਰ ਤੋਂ ਇਕ ਟੈਕਸੀ ਚਾਲਕ ਦਾ ਫੋਨ ਆਇਆ ਕਿ ਉਸ ਦੀ ਪਤਨੀ ਨੂੰ ਡਿਪ੍ਰੈਸ਼ਨ ਹੋ ਗਿਆ ਹੈ। ਉਸ ਨੇ ਬਹੁਤ ਹਲੀਮੀ ਨਾਲ ਦੱਸਿਆ ਕਿ ਉਸ ਦੀ ਤਕਲੀਫ ਨਾਲ ਉਸ ਦਾ ਜੀਵਨ ਨਰਕ ਸਮਾਨ ਬਣ ਗਿਆ ਹੈ। ਉਸ ਦੀ ਪਤਨੀ ਕੋਲ ਬੈਠੀ ਸੀ, ਪਰ ਕੁਝ ਕਹਿਣ ਤੋਂ ਅਸਮਰਥ ਸੀ। ਉਸ ਦਾ ਕੇਸ ਬਿਆਨਦਿਆਂ ਉਸ ਦੇ ਪਤੀ ਨੇ ਦੱਸਿਆ ਕਿ ਉਸ ਨੂੰ ਵਹਿਮ ਰਹਿੰਦਾ ਹੈ ਕਿ ਉਸ ਦੇ ਚੁਫੇਰੇ ਗੰਦਗੀ ਲੱਗੀ ਹੋਈ ਹੈ। ਉਹ ਹਰ ਵੇਲੇ ਗਰਮ ਪਾਣੀ ਨਾਲ ਹੱਥ ਧੋਂਦੀ ਰਹਿੰਦੀ ਹੈ। ਹਰ ਦਾਲ ਸਬਜ਼ੀ ਦੇ ਦਾਗ ਨੂੰ 'ਕੁੱਤੇ ਦੀ ਪੋਟੀ' ਦੱਸ ਕੇ ਦੂਰ ਭਜਦੀ ਹੈ ਤੇ ਦੂਜਿਆਂ ਨੂੰ ਧੋਣ ਲਈ ਮਜ਼ਬੂਰ ਕਰਦੀ ਰਹਿੰਦੀ ਹੈ। ਇਥੋਂ ਤੀਕ ਕਿ ਕਾਰ, ਮੇਜ਼ ਤੇ ਜੁੱਤਿਆਂ ਨੂੰ ਵੀ ਧੁਆ ਕੇ ਛੱਡਦੀ ਹੈ। ਉਸ ਨੂੰ ਵੀ ਕਰੈਬ ਐਪਲ ਦੇਣ ਨਾਲ ਆਰਾਮ ਆਇਆ। ਉਹ ਇਸ ਦਵਾਈ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਇਕ ਵਾਰ ਇੰਡੀਆ ਗਏ ਨੇ ਵੀ ਇਸ ਦਵਾਈ ਦਾ ਨਾਂ ਫੋਨ ਕਰ ਕੇ ਪੁੱਛਿਆ!




ਸੈਕਰਾਮੈਂਟੋ ਤੋਂ ਇਕ ਪਤਵੰਤੇ ਸੱਜਣ ਨੇ ਆ ਕੇ ਦੱਸਿਆ ਕਿ ਉਸ ਦਾ ਪੈਂਤੀ ਸਾਲ ਦਾ ਇਕ ਇੰਜੀਨੀਅਰ ਰਿਸ਼ਤੇਦਾਰ ਇਕ ਅਜੀਬ ਤਕਲੀਫ ਨਾਲ ਪੀੜਤ ਹੈ। ਉਹ ਦਿਨ ਵਿਚ ਸੌ ਸੌ ਵਾਰ ਹੱਥ ਧੋਂਦਾ ਹੈ, ਪਰ ਫਿਰ ਵੀ ਉਨ੍ਹਾਂ ਨੂੰ ਸਾਫ ਨਹੀਂ ਸਮਝਦਾ। ਉਸ ਦੇ ਹੱਥ ਫਟ ਗਏ ਹਨ, ਸਰੀਰ 'ਤੇ ਖੁਜਲੀ ਹੁੰਦੀ ਰਹਿੰਦੀ ਹੈ। ਉਹ ਰਾਤ ਭਰ ਜਾਗਦਾ ਰਹਿੰਦਾ ਹੈ ਤੇ ਦਿਨੇ ਊਂਘਦਾ ਰਹਿੰਦਾ ਹੈ। ਉਸ ਨੇ ਦੱਸਿਆ ਕਿ ਉਹ ਬਹੁਤ ਹੀ ਗਿਣੀਆਂ ਮਿਣੀਆਂ ਚੀਜ਼ਾਂ ਖਾਂਦਾ ਹੈ ਤੇ ਭਾਰ ਘਟਣ ਨਾਲ ਦੁਬਲਾ ਪਤਲਾ ਹੋ ਗਿਆ ਹੈ। ਉਸ ਦੀ ਤਕਲੀਫ ਨਾਲ ਮੈਚ ਕਰਦੀਆਂ ਹੋਮਿਉਪੈਥੀ ਵਿਚ ਕਈ ਦਵਾਈਆਂ ਹਨ, ਪਰ ਮੈਂ ਉਸ ਨੂੰ ਉਸ ਦੀ ਹੱਥ ਧੋਣ ਤੇ ਰਾਤ ਦਿਨ ਸੁਪਨੇ ਦੇਖਣ ਦੀ ਆਦਤ ਕਾਰਨ ਕਰੈਬ ਐਪਲ ਦਿੱਤੀ। ਇਹ ਲੜਕਾ ਠੀਕ ਨਹੀਂ ਹੋਇਆ, ਕਿਉਂਕਿ ਉਸ ਨੇ ਦਵਾਈ ਲਿਤੀ ਹੀ ਨਹੀਂ। ਉਹ ਇਸ ਗੱਲ 'ਤੇ ਅੜਿਆ ਰਿਹਾ ਕਿ ਜਰਮਨ ਦਵਾਈ ਲਵੇਗਾ ਤੇ ਉਸ ਨੂੰ ਆਪ ਖਰੀਦ ਕੇ ਖਾਵੇਗਾ।

ਕਰੈਬ ਐਪਲ ਦੇ ਮਰੀਜ਼ ਥਾਂ ਥਾਂ ਪਾਏ ਜਾਂਦੇ ਹਨ। ਛੋਟੀਆਂ ਛੋਟੀਆਂ ਗੰਦਗੀਆਂ ਨੂੰ ਦੇਖ ਕੇ ਜਾਂ ਸੋਚ ਕੇ ਉਹ ਦੋ ਦੋ ਦਿਨ ਰੋਟੀ ਨਹੀਂ ਖਾਂਦੇ। ਦੁੱਧ ਪਾਉਣ ਵਾਲੇ ਦੋਧੀਆਂ ਦੇ ਢੋਲਾਂ ਨੂੰ ਉਹ ਮੈਲ ਦੇ ਭਰੇ ਦੱਸਦੇ ਹਨ। ਸਾਡਾ ਇਕ ਅਧਿਆਪਕ ਬੱਚਿਆਂ ਦੇ ਘਰੋਂ ਚਾਹ ਮੰਗਵਾ ਕੇ ਪੀਂਦਾ ਹੁੰਦਾ ਸੀ, ਪਰ ਪੀਣ ਤੋਂ ਪਹਿਲਾਂ ਉਨ੍ਹਾਂ ਦੇ ਲਿਆਂਦੇ ਗਲਾਸਾਂ ਉੱਤੇ ਮੈਲ ਦੇ ਨਿਸ਼ਾਨ ਜ਼ਰੂਰ ਘੋਖਦਾ ਸੀ। ਜੇ ਕਿਸੇ ਗਲਾਸ ਤੇ ਕੋਈ ਦਾਗ ਦਿਖ ਜਾਂਦਾ ਤਾਂ ਉਨ੍ਹਾਂ ਦੀਆਂ ਮਾਂਵਾਂ ਨੂੰ ਕੋਸਦਾ ਸੀ ਤੇ ਗਲਾਸ ਦੁਬਾਰਾ ਸਾਫ ਕਰਵਾ ਕੇ ਲਿਆਉਣ ਲਈ ਕਹਿੰਦਾ ਸੀ। ਮੇਰੀ ਹੀ ਇਕ ਮਰੀਜ਼ ਇੰਨੀ ਸੁਹਜ ਹੁੰਦੀ ਸੀ। ਆਪਣੇ ਘਰ ਸਭ ਕੁਝ ਖਾਂਦੀ, ਪਰ ਕਿਸੇ ਦੂਜੇ ਦੇ ਘਰ ਸਮੋਸੇ ਬਰਫੀ ਨੂੰ ਛੂੰਹਦੀ ਤੀਕ ਨਾ। ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਦੂਜੇ ਦੇ ਘਰ ਰੱਖੀਆਂ ਖਾਣ ਪੀਣ ਦੀਆਂ ਚੀਜ਼ਾਂ ਨੂੰ ਸੱਵਛ ਨਹੀਂ ਸਮਝਦੀ ਸੀ। ਜੇ ਕਿਤੇ ਸ਼ਰਮੋ ਸ਼ਰਮੀ ਕੁਝ ਖਾਣਾ ਵੀ ਪਵੇ ਤਾਂ ਬਾਥਰੂਮ ਵਿਚ ਜਾ ਕੇ ਉਲਟੀ ਕਰ ਆਉਂਦੀ ਸੀ। ਅਜਿਹੇ ਲੋਕਾਂ ਨੂੰ ਦੂਜੇ ਲੋਕਾਂ ਕੋਲੋਂ ਦੁਰਗੰਧ ਆਉਂਦੀ ਹੈ। ਇਸ ਲਈ ਉਹ ਦੂਜਿਆਂ ਕੋਲੋਂ ਦੂਰ ਦੀ ਹੋ ਕੇ ਲੰਘਦੇ ਹਨ। ਹੋਰ ਤਾਂ ਹੋਰ ਉਨ੍ਹਾਂ ਨੂੰ ਹੋਰਾਂ ਦੇ ਬਿਸਤਰਿਆਂ ਤੋਂ ਵੀ ਮੁਸ਼ਕ ਆਉਂਦਾ ਹੈ। ਕਿਸੇ ਦੇ ਘਰ ਮਹਿਮਾਨ ਬਣ ਕੇ ਗਏ ਇਹ ਲੋਕ ਉਨ੍ਹਾਂ ਦੀ ਰਜਾਈ ਨੱਕ ਤੋਂ ਦੂਰ ਰੱਖਦੇ ਹਨ ਤੇ ਕਈ ਸਰਾਹਣਾਂ ਕੱਢ ਕੇ ਪੈਰਾਂ ਹੇਠ ਲੈ ਲੈਂਦੇ ਹਨ।

ਕਰੈਬ ਐਪਲ ਦੇ ਮਰੀਜ਼ ਬੱਚਿਆਂ ਦੇ ਡਾਇਪਰ ਨਹੀਂ ਬਦਲਦੇ, ਕਿਸੇ ਦੇ ਜਖਮ 'ਤੇ ਮੱਲਮ-ਪੱਟੀ ਨਹੀਂ ਕਰਦੇ ਤੇ ਹਸਪਤਾਲਾਂ ਦੇ ਵਾਰਡਾਂ ਵਿਚ ਬੀਮਾਰਾਂ ਨੂੰ ਮਿਲਣ ਨਹੀਂ ਜਾਂਦੇ। ਉਹ ਨਰਸ ਦੇ ਪੇਸ਼ੇ ਤੋਂ ਚਲਦੇ ਹਨ ਤੇ ਸਪੈਸ਼ਲ ਐਜੂਕੇਸ਼ਨ ਦੇ ਅਧਿਆਪਕ ਨਹੀਂ ਲਗ ਸਕਦੇ। ਲੀਡਰ ਹੋਣ ਤਾਂ ਝੁੱਗੀ ਝੋਂਪੜੀ ਵਾਲੇ ਇਲਾਕਿਆਂ ਵਿਚ ਦੌਰਾ ਕਰਨ ਨਹੀਂ ਜਾਂਦੇ। ਉਨ੍ਹਾਂ ਨੂੰ ਖਦਸ਼ਾ ਹੁੰਦਾ ਹੈ ਕਿ ਕਿਤੇ ਕੋਈ ਗਰੀਬ ਉਨ੍ਹਾਂ ਨੂੰ ਚਾਹ ਪਾਣੀ ਪੀਣ ਲਈ ਹੀ ਨਾ ਕਹਿ ਦੇਵੇ। ਅਜਿਹੇ ਲੋਕ ਦੂਜਿਆਂ ਦੀਆਂ ਹਵਾੜਾਂ ਤੋਂ ਬਚਣ ਲਈ ਭੀੜ ਭਰੇ ਇੱਕਠਾਂ ਵਿਚ ਨਹੀਂ ਜਾਂਦੇ। ਉਹ ਕਿਸੇ ਦੀ ਚੀਜ਼ ਨੂੰ ਛੋਹਣ ਲਈ ਸਿਰਫ ਦੋ ਉਂਗਲਾਂ ਜਾਂ ਚਿਮਟੇ ਦਾ ਇਸਤੇਮਾਲ ਕਰਦੇ ਹਨ। ਉਹ ਪਾਣੀ ਨੂੰ ਪੁਣ ਛਾਣ ਕੇ ਪੀਂਦੇ ਹਨ ਤੇ ਦੁੱਧ ਆਦਿ ਨੂੰ ਉਬਾਲ ਕੇ। ਇਹ ਲੋਕ ਆਰਗੈਨਿਕ ਖਾਧ-ਪਦਾਰਥਾਂ ਦਾ ਪ੍ਰਚਾਰ ਕਰਦੇ ਹਨ। ਕਦੇ ਕਦੇ ਦਵਾਈ ਵੀ ਝਿਜਕ ਕੇ ਖਾਂਦੇ ਹਨ। ਕਰੈਬ ਐਪਲ ਦੀ ਪਹਿਲੀ ਖੁਰਾਕ ਹੀ ਇਨ੍ਹਾਂ ਲੋਕਾਂ ਨੂੰ ਯਥਾਰਥ ਦੇ ਨੇੜੇ ਲੈ ਆਉਂਦੀ ਹੈ, ਪਰ ਜੇ ਉਹ ਦਵਾਈ ਇਸ ਲਈ ਨਾ ਖਾਂਦੇ ਹੋਣ ਕਿ ਇਸ ਦੇ ਬਹਾਨੇ ਕੋਈ ਜ਼ਹਿਰ ਦੇ ਰਿਹਾ ਹੈ, ਤਾਂ ਉਸ ਦੀ ਦਵਾਈ ਹੋਰ ਹੈ।

ਭਾਰਤ ਵਿਚ ਤਾਂ ਕਰੈਬ ਐਪਲ ਦੇ ਮਰੀਜ਼ਾਂ ਦੀ ਭਰਮਾਰ ਹੈ। ਸਦੀਆਂ ਤੋਂ ਲੋਕ ਛੂਤ-ਛਾਤ ਦੇ ਵਿਚਾਰ ਮਨ ਵਿਚ ਲਈ ਫਿਰ ਰਹੇ ਹਨ। ਇਨਸਾਨ ਜਾਤੀ ਨੂੰ ਪੇਸ਼ਿਆਂ ਅਨੁਸਾਰ ਵੰਡ ਕੇ ਦੇਖਦੇ ਹਨ ਅਤੇ ਗਰੀਬਾਂ ਤੇ ਆਰਥਿਕ ਤੌਰ 'ਤੇ ਕਮਜੋਰ ਵਰਗਾਂ ਨੂੰ ਆਪਣੇ ਵਰਤ ਵਿਹਾਰ ਦੇ ਕਾਬਲ ਨਹੀਂ ਸਮਝਦੇ। ਉਨ੍ਹਾਂ ਦੀ ਛੂਹੀ ਵਸਤ ਨੂੰ ਅਪਵਿਤਰ ਮੰਨਦੇ ਹਨ। ਉਨ੍ਹਾਂ ਦੇ ਹੱਥ ਦਾ ਬਣਿਆ ਖਾਣਾ ਨਹੀਂ ਖਾਂਦੇ। ਇੱਥੋਂ ਤੀਕ ਕਿ ਭਿੱਟ ਦੇ ਡਰ ਤੋਂ ਉਨ੍ਹਾਂ ਦੇ ਨੇੜੇ ਵੀ ਨਹੀਂ ਜਾਂਦੇ। ਉਹ ਮੱਝਾਂ ਦਾ ਦੁੱਧ ਪੀਂਦੇ ਹਨ, ਘੋੜਿਆਂ 'ਤੇ ਬੈਠਦੇ ਹਨ, ਗਊ ਦਾ ਮੂਤਰ ਪੀਂਦੇ ਹਨ ਤੇ ਕੁੱਤੇ ਨੂੰ ਨਾਲ ਸੁਲਾਉਂਦੇ ਹਨ, ਪਰ ਮਨੁੱਖ ਦੇ ਪ੍ਰਛਾਵੇਂ ਤੋਂ ਵੀ ਦੂਰ ਦੀ ਲੰਘਦੇ ਹਨ! ਆਜ਼ਾਦੀ ਤੋਂ ਪਹਿਲਾਂ ਇਹ ਵਰਤਾਰਾ ਉੱਥੇ ਸਰਬਵਿਆਪਕ ਸੀ, ਪਰ ਆਜ਼ਾਦੀ ਤੋਂ ਬਾਅਦ ਵੀ ਪੂਰੀ ਤਰ੍ਹਾਂ ਸਮਾਪਤ ਨਹੀਂ ਹੋਇਆ। ਦਰਅਸਲ ਕਰੈਬ ਐਪਲ ਦਿੱਤੇ ਬਿਨਾ ਇਹ ਮਾਨਸਿਕ ਵਿਕਾਰ ਸਹੀ ਤਰ੍ਹਾਂ ਠੀਕ ਹੋਣਾ ਸੰਭਵ ਨਹੀਂ।

ਕਰੈਬ ਐਪਲ ਦੇ ਮਰੀਜ਼ ਹੀਣ ਭਾਵਨਾ ਦੇ ਮਾਰੇ ਹੋਏ ਹੁੰਦੇ ਹਨ। ਇਹ ਹੀਣ ਭਾਵਨਾ ਦੂਜਿਆਂ ਤੋਂ ਨੀਵਾਂ ਹੋਣ ਜਾਂ ਸਮਝਣ ਦਾ ਸੰਤਾਪ ਨਹੀਂ ਹੁੰਦੀ, ਸਗੋਂ ਆਪਣੀ ਛਵੀ ਦੀ ਅੱਛੀ ਪ੍ਰਦਰਸ਼ਨਕਾਰਿਤਾ ਨਾ ਹੋਣ ਦੇ ਵਹਿਮ ਵਜੋਂ ਹੁੰਦੀ ਹੈ। ਉਨ੍ਹਾਂ ਦੇ ਮਨ ਵਿਚ ਇਹ ਗੱਲ ਘਰ ਕਰ ਚੁਕੀ ਹੁੰਦੀ ਹੈ ਕਿ ਉਹ ਅੱਛੀ ਦਿੱਖ ਵਾਲੇ ਨਹੀਂ। ਉਹ ਆਪਣੀ ਫੋਟੋ ਨਹੀਂ ਖਿਚਵਾਉਂਦੇ। ਜੇ ਉਨ੍ਹਾਂ ਦੇ ਚਿਹਰੇ 'ਤੇ ਕੋਈ ਦਾਗ ਜਾਂ ਛਿਆਹੀ ਹੋਵੇ, ਉਹ ਉਸੇ ਕਰ ਕੇ ਆਪਣੇ ਆਪ ਨੂੰ ਬਦਸੂਰਤ ਸਮਝੀ ਜਾਂਦੇ ਹਨ। ਜਿਸ ਪਾਸੇ ਵਾਲੀ ਗੱਲ੍ਹ 'ਤੇ ਫਿਨਸੀ ਨਿਕਲ ਆਵੇ, ਉਹ ਉਸ ਪਾਸੇ ਨੂੰ ਢਕ ਕੇ ਰੱਖਦੇ ਹਨ। ਲੜਕੀਆਂ ਤੇ ਔਰਤਾਂ ਚਿਹਰੇ ਦੇ ਦਾਗਾਂ ਨੂੰ ਛਿਪਾਉਣ ਲਈ ਕਈ ਕਈ ਕਰੀਮਾਂ ਤੇ ਦਵਾਈਆਂ ਵਰਤਦੀਆਂ ਹਨ। ਕਈ ਤਾਂ ਇਸੇ ਇਕੱਲੀ ਤਕਲੀਫ ਦਾ ਇਲਾਜ ਕਰਵਾਉਣ ਲਈ ਡਾਕਟਰ ਕੋਲ ਜਾਂਦੀਆਂ ਹਨ। ਕੋਈ ਕਹਿੰਦੀ ਹੈ ਕਿ ਭੂਤ ਕਾਲ ਵਿਚ ਉਸ ਦੀ ਚਮੜੀ ਇੰਨੀ ਸਫੈਦ ਤੇ ਚਮਕਦਾਰ ਹੁੰਦੀ ਸੀ ਕਿ ਲੋਕ ਉਸ ਨੂੰ ਅੰਗਰੇਜ਼ ਸਮਝਦੇ ਸਨ, ਪਰ ਹੁਣ ਇਸ ਵਿਚ ਝੁਰੜੀਆਂ ਆ ਗਈਆਂ ਹਨ, ਠੀਕ ਕਰੋ। ਇਕ ਲੜਕੀ ਨੇ ਦੱਸਿਆ ਕਿ ਉਹ ਹੈਵੀ ਮੇਕਅਪ ਕੀਤੇ ਬਿਨਾ ਘਰੋਂ ਨਹੀਂ ਨਿਕਲਦੀ। ਦੂਜੀ ਨੂੰ ਆਪਣੇ ਹੱਥਾਂ, ਬਾਹਾਂ ਨਾਲ ਸਮੱਸਿਆ ਹੈ, ਕਹਿੰਦੀ ਹੈ ਪਤਲੇ ਹਨ, ਮੋਟੇ ਕਰੋ। ਕਿਸੇ ਨੂੰ ਆਪਣੀਆਂ ਅੱਖਾਂ ਦੁਆਲੇ ਸੋਜ ਨਜ਼ਰ ਆਉਂਦੀ ਹੈ, ਕਿਸੇ ਨੂੰ ਕਾਲਸ। ਕੋਈ ਕੋਈ ਆ ਕੇ ਕਹਿੰਦੀ ਹੈ, ਉਸ ਦੇ ਸਾਹ ਵਿਚ ਦੁਰਗੰਧ ਹੈ। ਕਈ ਆਪਣੇ ਦੰਦਾਂ ਨੂੰ ਛੁਪਾਉਣ ਖਾਤਰ ਖੁੱਲ੍ਹ ਕੇ ਨਹੀਂ ਹੱਸਦੀਆਂ। ਕਾਲੇ ਰੰਗ ਦਾ ਝੋਰਾ ਤਾਂ ਕਈਆਂ ਨੂੰ ਖਾਈ ਜਾਂਦਾ ਹੈ। ਕਈਆਂ ਨੂੰ ਮਧਰੇ ਕੱਦ, ਕਈਆਂ ਨੂੰ ਛੋਟੀਆਂ ਅੱਖਾਂ ਤੇ ਕਈਆਂ ਨੂੰ ਮੋਟਾਪੇ ਦਾ ਭਰਮ ਸਤਾਈ ਜਾਂਦਾ ਹੈ। ਸਫੈਦ ਵਾਲ ਤਾਂ ਹਰ ਇਕ ਦੀ ਸਮੱਸਿਆ ਹਨ। ਇਨ੍ਹਾਂ ਸਭ ਦੀ ਸਾਂਝੀ ਦਵਾਈ ਕਰੈਬ ਐਪਲ ਹੈ।

ਕਈ ਪਾਠਕ ਕਹਿਣਗੇ ਕਿ ਜੇ ਕੋਈ ਇਨ੍ਹਾਂ ਤਕਲੀਫਾਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਤਾਂ ਇਸ ਵਿਚ ਬੁਰਾ ਕੀ ਹੈ? ਛੁਟਕਾਰਾ ਪਾਉਣ ਵਿਚ ਤਾਂ ਕੁਝ ਬੁਰਾ ਨਹੀਂ, ਪਰ ਇਹੀ ਗੱਲ ਉਦੋਂ ਕਰੈਬ ਐਪਲ ਦੀ ਅਲਾਮਤ ਬਣਦੀ ਹੈ, ਜਦੋਂ ਕੋਈ ਇਲਾਜ ਤਾਂ ਜਿਗਰ ਦੀ ਖਰਾਬੀ ਜਾਂ ਪਿੱਤੇ ਦੀ ਪਥਰੀ ਦਾ ਕਰਾਉਣ ਆਵੇ, ਪਰ ਨਾਲ ਆਖੇ ਕਿ ਪਹਿਲਾਂ ਉਸ ਦੇ ਨੱਕ 'ਤੇ ਨਿਕਲੀ ਫਿਨਸੀ ਜਾਂ ਪੁੜਪੁੜੀ 'ਤੇ ਆਏ ਸਫੈਦ ਵਾਲਾਂ ਨੂੰ ਹਟਾਓ। ਕਈ ਤਾਂ ਡਾਕਟਰ ਦੀ ਐਨਕ ਦੇ ਸ਼ੀਸ਼ੇ ਸਾਹਮਣੇ ਖੜ੍ਹੇ ਹੋ ਕੇ ਹੀ ਫਿਨਸੀ ਜਾਂ ਵਾਲਾਂ ਦਾ ਮੁਆਇਨਾ ਕਰਨ ਲੱਗ ਜਾਂਦੇ ਹਨ। ਇਕ ਢਲਦੀ ਉਮਰ ਦੀ ਬੀਬੀ ਚਿਹਰੇ ਦਾ ਐਕਜ਼ੀਮਾ ਦਬਾ ਕੇ ਬ੍ਰੈਸਟ ਕੈਂਸਰ ਕਰਵਾ ਬੈਠੀ ਤੇ ਇਸ ਦੇ ਹੋਮਿਉਪੈਥਿਕ ਇਲਾਜ ਲਈ ਆਈ। ਦਵਾਈ ਨਾਲ ਉਸ ਦੀ ਛਾਤੀ ਦੀ ਪੀੜਾ ਤਾਂ ਠੀਕ ਹੋ ਗਈ, ਪਰ ਚਿਹਰੇ 'ਤੇ ਮੁੜ ਐਕਜ਼ੀਮਾ ਪਰਤ ਆਇਆ। ਇਸ ਦੇ ਭਲੇ ਨਤੀਜਿਆਂ ਬਾਰੇ ਲੱਖ ਸਮਝਾਉਣ 'ਤੇ ਵੀ ਉਸ ਨੇ ਇਲਾਜ ਛੱਡ ਦਿੱਤਾ। ਉਸ ਨੇ ਸਪਸ਼ਟ ਕੀਤਾ ਕਿ ਉਸ ਨੂੰ ਮਰਨਾ ਮਨਜ਼ੂਰ, ਪਰ ਉਹ ਆਪਣੇ ਚਿਹਰੇ ਨੂੰ ਕਰੂਪ ਨਹੀਂ ਦੇਖ ਸਕਦੀ। ਬੀਮਾਰ ਦੀ ਅਜਿਹੀ ਪ੍ਰਕਿਰਤੀ ਉਸ ਨੂੰ ਕਰੈਬ ਐਪਲ ਦਾ ਮਰੀਜ਼ ਬਣਾਉਂਦੀ ਹੈ।

ਕਰੈਬ ਐਪਲ ਦੇ ਮਰੀਜ਼ 'ਬੁਰੀ ਨਜ਼ਰ' ਵਿਚ ਵਿਸ਼ਵਾਸ ਰੱਖਦੇ ਹਨ, ਭਾਵ ਉਹ ਸਮਝਦੇ ਹਨ ਕਿ ਦੂਜਿਆਂ ਦੀ ਨਜ਼ਰ ਵਿਚ ਕੁਝ ਅਜਿਹਾ ਮਾੜਾ ਅਸਰ ਹੈ ਕਿ ਜਿਸ ਚੰਗੀ ਚੀਜ਼ ਵਲ ਉਹ ਦੇਖ ਲੈਣ, ਉਸ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਤੋਂ ਬਚਾਉ ਕਰਨ ਲਈ ਉਹ ਆਪਣੇ ਨਵੇਂ ਘਰ ਜਾਂ ਨਵੀਂ ਗੱਡੀ ਤੇ ਜੁੱਤੀ ਦਾ ਬਟੇਊ ਲਾ ਦਿੰਦੇ ਹਨ। ਕਈ ਬੱਚੇ ਆਪਣੇ ਬੁੱਢੇ ਮਾਤਾ-ਪਿਤਾ ਨੂੰ ਸਕੂਲ ਨਹੀਂ ਆਉਣ ਦਿੰਦੇ। ਉਹ ਨਹੀਂ ਚਾਹੁੰਦੇ ਕਿ ਕੋਈ ਉਨ੍ਹਾਂ ਦੇ ਗਰੀਬ ਤੇ ਬਜੁਰਗ ਮਾਪਿਆਂ ਕਾਰਨ ਕੋਈ ਉਨ੍ਹਾਂ ਨੂੰ ਹੀਣ ਸਮਝੇ। ਕਈ ਨੂੰਹ-ਪੁੱਤ ਆਪਣੇ ਬਜੁਰਗਾਂ ਨੂੰ ਆਪਣੇ ਮਹਿਮਾਨਾਂ ਸਾਹਮਣੇ ਨਹੀਂ ਕਰਦੇ। ਮਹਿਮਾਨ ਆਉਣ ਤੋਂ ਪਹਿਲਾ ਹੀ ਉਹ ਉਨ੍ਹਾਂ ਨੂੰ ਬਾਹਰ ਭੇਜ ਦਿੰਦੇ ਹਨ ਜਾਂ ਪਿਛਲੇ ਕਮਰੇ ਵਿਚ ਡੱਕ ਦਿੰਦੇ ਹਨ। ਕਈ ਮਾਤਾ-ਪਿਤਾ ਆਪਣੇ ਬੱਚਿਆਂ ਪ੍ਰਤੀ ਵੀ ਇੱਦਾਂ ਹੀ ਕਰਦੇ ਹਨ।

ਮੇਰੇ ਇਕ ਦੋਸਤ ਅਧਿਆਪਕ ਦੇ ਛੋਟੀ ਉਮਰ ਵਿਚ ਹੀ ਸੱਤ ਬੱਚੇ ਹੋ ਗਏ। ਜਦੋਂ ਉਹ ਯੂਨੀਵਰਸਿਟੀ ਵਿਚ ਲੱਗਿਆ ਤਾਂ ਸ਼ਰਮ ਦਾ ਮਾਰਿਆ ਦੋ ਨੂੰ ਪਿੰਡ ਛੱਡ ਕੇ ਆਪਣੇ ਨਾਲ ਪੰਜਾਂ ਨੂੰ ਹੀ ਲਿਆਇਆ। ਇਨ੍ਹਾਂ ਪੰਜਾਂ ਵਿਚੋਂ ਵੀ ਆਪਣੇ ਉਸ ਨੇ ਤਿੰਨ ਹੀ ਦੱਸੇ; ਬਾਕੀ ਦੇ ਦੋਹਾਂ ਨੂੰ ਭਾਈ ਦੇ ਹੀ ਦੱਸਦਾ ਰਿਹਾ। ਜਦੋਂ ਵੱਡੇ ਤਿੰਨ ਪੜ੍ਹ-ਲਿਖ ਕੇ ਨੌਕਰੀਆਂ 'ਤੇ ਚਲੇ ਗਏ ਤਾਂ ਬਾਕੀ ਦੇ ਦੋ ਵੀ ਛੋਟੇ ਭਾਈ ਦੇ ਕਹਿ ਕੇ ਲੈ ਆਇਆ। ਇਸ ਗੱਲ ਦਾ ਰਾਜ਼ ਉਦੋਂ ਖੁੱਲ੍ਹਿਆ ਜਦੋਂ ਕੋਈ 35 ਸਾਲਾਂ ਬਾਅਦ ਉਸ ਅਧਿਆਪਕ ਨੂੰ ਅਧਰੰਗ ਹੋ ਗਿਆ ਤੇ ਸਭ ਬੱਚੇ ਉਸ ਨੂੰ ਮਿਲਣ ਆਏ। ਮੈਂ ਗਿਆ ਤਾਂ ਬੱਚਿਆਂ ਨੇ ਰਲ ਕੇ ਕਿਹਾ, 'ਅੰਕਲ ਹਮ ਨੇ ਆਪ ਸੇ ਏਕ ਬਾਤ ਬਹੁਤ ਦੇਰ ਛੁਪਾਈ ਰੱਖੀ। ਹਮ ਸਾਤੋਂ ਕੇ ਸਾਤੋਂ ਭਾਈ ਬਹਿਨ ਹੈਂ। ਯੇ ਚਾਚਾ ਕੇ ਬਤਾਤੇ ਰਹੇ, ਇਨ ਕੇ ਤੋ ਕੋਈ ਭਾਈ ਹੀ ਨਹੀਂ ਹੈ।' ਜਦੋਂ ਉਨ੍ਹਾਂ ਨੇ ਮੇਰੇ ਚਿਹਰੇ 'ਤੇ ਹੈਰਾਨੀ ਦੇ ਭਾਵ ਪੜ੍ਹੇ ਤਾਂ ਕਹਿਣ ਲਗੇ, 'ਹਮੇਂ ਭੀ ਝੂਠ ਬੋਲਨਾ ਬੁਰਾ ਲਗਤਾ ਥਾ ਪਰ ਯੇ ਪਾਪਾ ਕੀ ਮਜ਼ਬੂਰੀ ਥੀ। ਸ਼ਹਿਰ ਮੇਂ ਤੋ ਏਕ ਦੋ ਬੱਚੇ ਹੋਤੇ ਹੈਂ ਔਰ ਹਮ ਸਾਤ ਥੇ। ਪਤਾ ਲਗ ਜਾਤਾ ਤੋ

(ਬਾਕੀ ਅਗਲੇ ਸਫੇ 'ਤੇ)

# ਚਰਚਾ: ਵਿਸ਼ਵ ਪ੍ਰਸੰਨਤਾ ਰਿਪੋਰਟ-2021

ਹਰ ਸਾਲ 20 ਮਾਰਚ ਦਾ ਦਿਨ ਸੰਯੁਕਤ ਰਾਸ਼ਟਰ ਸੰਗਠਨ ਵੱਲੋਂ 'ਅੰਤਰ-ਰਾਸ਼ਟਰੀ ਪ੍ਰਸੰਨਤਾ ਦਿਵਸ' ਦੇ ਤੌਰ 'ਤੇ ਮਨਾਇਆ ਜਾਂਦਾ ਹੈ ਅਤੇ ਇਸ ਦਿਨ 'ਵਿਸ਼ਵ ਪ੍ਰਸੰਨਤਾ ਰਿਪੋਰਟ' (World Happiness Report) ਵੀ ਜਾਰੀ ਕੀਤੀ ਜਾਂਦੀ ਹੈ। ਇਹ ਰਿਪੋਰਟ ਸੰਗਠਨ ਦੇ 'ਸਵੈ-ਨਿਰਭਰ ਵਿਕਾਸ ਸਮਾਧਾਨ ਵਿਭਾਗ' (Sustainable Development Solutions Network) ਵੱਲੋਂ ਤਿਆਰ ਕੀਤੀ ਜਾਂਦੀ ਹੈ। ਇਸ ਵਿਚ ਵਿਅਕਤੀਗਤ ਪ੍ਰਸੰਨਤਾ ਤੇ ਭਲਾਈ ਅਤੇ ਦੇਸ਼ਾਂ ਦੀ ਸਮੁੱਚੀ ਪ੍ਰਸੰਨਤਾ ਨਾਲ ਸਬੰਧਿਤ ਵੱਖ-ਵੱਖ ਪੱਖਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਂਦੀ ਹੈ। ਹਰ ਸਾਲ ਕੁਝ ਢੁਕਵੇਂ ਪੱਖ ਚੁਣੇ ਜਾਂਦੇ ਹਨ, ਜਿਵੇਂ ਕਿ ਇਸ ਸਾਲ ਦੀ ਰਿਪੋਰਟ ਵਿਚ ਕੋਵਿਡ-19 ਨੂੰ ਮੁੱਖ ਵਿਸ਼ਾ ਬਣਾਇਆ ਗਿਆ ਹੈ।



**ਇੰਜੀਨੀਅਰ ਈਸ਼ਰ ਸਿੰਘ**
ਫੋਨ: 647-640-2014

ਪਿਛਲੇ ਸਾਲ ਪ੍ਰਸੰਨਤਾ ਦੇ, ਸਮਾਜਿਕ ਤੇ ਕੁਦਰਤੀ ਵਾਤਾਵਰਣ ਅਤੇ 'ਸਵੈ-ਨਿਰਭਰ ਵਿਕਾਸ ਟੀਚਿਆਂ' ਨਾਲ ਸਬੰਧਾਂ ਨੂੰ ਮੁੱਖ ਵਿਸ਼ਾ ਬਣਾਇਆ ਗਿਆ ਸੀ। ਹਰ ਸਾਲ ਨਵਾਂ ਪੱਖ ਵਿਚਾਰਨ ਤੋਂ ਭਾਵ ਇਹ ਹੈ ਕਿ ਦੇਸ਼ਾਂ ਦੀਆਂ ਸਰਕਾਰਾਂ, ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਸੰਸਥਾਵਾਂ ਇਸ ਰਿਪੋਰਟ ਦੀਆਂ ਖੋਜਾਂ ਤੋਂ ਸੇਧ ਲੈ ਕੇ ਐਸੀਆਂ ਨੀਤੀਆਂ ਅਤੇ ਪ੍ਰੋਗਰਾਮ ਉਲੀਕ ਸਕਣ, ਜਿਹੜੇ ਕਿ ਨਾਗਰਿਕਾਂ ਦੀ ਵਿਅਕਤੀਗਤ ਪ੍ਰਸੰਨਤਾ ਅਤੇ ਭਲਾਈ ਵਿਚ ਵਾਧਾ ਕਰ ਸਕਣ। ਰਿਪੋਰਟ ਇਸ ਗੱਲ 'ਤੇ ਪੂਰਾ ਜ਼ੋਰ ਦਿੰਦੀ ਹੈ ਕਿ ਪ੍ਰਸੰਨਤਾ ਦੇ ਵਧੇ ਵਾਸਤੇ ਸਰਕਾਰਾਂ ਅਤੇ ਹੋਰ ਸਬੰਧਿਤ ਸੰਸਥਾਵਾਂ ਦੀਆਂ ਕਾਰਵਾਈਆਂ ਦੇ ਨਾਲ-ਨਾਲ ਵਿਅਕਤੀਗਤ ਪੱਧਰ 'ਤੇ ਸਰਬ-ਪੱਖੀ ਸੁਚੱਜੀ ਜੀਵਨ-ਜਾਚ ਅਪਨਾਉਣ ਦੀ ਵੀ ਜ਼ਰੂਰਤ ਹੈ। ਸੋ ਪ੍ਰਸੰਨਤਾ ਰਿਪੋਰਟ ਜਿੱਥੇ ਸਰਕਾਰਾਂ ਅਤੇ ਹੋਰ ਸਬੰਧਿਤ ਸੰਸਥਾਵਾਂ ਨੂੰ ਇਸ ਵਿਸ਼ੇ 'ਤੇ ਸਿਫਾਰਸ਼ਾਂ ਕਰਦੀ ਹੈ, ਉੱਥੇ ਨਾਲ ਹੀ ਵਿਅਕਤੀਗਤ ਜੀਵਨ ਦੇ ਸਰਬ-ਪੱਖੀ ਵਿਕਾਸ ਵਾਸਤੇ ਵਿਹਾਰਕ ਅਤੇ ਅਰਥ-ਭਰਪੂਰ ਨਸੀਹਤਾਂ ਵੀ ਕਰਦੀ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪ੍ਰਸੰਨਤਾ ਅਤੇ ਭਲਾਈ ਕਦੇ ਵੀ ਸਰਕਾਰਾਂ ਦੀ ਨੀਤੀ ਨਹੀਂ ਰਹੀ ਅਤੇ ਨਾ ਹੀ ਸਾਡੀਆਂ ਸਮਾਜਿਕ ਪ੍ਰਣਾਲੀਆਂ ਇਸ ਵਾਸਤੇ ਸੁਖਾਵੇਂ ਹਾਲਾਤ ਬਣਾ ਸਕੀਆਂ। ਪਹਿਲੇ ਸਮਿਆਂ ਵਿਚ ਇਸ ਵਾਸਤੇ ਜੋ ਵੀ ਕੋਸ਼ਿਸ਼ਾਂ ਹੋਈਆਂ ਹਨ, ਉਹ ਸਿਰਫ ਧਾਰਮਿਕ ਅਤੇ ਰੂਹਾਨੀ ਆਗੂਆਂ ਵਲੋਂ ਹੀ ਹੋਈਆਂ ਹਨ, ਪਰ ਅੱਜ ਸਰਕਾਰਾਂ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਸੰਸਥਾਵਾਂ ਅਤੇ ਸੰਯੁਕਤ ਰਾਸ਼ਟਰ ਤੱਕ ਸਭ ਇਸ ਪ੍ਰਤੀ ਸੁਚੇਤ ਹੋਏ ਹਨ, ਜਿਸ ਕਰ ਕੇ ਇਹ ਸਾਲਾਨਾ ਰਿਪੋਰਟ ਹੋਂਦ ਵਿਚ ਆਈ। ਹੁਣ ਤੱਕ ਜਾਰੀ ਰਿਪੋਰਟਾਂ ਦੀ ਇੱਕ ਖਾਸ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਨ੍ਹਾਂ ਵਿਚ ਦੁਨੀਆਂ ਦੇ ਮੁੱਖ ਧਰਮਾਂ ਦੇ ਮੋਢੀ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਨੂੰ ਵੀ ਬਣਦੀ ਮਾਨਤਾ ਦਿੱਤੀ ਗਈ ਹੈ। ਇਨ੍ਹਾਂ ਸਿੱਖਿਆਵਾਂ ਦੇ ਵਿਗਿਆਨਕ ਅਤੇ ਮਨੋ-ਵਿਗਿਆਨਕ ਖੋਜਾਂ ਨਾਲ ਸੁਮੇਲ ਨੂੰ ਇਨ੍ਹਾਂ ਦੀਆਂ ਸਿਫਾਰਸ਼ਾਂ ਅਤੇ ਨਸੀਹਤਾਂ ਦਾ ਅਧਾਰ ਬਣਾਇਆ ਜਾਂਦਾ ਹੈ। ਨਿਰਸੰਦੇਹ ਇਨ੍ਹਾਂ ਰਿਪੋਰਟਾਂ ਦਾ ਆਦਰਸ਼ ਅੱਜ ਦੇ ਵਿਗਿਆਨੀਆਂ ਅਤੇ ਮਨੋ-ਵਿਗਿਆਨੀਆਂ ਦੀ ਵਿਚਾਰਧਾਰਾ 'Finding Modern Truth in Ancient Wisdom' ਨਾਲ ਮੇਲ ਖਾਂਦਾ ਹੈ। ਇਸ ਵਿਚਾਰਧਾਰਾ ਨੂੰ ਪਹਿਲੀ ਵਾਰ ਪ੍ਰਸਿੱਧ ਅਮਰੀਕੀ ਸਮਾਜਿਕ ਮਨੋਵਿਗਿਆਨੀ ਡਾ. ਜੌਨਥਨ ਹਾਈਟ ਨੇ ਪ੍ਰਭਾਸ਼ਿਤ ਕੀਤਾ ਸੀ।

ਮਾਹਰ ਹਰ ਸਾਲ ਬਦਲਦੇ ਹਾਲਾਤਾਂ ਅਤੇ ਨਵੀਆਂ ਖੋਜਾਂ ਅਨੁਸਾਰ ਢੁਕਵੇਂ ਪੱਖਾਂ ਨੂੰ ਰਿਪੋਰਟ ਦਾ ਅਧਾਰ ਬਣਾਉਂਦੇ ਹਨ। ਸੰਸਾਰ ਦੇ ਚੋਟੀ ਦੇ ਸਮਾਜ-ਸੁਧਾਰਕ, ਮਨੋ-ਵਿਗਿਆਨੀ, ਅਰਥ-ਸ਼ਾਸਤਰੀ ਅਤੇ ਪ੍ਰਸੰਨਤਾ ਦੇ ਮਾਹਰ ਇਸ ਰਿਪੋਰਟ ਨਾਲ ਜੁੜੇ ਹੋਏ ਹਨ। ਜਿਨ੍ਹਾਂ ਵਿਚੋਂ ਤਿੰਨ ਤਾਂ ਇਸ ਦੇ ਸ਼ੁਰੂ ਹੋਣ ਵੇਲੇ (2012) ਤੋਂ ਹੀ ਜੁੜੇ ਹਨ। ਇਹ ਇਸ ਦੇ ਬਾਨੀਆਂ ਵਿਚੋਂ ਹਨ ਅਤੇ ਵਾਲੰਟੀਅਰਾਂ ਦੇ ਤੌਰ 'ਤੇ ਕੰਮ ਕਰ ਰਹੇ ਹਨ। ਇਹ ਸਤਿਕਾਰਯੋਗ ਸ਼ਖਸੀਅਤਾਂ ਹਨ: ਡਾ. ਜੈਫਰੀ ਸੈਕਸ, ਡਾ. ਜੌਹਨ ਹੈਲੀਵੈੱਲ ਅਤੇ ਡਾ. ਰਿਚਰਡ ਲੇਅਰਡ। ਇਨ੍ਹਾਂ ਵਿਸ਼ੇਸ਼ਗਾਂ ਦੀਆਂ ਸੇਵਾਵਾਂ ਦੇ ਨਾਲ-ਨਾਲ ਵਿਸ਼ਵ ਪ੍ਰਸਿੱਧ ਸੰਸਥਾਵਾਂ ਤੋਂ ਵੀ ਮਦਦ ਲਈ ਜਾਂਦੀ ਹੈ। ਜਿਨ੍ਹਾਂ ਵਿਚ ਗੈਲੱਪ (Gallup) ਦਾ ਨਾਂ ਵਰਣਨਯੋਗ ਹੈ। ਇਸ ਸਭ ਦੇ ਬਾਵਜੂਦ ਇਹ ਗੱਲ ਨਿਰਾਸ਼ਾਜਨਕ ਹੈ ਕਿ ਇਸ ਪੱਧਰ ਦੀ ਵਿਸ਼ੇਸ਼ਗ ਅਤੇ ਅਰਥ-ਭਰਪੂਰ ਰਿਪੋਰਟ ਪ੍ਰਤੀ ਵਿਦਵਾਨਾਂ ਤੇ ਆਮ ਪਾਠਕਾਂ ਵਿਚ ਬਹੁਤ ਘੱਟ ਜਾਗਰੂਕਤਾ ਹੈ। ਇਸ ਦੇ ਸਿਰਫ ਇੱਕ ਪੱਖ ਦਾ ਹੀ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਸ ਵਿਚ ਦੁਨੀਆਂ ਦੇ ਦੇਸ਼ਾਂ ਦੀ 'ਪ੍ਰਸੰਨਤਾ ਮੈਰਿਟ ਲਿਸਟ' ਮਿਥੀ ਹੁੰਦੀ ਹੈ।

ਇਹ ਮੈਰਿਟ ਲਿਸਟ ਹੇਠ ਲਿਖੇ ਛੇ ਤੱਥਾਂ ਨੂੰ ਅਧਾਰ ਬਣਾ ਕੇ ਤਿਆਰ ਕੀਤੀ ਜਾਂਦੀ ਹੈ:

-ਪ੍ਰਤੀ ਵਿਅਕਤੀ ਜੀ. ਡੀ. ਪੀ (G. D. P. per capita)

-ਔਸਤ ਤੰਦਰੁਸਤ ਜੀਵਨ ਕਾਲ (Healthy Life Expectancy)

-ਆਪਸ ਵਿਚ ਸਮਾਜਿਕ ਸਮਰਥਨ (Social Support)

-ਆਪਣੇ ਜੀਵਨ ਦੇ ਫੈਸਲੇ ਆਪ ਲੈਣ ਦੀ ਖੁੱਲ੍ਹ (Freedom to make own life choices)


-ਸਮਾਜਿਕ ਉਦਾਰਵਾਦਤਾ (Generosity)

-ਸਰਕਾਰ, ਸਮਾਜ ਅਤੇ ਵਪਾਰ ਵਿਚ ਭ੍ਰਿਸ਼ਟਾਚਾਰ (Sense of how corrupt Govt., Society and Social Institutions are perceived)

ਪਹਿਲੇ ਦੋ ਤੱਥ ਸਬੰਧਿਤ ਦੇਸ਼ਾਂ ਤੇ ਵਿਸ਼ਵ ਸਿਹਤ ਸੰਸਥਾ ਦੇ ਹਵਾਲਿਆਂ ਵਿਚੋਂ ਲਏ ਜਾਂਦੇ ਹਨ ਅਤੇ ਪਿਛਲੇ ਚਾਰ ਤੱਥਾਂ ਬਾਰੇ ਚੋਣਵੇਂ ਨਾਗਰਿਕਾਂ ਤੋਂ 0 ਤੋਂ 10 ਦੀ ਸਕੇਲ ਅਨੁਸਾਰ ਰਾਇ ਲਈ ਜਾਂਦੀ ਹੈ। 0 ਤੋਂ ਭਾਵ ਅਤਿ ਦੀ ਨਿਰਾਸ਼ਾ ਅਤੇ 10 ਤੋਂ ਭਾਵ ਪੂਰੀ ਪ੍ਰਸੰਨਤਾ ਹੈ। ਰਿਪੋਰਟ ਤਿਆਰ ਕਰਨ ਵਾਸਤੇ ਅਪਨਾਏ ਗੁੰਝਲਦਾਰ ਢੰਗ ਦੀ ਇਹ ਇੱਕ ਸਰਲ ਵਿਆਖਿਆ ਹੈ।

ਕੋਵਿਡ-19 ਕਰਕੇ ਪੈਦਾ ਹੋਈਆਂ ਦਿੱਕਤਾਂ ਕਾਰਨ ਇਸ ਵਾਰ ਇਸ ਨੂੰ ਤਿਆਰ ਕਰਨ ਦੇ ਢੰਗ ਵਿਚ ਲੋੜੀਂਦੇ ਬਦਲਾਓ ਵੀ ਕੀਤੇ ਗਏ ਹਨ ਅਤੇ ਇਸ ਮਹਾਂਮਾਰੀ ਨੂੰ ਹੀ ਇਸ ਰਿਪੋਰਟ ਦਾ ਮੁੱਖ ਵਿਸ਼ਾ ਬਣਾਇਆ ਗਿਆ ਹੈ। ਮਹਾਂਮਾਰੀ ਦੇ ਦੇਸ਼ਾਂ ਤੇ ਵਿਅਕਤੀਗਤ ਪ੍ਰਸੰਨਤਾ ਉੱਪਰ ਪਏ ਪ੍ਰਭਾਵਾਂ ਅਤੇ ਸਰਕਾਰਾਂ ਵੱਲੋਂ ਇਸ ਨੂੰ ਕਾਬੂ ਕਰਨ ਵਿਚ ਕੀਤੇ ਉਪਰਾਲਿਆਂ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ। ਇੱਕ ਚੰਗਾ ਪੱਖ ਜੋ ਉਜਾਗਰ ਹੋਇਆ ਹੈ, ਉਹ ਇਹ ਹੈ ਕਿ ਜਨ-ਸਧਾਰਨ ਵੱਲੋਂ ਬਹੁਤਾ ਕਰਕੇ ਇਸ ਮਹਾਂਮਾਰੀ ਦਾ ਮੁਕਾਬਲਾ ਕਰਨ ਵਿਚ ਪੂਰੀ ਸੂਝ ਤੇ ਦ੍ਰਿੜਤਾ ਦਿਖਾਈ ਗਈ ਹੈ ਅਤੇ ਹਾਲਾਤਾਂ ਨਾਲ ਸਕਾਰਾਤਮਿਕ ਸਮਝੌਤਾ ਕੀਤਾ ਗਿਆ ਹੈ।

ਭਾਰਤੀ ਮੂਲ ਦੇ ਕੈਨੇਡਾ ਅਤੇ ਅਮਰੀਕਾ ਨਿਵਾਸੀਆਂ ਵਾਸਤੇ ਭਾਰਤ, ਕੈਨੇਡਾ ਅਤੇ ਅਮਰੀਕਾ ਦੀ ਇਸ ਲਿਸਟ ਵਿਚ 'ਰੈਂਕਿੰਗ' ਬਾਰੇ ਜਾਣਨ ਦੀ ਉਤਸੁਕਤਾ ਕੁਦਰਤੀ ਹੈ। ਭਾਰਤ ਦਾ ਇਸ ਸਾਲ 149 ਦੇਸ਼ਾਂ ਦੀ ਲਿਸਟ ਵਿਚੋਂ 139ਵਾਂ ਰੈਂਕ ਹੈ, ਕੈਨੇਡਾ 11ਵੇਂ ਤੋਂ 15ਵੇਂ ਅਤੇ ਅਮਰੀਕਾ 18ਵੇਂ ਤੋਂ 19ਵੇਂ ਰੈਂਕ ਤਕ ਖਿਸਕੇ ਹਨ। ਭਾਰਤ ਦਾ ਰੈਂਕ ਹਰ ਸਾਲ ਇਸ ਦੇ ਨੇੜੇ-ਤੇੜੇ ਹੀ ਰਹਿੰਦਾ ਹੈ। ਇਸ ਤੋਂ ਪ੍ਰਤੱਖ ਹੈ ਕਿ ਪ੍ਰਸੰਨਤਾ ਪੱਖੋਂ ਕਿਸੇ ਦੇਸ਼ ਦੀ ਜੀ. ਡੀ. ਪੀ, ਪਦਾਰਥਕ ਤਰੱਕੀ ਅਤੇ ਸੈਨਿਕ ਸ਼ਕਤੀ ਦਾ ਕੋਈ ਖਾਸ ਮਹੱਤਵ ਨਹੀਂ।




ਅੱਜ-ਕੱਲ੍ਹ ਅਖਬਾਰਾਂ ਵਿਚ ਭਾਰਤ ਦੇ ਰੈਂਕ ਬਾਰੇ ਖਾਸ ਚਰਚਾ ਹੈ, ਜਿਸ ਕਰ ਕੇ ਬਹੁਤੇ ਸੱਜਣ ਕੁਦਰਤੀ ਤੌਰ 'ਤੇ ਚਿੰਤਿਤ ਹਨ; ਪਰ ਕਈ ਹੋਰ ਇਸ ਨੂੰ ਮੁੱਦਾ ਬਣਾ ਕੇ ਭੰਡੀ ਪ੍ਰਚਾਰ ਵੀ ਕਰਦੇ ਹਨ, ਜਿਹੜੀ ਕਿ ਚੰਗੀ ਗੱਲ ਨਹੀਂ। 'ਪ੍ਰਸੰਨਤਾ ਲਿਸਟ' ਨੂੰ ਤਿਆਰ ਕਰਨ ਵਿਚ ਊਣਤਾਈਆਂ ਵੀ ਹਨ, ਇਸ ਵਿਚ ਅੰਤਰ-ਰਾਸ਼ਟਰੀ ਕੂਟਨੀਤੀ ਵੀ ਕੰਮ ਕਰਦੀ ਹੈ ਅਤੇ ਵੱਡੀ ਗੱਲ ਇਹ ਕਿ ਇਹ ਲਿਸਟ ਰਿਪੋਰਟ ਦਾ ਸਿਰਫ ਇੱਕ ਹਿੱਸਾ ਹੈ। ਇਸ ਰਿਪੋਰਟ ਨੂੰ ਸਮੁੱਚਤਾ ਵਿਚ ਵਿਚਾਰਨ ਤੋਂ ਬਿਨਾ ਇਸ ਤੋਂ ਪੂਰਾ ਲਾਹਾ ਲੈਣਾ ਸੰਭਵ ਨਹੀਂ। ਇਸ ਦੀ ਤਿਆਰੀ ਵਾਸਤੇ ਜ਼ਿੰਮੇਵਾਰ ਇੱਕ ਵੱਡੀ ਅਫਸਰ ਸ਼ੈਰਨ ਪੈਕਿਊਲਰ ਦਾ ਕਹਿਣਾ ਹੈ, "ਹਰ ਕੋਈ ਸਿੱਧਾ 'ਰੈਂਕਿੰਗ' ਦੀ ਗੱਲ ਕਰਦਾ ਹੈ, ਪਰ ਗੱਲ ਅਸਲ ਵਿਚ ਇਸ ਤੋਂ ਕਿਤੇ ਵੱਧ ਸੰਜੀਦਾ ਹੈ।"

ਇਸ ਸੰਜੀਦਗੀ ਨੂੰ ਸਮਝਣ ਵਾਸਤੇ ਰਿਪੋਰਟ ਦੇ ਇਤਿਹਾਸ ਅਤੇ ਇਸ ਦੇ ਮੰਤਵ ਤੇ ਵਿਚਾਰ ਕਰਨੀ ਜਰੂਰੀ ਹੈ। ਸੰਯੁਕਤ ਰਾਸ਼ਟਰ ਦੀ ਤੁਲਨਾ ਵਿਚ ਇਸ ਦਾ ਇਤਿਹਾਸ ਬਹੁਤ ਨਵਾਂ ਹੈ। ਇਸ ਦਾ ਮੁੱਢ 2012 ਵਿਚ ਛੋਟੇ ਜਿਹੇ ਦੇਸ਼ ਭੂਟਾਨ ਦੇ ਪ੍ਰਧਾਨ ਮੰਤਰੀ ਜਿਗਮੇ ਥਿਨਲੀ ਨੇ ਬੰਨ੍ਹਿਆ। ਉਸ ਤੋਂ ਪਹਿਲਾਂ ਕਿਸੇ ਦੇਸ਼ ਦੀ ਖੁਸ਼ਹਾਲੀ ਦਾ ਪ੍ਰਤੀਕ ਸਿਰਫ ਉਸ ਦੀ ਜੀ. ਡੀ. ਪੀ. ਨੂੰ ਮੰਨਿਆ ਜਾਂਦਾ ਸੀ। ਭਾਵੇਂ ਹੋਰ ਬਹੁਤ ਦੇਸ਼ ਵੀ ਇਸ ਸਿਸਟਮ ਨਾਲ ਅਸਹਿਮਤ ਸਨ, ਪਰ ਇਸ ਨੂੰ ਚੁਣੌਤੀ ਦੇਣ ਦਾ ਕੰਮ ਜਿਗਮੇ ਥਿਨਲੀ ਨੇ ਕੀਤਾ। ਇਹ ਚੁਣੌਤੀ ਉਸ ਨੇ ਆਪਣੀ ਨਵੀਂ ਵਿਚਾਰਧਾਰਾ ਨੂੰ ਆਪਣੇ ਛੋਟੇ ਜਿਹੇ ਦੇਸ਼ ਭੂਟਾਨ ਵਿਚ ਸਫਲਤਾਪੂਰਨ ਲਾਗੂ ਕਰਨ ਤੋਂ ਪ੍ਰਾਪਤ ਕੀਤੇ ਤਜਰਬੇ ਦੇ ਆਧਾਰ 'ਤੇ ਦਿੱਤੀ। ਸੰਯੁਕਤ ਰਾਸ਼ਟਰ ਨੇ ਨਾ-ਸਿਰਫ ਉਸ ਦੀ ਤਜਵੀਜ਼ ਨੂੰ ਪ੍ਰਵਾਨ ਹੀ ਕੀਤਾ, ਸਗੋਂ ਉਸ ਨੂੰ ਇਸ ਤਜਵੀਜ਼ ਨੂੰ ਅਮਲੀ ਜਾਮਾ ਪਹਿਨਾ ਕੇ ਸਾਰੇ ਸੰਸਾਰ ਵਿਚ ਲਾਗੂ ਕਰਨ ਵਾਸਤੇ ਵਿਸਤ੍ਰਿਤ ਖਰੜਾ ਬਣਾਉਣ ਦੀ ਜ਼ਿੰਮੇਵਾਰੀ ਵੀ ਸੌਂਪੀ। ਨਾਲ ਹੀ ਸੰਗਠਨ ਨੇ ਮਤਾ ਪਾਸ ਕਰਕੇ ਇਕੱਲੀ ਜੀ. ਡੀ. ਪੀ. ਨੂੰ ਕਿਸੇ ਦੇਸ਼ ਦੇ ਵਿਕਾਸ ਦਾ ਪ੍ਰਤੀਕ ਮੰਨਣ ਦੀ ਥਾਂ ਮਨੁੱਖੀ ਪ੍ਰਸੰਨਤਾ ਤੇ ਭਲਾਈ ਅਤੇ ਹੋਰ ਅਸਰਦਾਰ ਤੱਥਾਂ ਨੂੰ ਇਸ ਵਿਚ ਸ਼ਾਮਲ ਕਰਨ ਦਾ ਮਤਾ ਪਾਸ ਕੀਤਾ।

ਭੂਟਾਨ ਸਰਕਾਰ ਨੇ 'ਪ੍ਰਸੰਨਤਾ ਅਤੇ ਭਲਾਈ: ਇੱਕ ਨਵੀਂ ਆਰਥਿਕ ਵਿਚਾਰਧਾਰਾ ਦੀ ਸਿਰਜਣਾ' ਬਾਰੇ ਇੱਕ ਉੱਚ-ਪੱਧਰੀ ਮੀਟਿੰਗ ਬੁਲਾਈ। ਇਸ ਵਿਚ ਸੰਸਾਰ ਭਰ ਦੇ ਰਾਜਨੀਤਿਕ ਨੇਤਾ, ਸਰਕਾਰੀ ਅਫਸਰ, ਦੇਸ਼ਾਂ ਦੀਆਂ ਸਰਕਾਰਾਂ ਦੇ ਨੁਮਾਇੰਦੇ, ਵੱਡੇ ਅਰਥ-ਸ਼ਾਸਤਰੀ, ਵਿਦਵਾਨ ਅਤੇ ਸੰਸਾਰ ਦੇ ਮੁੱਖ ਧਰਮਾਂ ਦੇ ਆਗੂਆਂ ਨੇ ਹਿੱਸਾ ਲਿਆ। ਇਹ ਗੱਲ ਧਿਆਨ ਮੰਗਦੀ ਹੈ ਕਿ ਇਸ ਮੀਟਿੰਗ ਵਿਚ ਧਾਰਮਿਕ ਅਤੇ ਅਧਿਆਤਮਕ ਆਗੂਆਂ ਨੂੰ ਬਰਾਬਰੀ ਦਾ ਸਥਾਨ ਦਿੱਤਾ ਗਿਆ। ਇਸ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਮਤਾ ਪਾਸ ਕੀਤਾ ਅਤੇ ਪਹਿਲੀ 'ਵਿਸ਼ਵ ਪ੍ਰਸੰਨਤਾ ਰਿਪੋਰਟ' 2012 ਵਿਚ ਜਾਰੀ ਹੋਈ।

ਦੱਸਣਯੋਗ ਹੈ ਕਿ ਪਹਿਲਾਂ ਵਰਣਨ ਕੀਤੀਆਂ ਤਿੰਨ ਸ਼ਖਸੀਅਤਾਂ ਨੇ ਨਾ ਸਿਰਫ ਇਨ੍ਹਾਂ ਮੀਟਿੰਗਾਂ ਵਿਚ ਹਿੱਸਾ ਲਿਆ, ਸਗੋਂ ਇਸ ਪੂਰੀ ਰਿਪੋਰਟ ਨੂੰ ਤਿਆਰ ਵੀ ਕੀਤਾ। ਇਸ ਵਿਚ ਪ੍ਰਸੰਨਤਾ ਅਤੇ ਭਲਾਈ (Happiness and Well-being) ਨੂੰ ਮੁੱਖ ਵਿਸ਼ਾ ਬਣਾ ਕੇ ਇਸ ਨਾਲ ਸਬੰਧਿਤ ਹੋਰ ਅੰਤਰ-ਰਾਸ਼ਟਰੀ ਪੱਧਰ ਦੇ ਵਿਸ਼ਿਆਂ ਬਾਰੇ ਵੀ ਚਰਚਾ ਕੀਤੀ ਗਈ। ਇਹ ਇੱਕ ਇਤਿਹਾਸਕ ਅਤੇ ਪੜ੍ਹਨਯੋਗ ਦਸਤਾਵੇਜ਼ ਹੈ। ਇਸ ਸਾਰੀ ਪ੍ਰਕਿਰਿਆ ਵਿਚ ਭਾਰਤ ਦੀ ਨੁਮਾਇੰਦਗੀ ਪ੍ਰਸਿੱਧ ਵਾਤਾਵਰਣ-ਵਿਸ਼ੇਸ਼ਗ ਅਤੇ ਫਿਲਾਸਫਰ ਡਾ. ਵੰਦਨਾ ਸ਼ਿਵਾ, ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਰਹੇ ਹਨ, ਨੇ ਕੀਤੀ। ਅੱਜ-ਕੱਲ੍ਹ ਵੀ ਉਹ ਆਪਣੇ ਖੇਤਰਾਂ ਵਿਚ ਪੂਰੇ ਸਰਗਰਮ ਹਨ।

ਅੱਜ ਦੇ ਸੰਸਾਰ ਵਿਚ ਇਨਸਾਨਾਂ ਵਲੋਂ ਆਪ-ਸਹੇੜੀਆਂ ਮੁਸੀਬਤਾਂ ਦੇ ਮੱਦੇਨਜ਼ਰ, ਹਥਲੇ ਵਿਸ਼ੇ ਦੀ ਪ੍ਰਸੰਗਿਕਤਾ ਅਤੇ ਅਹਿਮੀਅਤ ਇਸ ਗੱਲ ਤੋਂ ਸਪਸ਼ਟ ਹੋ ਜਾਂਦੀ ਹੈ ਕਿ ਸੰਯੁਕਤ ਰਾਸ਼ਟਰ ਵਰਗੀ ਸਿਰਮੌਰ ਸੰਸਥਾ ਨੇ ਇਸ ਨੂੰ ਅਪਨਾਇਆ ਹੈ, ਭਾਵੇਂ ਇਸ ਦਾ ਮੁੱਖ ਕੰਮ ਸੰਸਾਰ ਭਰ ਵਿਚ ਅਮਨ-ਸ਼ਾਂਤੀ ਅਤੇ ਸੁਰੱਖਿਆ ਬਣਾ ਕੇ ਰੱਖਣ ਦਾ ਹੈ। ਅੱਜ ਇਹ ਸੰਸਾਰ ਦਾ ਸਭ ਤੋਂ ਵੱਡਾ, ਸਭ ਤੋਂ ਵਿਖਿਆਤ, ਸਭ ਤੋਂ ਸ਼ਕਤੀਸ਼ਾਲੀ ਅਤੇ ਸਭ ਤੋਂ ਵੱਧ ਨੁਮਾਇੰਦਗੀ ਵਾਲਾ ਅੰਤਰ-ਸਰਕਾਰੀ (Inter-Governmental) ਸੰਗਠਨ ਹੈ। 15 ਅੰਤਰ-ਰਾਸ਼ਟਰੀ ਸੰਸਥਾਵਾਂ ਇਸ ਦੀ ਸਰਪ੍ਰਸਤੀ ਹੇਠ ਕੰਮ ਕਰਦੀਆਂ ਹਨ। 1990 ਵਿਚ ਸੀਤ-ਯੁੱਧ ਦੀ ਸਮਾਪਤੀ ਤੋਂ ਬਾਅਦ ਇਸ ਨੇ ਵਿਕਾਸ ਅਤੇ ਵੱਖ ਵੱਖ ਆਫਤਾਂ ਨਾਲ ਪੀੜਤਾਂ ਦੀ ਮਦਦ ਦਾ ਕੰਮ ਹੋਰ ਤੇਜੀ ਨਾਲ ਸ਼ੁਰੂ ਕੀਤਾ, ਕਿਉਂਕਿ ਇਹ ਮਨੁੱਖਤਾ ਦੇ ਬਹੁਤ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਦਾ ਸੀ, ਤੇ ਫੌਰੀ ਧਿਆਨ ਦੀ ਮੰਗ ਕਰਦਾ ਸੀ।

ਹੁਣ ਸੰਗਠਨ ਵਲੋਂ ਪ੍ਰਸੰਨਤਾ ਅਤੇ ਭਲਾਈ ਦੇ ਕੰਮ ਨੂੰ ਆਪਣੀ ਸਰਪ੍ਰਸਤੀ ਵਿਚ ਲੈਣ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਅੱਜ ਭਾਵੇਂ ਅਸੀਂ ਇਸ ਦੀ ਅਹਿਮੀਅਤ ਨੂੰ ਨਾ ਸਮਝ ਸਕੀਏ, ਪਰ ਆਉਣ ਵਾਲੇ ਸਮੇਂ ਵਿਚ ਇਸ ਨੇ ਬਹੁਤ ਪ੍ਰਮੁੱਖ ਬਣ ਜਾਣਾ ਹੈ। ਇਸ ਦੇ ਮੁੱਖ ਕਾਰਨ ਅੱਜ ਵਿਕਾਸ ਕਰਨ ਦੇ ਸਾਡੇ ਗਲਤ ਢੰਗ ਅਤੇ ਸਾਡੀ ਭੁੱਖੜ ਖਪਤਕਾਰੀ ਹਨ, ਜੋ ਵਿਕਾਸ ਦੀ ਥਾਂ ਭਵਿੱਖ ਵਾਸਤੇ ਵਿਨਾਸ਼ ਦਾ ਆਧਾਰ ਬਣ ਰਹੇ ਹਨ। ਇਸ ਵਿਨਾਸ਼ ਨੂੰ ਰੋਕਣ ਵਾਸਤੇ ਸੰਗਠਨ ਨੇ 'ਸਵੈ-ਨਿਰਭਰ ਵਿਕਾਸ ਟੀਚੇ' (Sustainable Development Goals) ਨਿਯਤ ਕੀਤੇ ਹਨ, ਜੋ 2030 ਤੱਕ ਪ੍ਰਾਪਤ ਕਰਨੇ ਹਨ। ਇਹ 17-ਨੁਕਾਤੀ ਤੇ ਬਹੁਤ ਹੀ ਅਕਾਂਕਸ਼ਾਵਾਦੀ ਪ੍ਰੋਗਰਾਮ ਹੈ ਅਤੇ ਪੂਰੀ ਤਰ੍ਹਾਂ ਪ੍ਰਸੰਨਤਾ ਅਤੇ ਭਲਾਈ ਨਾਲ ਜੁੜਿਆ ਹੋਇਆ ਹੈ ਤੇ ਇਸ ਵਾਸਤੇ ਜ਼ਰੂਰੀ ਵੀ ਹੈ। ਇਸ ਦੇ ਕੁਝ ਅੰਗ ਹਨ: ਗਰੀਬੀ ਅਤੇ ਭੁੱਖਮਰੀ ਦਾ ਖਾਤਮਾ, ਸਭ ਵਾਸਤੇ ਤੰਦਰੁਸਤੀ ਅਤੇ ਭਲਾਈ, ਵਿਦਿਆ, ਸਵੱਛ ਪਾਣੀ, ਬਰਾਬਰੀ ਆਦਿ।

ਉਪਰੋਕਤ ਵਿਚਾਰ ਤੋਂ ਪਹਿਲਾ ਪ੍ਰਭਾਵ ਇਹ ਪੈਂਦਾ ਹੈ ਕਿ ਇਹ ਸਭ ਗੱਲਾਂ ਸਿਰਫ ਸੰਯੁਕਤ ਰਾਸ਼ਟਰ, ਦੇਸ਼ਾਂ ਦੀਆਂ ਸਰਕਾਰਾਂ ਅਤੇ ਹੋਰ ਵੱਡੀਆਂ-ਵੱਡੀਆਂ ਸੰਸਥਾਵਾਂ ਦੇ ਅਧਿਕਾਰ-ਖੇਤਰ ਵਿਚ ਹੀ ਹਨ ਅਤੇ ਉਨ੍ਹਾਂ ਦੀਆਂ ਹੀ ਜ਼ਿੰਮੇਵਾਰੀਆਂ ਹਨ। ਇਸ ਦ੍ਰਿਸ਼ਟੀਕੋਣ ਨੂੰ ਬਦਲਣ ਦੀ ਜ਼ਰੂਰਤ ਹੈ। ਹੁਣ ਤੱਕ ਜਾਰੀ ਹੋਈਆਂ ਸਾਰੀਆਂ ਪ੍ਰਸੰਨਤਾ ਰਿਪੋਰਟਾਂ ਨੂੰ ਵਾਚਣ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮਸਲਾ ਕਿਉਂਕਿ ਵਿਅਕਤੀਗਤ ਪ੍ਰਸੰਨਤਾ ਅਤੇ ਭਲਾਈ ਦਾ ਹੈ, ਇਸ ਕਰਕੇ ਸੰਸਾਰ ਦੇ ਹਰ ਨਾਗਰਿਕ ਨੂੰ ਇਸ ਕਾਰਜ ਵਿਚ ਆਪਣਾ ਬਣਦਾ ਭਰਪੂਰ ਹਿੱਸਾ ਪਾਉਣਾ ਚਾਹੀਦਾ ਹੈ ਤੇ ਇਹ ਉਸ ਦਾ ਫਰਜ਼ ਵੀ ਹੈ।

ਨਿਰਸੰਦੇਹ ਅਸੀਂ ਸਰਕਾਰੀ ਅਤੇ ਅੰਤਰ-ਰਾਸ਼ਟਰੀ ਨੀਤੀਆਂ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰ ਸਕਦੇ, ਪਰ ਆਪਣੀ ਨਿਜੀ ਜ਼ਿੰਦਗੀ ਵਿਚ ਕੋਸ਼ਿਸ਼ਾਂ ਨਾਲ ਬਹੁਤ ਕੁਝ ਪ੍ਰਾਪਤ ਕਰ ਸਕਦੇ ਹਾਂ। ਅੱਜ ਹਰ ਇਨਸਾਨ ਆਪਣੇ ਪੂਰਵਜਾਂ ਤੋਂ ਹਰ ਪੱਖ ਤੋਂ ਵੱਧ ਸਾਧਨ-ਸੰਪੰਨ ਅਤੇ ਆਤਮ-ਨਿਰਭਰ ਹੈ। ਉਸ ਨੂੰ ਮਿਲੀਆਂ ਇਹ ਸਹੂਲਤਾਂ ਉਸ ਦੇ ਹਿੱਸੇ ਇਹ ਫਰਜ਼ ਲਾਉਂਦੀਆਂ ਹਨ ਕਿ ਉਹ ਆਪਣੇ ਨਿੱਜ, ਪਰਿਵਾਰ ਤੇ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ 'ਸਵੈ-ਨਿਰਭਰ ਵਿਕਾਸ ਟੀਚਿਆਂ' ਦੀ ਪ੍ਰਾਪਤੀ ਵਿਚ ਵੀ ਪੂਰਾ ਯੋਗਦਾਨ ਪਾਵੇ ਅਤੇ ਵਿਅਕਤੀਗਤ ਪ੍ਰਸੰਨਤਾ ਤੇ ਭਲਾਈ ਵਾਸਤੇ ਸਰਬ-ਪੱਖੀ ਸੁਚੱਜੀ ਜੀਵਨ-ਜਾਚ ਵੀ ਅਪਨਾਵੇ। ਇਸ ਮੰਤਵ ਵਾਸਤੇ ਇਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਜੋ ਚੰਗੀਆਂ ਆਦਤਾਂ ਧਾਰਨ ਕਰਨੀਆਂ ਬਣਦੀਆਂ ਹਨ, ਉਨ੍ਹਾਂ 'ਚੋਂ ਕੁਝ ਇਹ ਹਨ,

-ਨੈਤਿਕ ਕਦਰਾਂ-ਕੀਮਤਾਂ ਅਤੇ ਅਧਿਆਤਮਵਾਦਤਾ ਨਾਲ ਜੁੜਨਾ

-ਕੁਦਰਤ ਵੱਲੋਂ ਮਿਲੀਆਂ ਨਿਹਮਤਾਂ ਵਾਸਤੇ ਸ਼ੁਕਰਗੁਜ਼ਾਰੀ ਕਰਨਾ

-ਨਰਮਾਈ ਅਤੇ ਖਿਮਾ ਭਾਵਨਾ ਰੱਖਣਾ

-ਸਰੀਰਕ ਅਤੇ ਮਾਨਸਿਕ ਕਸਰਤਾਂ ਕਰਦੇ ਰਹਿਣਾ

-ਸਮਾਜਿਕ ਮੇਲ-ਜੋਲ ਅਤੇ ਚੰਗਾ ਵਰਤਾਓ ਰੱਖਣਾ

-ਪੌਸ਼ਟਿਕ ਖੁਰਾਕ ਅਤੇ ਸੌਣ ਦੇ ਠੀਕ ਢੰਗ ਤਰੀਕੇ ਅਪਨਾਉਣਾ

-ਸਵੈ-ਵਿਕਾਸ, ਸਵੈ-ਪੜਚੋਲ ਅਤੇ ਸਾਧਨਾ ਨਿਰੰਤਰ ਕਰਦੇ ਰਹਿਣਾ ਆਦਿ।

ਇਸ ਲਿਸਟ ਤੋਂ ਪ੍ਰਤੱਖ ਹੈ ਕਿ ਪ੍ਰਸੰਨਤਾ ਰਿਪੋਰਟਾਂ ਤਿਆਰ ਕਰਨ ਵਿਚ ਸਨਾਤਨੀ ਸਿਆਣਪਾਂ (Ancient Wisdom) ਦਾ ਬਹੁਤ ਪ੍ਰਭਾਵ ਹੈ।

ਪਹਿਲਾਂ ਵਰਣਨ ਕੀਤੀ ਗਈ ਹਸਤੀ ਡਾ. ਜੈਫਰੀ ਸੈਕਸ ਦਾ ਸੱਜਰਾ ਕਥਨ ਹੈ, "ਵਿਸ਼ਵ ਪ੍ਰਸੰਨਤਾ ਰਿਪੋਰਟ 2021 ਸਾਨੂੰ ਯਾਦ ਕਰਵਾਉਂਦੀ ਹੈ ਕਿ ਸਾਨੂੰ ਮਨੁੱਖਤਾ ਦੀ ਭਲਾਈ ਨੂੰ ਆਪਣਾ ਮੰਤਵ ਬਣਾਉਣਾ ਚਾਹੀਦਾ ਹੈ, ਨਾ ਕਿ ਧਨ-ਦੌਲਤ ਨੂੰ, ਜੋ ਵਿਅਰਥ ਹੋ ਜਾਣੀ ਹੈ, ਜੇ ਅਸੀਂ ਸਵੈ-ਨਿਰਭਰ ਵਿਕਾਸ (sustainable Development) ਪ੍ਰਤੀ ਆਪਣੇ ਫਰਜ਼ ਪੂਰੀ ਤਰ੍ਹਾਂ ਨਾ ਨਿਭਾਏ।"

ਇਹ ਕਥਨ ਸਰਬੱਤ ਦੇ ਭਲੇ ਦੇ ਆਦਰਸ਼ ਦਾ ਇੱਕ ਅੰਗ ਹੈ।

# ਬੈਚ ਫੁੱਲ ਕਰੈਬ ਐਪਲ-ਆਤਮਗਿਲਾਨੀ

*(ਪਿਛਲੇ ਸਫੇ ਦੀ ਬਾਕੀ)*

ਪਾਪਾ ਕੋ ਤੋ ਕੋਈ ਪ੍ਰੋਫੈਸਰ ਮਾਨਤਾ ਹੀ ਨਾ।' ਮੈਨੂੰ ਆਪਣੇ ਦੋਸਤ ਬਾਰੇ ਕਰੈਬ ਐਪਲ ਦੀ ਯਾਦ ਆਈ, ਪਰ ਉਦੋਂ ਤੀਕ ਉਹ ਬਹੁਤ ਅੱਗੇ ਨਿਕਲ ਚੁਕਾ ਸੀ।

ਉਪਰੋਕਤ ਤੋਂ ਇਲਾਵਾ ਇਹ ਬੈਚ ਫੁੱਲ ਦਵਾਈ ਉਸ ਮਰੀਜ਼ ਨੂੰ ਵੀ ਦਿੱਤੀ ਜਾਂਦੀ ਹੈ, ਜਿਹੜਾ ਜਲਦੀ ਠੀਕ ਹੋਣ ਦੀ ਰੱਟ ਲਾਉਂਦਾ ਹੋਵੇ; ਦੁਖਦੇ ਅੰਗ ਨੂੰ ਕੱਟ ਦੇਣਾ ਚਾਹੁੰਦਾ ਹੈ; ਸਰਬਜਨਕ ਪਖਾਨੇ ਵਰਤਣ ਤੋਂ ਸੰਕੋਚ ਕਰਦਾ ਹੋਵੇ; ਦੂਜਿਆਂ ਨਾਲ ਹੱਥ ਨਾ ਮਿਲਾਉਂਦਾ ਹੋਵੇ; ਗੰਜ, ਫੁਲਬਹਿਰੀ ਜਾਂ ਚਮੜੀ ਦੇ ਦਾਗ ਛੁਪਾਉਂਦਾ ਹੋਵੇ; ਕਿਲ ਮੁਹਾਸਿਆਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੋਵੇ; ਕੱਦ ਵੱਡਾ ਕਰਨਾ ਚਾਹੁੰਦਾ ਹੋਵੇ; ਨਸ਼ੇ ਨੂੰ ਮਾੜਾ ਸਮਝ ਕੇ ਛੱਡਣਾ ਚਾਹੁੰਦਾ ਹੋਵੇ, ਪਰ ਛੱਡ ਨਾ ਸਕਦਾ ਹੋਵੇ; ਗੰਭੀਰ ਗੱਲਾਂ 'ਤੇ ਹੱਸਦਾ ਤੇ ਹੱਸਣ ਵਾਲੀਆਂ 'ਤੇ ਗੰਭੀਰ ਹੋ ਜਾਂਦਾ ਹੋਵੇ; ਪਹਿਲਾਂ ਮਾੜਾ ਬੋਲ ਕੇ ਫਿਰ ਮੁਆਫੀ ਮੰਗਦਾ ਹੋਵੇ; ਘਰ ਨੂੰ ਅੰਦਰੋਂ ਬਾਹਰੋਂ ਸਾਫ ਤੇ ਚੀਜ਼ਾਂ ਨੂੰ ਥਾਂ ਸਿਰ ਰੱਖਦਾ ਹੋਵੇ; ਅੱਖਾਂ ਦੀ ਰੜਕਣ ਜਾਂ ਦੰਦ ਦਰਦ ਤੋਂ ਪੀੜਤ ਹੋਵੇ; ਗਲੇ ਵਿਚ ਕੰਡੇ ਦੀ ਚੁਭਣ ਦਾ ਭੁਲੇਖਾ ਪੈਂਦਾ ਹੋਵੇ; ਹੱਥਾਂ-ਪੈਰਾਂ 'ਤੇ ਘਨਘੋਰ ਪਸੀਨਾ ਆਉਂਦਾ ਹੋਵੇ; ਦਰਦ ਨਾਲ ਥੋੜ੍ਹਾ ਥੋੜ੍ਹਾ ਪਿਸ਼ਾਬ ਆਉਂਦਾ ਹੋਵੇ; ਖੂਨ ਦੀ ਖਰਾਬੀ ਦੱਸਦਾ ਹੋਵੇ; ਗਰਮ ਦਵਾਈਆਂ ਖਾ ਕੇ ਹਟਿਆ ਹੋਵੇ; ਕੱਚਾ ਦਿਲ, ਉਲਟੀ, ਮਿਹਦੇ ਦੇ ਭਾਰ ਤੇ ਭੁੱਖ ਨਾ ਲੱਗਣ ਦੀ ਸ਼ਿਕਾਇਤ ਕਰਦਾ ਹੋਵੇ; ਸਿਰ ਵਿਚ ਜੂਆਂ ਹੋਣ ਦਾ ਵਹਿਮ ਕਰਦਾ ਹੋਵੇ; ਸਰੀਰ ਤੇ ਕੀੜੀਆਂ ਦੀ ਰੇਂਗਣ ਮਹਿਸੂਸ ਹੋਵੇ ਅਤੇ ਪੇਟ, ਦੰਦ, ਨੱਕ ਜਾਂ ਅੱਖਾਂ ਵਿਚ ਕੀੜਿਆ ਜਿਹੀ ਸਰਸਰਾਹਟ ਦੱਸਦਾ ਹੋਵੇ।

# 'ਮੈਨ ਆਫ ਦੀ ਮੈਚ' ਕਾਲਜ ਬੰਗਾ ਦਾ ਕਬੱਡੀ ਖਿਡਾਰੀ-ਜੱਬੋਵਾਲੀਆ ਮਾਹਣਾਂ

1983 'ਚ ਮਾਹਣਾਂ ਨਵਾਂਸ਼ਹਿਰ ਦੇ ਆਰ. ਕੇ. ਆਰੀਆ ਕਾਲਜ ਇਕ ਸਾਲ ਪਰੈਪ (ਗਿਆਰਵੀਂ) ਦੀ ਪੜ੍ਹਾਈ ਕਰਕੇ ਅਗਲੇ ਸਾਲ ਐਸ. ਐਨ. ਕਾਲਜ ਬੰਗਾ ਵਿਖੇ ਪਾਰਟ-ਵੰਨ ਵਿਚ ਜਾ ਦਾਖਲ ਹੋਇਆ। ਬੀ. ਏ. ਤੱਕ ਦੀ ਪੜ੍ਹਾਈ ਬੰਗਾ ਕਾਲਜ 'ਚ ਕੀਤੀ। ਨਾਲ ਨਾਲ ਤਕੜੀ ਕਬੱਡੀ ਖੇਡਿਆ ਤੇ ਹੋਰ ਕਾਲਜਾਂ ਨਾਲ ਮੈਚ ਖੇਡ ਕੇ ਕਾਲਜ ਦਾ ਨਾਂ ਉਚਾ ਕੀਤਾ।



ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਬੰਗਾ ਕਾਲਜ ਦਾ ਗੁਰੂ ਨਾਨਕ ਕਾਲਜ ਨਕੋਦਰ ਨਾਲ ਮੈਚ ਹੋਇਆ। ਫਸਵੇਂ ਮੁਕਾਬਲੇ 'ਚ ਬੰਗਾ ਕਾਲਜ ਜੇਤੂ ਬਣਿਆ। ਕਾਲਜ ਖਿਡਾਰੀਆਂ 'ਚ ਮਾਹਣਾਂ, ਪੱਪੂ ਭਿੰਗੜਾਂ, ਤੀਰਥ ਭਿੰਗੜਾ, ਬੱਬਾ ਭਿੰਗੜਾਂ ਤੇ ਹੋਰ ਸਾਥੀ ਸਨ। ਮਾਹਣੇਂ ਦੀ ਵਧੀਆਂ ਗੇਮ ਨੇ ਵੱਖਰੀ ਛਾਪ ਛੱਡੀ।

ਬੰਗਾ ਕਾਲਜ ਦੀ ਗਰਾਊਂਡ ਵਿਚ ਹੀ ਡੀ. ਏ. ਵੀ. ਕਾਲਜ ਜਲੰਧਰ ਨਾਲ ਮੈਚ ਹੋਇਆ। ਜ਼ਬਰਦਸਤ ਮੁਕਾਬਲੇ 'ਚੋਂ ਡੀ. ਏ. ਵੀ. ਕਾਲਜ ਦੋ ਨੰਬਰਾਂ 'ਤੇ ਜੇਤੂ ਰਿਹਾ। ਦੋ ਨੰਬਰਾਂ 'ਤੇ ਬੰਗਾ ਕਾਲਜ ਪਛੜ ਤਾਂ ਭਾਵੇਂ ਗਿਆ, ਪਰ ਮਾਹਣੇਂ ਦੀ ਖੇਡ ਨੂੰ ਬੜਾ ਪਸੰਦ ਕੀਤਾ। ਉਹ ਮੈਚ ਯਾਦਗਾਰੀ ਸੀ। ਜਲੰਧਰ ਕਾਲਜ ਵਿਚ ਜੱਸੀ ਨਾਂ ਦਾ ਗੁੱਟ ਦਾ ਪੀਰ ਜਾਫੀ ਸੀ। ਉਹਨੇ ਸਾਰੇ ਰੋਕੇ, ਪਰ ਮਾਹਣਾਂ ਨਾ ਰੁਕਿਆ। 'ਕੱਲੇ ਮਾਹਣੇਂ ਨੇ ਸਾਰੀਆਂ ਰੇਡਾਂ ਕੀਤੀਆਂ। ਕਾਲਜ ਦੇ ਪ੍ਰਿੰਸੀਪਲ ਸ. ਰਾਜਬਿੰਦਰ ਸਿੰਘ ਬੈਂਸ ਨੇ ਦੂਜੇ ਦਿਨ ਕਾਲਜ ਦੇ ਨੋਟਿਸ-ਬੋਰਡ 'ਤੇ 'ਮੈਨ ਆਫ ਦੀ ਮੈਚ' ਲਿਖ ਕੇ ਮਾਹਣੇਂ ਦੀ ਖੇਡ ਦਾ ਮਾਣ ਵਧਾਇਆ ਹੋਇਆ ਸੀ।

ਸਰੀਰ ਨੂੰ ਹੋਰ ਤਕੜਾ ਕਰਨ ਲਈ ਮਾਹਣੇਂ ਨੇ ਬੜੀ ਮਿਹਨਤ ਕੀਤੀ। ਉਹ ਪਿੰਡ ਦੇ ਹੋਰ ਮੁੰਡਿਆਂ ਨੂੰ ਤਰਾਸ਼ਣਾ ਚਾਹੁੰਦਾ ਸੀ। ਰੋਜ਼ਾਨਾ ਸ਼ਾਮ ਨੂੰ ਉਨ੍ਹਾਂ ਨੂੰ ਗਰਾਊਂਡ ਲੈ ਜਾਂਦਾ। ਆਪ ਖੇਡਦਾ ਤੇ ਉਨ੍ਹਾਂ ਨੂੰ ਖਿਡਾਉਂਦਾ। ਮੁੰਡੇ ਉਹਦੀ ਬੜੀ ਇੱਜ਼ਤ ਕਰਦੇ। ਭਾਜੀ ਬਿਨਾ ਗੱਲ ਨਾ ਕਰਦੇ। ਪਿੰਡ ਦੇ ਹੋਰ ਨੌਜਵਾਨ ਵੀ ਮਾਹਣੇਂ ਵਾਂਗ ਬਣਨਾ ਲੋਚਦੇ। ਸਿਹਤ ਬਣਾਉਣ ਦੇ ਸ਼ੌਕ ਨਾਲ ਉਹਨੇ ਮਿੱਟੀ ਦੀ ਬੋਰੀ ਭਰ ਕੇ ਖੇਤ 'ਚ ਰੱਖੀ ਹੋਈ ਸੀ। ਜਿਥੇ ਵੇਲੇ-ਕੁਵੇਲੇ ਭਰੀ ਬੋਰੀ ਨੂੰ ਚੁੱਕ ਕੇ ਖੇਤ ਵਿਚ ਗੇੜੀਆਂ ਦਿੰਦਾ। ਪਿੰਡ ਦੇ ਹੋਰ ਨੌਜਵਾਨ ਵੀ ਉਥੇ ਆ ਕੇ ਬੋਰੀ ਚੁੱਕਣ ਦੀ ਕੋਸ਼ਿਸ਼ ਕਰਦੇ, ਪਰ ਨਾਕਾਮ ਰਹਿੰਦੇ।

ਕਾਲਜਾਂ ਦੇ ਮੈਚ ਖੇਡਣ ਦੇ ਨਾਲ ਨਾਲ ਆਲੇ-ਦੁਆਲੇ ਦੇ ਪਿੰਡਾਂ ਦੇ ਬੜੇ ਮੈਚ ਖੇਡੇ। ਕਬੱਡੀ 'ਚ ਮਸ਼ਹੂਰੀ ਕਰਕੇ ਦੂਰ ਦੂਰ ਤੱਕ ਖੇਡਣ ਜਾਂਦਾ। ਇਕ ਵਾਰ ਉਹਦਾ ਵੱਡਾ ਭਰਾ ਬੱਬੂ ਉਹਨੂੰ ਕਿਤੇ ਖੇਡਣ ਲੈ ਗਿਆ। ਉਸ ਪਿੰਡ ਦੀ ਰੋੜਾਂ ਵਾਲੀ ਗਰਾਊਂਡ ਵਿਚ ਮਾਹਣੇਂ ਦੀ ਰੋੜੀਆਂ ਨਾਲ ਦੇਹ ਛਿੱਲੀ ਗਈ। ਮਹੀਨਾ ਭਰ ਕਮੀਜ਼ ਨਾ ਪਾ ਸਕਿਆ। ਫਿਰ ਤਾਂ ਸਰੀਰ ਲੋਹਾ ਬਣ ਗਿਆ। ਮਾੜੇ-ਮੋਟੇ ਰੋੜਾਂ ਦੀ ਪਰਵਾਹ ਨਾ ਕਰਦਾ।

ਸੰਧਵਾਂ (ਫਰਾਲਾ) ਵਲੋਂ ਇਕ ਵਾਰ ਉਹ ਨਕੋਦਰ ਖੇਡਣ ਗਿਆ। ਜਿਥੇ ਉਨ੍ਹਾਂ ਪਿੰਡ ਤੱਲ੍ਹਣ ਨਾਲ ਮੈਚ ਖੇਡਣਾ ਸੀ। ਉਸ ਵੇਲੇ ਦੇ ਡੀ. ਜੀ. ਪੀ. ਸ. ਗੁਰਇਕਬਾਲ ਸਿੰਘ ਭੁੱਲਰ ਵੀ ਆਏ ਹੋਏ ਸਨ। ਮਾਹਣੇਂ ਦੀ ਗੇਮ ਪਹਿਲਾਂ ਵੇਖ ਚੁੱਕੇ ਸ. ਭੁੱਲਰ ਨੇ ਆਪਣੇ ਗੰਨਮੈਨਾਂ ਨੂੰ ਮਾਹਣੇਂ ਕੋਲ ਭੇਜਿਆ, ਮੈਚ ਤੋਂ ਬਾਅਦ ਮਿਲੇ। ਕਾਲੇ ਦਿਨਾਂ ਦਾ ਦੌਰ ਸੀ। ਮਾਹਣੇਂ ਲਈ ਚਿੰਤਾ ਦਾ ਵਿਸ਼ਾ ਬਣ ਗਿਆ, ਪਤਾ ਨਹੀਂ ਕੀ ਗੱਲ ਹੋਵੇਗੀ? ਸਾਰੇ ਸਰੀਰ ਦੀ ਤਾਕਤ ਜਾਂਦੀ ਰਹੀ। ਨਾਲ ਦੇ ਖਿਡਾਰੀ ਵੀ ਚਿੰਤਤ ਹੋ ਗਏ। ਫਿਕਰਾਂ 'ਚ ਪਿਆ ਮਾਹਣਾਂ ਪਹਿਲੇ ਸਾਹ ਗਿਆ ਤਾਂ ਫੜ ਹੋ ਗਿਆ। ਡੀ. ਜੀ. ਪੀ. ਭੁੱਲਰ ਸਮਝ ਗਏ ਕਿ ਮੁੰਡਾ ਕਿਸੇ ਗੱਲੋਂ ਘਬਰਾ ਰਿਹੈ। ਉਹ ਗਰਾਊਂਡ ਵਿਚ ਗਏ ਤੇ ਕਿਹਾ, "ਬੇਟਾ ਘਬਰਾਉਣ ਦੀ ਕੋਈ ਲੋੜ ਨਹੀਂ, ਮੈਨੂੰ ਆਪਣਾ ਬਾਪ ਸਮਝ, ਤਕੜਾ ਹੋ ਕੇ ਖੇਡ, ਤੈਨੂੰ ਮੈਂ ਨੌਕਰੀ 'ਤੇ ਰੱਖਾਂਗਾ।" ਇੰਨਾ ਸੁਣਦੇ ਹੀ ਉਹਦੀ ਘਬਰਾਹਟ ਚੁੱਕੀ ਗਈ ਤੇ ਕਾਇਮ ਹੋ ਗਿਆ। ਫਿਰ ਤਾਂ ਕਿਸੇ ਨੂੰ ਡਾਹ ਨਾ ਦਿੱਤੀ। ਬੜੇ ਨੰਬਰ ਖਿੱਚੇ। ਮੈਚ ਮੁੱਕਦੇ ਹੀ ਭੁੱਲਰ ਸਾਹਿਬ ਕੋਲ ਆਏ ਤੇ ਕਲਾਵੇ 'ਚ ਲੈਂਦਿਆਂ ਕਿਹਾ, ਜੇ ਨੌਕਰੀ ਦੀ ਜ਼ਰੂਰਤ ਹੋਵੇ ਤਾਂ ਆ ਕੇ ਮਿਲੇ। ਕਿਸੇ ਵੀ ਸਮੇਂ ਜਲੰਧਰ ਆ ਕੇ ਮਿਲ ਸਕਦੈ। ਤੇ ਜਾਣ ਲੱਗੇ ਆਪਣਾ ਕਾਰਡ ਫੜਾ ਗਏ।

ਬੰਗਾ, ਨਵਾਂਸ਼ਹਿਰ ਦੇ ਪੁਲਿਸ ਅਧਿਕਾਰੀ ਵੀ ਉਹਦੀ ਗੇਮ ਨੂੰ ਪਸੰਦ ਕਰਦੇ ਸਨ। ਜੇ ਕਿਤੇ ਬੰਗਾ, ਨਵਾਂਸ਼ਹਿਰ 'ਚ ਮਿਲ ਪੈਂਦੇ ਤਾਂ ਉਹਨੂੰ ਗੇਮ ਸਾਂਭ ਕੇ ਰੱਖਣ ਦੀ ਤਾਕੀਦ ਕਰਦੇ।

ਜੱਬੋਵਾਲ ਦੀ ਕਬੱਡੀ-ਟੀਮ ਦਾ ਨਾਂ ਇਲਾਕੇ 'ਚ ਜਾਣਿਆਂ ਜਾਂਦਾ ਸੀ। ਇਸ ਕਰਕੇ ਨਵਾਂਸ਼ਹਿਰ ਦੇ ਬੀ. ਡੀ. ਓ. ਸ. ਪ੍ਰੀਤਮ ਸਿੰਘ ਤੇ ਗ੍ਰਾਮ ਸੇਵਕ ਪਿੰਡ ਆਏ ਤੇ ਨਿਕਲੀ ਨਵੀਂ ਸਕੀਮ ਬਾਰੇ ਚਾਨਣਾ ਪਾਉਣ ਲੱਗੇ ਕਿ ਜਿਹੜੇ ਪਿੰਡ ਦੀ ਤਕੜੀ ਕਬੱਡੀ ਟੀਮ, ਕੁਸ਼ਤੀਆਂ ਤੇ ਹੋਰ ਖੇਡਾਂ 'ਚ ਲਗਾਤਾਰ ਤਿੰਨ ਸਾਲ ਬਲਾਕਾਂ ਦੇ ਮੈਚ ਜਿੱਤੇ ਤਾਂ ਉਸ ਪਿੰਡ ਨੂੰ ਦਾਈ ਲੱਖ ਰੁਪਿਆ ਜਾਂ ਪੰਜ ਕਿਲੇ ਜ਼ਮੀਨ ਦਿੱਤੀ ਜਾਵੇਗੀ। ਪਿੰਡ ਦੇ ਖਿਡਾਰੀਆਂ 'ਤੇ ਮਾਣ ਕਰਕੇ ਪਿੰਡ ਦੇ ਕਈ ਵਾਸੀ ਕਹਿਣ ਲੱਗੇ, "ਜਨਾਬ! ਤਿੰਨ ਸਾਲ ਨ੍ਹੀਂ, ਪੰਜ ਸਾਲ ਜਿੱਤਣਗੇ, ਹੋਰ ਦੱਸੋ। ਪਿੰਡ ਦੀ ਟੀਮ ਨੇ ਫਿਰ ਲਗਾਤਾਰ ਤਿੰਨ ਸਾਲ ਬਲਾਕ ਜਿੱਤੇ। ਪਹਿਲਾ ਮੈਚ ਬਰਨਾਲੇ ਦੂਜਾ ਜਾਡਲੇ ਤੇ ਤੀਜਾ ਸਲੋਹ ਪਿੰਡ ਹੋਇਆ। ਟੀਮ ਦੇ ਖਿਡਾਰੀਆਂ 'ਚ ਮਾਹਣਾਂ, ਮੱਧੂ, ਭਾਗੂ, ਪਿੰਕੀ, ਦਾਣੀ, ਰਛਪਾਲ ਕਾਲਾ, ਦੀਪਾ, ਜੁਝਾਰ, ਮਨਮਿੰਦਰ ਬੁਬਲਾ ਸਨ।

ਇੰਟਰ-ਬਲਾਕਾਂ ਦੇ ਮੈਚ ਮਾਹਣਾਂ ਜਗਤਪੁਰ ਦੇ ਸਟੇਡੀਅਮ ਵਿਚ ਖੇਡਿਆ। ਬਲਾਕ ਨਵਾਂਸ਼ਹਿਰ ਨੇ ਫਿਲੌਰ ਬਲਾਕ ਨਾਲ ਖੇਡਣਾ ਸੀ। ਉਨ੍ਹਾਂ ਮੈਚਾਂ 'ਚ ਚੰਗਾ ਖੇਡਣ ਵਾਲੇ ਖਿਡਾਰੀ ਭਾਰਤੀ ਟੀਮ ਲਈ ਚੁਣੇ ਜਾਣੇ ਸਨ। ਮਾਹਣੇਂ ਨੂੰ ਤਕੜਾ ਹੋ ਕੇ ਖੇਡਣ ਲਈ ਕਿਹਾ ਗਿਆ, ਜਿਥੋਂ ਭਾਰਤੀ ਟੀਮ ਸਿਲੈਕਟ ਹੋਣੀ ਸੀ। ਮਾਹਣਾਂ ਇਨ੍ਹਾਂ ਸਬਜ਼ਬਾਗਾਂ ਵਿਚੋਂ ਲੰਘ ਚੁਕਾ ਸੀ। ਉਹਦਾ ਵਿਸ਼ਵਾਸ ਉਠ ਚੁਕਾ ਸੀ, ਕਿਉਂਕਿ ਪਹਿਲੋਂ ਵੀ ਕਈ ਵਾਰ ਲਾਰੇ ਲਾ ਕੇ ਛੱਡ ਜਾਂਦੇ ਰਹੇ ਸਨ। ਉਥੇ ਵੀ ਆਤਮ ਵਿਸ਼ਵਾਸ ਨਾਲ ਮਾਹਣਾਂ ਤਕੜਾ ਖੇਡਿਆ। ਮਾਹਣੇਂ ਤੇ ਪੁੰਨੂਮਜਾਰੇ ਵਾਲੇ ਭੁੱਟੀ ਦੀ ਗੇਮ ਕਰਕੇ ਨਵਾਂਸ਼ਹਿਰ ਬਲਾਕ ਵਾਲੇ ਫਿਲੌਰ ਬਲਾਕ ਨੂੰ ਜਿੱਤ ਗਏ। ਮਾਹਣੇਂ ਨੂੰ ਦੂਜੇ ਦਿਨ ਜਲੰਧਰ ਆਉਣ ਦਾ ਸੱਦਾ ਦੇ ਦਿੱਤਾ, ਜਿਥੋਂ ਭਾਰਤੀ ਟੀਮ ਚੁਣੀ ਜਾਣੀ ਸੀ। ਦੂਜੇ ਦਿਨ ਮਾਹਣਾਂ ਤੇ ਉਹਦਾ ਇਕ ਹੋਰ ਸਾਥੀ ਦੱਸੀ ਜਗ੍ਹਾ 'ਤੇ ਪਹੁੰਚ ਗਏ। ਮਾਹਣੇਂ ਹੁਰੀਂ ਭੁੱਖ-ਤਿਭਾਣੇ ਸਾਰਾ ਦਿਨ ਇੰਤਜ਼ਾਰ ਕਰਦੇ ਰਹੇ। ਕਦੋਂ ਸੱਦਣਗੇ। ਪਰ ਕਿੱਥੇ? ਸ਼ਾਮ ਨੂੰ ਦਿਲਾਸਾ ਜਿਹਾ ਦੇ ਕੇ ਘਰਾਂ ਨੂੰ ਤੋਰ ਦਿੱਤੇ। ਉਥੇ ਫਿਰ ਮਾਹਣੇਂ ਦਾ ਦਿਲ ਟੁੱਟਾ, ਕਿਉਂਕਿ ਟੀਮ ਦੀ ਸਿਲੈਕਸ਼ਨ ਤਾਂ ਪਹਿਲਾਂ ਹੀ ਹੋ ਚੁਕੀ ਸੀ। ਸਿਰਫ ਖਾਨਾਪੂਰਤੀ ਲਈ ਸੱਦ ਕੇ ਉਹਨੂੰ ਧਰਵਾਸਾ ਦੇ ਕੇ ਘਰ ਨੂੰ ਤੋਰ ਦਿੱਤਾ ਗਿਆ।

ਕੁਲਦੀਪ ਮੱਲ੍ਹਾ ਉਹਦਾ ਮਾਰਗ-ਦਰਸ਼ਕ ਹੈ। ਮੱਲ੍ਹੇ ਦੀ ਗੇਮ ਨੂੰ ਉਹ ਬੜਾ ਪਸੰਦ ਕਰਦਾ ਸੀ। ਬੰਗਾ ਕਾਲਜ ਵਿਖੇ ਉਹਦੀ ਕੋਚਿੰਗ ਹੇਠ ਖੇਡਣ ਦਾ ਮੌਕਾ ਮਿਲਿਆ। ਮੱਲ੍ਹਾ ਉਹਨੂੰ ਆਲੇ-ਦੁਆਲੇ ਦੇ ਪਿੰਡਾਂ ਦੇ ਮੈਚ ਖੇਡਣ ਲੈ ਜਾਂਦਾ। 1988 'ਚ ਮੱਲ੍ਹੇ ਨੇ ਇੰਗਲੈਂਡ ਖੇਡਣ ਜਾਣ ਵਾਲੀ ਟੀਮ ਵਿਚ ਲੈ ਕੇ ਜਾਣਾ ਸੀ, ਪਰ ਘਰੇਲੂ ਮਜ਼ਬੂਰੀਆਂ ਕਰਕੇ ਮਾਹਣਾਂ ਇੰਗਲੈਂਡ ਜਾਣੋਂ ਰਹਿ ਗਿਆ। ਜੱਬੋਵਾਲੀਏ ਜੋਗਿੰਦਰ ਮੱਗੋ ਦੀ ਗੇਮ ਤੋਂ ਬੜਾ ਪ੍ਰਭਾਵਿਤ ਸੀ। ਹੈਡਮਾਸਟਰ ਗਿਆਨ ਸਿੰਘ ਨੂੰ ਉਹ ਪਿੰਡ ਦਾ ਮਾਣ ਤੇ ਸ਼ਾਨ ਸਮਝਦਾ ਸੀ।

ਮਾਹਣਾਂ ਬੰਗਾ, ਨਵਾਂਸ਼ਹਿਰ, ਫਗਵਾੜਾ, ਤੱਲ੍ਹਣ, ਜਲੰਧਰ, ਨਕੋਦਰ, ਸ੍ਰੀ ਆਨੰਦਪੁਰ ਸਾਹਿਬ, ਰੋਪੜ, ਮਾਹਿਲਪੁਰ ਤੱਕ ਖੇਡਣ ਜਾਂਦਾ ਰਿਹੈ। ਕਿਲ੍ਹਾ ਰਾਏਪੁਰ ਦੀਆਂ ਖੇਡਾਂ 'ਚ ਉਹ ਕੈਨੇਡਾ ਵਲੋਂ ਖੇਡਿਆ। ਪੰਜਾਬ ਦੇ ਸੌ ਕੁ ਪਿੰਡਾਂ 'ਚ ਮਾਹਣਾਂ ਖੇਡਿਆ ਹੋਵੇਗਾ। ਰਾਹੋਂ ਦੁਸਹਿਰੇ 'ਤੇ ਹਰ ਸਾਲ ਖੇਡਣ ਜਾਂਦਾ ਰਿਹੈ। ਇਲਾਕੇ ਦਾ ਕੋਈ ਅਜਿਹਾ ਪਿੰਡ ਨਹੀਂ, ਜਿਥੇ ਉਹ ਨਾ ਖੇਡਿਆ ਹੋਵੇ। ਕਈ ਵਾਰ ਮਾਹਣੇਂ ਦੇ ਮੈਚ ਦੀ ਲਾਗਲੇ ਪਿੰਡਾਂ 'ਚ ਇਕ ਦਿਨ ਪਹਿਲਾਂ ਅਨਾਊਂਸਮੈਂਟ ਹੋ ਜਾਂਦੀ ਸੀ। ਲੋਕ ਟਰਾਲੀਆਂ ਲੈ ਕੇ ਮੈਚ ਵੇਖਣ ਜਾਂਦੇ। ਕਬੱਡੀ ਦੇ ਸ਼ੌਕੀਨ ਬੱਚੇ ਸਕੂਲਾਂ ਤੋਂ ਭੱਜ ਆਉਂਦੇ। ਮਾਹਣਾਂ, ਮਾਹਣਾਂ ਹੁੰਦੀ। ਇਕ ਵਾਰ ਗੋਲੇਆਲ ਦਾ ਟੈਪੂ ਚਲਾਉਂਦਾ ਕਬੱਡੀ ਖਿਡਾਰੀ ਬੜੇ ਮਾਣ ਨਾਲ ਕਹਿਣ ਲੱਗਾ, ਮਾਹਣੇਂ ਨੂੰ ਉਹ ਫੜੇਗਾ। ਮਾਹਣਾਂ ਮਾੜੇ ਖਿਡਾਰੀ ਨਾਲ ਕਦੇ ਨਹੀਂ ਸੀ ਖੇਡਦਾ, ਸਗੋਂ ਤਕੜੇ ਨੂੰ ਤਕੜਾ ਹੋ ਕੇ ਟੱਕਰਦਾ। ਮੈਚ ਸ਼ੁਰੂ ਹੋਇਆ ਤਾਂ ਉਹੀ ਟੈਪੂ ਵਾਲਾ ਗੱਭਰੂ ਫੜਨ ਖੜ੍ਹ ਗਿਆ ਤੇ ਮਾਹਣਾਂ ਦਮ ਵੱਲ ਹੋ ਗਿਆ। ਸਾਹ ਗਏ ਮਾਹਣੇਂ ਨੂੰ ਫੜਨ ਲੱਗਾ ਤਾਂ ਮਾਹਣੇਂ ਨੇ ਮਜ਼ਬੂਤ ਹੱਥ ਨਾਲ ਧੌਲ ਜਿਹੀ ਮਾਰੀ ਤੇ ਉਹ ਘੁਮੇਟਣੀ ਖਾ ਕੇ ਔਹ ਡਿਗਿਆ। ਮੁੜ ਉਹ ਮਾਹਣੇਂ ਲਾਗੇ ਨਾ ਆਇਆ।

ਉਹਦਾ ਛੇ ਫੁੱਟ ਇਕ ਇੰਚ ਕੱਦ। ਹੱਥਾਂ-ਪੈਰਾਂ ਦਾ ਪੂਰਾ ਖੁੱਲ੍ਹਾ। ਵੱਡੇ-ਵੱਡੇ ਹੱਥਾਂ ਪੈਰਾਂ ਦਾ ਮਾਲਕ ਮਾਹਣਾਂ ਦੋਹਾਂ ਪਾਸੇ ਖੜ੍ਹ ਜਾਂਦਾ। ਬੜਾ ਭੰਨਦਾ ਅਗਲੇ ਨੂੰ। ਸਾਹ ਗਿਆ ਜਾਫੀਆਂ ਨੂੰ ਤੋੜ ਤੋੜ ਸੁੱਟਦਾ। ਫੜਨ ਲੱਗਾ ਕਹਿੰਦੇ ਕਹਾਉਂਦੇ ਰੇਡਰਾਂ ਮੂਹਰੇ ਚੱਟਾਨ ਬਣ ਖੜ੍ਹ ਜਾਂਦਾ। ਮੇਰਾ ਵੱਡਾ ਭਾਈ ਹੈਡਮਾਸਟਰ ਗਿਆਨ ਸਿੰਘ ਵੀ ਮਾਹਣੇਂ ਦੀ ਗੇਮ ਦੀ ਬੜੀ ਤਾਰੀਫ ਕਰਦਾ ਹੁੰਦਾ ਸੀ। ਗੁਰਜੀਤ ਪੁਰੇਵਾਲ ਨੇ ਵੀ ਮਾਹਣੇਂ ਨੂੰ ਤਕੜਾ ਖਿਡਾਰੀ ਦੱਸਿਆ ਤੇ ਇਕ ਵਾਰ ਹੋਏ ਉਨ੍ਹਾਂ ਨਾਲ ਮਾਹਿਲ-ਗਹਿਲਾ ਟੂਰਨਾਮੈਂਟ ਦਾ ਜ਼ਿਕਰ ਵੀ ਕੀਤਾ।

ਮਾਹਣਾਂ ਪਰਮਾਤਮਾ ਦਾ ਹਮੇਸ਼ਾ ਸ਼ੁਕਰਗੁਜ਼ਾਰ ਰਿਹੈ। ਉਹਦੇ ਸਮੂਹ ਪਰਿਵਾਰ ਨੇ ਪਿੰਡ ਜੱਬੋਵਾਲ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਬੜੇ ਸਾਲ ਸੇਵਾ ਕੀਤੀ। ਬਾਬੇ ਨਾਨਕ ਦੀ ਮਿਹਰ ਸਦਕਾ ਹੀ ਉਹ ਦੂਰ ਦੂਰ ਖੇਡਣ ਜਾਂਦਾ ਰਿਹੈ। ਦੂਰ ਇਲਾਕੇ ਦੇ ਖਿਡਾਰੀਆਂ ਦੀ ਆਪਣੇ ਇਲਾਕੇ 'ਚ ਭੱਲ ਬਣੀ ਹੁੰਦੀ ਸੀ। ਮਾਹਣੇਂ ਨੂੰ ਵੇਖਦੇ ਹੀ ਉਹ ਠਰਨ ਲੱਗ ਜਾਂਦੇ ਸਨ। ਮਾਹਣੇਂ 'ਤੇ ਭਾਰੂ ਹੋਣ ਦਾ ਹਰ ਹੀਲਾ ਵਰਤਦੇ। ਕਿਸੇ ਤਰ੍ਹਾਂ ਪਿਛੇ ਹਟੇ, ਉਨ੍ਹਾਂ ਦੀ ਬੱਲੇ ਬੱਲੇ ਹੋਵੇ, ਪਰ ਮਾਹਣਾਂ ਪ੍ਰਵਾਹ ਨਾ ਕਰਦਾ। ਕਈ ਵਾਰ 'ਕੱਠੇ ਹੋ ਕੇ ਮਾਹਣੇਂ 'ਤੇ ਚੜ੍ਹ ਆਉਂਦੇ ਤੇ ਲੜਾਈ ਝਗੜੇ ਦਾ ਮਾਹੌਲ ਬਣਾ ਲੈਂਦੇ, ਪਰ ਮਾਹਣਾਂ ਮੈਚ ਜਿਤਾਉਂਦਾ ਬਚ ਬਚਾ ਕੇ ਆਪਣੇ ਰਾਹ ਪੈ ਜਾਂਦਾ।

ਯਾਦਾਂ ਦੀ ਪਟਾਰੀ 'ਚੋਂ ਮਾਹਣੇਂ ਦੱਸਿਆ, ਮੰਨਣਹਾਣੇ ਕੋਲ ਪੈਂਦੇ ਪਿੰਡ ਲਕਸੀਹਾਂ ਦੇ ਵਾਸੀਆਂ ਨੇ ਪਿੰਡ ਦੀ ਨਵੀਂ ਗਰਾਊਂਡ ਦਾ ਉਦਘਾਟਨ ਕਰਨ ਲਈ ਮੈਚ ਰੱਖ ਲਏ। ਟੀਮ ਤਿਆਰ ਕਰਕੇ ਲੈ ਆਉਣ ਲਈ ਮਾਹਣੇਂ ਨੂੰ ਸਪੈਸ਼ਲ ਸੱਦਾ ਦੇ ਦਿੱਤਾ। ਉਦਘਾਟਨ ਵਾਲੇ ਦਿਨ ਮਾਹਣਾਂ ਟੀਮ ਲੈ ਗਰਾਊਂਡ ਜਾ ਪਹੁੰਚਾ। ਖਿਡਾਰੀਆਂ ਨੂੰ ਅਸ਼ੀਰਵਾਦ ਤੇ ਥਾਪੜਾ ਦੇਣ ਲਈ ਉਥੇ ਮੰਨਣਹਾਣੇ ਵਾਲੇ ਸੰਤ ਬਲਵੀਰ ਸਿੰਘ ਵੀ ਪਹੁੰਚੇ ਹੋਏ ਸਨ। ਸੰਤਾਂ ਨੇ ਆ ਕੇ ਪਹਿਲਾਂ ਮਾਹਣੇਂ ਨੂੰ ਕਲਾਵੇ 'ਚ ਲਿਆ ਤੇ ਉਦਘਾਟਨ ਦੀ ਰਸਮ ਤੋਂ ਬਾਅਦ ਟੂਰਨਾਮੈਂਟ ਵੇਖਣ ਲਈ ਸਟੇਜ 'ਤੇ ਜਾ ਬਿਰਾਜਮਾਨ ਹੋਏ। ਮੈਚ ਸ਼ੁਰੂ ਹੋਇਆ। ਮਾਹਣੇਂ ਵਲੋਂ ਲਿਆਂਦੇ ਖਿਡਾਰੀ ਤਾਂ ਪਹਿਲੇ ਸਾਹਾਂ ਵਿਚ ਹੀ ਠਰ ਗਏ, ਕਿਉਂਕਿ ਵਿਰੋਧੀ ਖਿਡਾਰੀ ਤਕੜੇ ਸਨ। ਮਾਹਣਾਂ 'ਕੱਲਾ ਰਹਿ ਗਿਆ। ਕੀ ਕਰੇ, ਕੀ ਨਾ ਕਰੇ! ਸੋਚੀਂ ਪੈ ਗਿਆ। ਰੱਬ ਨੂੰ ਧਿਆ ਮਾਹਣਾਂ ਹੋ ਗਿਆ ਸਿੱਧਾ। ਕਾਇਮ ਹੋ ਕੇ ਸਾਹ ਪਾਉਣੇਂ ਸ਼ੁਰੂ ਕਰ ਦਿੱਤੇ। ਫਿਰ ਤਾਂ ਲੋਕਾਂ ਦੀਆਂ ਤਾੜੀਆਂ ਮਿਲਣ ਲੱਗੀਆਂ। ਸੰਤ ਬੜੇ ਖੁਸ਼ ਹੋਏ। ਸਟੇਜ ਤੋਂ ਬੈਠੇ ਸੰਤਾਂ ਨੇ ਮਾਇਆ ਦਾ ਕਈ ਵਾਰ ਮਾਣ ਭੇਜਿਆ। ਇਲਾਕੇ ਦੇ ਲੋਕੀ ਹੈਰਾਨ ਸਨ ਕਿ ਸੰਤ ਤਾਂ ਕਦੇ ਪੰਜ ਮਿੰਟ ਨਹੀਂ ਸਨ ਬਹਿੰਦੇ, ਪਰ ਉਸ ਦਿਨ ਤਾਂ ਸਾਰਾ ਮੈਚ ਵੇਖ ਕੇ ਉਠੇ। ਮੈਚ ਤੋਂ ਬਾਅਦ ਖੇਡ-ਕਮੇਟੀ ਵਾਲੇ ਮਾਹਣੇਂ ਨੂੰ ਘਰ ਲਿਜਾਣਾ ਚਾਹੁੰਦੇ ਸਨ, ਪਰ ਮਾਹਣੇਂ ਹੁਰੀਂ ਪਿੰਡ ਜਾਣ ਦਾ ਬੜਾ ਵਾਸਤਾ ਪਾਇਆ। ਬੜੀ ਨਾਂਹ ਨੁੱਕਰ ਕੀਤੀ, ਪਰ ਉਨ੍ਹਾਂ ਦੇ ਪਿਆਰ ਮੂਹਰੇ ਝੁਕਣਾ ਪਿਆ। ਸਾਰੀ ਟੀਮ ਉਨ੍ਹਾਂ ਨਾਲ ਜਾਣਾ ਮੰਨ ਗਈ। ਉਨ੍ਹਾਂ ਘਰੀਂ ਗਏ ਤਾਂ ਪਿੰਡ ਦੇ ਸਾਰੇ ਲੋਕ ਉਸ ਘਰ 'ਕੱਠੇ ਹੋ ਗਏ। ਬਜ਼ੁਰਗ ਬੀਬੀਆਂ, ਮਾਤਾਵਾਂ ਵੀ ਆ ਜੁੜੀਆਂ। ਇਕ ਘੱਟ ਨਜ਼ਰ ਵਾਲੀ ਬਜ਼ੁਰਗ ਮਾਤਾ ਪੁੱਛਦੀ ਪੁੱਛਾਂਦੀ ਆ ਗਈ, "ਵੇ ਕਿਹੜਾ ਮਾਹਣਾਂ, ਦਿਖਾਉ ਮੈਨੂੰ ਵੀ।" ਮਾਤਾ ਦੀ ਨਿਗ੍ਹਾ ਤਾਂ ਭਾਵੇਂ ਘੱਟ ਸੀ ਪਰ ਅੰਦਾਜ਼ੇ ਨਾਲ ਮਾਹਣੇਂ ਦੀ ਪਿੱਠ 'ਤੇ ਹੱਥ ਫੇਰਦੇ ਕਹਿਣ ਲੱਗੀ, "ਧੰਨ ਉਹ ਮਾਂ ਹੈ, ਜਿਸ ਕੁੱਖੋਂ ਮਾਹਣਾਂ ਜੰਮਿਆ।" ਇਹ ਵਾਕਿਆ ਮਾਹਣੇਂ ਨੇ ਘਰ ਆ ਕੇ ਆਪਣੀ ਮਾਂ ਨੂੰ ਦੱਸਿਆ ਤਾਂ ਸੁਣਦਿਆਂ ਹੀ ਮਾਂ ਨੇ ਅੱਖਾਂ ਭਰ ਲਈਆਂ।

ਨਵਾਂਸ਼ਹਿਰ ਖਾਲਸਾ ਸਕੂਲ ਦੀ ਗਰਾਊਂਡ ਵਿਚ ਕੈਨੇਡਾ ਤੇ ਇੰਡੀਆ ਦਾ ਮੈਚ ਹੋਇਆ। ਦੇਸ਼-ਵਿਦੇਸ਼ ਵਿਚ ਲੱਖੇ ਦਾ ਬੜਾ ਨਾਂ ਸੀ। ਕੈਨੇਡਾ ਵਲੋਂ ਲੱਖਾ ਤਕੜਾ ਧਾਵੀ ਸੀ। ਸਾਹ ਗਏ ਲੱਖੇ ਨੂੰ ਮਾਹਣੇਂ ਨੇ ਪੈਂਦੀ ਸੱਟੇ ਰੋਕ ਲਿਆ। ਮਾਹਣਾਂ, ਮਾਹਣਾਂ ਗੂੰਜਿਆਂ। ਦੂਜੀ ਵਾਰ ਗਿਆ, ਫਿਰ ਰੋਕ ਲਿਆ। ਆਪਣੇ ਸਮੇਂ ਦਾ ਸੁਪਰ-ਸਟਾਰ ਕਬੱਡੀ ਖਿਡਾਰੀ ਤੇ ਕੋਚ ਦੇਵੀ ਦਿਆਲ ਕੋਲ ਜਾ ਕੇ ਕਹਿਣ ਲੱਗਾ, "ਅਗਰ ਉਹਦੇ ਕੋਲ ਟੋਨੀ ਅਲੱਕਾਰ ਕਲੱਬ ਜਾ ਕੇ ਖੇਡੇ ਫਿਰ ਦੇਖੋ। ਹਰਜੀਤ ਬਰਾੜ ਵਰਗੇ ਨਾ ਰੁਕੇ ਫਿਰ ਕਹਿਣਾ।" ਪਰ ਮਾਹਣਾਂ ਉਨ੍ਹਾਂ ਦਿਨਾਂ 'ਚ ਕੈਨੇਡਾ ਪੱਕੇ ਤੌਰ 'ਤੇ ਜਾਣ ਵਾਲਾ ਸੀ। ਸੱਟ ਚੋਟ ਤੋਂ ਡਰਦਾ ਚੁੱਪ ਰਿਹਾ।

ਆਨੰਦਪੁਰ ਸਾਹਿਬ ਲਾਗੇ ਅਗੰਮਪੁਰ ਦੇ ਟੂਰਨਾਮੈਂਟਾਂ 'ਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਕਮੇਟੀ ਵਲੋਂ ਟੂਰਨਾਮੈਂਟ ਕਰਵਾਏ ਜਾਂਦੇ ਸਨ। ਉਨ੍ਹਾਂ ਮੈਚਾਂ 'ਚ ਵਿਰੋਧੀ ਟੀਮ ਦੇ ਖਿਡਾਰੀ ਮਾਹਣੇਂ ਨੂੰ ਵੇਖ ਖੇਡਣੋਂ ਜਵਾਬ ਦੇ ਗਏ। ਮਾਹਣੇਂ ਨੇ ਧੰਨ ਧੰਨ ਕਰਾਈ। ਬੜੇ ਨੰਬਰ ਖਿੱਚੇ। ਮੈਚਾਂ 'ਚ ਮਾਹਣੇਂ ਦੀ ਗੇਮ ਨੂੰ ਬੜਾ ਸਲਾਹਿਆ ਗਿਆ। ਮੈਚ ਖਤਮ ਹੋਣ ਉਪਰੰਤ ਦਰਸ਼ਕਾਂ ਨੇ ਪਿਆਰ ਨਾਲ ਝੋਲੀਆਂ ਭਰੀਆਂ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਸੇਵਾਦਾਰਾਂ (ਕਮੇਟੀ) ਨੇ ਪਿਆਰ ਨਾਲ ਝੋਲੀਆਂ ਭਰੀਆਂ। ਉਨ੍ਹਾਂ ਨੂੰ ਰਾਤ ਰੱਖਣ ਲਈ ਜ਼ੋਰ ਪਾਉਣ ਲੱਗੇ। ਉਨ੍ਹਾਂ ਦੇ ਵਾਰ ਵਾਰ ਜ਼ੋਰ ਪਾਉਣ 'ਤੇ ਮਾਹਣੇਂ ਹੁਰੀਂ ਦਸ ਖਿਡਾਰੀ ਉਥੇ ਉਨ੍ਹਾਂ ਕੋਲ ਰਾਤ ਠਹਿਰੇ। ਬੜਾ ਮਾਣ ਸਤਿਕਾਰ ਦਿੱਤਾ ਤੇ ਰੱਜਵੀਂ ਸੇਵਾ ਕੀਤੀ।

ਮਾਹਿਲਪੁਰ ਕੋਲ ਬਡੇਸਰੋਂ ਟੂਰਨਾਮੈਂਟਾਂ ਵਿਚ ਜੱਬੋਵਾਲ ਦਾ ਮੈਚ ਚੱਲ ਰਿਹਾ ਸੀ। ਮਾਹਣਾਂ ਥੋੜ੍ਹਾ ਲੇਟ ਹੋ ਗਿਆ। ਬਾਰਾਂ ਨੰਬਰਾਂ 'ਤੇ ਜੱਬੋਵਾਲ ਹਰਦਾ ਸੀ। ਮਾਹਣੇਂ ਨੂੰ ਵੇਖਦੇ ਹੀ ਗੁਦਾਵਰ ਗਾਬੀ ਖਿੜ ਗਿਆ, ਲੈ ਬਈ ਹੁਣ ਬਣੀ ਗੱਲ। ਛੇਤੀ ਛੇਤੀ ਕੱਪੜੇ ਲਾਹ ਕੇ ਮਾਹਣਾਂ ਗਰਾਊਂਡ ਜਾ ਵੜਿਆ। ਮਾਹਣੇਂ ਨੇ ਚੁੱਕ ਚੁੱਕ ਸੁੱਟੇ। ਵਿਰੋਧੀ ਟੀਮ ਦੇ ਖਿਡਾਰੀ ਡਰਦੇ 'ਡੀ' ਕੋਲੋਂ ਮੁੜਨ ਲੱਗ ਪਏ। ਮਾਹਣੇਂ ਹੁਰੀਂ 'ਡੀ' 'ਤੇ ਜਾ ਖੜ੍ਹੇ ਹੋਏ। 'ਡੀ' 'ਤੇ ਢਾਹੁੰਦੇ ਰਹੇ। ਉਹ ਮੈਚ ਅੱਧੇ ਨੰਬਰ 'ਤੇ ਜਿੱਤੇ। ਮਾਹਣੇਂ ਦੀ ਬੱਲੇ ਬੱਲੇ ਹੋਈ। ਜੱਬੋਵਾਲ ਦਾ ਨਾਂ ਗੂੰਜਿਆ।

ਬਡੇਸਰੋਂ ਵਾਲਿਆਂ ਦੂਸਰੇ ਦਿਨ ਜੱਬੋਵਾਲ ਦਾ ਮੈਚ ਜਾਣ-ਬੁੱਝ ਕੇ ਮੋਰਾਂਵਾਲੀ ਨਾਲ ਪਾ ਦਿੱਤਾ। ਮੋਰਾਂਵਾਲੀ ਦੇ ਮੁੰਡੇ ਤਕੜੇ ਤੇ ਜੁਆਨ ਸਨ। ਉਥੋਂ ਦੇ ਬਜ਼ੁਰਗ ਤੇ ਹੋਰ ਲੋਕੀ ਆ ਕੇ ਮਾਹਣੇਂ ਨੂੰ ਕਹਿਣ ਲੱਗੇ, "ਮੋਰਾਂਵਾਲੀ ਦੇ ਮੁੰਡੇ ਤਕੜੇ ਹਨ, ਨਾ ਖੇਡੋ! ਕਿਉਂ ਮੁੰਡੇ ਮਰਵਾਉਣ ਲੱਗੇ ਓ?" ਮਿੰਨਤਾਂ ਕਰਨ ਲੱਗੇ ਆ ਕੇ। ਮਾਹਣੇਂ ਹੁਰੀਂ ਪੱਕੀ ਧਾਰ ਲਈ ਮਰੀਏ ਜਾਂ ਜੇ ਮਰਜ਼ੀ ਹੋਵੇ, ਮੈਚ ਖੇਡਣਾ ਈ ਖੇਡਣਾ। ਮੱਧੂ ਤੇ ਭਾਗੂ ਹੁਰੀਂ ਜੱਫੇ ਲਾਈ ਗਏ, ਮਾਹਣਾਂ ਸਾਹ ਪਾਈ ਗਿਆ। ਉਹ ਮੈਚ ਜੱਬੋਵਾਲੀਏ ਜਿੱਤ ਗਏ। ਜਿਹੜੇ ਬਜ਼ੁਰਗ ਪਹਿਲਾਂ ਨਾ ਖੇਡਣ ਲਈ ਕਹਿ ਰਹੇ ਸਨ, ਫਿਰ ਹੌਸਲਾ ਵਧਾਉਣ ਲਈ ਆ ਆ ਪੈਸੇ ਦੇਣ ਲੱਗੇ।

ਉਸੇ ਗਰਾਊਂਡ ਵਿਚ ਸ਼ੋਅ-ਮੈਚ ਖੇਡਿਆ ਜਾਣਾ ਸੀ। ਮੁਕਾਬਲੇ ਲਈ ਡੀ. ਏ. ਵੀ. ਕਾਲਜ ਹੁਸ਼ਿਆਰਪੁਰ, ਸਰਹਾਲ ਕਾਜ਼ੀਆਂ ਤੇ ਜੱਬੋਵਾਲ ਦੀਆਂ ਟੀਮਾਂ ਪਹੁੰਚੀਆਂ ਹੋਈਆਂ ਸਨ। ਜੱਬੋਵਾਲ ਦੀ ਟੀਮ ਵੀ ਤਕੜੀ ਬਣ ਗਈ। ਜੱਬੋਵਾਲ ਵਲੋਂ ਖੇਡਦਾ ਗੜ੍ਹੀ ਮਹਾਂ ਸਿੰਘ ਦਾ ਭਲਵਾਨ ਪਹਿਲਾਂ ਰੁਕਦਾ ਰਿਹਾ। ਫਿਰ ਮਾਹਣੇਂ ਨੇ ਉਹਨੂੰ ਐਸਾ ਨੁਕਤਾ ਸਮਝਾਇਆ ਤੇ ਮੁੜ ਉਹ ਭਲਵਾਨ ਨਾ ਰੁਕਿਆ। ਉਹ ਸ਼ੋਅ-ਮੈਚ ਜੱਬੋਵਾਲੀਏ ਜਿੱਤ ਗਏ। ਮੈਚ ਵੇਖਣ ਲਈ ਸਾਰਾ ਇਲਾਕਾ ਢੁੱਕਿਆ ਹੋਇਆ ਸੀ। ਸਭ ਤੋਂ ਵੱਡੀ ਖੁਸ਼ੀ ਮਾਹਣੇਂ ਨੂੰ ਉਦੋਂ ਹੋਈ, ਜਦੋਂ ਬੀਬੀਆਂ, ਮਾਤਾਵਾਂ ਨੇ ਸਟੇਜ 'ਤੇ ਸੱਦ ਕੇ ਸ਼ਾਬਾਸ਼ ਦਿੱਤੀ। ਸਟੇਜ 'ਤੇ ਪੈਸਿਆਂ ਦਾ ਵੱਡਾ ਢੇਰ ਲੱਗ ਗਿਆ। 'ਕੱਲੇ ਮਾਹਣੇਂ ਨੂੰ ਦੋ ਹਜ਼ਾਰ ਰੁਪਿਆ ਬਣਿਆ, ਜੋ ਉਸ ਵੇਲੇ ਵੱਡੀ ਰਕਮ ਸੀ।





(ਖੱਬੇ) ਜਵਾਨੀ ਵੇਲੇ ਅਤੇ (ਸੱਜੇ) ਹੁਣ ਜੱਬੋਵਾਲੀਆ ਮਾਹਣਾਂ



ਮਾਹਣੇ ਦੇ ਮਾਤਾ-ਪਿਤਾ

ਸ਼ੋਅ-ਮੈਚ 'ਚੋਂ ਜਿੱਤੀ ਵੱਡੀ ਟਰਾਫੀ ਲੈ ਕੇ ਜਦੋਂ ਮਾਹਣੇਂ ਹੁਰੀਂ ਪਿੰਡੋਂ ਬਾਹਰ ਨਿਕਲ ਕੇ ਜੀ. ਟੀ. ਰੋਡ 'ਤੇ ਪਏ ਤਾਂ ਹਲਕੀ ਹਲਕੀ ਉਮਰ ਦੇ ਦੋ ਮੁੰਡੇ ਸਾਇਕਲਾਂ 'ਤੇ ਮਗਰ ਆਏ ਤੇ ਕਿਹਾ, ਭਾਜੀ ਇਕ ਮਿੰਟ ਰੁਕਿਓ। ਮਾਹਣੇਂ ਹੋਰੀਂ ਕਹਿਣ ਲੱਗੇ, "ਹਾਂ ਦੱਸੋ?" ਇਕ ਮੁੰਡੇ ਨੇ ਆਪਣੀ ਜੇਬ ਵਿਚੋਂ ਪੰਜ ਰੁਪਏ ਦਾ ਨੋਟ ਕੱਢਿਆ ਤੇ ਮਾਹਣੇਂ ਨੂੰ ਫੜਾਉਂਦਿਆਂ ਕਹਿਣ ਲੱਗਾ, ਇਹ ਪੰਜ ਰੁਪਏ ਉਹਦੇ ਵਾਸਤੇ ਰੱਖੇ ਸਨ, ਸਟੇਜ 'ਤੇ ਨਾ ਪਹੁੰਚ ਸਕਿਆ, ਹੁਣ ਮਗਰ ਫੜਾਉਣ ਆਇਆ ਹਾਂ। ਮਾਹਣੇਂ ਨੇ ਬੜਾ ਕਿਹਾ, ਛੋਟੇ ਰਹਿਣ ਦੇ ਕੋਲ ਰੱਖ। ਉਹ ਨਾ ਮੰਨਿਆ ਤੇ ਮਾਹਣੇਂ ਨੇ ਉਹ ਪੰਜ ਰੁਪਏ ਫੜ ਮੱਥੇ ਲਾ ਕੇ ਜੇਬ 'ਚ ਪਾ ਲਏ। ਉਹ ਸ਼ੀਲਡ ਨਾਂਹ ਨਾਂਹ ਕਰਦੇ ਉਹ ਛੋਟੇ ਮੁੰਡਿਆਂ ਨੂੰ ਫੜਾ ਮਾਹਣੇਂ ਨੇ ਆਪਣੇ ਆਪ ਨੂੰ ਧੰਨ ਭਾਗ ਸਮਝਿਆ।

1996 ਦੇ ਮਈ ਮਹੀਨੇ ਮਾਹਣਾਂ ਟੋਰਾਂਟੋ ਆ ਗਿਆ ਸੀ। ਇਸ ਸਮੇਂ ਸਾਰਾ ਪਰਿਵਾਰ ਕੈਨੇਡਾ ਹੈ। ਘਰਦਿਆਂ ਅਤੇ ਕਬੱਡੀ ਪ੍ਰੇਮੀਆਂ ਵਲੋਂ ਮਾਹਣੇਂ ਨਾਂ ਨਾਲ ਜਾਣੇ ਜਾਂਦੇ ਦਾ ਅਸਲੀ ਨਾਂ ਜੋਗਾ ਸਿੰਘ ਹੈ। ਉਹਦੇ ਭੈਣ-ਭਰਾਵਾਂ ਦੇ ਸਾਰੇ ਨਿਆਣੇ ਚਾਚਾ-ਮਾਮਾ ਕੋਈ ਨ੍ਹੀਂ ਕਹਿੰਦਾ, ਸਾਰੇ ਮਾਹਣੇਂ ਨਾਲ ਸੰਬੋਧਨ ਕਰਦੇ ਹਨ। ਬਾਹਰ ਦੇ ਜੰਮਪਲ ਬੱਚੇ ਜਦੋਂ ਕਿਤੇ ਪਿੰਡ ਜਾਂਦੇ ਹਨ ਤਾਂ ਮਾਹਣੇਂ ਦੀਆਂ ਸ਼ੀਲਡਾਂ ਤੇ ਹੋਰ ਇਨਾਮ ਵੇਖ ਕੇ ਬੜਾ ਖੁਸ਼ ਹੁੰਦੇ ਹਨ। ਮਾਹਣੇਂ ਦਾ ਬੇਟਾ ਮਾਹਣੇਂ ਨਾਲੋਂ ਵੀ ਕੱਦ-ਕਾਠ ਵਿਚ ਉਚਾ ਹੈ। ਬੇਟਾ ਅਮਰੀਕਨ ਫੁੱਟਬਾਲ ਖਿਡਾਰੀ ਹੈ ਤੇ ਇਕ ਵਾਰ ਅਮਰੀਕਾ ਦੀ ਧਰਤੀ 'ਤੇ ਵੀ ਖੇਡ ਚੁਕੈ। ਪੈਸੇ ਬੜੇ ਆਏ, ਬੜੇ ਗਏ। ਬੜੇ ਕਮਾਏ, ਕਮਾਉਣੇਂ ਵੀ ਨੇ ਪਰ ਛੋਟੇ ਬੱਚਿਆਂ ਵਲੋਂ ਦਿੱਤਾ ਗਿਆ ਪੰਜ ਰੁਪਏ ਦਾ ਨੋਟ ਹਾਲੇ ਤੱਕ ਸਾਂਭ ਕੇ ਰੱਖਿਆ ਹੋਇਐ। ਪੰਜਾਂ ਦੇ ਨੋਟ ਦਾ ਰੰਗ ਸਮੇਂ ਦੇ ਨਾਲ ਭਾਵੇਂ ਧੁੰਦਲਾ ਪੈ ਰਿਹੈ, ਪਰ ਜ਼ਿੰਦਗੀ 'ਚ ਇਹ (ਪੰਜ ਰੁਪਏ) ਸਭ ਨਾਲੋਂ ਵੱਡਾ ਇਨਾਮ ਹੈ।

ਗੁਰੂਆਂ, ਪੀਰਾਂ ਦਾ ਜਿਨ੍ਹਾਂ 'ਤੇ ਰਿਹਾ ਥਾਪੜਾ,
ਦੇਸ਼ ਕੌਮ ਦਾ ਨਾਂ ਉਚਾ ਚੁੱਕਦੇ ਰਹੇ।
ਦਿਨ ਰਾਤ ਮਿਹਨਤ ਕਰਕੇ ਖੇਡ-ਮੈਦਾਨਾਂ 'ਚ,
ਗੱਭਰੂ ਬੁੱਕਦੇ ਰਹੇ।
ਕਲਮਾਂ ਚਲਦੀਆਂ ਦਿਨ ਰਾਤ
'ਜੱਬੋਵਾਲੀਏ ਇਕਬਾਲ' ਦੀਆਂ,
ਖੇਡ-ਸ਼ੌਕ ਕਦੇ ਨਾ ਮੁੱਕਦੇ ਰਹੇ।


# ਪੂੰਜੀ ਦੀ ਅਣਦਿਸਦੀ ਸੱਤਾ ਦਾ ਚਿਤਰਨ 'ਲਾ ਇਕਲਿਪਸ'


ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330


***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦੀ ਫਿਲਮ 'ਲਾ ਇਕਲਿਪਸ' ਬਾਬਤ ਚਰਚਾ ਕੀਤੀ ਗਈ ਹੈ। -ਸੰਪਾਦਕ***



ਮਾਈਕਲਏਂਜਲੋ ਅੰਤੋਨੀਓਨੀ ਦੀ ਫਿਲਮ 'ਲਾ ਇਕਲਿਪਸ' ਬਾਰੇ ਟਿੱਪਣੀ ਕਰਦਿਆਂ ਪ੍ਰਸਿੱਧ ਚਿੰਤਕ ਰੋਲਾਂ ਬਾਰਤ ਆਪਣੇ ਲੇਖ ਵਿਚ ਉਸ ਨੂੰ ਦੱਸਦਾ ਹੈ: ਤੇਰੀਆਂ ਫਿਲਮਾਂ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਹ ਆਧੁਨਿਕ ਸਮਾਜਾਂ ਵਿਚ ਜੀਣ ਦੀ ਇੱਛਾ ਦੇ ਲਗਾਤਾਰ ਦਾਅ 'ਤੇ ਲਗਾਏ ਜਾਣ ਦੀਆਂ ਫਿਲਮਾਂ ਹਨ।

ਫਿਲਮਸਾਜ਼ ਵਜੋਂ ਮਾਈਕਲਏਂਜਲੋ ਅੰਤੋਨੀਓਨੀ ਨੇ ਆਪਣੇ ਸਮੇਂ ਵਿਚ ਪੂੰਜੀਵਾਦ ਦੇ ਵਿਗਸਣ ਅਤੇ ਉਸ ਦੇ ਆਧੁਨਿਕ ਬੰਦੇ ਦੀ ਜੀਵਨ-ਸ਼ੈਲੀ ਦੀਆਂ ਪਰਤਾਂ ਵਿਚ ਆ ਰਹੀਆਂ ਤਬਦੀਲੀਆਂ ਨੂੰ ਜਿਸ ਬਾਰੀਕੀ ਨਾਲ ਪਰਦੇ 'ਤੇ ਚਿਤਰਿਆ ਹੈ, ਉਸ ਸਦਕਾ ਉਸ ਦੀ ਗਿਣਤੀ ਯੂਰਪ ਦੇ ਉਨ੍ਹਾਂ ਫਿਲਮਸਾਜ਼ਾਂ ਵਿਚ ਹੁੰਦੀ ਹੈ ਜਿਨ੍ਹਾਂ ਨੇ ਸਿਨੇਮਾ ਨੂੰ ਚਿੱਤਰਕਾਰੀ, ਕਵਿਤਾ, ਬੁੱਤਸਾਜ਼ੀ ਅਤੇ ਲਿਖਣ ਵਰਗੀਆਂ ਕਲਾਵਾਂ ਦੇ ਸਮਾਂਨਤਰ ਸਥਾਪਿਤ ਕੀਤਾ ਹੈ। ਉਸ ਦੀਆਂ ਫਿਲਮਾਂ ਉਸ ਦੌਰ ਦੀ ਤਰਜਮਾਨੀ ਕਰਦੀਆਂ ਹਨ ਜਦੋਂ ਇੱਕ ਪਾਸੇ ਤਾਂ ਸਾਰੇ ਮੁਲਕ ਦੂਜੀ ਸੰਸਾਰ ਜੰਗ ਦੇ ਭੰਨੇ ਪੂੰਜੀਵਾਦੀ ਵਰਤਾਰੇ ਤੋਂ ਚਮਤਕਾਰਾਂ ਦੀ ਉਮੀਦ ਲਗਾਈ ਬੈਠੇ ਸਨ, ਦੂਜੇ ਪਾਸੇ ਜਿਹੜੇ ਮੁਲਕਾਂ ਵਿਚ ਪੂੰਜੀਵਾਦ ਦੇ ਸਫਲ ਤਜਰਬੇ ਹੋ ਚੁੱਕੇ ਸਨ, ਉਥੋਂ ਦੀ ਉਚ-ਜਮਾਤ ਤੇ ਮੱਧ-ਵਰਗ ਇਸ ਦੁਆਰਾ ਪੈਦਾ ਕੀਤੇ ਸਵਾਰਥ, ਨਿੱਜੀ ਮੁਫਾਦਾਂ ਤੇ ਸਮਾਜਿਕ ਜੀਵਨ ਵਿਚ ਆਈ ਇਕੱਲਤਾ, ਬੇਗਾਨਗੀ ਤੇ ਬੇਜ਼ਾਰੀ ਨਾਲ ਦੋ-ਚਾਰ ਹੋ ਰਹੇ ਸਨ। ਉਸ ਦਾ ਸਿਨੇਮਾ ਨਿੱਜੀ ਪ੍ਰੇਮ ਕਹਾਣੀਆਂ ਦੀ ਬੁਣਤੀ ਰਾਹੀਂ ਉਸ ਸਮੇਂ ਦੇ ਮਨੁੱਖਾਂ ਦੀ ਹੋਂਦ ਦੇ ਦਵੰਦਾਂ ਅਤੇ ਸਿਆਸੀ-ਸਮਾਜਿਕ ਢਾਂਚਿਆਂ ਨਾਲ ਉਨ੍ਹਾਂ ਦੇ ਟਕਰਾਉ ਨੂੰ ਪੇਸ਼ ਕਰਦਿਆਂ ਕਿਤੇ ਵੀ ਉਪ-ਭਾਵਕਤਾ ਜਾਂ ਬਿਰਤਾਂਤਕ ਊਣਤਾਈਆਂ ਦਾ ਸ਼ਿਕਾਰ ਨਹੀਂ ਹੁੰਦਾ ਬਲਕਿ ਉਹ ਮਨੁੱਖ ਹੋਣ ਦੀ ਸਾਰਥਿਕਤਾ ਦੇ ਮਿਆਰਾਂ ਦੀ ਜ਼ਰੂਰਤ ਨੂੰ ਉਭਾਰਦਾ ਹੈ।

ਫਿਲਮ 'ਲਾ ਇਕਲਿਪਸ' ਉਸ ਦੀਆਂ ਤਿੰਨ ਫਿਲਮਾਂ ਦੀ ਲੜੀ ਦੀ ਆਖਰੀ ਫਿਲਮ ਹੈ। ਇਸ ਫਿਲਮ ਵਿਚ ਉਹ ਜਗਿਆਸੂ ਮਨੁੱਖ ਵਾਂਗ ਆਪਣੇ ਕਿਰਦਾਰਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਫਿਲਮਾਉਂਦਿਆਂ ਉਨ੍ਹਾਂ ਦੇ ਦਿਲੋ-ਦਿਮਾਗ ਵਿਚ ਲਗਾਤਾਰ ਚੱਲ ਰਹੀ ਕਸ਼ਮਕਸ਼ ਦਾ ਚਿਤਰਨ ਕਰਦਾ ਹੈ। ਸੱਠਵੇਂ ਦਹਾਕੇ ਦਾ ਇਹ ਦੌਰ ਸਵਾਲਾਂ-ਜਵਾਬਾਂ ਵਾਲਾ ਸੀ। ਉਨ੍ਹਾਂ ਹੀ ਸਾਲਾਂ ਵਿਚ ਉਸ ਦਾ ਸਮਕਾਲੀ ਫਿਲਮਸਾਜ਼ ਯਾਂ-ਲਕ ਗੋਦਾਰ (ਫਰਾਂਸ) ਵੀ ਆਪਣੀਆਂ ਫਿਲਮਾਂ ਰਾਹੀ ਸਿਨੇਮਾ ਦੀ ਨਵੀਂ ਭਾਸ਼ਾ ਘੜ ਰਿਹਾ ਸੀ। ਇਹ ਸਮਾਂ ਵਿਚਾਰਧਾਰਾਵਾਂ ਦੀ ਤਿੱਖੀ ਝੜਪ ਦਾ ਸਮਾਂ ਸੀ। ਫਿਲਾਸਫੀ, ਕਵਿਤਾ, ਸਾਹਿਤ, ਸਾਇੰਸ ਅਤੇ ਬਾਕੀ ਸਾਰੇ ਖੇਤਰਾਂ ਵਿਚ ਨਵੇਂ ਵਿਚਾਰਾਂ ਤੇ ਅੰਦੋਲਨਾਂ ਦਾ ਦੌਰ ਹੋਣ ਕਾਰਨ ਇਹ ਸੰਭਵ ਹੀ ਨਹੀਂ ਸੀ ਕਿ ਉਨ੍ਹਾਂ ਵਰਗੇ ਫਿਲਮਸਾਜ਼ ਇਸ ਸਾਰੇ ਵਰਤਾਰੇ ਤੋਂ ਨਿਰਲੇਪ ਰਹਿ ਸਕਣ। ਸਿਨੇਮਾ ਅਤੇ ਥੀਏਟਰ ਵਿਚ ਉਸ ਸਮੇਂ ਨਿੱਕੀਆਂ ਕਹਾਣੀਆਂ ਰਾਹੀਂ ਉਨ੍ਹਾਂ ਦੇ ਪਿੱਛੇ ਵਾਪਰ ਰਹੇ ਵੱਡੇ ਸਿਆਸੀ ਅਤੇ ਸਮਾਜਿਕ ਵਰਤਾਰਿਆਂ ਦੀ ਚੀਰ-ਫਾੜ ਕਰਨ ਦਾ ਕਲਾਤਮਿਕ ਰੁਝਾਨ ਜ਼ੋਰ ਫੜ ਰਿਹਾ ਸੀ। ਅੰਤੋਨੀਓਨੀ ਦੀ ਇਹ ਫਿਲਮ ਇਸ ਦੀ ਪ੍ਰਤੱਖ ਉਦਾਹਰਨ ਹੈ।

ਉਪਰੋਂ ਦੇਖਿਆਂ ਇਹ ਫਿਲਮ ਕਲਾ, ਵਪਾਰ, ਬਾਜ਼ਾਰ ਤੇ ਜਿਨਸੀ ਸਬੰਧਾਂ ਦੀ ਕਹਾਣੀ ਪ੍ਰਤੀਤ ਹੁੰਦੀ ਹੈ ਪਰ ਇਨ੍ਹਾਂ ਸਾਰੀਆਂ ਤਹਿਆਂ ਵਿਚੋਂ ਗੁਜ਼ਰਦਿਆਂ ਉਸ ਦੇ ਕਿਰਦਾਰਾਂ ਦੀ ਮਾਨਸਿਕ ਉਥਲ-ਪੁਥਲ ਸਮਾਜ ਵਿਚ ਪੂੰਜੀ ਦੁਆਰਾ ਤੈਅ ਕੀਤੇ ਜੀਣ ਦੇ ਤਰੀਕਿਆਂ ਤੇ ਢੰਗਾਂ ਨੂੰ ਰੱਦ ਕਰਦੀ ਨਜ਼ਰ ਆਉਂਦੀ ਹੈ। ਫਿਲਮ 'ਲਾ ਇਕਲਿਪਸ' ਜ਼ਿੰਦਗੀ ਜਿਊਂਦਿਆਂ ਵੀ ਇਸ ਵਿਚੋਂ ਗੈਰ-ਹਾਜ਼ਰ ਹੋ ਜਾਣ ਦੀ ਤਰਾਸਦੀ ਅਤੇ ਜੀਣ ਦੇ ਅਮਲ ਵਿਚੋਂ ਜੀਣ ਦੀ ਇੱਛਾ ਲੁਪਤ ਹੋ ਜਾਣ ਦੀ ਕਹਾਣੀ ਹੈ। ਇਸ ਫਿਲਮ ਨੂੰ ਸਮਝਣ ਲਈ ਉਸ ਦੀਆਂ ਦੋ ਪਹਿਲੀਆਂ ਫਿਲਮਾਂ ਦੇਖਣੀਆਂ ਜ਼ਰੂਰੀ ਹਨ। ਫਿਲਮ 'ਲਾ ਅਵੈਂਚਰਾ' ਦੀ ਸਭ ਤੋਂ ਮਹਤੱਵਪੂਰਨ ਕਿਰਦਾਰ ਐਨਾ ਗੁੰਮ ਹੋ ਜਾਂਦੀ ਹੈ। ਫਿਲਮ ਦੇ ਅੰਤ ਤੱਕ ਉਸ ਦੀ ਗੁੰਮਸ਼ੁਦਗੀ ਦੀ ਕੋਈ ਸੂਹ ਨਹੀਂ ਮਿਲਦੀ। ਉਸ ਦੇ ਸਭ ਤੋਂ ਗੂੜ੍ਹੇ ਰਿਸ਼ਤੇ ਉਸ ਤੋਂ ਬਿਨਾਂ ਇੰਨੀ ਛੇਤੀ ਜਿਊਣਾ ਸਿੱਖ ਲੈਂਦੇ ਹਨ ਕਿ ਇੰਝ ਜਾਪਦਾ ਹੈ, ਜਿਵੇਂ ਉਹ ਕਦੇ ਉਥੇ ਸੀ ਹੀ ਨਹੀਂ। ਉਸ ਦੀ ਹੋਂਦ ਜਾਂ ਉਸ ਦਾ ਵਾਪਸ ਆਉਣਾ ਉਸ ਦੇ ਪ੍ਰੇਮੀ ਤੇ ਦੋਸਤ ਲਈ ਖੁਸ਼ੀ ਵਾਲੀ ਖਬਰ ਦੀ ਥਾਂ ਖਾਨਾ-ਪੂਰਤੀ ਵਾਂਗ ਭਾਸਣ ਲੱਗ ਜਾਂਦਾ ਹੈ। ਇਹ ਆਧੁਨਿਕ ਸਮਾਜਾਂ ਵਿਚ ਬੰਦੇ ਦੀ ਹੋਂਦ 'ਤੇ ਗੰਭੀਰ ਟਿੱਪਣੀ ਹੈ।

ਦੂਜੀ ਫਿਲਮ 'ਲਾ ਨੌਟੇ' ਵਿਚ ਕਿਰਦਾਰ ਆਪਣੀ ਹੋਂਦ ਨੂੰ ਸਮਾਜਿਕ ਤੌਰ 'ਤੇ ਆਪਣੇ ਕੰਮਾਂ ਅਤੇ ਕਲਾ ਰਾਹੀਂ ਚੰਗੀ ਯਾਦ ਵਿਚ ਬਦਲਣਾ ਚਾਹੁੰਦੇ ਹਨ ਪਰ ਪੂੰਜੀਵਾਦ ਸਮਾਜਾਂ ਵਿਚ ਅਜਿਹੀ ਇੱਛਾ ਦੀ ਜਗਾਹ ਕਿੱਥੇ ਬਚੀ ਹੈ? ਆਧੁਨਿਕ ਮਸ਼ੀਨਾਂ ਵਾਂਗ ਆਧੁਨਿਕ ਸਮਾਜਾਂ ਵਿਚ ਬੰਦਿਆਂ ਨੂੰ ਅੱਖ ਦੇ ਫੋਰ ਵਿਚ ਅਗਲੇ ਮੁਕਾਬਲੇਕਾਰ ਨਾਲ ਬਦਲਿਆ ਜਾ ਸਕਦਾ ਹੈ।


ਆਪਣੀ ਤੀਜੀ ਫਿਲਮ 'ਲਾ ਇਕਲਿਪਸ' ਵਿਚ ਫਿਲਮਸਾਜ਼ ਆਪਣੀ ਇਸੇ ਕਥਾ ਨੂੰ ਅਗਲੇ ਪੜਾਅ 'ਤੇ ਲੈ ਜਾਂਦਾ ਹੈ। ਇਸ ਵਿਚ ਇੱਕ ਪ੍ਰੇਮ-ਸਬੰਧ ਤੋਂ ਨਿਰਾਸ਼ ਹੋ ਕੇ ਦੂਜੇ ਪ੍ਰੇਮ-ਸਬੰਧ ਵਿਚ ਦਾਖਲ ਹੋ ਰਹੀ ਔਰਤ ਦੀ ਮਾਨਸਿਕ ਹਾਲਤ ਦਾ ਚਿਤਰਨ ਹੈ। ਫਿਲਮਸਾਜ਼ ਦੇ ਤੌਰ 'ਤੇ ਇਸ ਵਿਚ ਮਾਈਕਲਏਂਜਲੋ ਅੰਤੋਨੀਓਨੀ ਦੀ ਕਲਾ ਬਾ-ਕਮਾਲ ਹੈ। ਸਵੇਰ ਦਾ ਦ੍ਰਿਸ਼ ਹੈ ਜਿਸ ਵਿਚ ਔਰਤ ਆਪਣੇ ਪਤੀ ਨੂੰ ਦੱਸ ਰਹੀ ਹੈ ਕਿ ਹੁਣ ਉਨ੍ਹਾਂ ਦਾ ਵੱਖ ਹੋਣਾ ਹੀ ਇੱਕੋ-ਇੱਕ ਹੱਲ ਹੈ। ਇੱਥੇ ਮਾਈਕਲਏਂਜਲੋ ਅੰਤੋਨੀਓਨੀ ਕੈਮਰੇ ਰਾਹੀਂ ਉਨ੍ਹਾਂ ਦੋਵਾਂ ਦੇ ਹਾਲਾਤ ਅਤੇ ਹੋਂਦ ਦੇ ਮੁਕਾਬਲੇ ਕਮਰੇ ਵਿਚ ਪਈਆਂ ਚੀਜ਼ਾਂ ਦੇ ਆਕਾਰ ਨੂੰ ਬੇਹੱਦ ਵੱਡਾ ਕਰਦੇ ਪੇਸ਼ ਕਰਦਾ ਹੈ। ਉਨ੍ਹਾਂ ਦੇ ਕਮਰੇ ਵਿਚੋਂ ਦਿਸ ਰਿਹਾ ਟਾਵਰ ਇੰਨਾ ਦਿਉ-ਕੱਦ ਹੈ ਕਿ ਪਤੀ-ਪਤਨੀ ਉਸ ਦੇ ਸਾਹਮਣੇ ਬੌਣੇ ਲੱਗਣ ਲੱਗਦੇ ਹਨ। ਇਉਂ ਕਰ ਕੇ ਫਿਲਮਸਾਜ਼ ਵਜੋਂ ਉਹ ਚੀਜ਼ਾਂ ਦੀ ਬੰਦਿਆਂ 'ਤੇ ਰਾਜ ਕਰ ਰਹੀ ਅਣਦਿਸਦੀ ਸੱਤਾ ਵੱਲ ਇਸ਼ਾਰਾ ਕਰਦਾ ਹੈ। ਬੰਦਾ ਕੁਦਰਤ, ਸਥਾਨਾਂ ਅਤੇ ਚੀਜ਼ਾਂ ਨੂੰ ਗੁਲਾਮ ਬਣਾਉਣ ਦੀ ਸਿਆਸਤ ਵਿਚ ਉਲਝਿਆ ਕਿਵੇਂ ਇਨ੍ਹਾਂ ਤਿੰਨਾਂ ਅੱਗੇ ਹੀ ਨਿਹੱਥਾ ਹੈ; ਇਸ ਤੱਥ ਦਾ ਸਟੀਕ ਬਿਰਤਾਂਤ ਇਸ ਫਿਲਮ ਵਿਚ ਦੇਖਿਆ ਜਾ ਸਕਦਾ ਹੈ।

ਇਸ ਤੋਂ ਬਿਨਾਂ ਇਸ ਫਿਲਮ ਦੀ ਸਭ ਤੋਂ ਵੱਧ ਚਰਚਾ ਇਸ ਨਾਲ ਮਾਈਕਲਏਂਜਲੋ ਅੰਤੋਨੀਓਨੀ ਦੁਆਰਾ ਇਸ ਬਾਰੇ ਕੀਤੀ ਟਿੱਪਣੀ ਕਾਰਨ ਹੁੰਦੀ ਹੈ। ਆਪਣੀਆਂ ਸਾਰੀਆਂ ਫਿਲਮਾਂ ਵਿਚ ਜਿਨਸੀ ਸਬੰਧਾਂ ਦੀ ਬਹੁਤਾਤ ਬਾਰੇ ਟਿੱਪਣੀ ਕਰਦਿਆਂ ਉਹ ਕਹਿੰਦਾ ਹੈ: "ਤੁਹਾਨੂੰ ਕੀ ਲੱਗਦਾ ਹੈ ਕਿ ਸਾਡੇ ਸਾਹਿਤ, ਨਾਟਕਾਂ ਤੇ ਕਲਾਵਾਂ ਵਿਚ, ਲਗਭਗ ਹਰ ਕਿਤੇ ਇਨ੍ਹਾਂ ਸਬੰਧਾਂ ਬਾਰੇ ਇੰਨਾ ਕਿਉਂ ਲਿਖਿਆ ਤੇ ਬਿਆਨ ਕੀਤਾ ਜਾਂਦਾ ਹੈ? ਬਿਲਕੁਲ ਕਿਸੇ ਮਹਾਂਮਾਰੀ ਵਾਂਗ ਇਹ ਸਾਡੀ ਸਭ ਤੋਂ ਵੱਡੀ ਭਾਵਨਾਤਮਿਕ ਕਮਜ਼ੋਰੀ ਬਣ ਚੁੱਕਿਆ ਹੈ। ਇਹ ਸਭ ਇੰਨਾ ਸਸਤਾ ਅਤੇ ਗੈਰ-ਮਿਆਰੀ ਨਹੀਂ ਸੀ ਹੋਣਾ, ਜੇ ਅਸੀਂ ਇਸ ਨੂੰ ਤੰਦਰੁਸਤ ਤੇ ਕੁਦਰਤੀ ਵਰਤਾਰੇ ਵਾਂਗ ਸਮਝਿਆ ਹੁੰਦਾ। ਜੇ ਬੰਦਾ ਦੂਜਿਆਂ ਨਾਲ ਚੀਜ਼ਾਂ ਦੀ ਥਾਂ ਬੰਦਿਆਂ ਵਾਂਗ ਵਰਤਦਾ ਤਾਂ ਗੱਲ ਹੋਰ ਹੋਣੀ ਸੀ। ਸਾਡੀ ਇਹ ਸਮਰੱਥਾ ਹੁਣ ਬਿਮਾਰ ਹੈ, ਬੇਲਗਾਮ ਹੈ। ਬੰਦਾ ਜਦੋਂ ਬਾਕੀ ਵਰਤਾਰਿਆਂ ਤੋਂ ਖਿਝਦਾ ਤੇ ਅੱਕਦਾ ਹੈ, ਇਸ ਵੱਲ ਦੌੜਦਾ ਹੈ, ਬਿਮਾਰ ਹੁੰਦਾ ਹੈ ਤੇ ਬੁਰੀ ਤਰ੍ਹਾਂ ਹਾਰਦਾ ਹੈ।"

ਇਸ ਟਿੱਪਣੀ ਨੂੰ 'ਲਾ ਇਕਲਿਪਸ' ਦਾ ਆਧਾਰ ਮੰਨਿਆ ਜਾ ਸਕਦਾ ਹੈ। ਉਸ ਦੀਆਂ ਇਨ੍ਹਾਂ ਤਿੰਨੇ ਫਿਲਮਾਂ ਦੇ ਮੁੱਖ ਕਿਰਦਾਰ ਕਲਾ ਦੇ ਸਿਰ 'ਤੇ ਸਫਲ ਹੋ ਕੇ ਪੂੰਜੀ ਦੇ ਬਾਜ਼ਾਰ ਵਿਚ ਕਿਸਮਤ ਅਜ਼ਮਾਉਣ ਆਉਂਦੇ ਹਨ। ਫਿਲਮ ਵਿਚ ਵਿਟੋਰੀਆ (ਮੋਨਿਕਾ ਵਿੱਟੀ) ਅਨੁਵਾਦਕ ਹੈ ਅਤੇ ਆਪਣੇ ਲੇਖਕ ਪਤੀ ਰਿਕਾਰਡੋ (ਫਰਾਂਸਿਸਕੋ ਰੈਵਲ) ਤੋਂ ਵੱਖ ਹੋਣ ਦੀ ਕਗਾਰ 'ਤੇ ਹੈ। ਇੱਕ ਦਿਨ ਉਸ ਦੀ ਮੁਲਾਕਾਤ ਪਿਅਰੋ (ਡੀਲਨ) ਨਾਲ ਹੁੰਦੀ ਹੈ ਜੋ ਸਟਾਕ ਮਾਰਕਿਟ ਵਿਚ ਕੰਮ ਕਰਦਾ ਹੈ। ਫਿਲਮਸਾਜ਼ ਉਨ੍ਹਾਂ ਦੀ ਪ੍ਰੇਮ ਕਹਾਣੀ ਨੂੰ ਅੱਗੇ ਵਧਾਉਂਦਾ ਹੈ ਪਰ ਉਹ ਕਿਤੇ ਵੀ ਇਨ੍ਹਾਂ ਤਿੰਨਾਂ ਨੂੰ ਕਸੂਰਵਾਰ ਨਹੀਂ ਮੰਨਦਾ। ਉਸ ਮੁਤਾਬਿਕ ਇਹ ਤਿੰਨੇ ਕਿਰਦਾਰ ਅਸਲ ਵਿਚ ਖੁਦ ਨੂੰ ਬਚਾਉਣ ਦੇ ਹੀਲੇ-ਵਸੀਲੇ ਕਰ ਰਹੇ ਹਨ ਜਿਨ੍ਹਾਂ ਬਾਰੇ ਕੋਈ ਨੈਤਿਕ ਜਾਂ ਫੈਸਲਾਕੁਨ ਟਿੱਪਣੀ ਕਰਨਾ ਸੰਭਵ ਨਹੀਂ।

ਇਸ ਫਿਲਮ ਦੇ ਅੰਤ ਨੂੰ ਲੈ ਕੇ ਬਹੁਤ ਸਾਰੀ ਚਰਚਾ ਹੋਈ। ਅਸਲ ਵਿਚ ਪੂਰੀ ਫਿਲਮ ਵਿਚ ਫਿਲਮਸਾਜ਼ ਇੱਕ ਪ੍ਰੇਮ ਕਹਾਣੀ ਵਿਚ ਮੌਜੂਦ ਅਤੇ ਚੰਗੇ ਪ੍ਰੇਮ ਦੀਆਂ ਆਦਰਸ਼ਕ ਹਾਲਤਾਂ ਦੀ ਸਿਰਜਣਾ ਕਰਦਾ ਹੈ। ਸਭ ਕੁਝ ਪਰੀ-ਕਥਾ ਵਾਂਗ ਵਾਪਰਦਾ ਹੈ। ਦੋਵੇਂ ਨਵੇਂ ਪ੍ਰੇਮੀ ਇੱਕ-ਦੂਜੇ ਨਾਲ ਬਹੁਤ ਖੁਸ਼ ਹਨ। ਫਿਲਮ ਦੇ ਅੰਤ ਵਿਚ ਉਹ ਦੋਵੇਂ ਮਿਲਣ ਲਈ ਇੱਕ ਸਥਾਨ ਮਿਥਦੇ ਕਰਦੇ ਹਨ ਪਰ ਮੌਕੇ 'ਤੇ ਦੋਵਾਂ ਵਿਚੋਂ ਕੋਈ ਵੀਂ ਨਹੀਂ ਪੁੱਜਦਾ। ਇਸ ਅਧੂਰੇ ਅਤੇ ਬਿਨਾਂ ਕਿਸੇ ਨਤੀਜੇ ਵਾਲੇ ਅੰਤ ਕਾਰਨ ਫਿਲਮਸਾਜ਼ ਦੀ ਬਹੁਤ ਆਲੋਚਨਾ ਹੋਈ। ਇਸ ਬਾਰੇ ਉਸ ਦਾ ਜਵਾਬ ਸੀ ਕਿ ਉਹ ਸਥਾਨ ਸੱਚਾ ਹੈ ਪਰ ਪ੍ਰੇਮੀ ਝੂਠੇ ਹਨ। ਉਹ ਪਿਆਰ ਦੀ ਥਾਂ 'ਪਿਆਰ ਵਰਗੀ ਹਾਲਤ' ਰਾਹੀਂ ਬਚਣ ਦੇ ਤਰੱਦਦ ਵਿਚ ਹਨ ਤੇ ਦਿਖਾਵਾ ਕਰ ਰਹੇ ਸਨ।

ਇਸ ਫਿਲਮ ਦਾ ਇਹ ਅੰਤਿਮ ਦ੍ਰਿਸ਼ ਫਿਲਮ ਦੇ ਡਿਸਟਰੀਬਿਊਟਰਾਂ ਦੀ ਜ਼ਿੱਦ ਕਾਰਨ ਕੱਟ ਦਿੱਤਾ ਗਿਆ। ਇਸ ਦ੍ਰਿਸ਼ ਨੂੰ ਫਿਲਮਸਾਜ਼ ਆਪਣੇ ਫਿਲਮਾਂ ਬਣਾਉਣ ਦੇ ਕੈਰੀਅਰ ਦੇ ਸਭ ਤੋਂ ਮਹੱਤਵਪੂਰਨ ਸੱਤ ਮਿੰਟ ਮੰਨਦਾ ਹੈ।






***ਮਾਈਕਲਏਂਜਲੋ ਅੰਤੋਨੀਓਨੀ ਦੀ ਫਿਲਮ 'ਲਾ ਇਕਲਿਪਸ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼।***

# ਰਵੀਨਾ ਟੰਡਨ ਦੇ ਪੁਰਾਣੇ ਦਿਨ



ਅਦਾਕਾਰਾ ਰਵੀਨਾ ਟੰਡਨ 90ਵਿਆਂ ਵਿਚ ਆਈਆਂ ਫਿਲਮਾਂ ਦੇ ਸ਼ੂਟਿੰਗ ਦੇ ਤਰੀਕੇ ਨੂੰ ਯਾਦ ਕਰ ਰਹੀ ਹੈ, ਜਦੋਂ ਫਿਲਮ ਦੀ ਸਾਰੀ ਟੀਮ ਪਰਿਵਾਰ ਵਾਂਗ ਇੱਕ ਬੱਸ ਵਿਚ ਯਾਤਰਾ ਕਰਦੀ ਸੀ। ਰਵੀਨਾ ਦਾ ਕਹਿਣਾ ਹੈ ਕਿ ਹੁਣ ਸਾਰਿਆਂ ਕੋਲ ਆਪਣੀਆਂ ਵੈਨਿਟੀ ਵੈਨਾਂ ਹਨ।

ਅਦਾਕਾਰਾ ਨੇ ਇੰਸਟਾਗ੍ਰਾਮ ਉਤੇ 1993 ਵਿਚ ਆਈ ਫਿਲਮ 'ਕਸ਼ੱਤਰੀਆ' ਅਤੇ 1994 ਵਿਚ ਆਈ ਫਿਲਮ 'ਇਮਤਿਹਾਨ' ਦੇ ਸੈੱਟ 'ਤੇ ਸੈਫ ਅਲੀ ਖਾਨ, ਸੰਜੈ ਦੱਤ, ਸਨੀ ਦਿਓਲ, ਮਰਹੂਮ ਗਾਇਕ ਨੁਸਰਤ ਫਤਹਿ ਅਲੀ ਖਾਨ ਅਤੇ ਮਹਰੂਮ ਕੋਰੀਓਗ੍ਰਾਫਰ ਸਰੋਜ ਖਾਨ ਨਾਲ ਪੁਰਾਣੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਉਸ ਨੇ ਤਸਵੀਰਾਂ ਸਾਂਝੀਆਂ ਕਰਦਿਆਂ ਲਿਖਿਆ ਹੈ: 90ਵਿਆਂ ਦੇ ਸ਼ੁਰੂਆਤੀ ਕੁਝ ਵਰ੍ਹਿਆਂ ਦੀਆਂ ਪੁਰਾਣੀਆਂ ਤਸਵੀਰਾਂ। 'ਇਮਤਿਹਾਨ' ਦੀ ਸ਼ੂਟਿੰਗ ਦੌਰਾਨ ਮੈਂ ਅਤੇ ਸੈਫ, 'ਕਸ਼ੱਤਰੀਆ' ਦੀ ਸ਼ੂਟਿੰਗ ਦੌਰਾਨ ਸਰੋਜ ਜੀ, ਸੰਜੂ, ਸਨੀ ਤੇ ਦਿੱਵਿਆ ਅਤੇ ਗਾਇਕ ਨੁਸਰਤ ਫਤਹਿ ਅਲੀ ਖਾਨ ਨਾਲ ਮਿਲਣੀ ਦੀ ਤਸਵੀਰ। ਪਹਿਲਾਂ ਸਾਰੇ ਯੂਰਪ ਵਿਚ ਸ਼ੂਟਿੰਗ ਲਈ ਇੱਕ ਬੱਸ 'ਤੇ ਸਫਰ ਕਰਦੇ ਸੀ ਅਤੇ ਸਾਰੇ ਰਲ ਕੇ ਅੰਤਾਕਸ਼ਰੀ ਖੇਡਦੇ ਸੀ। ਸਾਰੀ ਟੀਮ ਇੱਕ ਬੱਸ ਵਿਚ। ਖੁਸ਼ ਪਰਿਵਾਰ। ਹੁਣ ਅਜਿਹਾ ਨਹੀਂ ਹੁੰਦਾ। ਹੁਣ ਸਾਰਿਆਂ ਕੋਲ ਆਪੋ-ਆਪਣੀਆਂ ਵੈਨਿਟੀ ਵੈਨਾਂ ਹਨ।'

26 ਅਕਤੂਬਰ 1974 ਨੂੰ ਜਨਮੀ ਰਵੀਨਾ ਟੰਡਨ ਨੇ ਫਿਲਮਾਂ ਵਿਚ ਆਪਣੇ ਕਰੀਅਤਰ ਦੀ ਸ਼ੁਰੂਆਤ 1991 ਵਿਚ 'ਪੱਥਰ ਕੇ ਫੂਲ' ਨਾਲ ਕੀਤੀ ਸੀ ਅਤੇ ਫਿਲਮਫੇਅਰ ਇਨਾਮ ਹਾਸਲ ਕਰ ਲਿਆ ਸੀ। ਅੱਜਕੱਲ੍ਹ ਉਹ ਵੱਖ-ਵੱਖ ਸੰਸਥਾਵਾਂ ਨਾਲ ਕੰਮ ਕਰ ਰਹੀ ਹੈ।

# ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ ਸਭਨਾਂ ਨੂੰ ਲੱਖ ਲੱਖ ਵਧਾਈ

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Time to buy new home in Tracy, Manteca, Lothrop and Stockton***

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 6765 E Sussex Way, Fresno, CA 93727
2. 2555 Elderberry Ave, Tracy, CA 95377
3. 451 Helen Dr, Ripon, CA 95366
4. 23915 Madeiros Ave, Hayward, CA 94541
5. 5132 Jetty Dr, Stockton, CA 95206
6. 288 S 12th St, San Jose, CA 95112
7. 83 Shenado Place, San Jose, CA 95136
8. 273 Granville Ct. San Jose, CA 95139
9. 139 Vivid Lane, Hayward, CA 94544
10. 315 Crest Dr. San Jose, CA 95127
11. 27471 Ponderosa Ct. Hayward, CA 94545
12. 27659 Persimmon Dr. Hayward, CA 94544

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ- ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ

